Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763



Law Office of M Vivek Malik
Toll free no 866-424-4000
www.usa.immigrationlaw.com
ACCOMPLISHED
IMMIGRATION Attorneys
Help FAMILIES REUNITE in the US
Our Global & Nationwide Services in the field of U.S. Immigration & Nationality law
M Vivek Malik
Business immigration & worksite compliance
Family & general immigration
Naturalization & citizenship
Removal defense & waivers
ਪੰਜਾਬੀ, ਹਿੰਦੀ ਅਤੇ
ਉਰਦੂ ਵਿੱਚ ਗੱਲ ਕਰੋ



COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ
ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587





Twenty-Third Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 32, August 6, 2022
20451 N. Plum Grove Rd., Palatine, IL 60074
Ph:847-359-0746, Fax:847-705-9388

## ਸੁਖਬੀਰ ਨੂੰ ਅੰਦਰੋਂ ਹੀ ਪਈ ਵੱਡੀ ਵੰਗਾਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦਾ ਜਥੇਬੰਦਕ ਢਾਂਚਾ ਭੰਗ ਕਰ ਕੇ ਪਾਰਟੀ 'ਚ ਨਵੀਂ ਰੂਹ ਫੂਕਣ ਲਈ ਸੁਖਬੀਰ ਸਿੰਘ ਬਾਦਲ ਵੱਲੋਂ ਲਏ ਗਏ ਫੈਸਲੇ 'ਤੇ ਸਵਾਲ ਉੱਠਣ ਲੱਗੇ ਹਨ। ਸੀਨੀਅਰ ਅਕਾਲੀ ਆਗੂਆਂ ਨੇ ਸਵਾਲ ਕੀਤੇ ਹਨ ਕਿ ਅਕਾਲੀ ਦਲ ਦੇ ਵਿਧਾਨ ਮੁਤਾਬਕ ਸੁਖਬੀਰ ਬਾਦਲ ਪਾਰਟੀ ਦੀ ਵਰਕਿੰਗ ਕਮੇਟੀ ਭੰਗ ਕਰਨ ਦਾ ਅਖਤਿਆਰ ਹੀ ਨਹੀਂ ਰੱਖਦੇ।



ਜਥੇਬੰਦਕ ਢਾਂਚਾ ਭੰਗ ਕਰਨ ਤੋਂ ਬਾਅਦ ਜਿਸ ਤਰ੍ਹਾਂ ਸੀਨੀਅਰ ਆਗੂਆਂ ਵੱਲੋਂ ਸੁਖਬੀਰ ਸਿੰਘ ਬਾਦਲ ਦੀ ਖੁੱਲ੍ਹੇਆਮ ਨੁਕਤਾਚੀਨੀ ਕੀਤੀ ਜਾਣ ਲੱਗੀ ਹੈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਦੀ ਸੱਤਾ 'ਤੇ ਲੰਮਾ ਸਮਾਂ ਦਬਦਬਾ ਬਣਾ ਕੇ ਰੱਖਣ ਤੋਂ ਬਾਅਦ ਡੂੰਘੇ ਸਿਆਸੀ ਸੰਕਟ ਦਾ ਸਾਹਮਣਾ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੀਆਂ ਚੁਣੌਤੀਆਂ ਘਟਣ ਦੀ ਥਾਂ ਵਧਦੀਆਂ ਦਿਖਾਈ ਦੇ ਰਹੀਆਂ ਹਨ। ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਬੇਹੱਦ ਮਾੜੀ ਕਾਰਗੁਜ਼ਾਰੀ ਦੇ ਮੁੱਦੇ 'ਤੇ ਪਾਰਟੀ ਪ੍ਰਧਾਨ ਲਗਾਤਾਰ ਘਿਰਦੇ ਦਿਖਾਈ ਦੇ ਰਹੇ ਹਨ। ਪਾਰਟੀ ਦੇ ਸੀਨੀਅਰ ਆਗੂਆਂ ਨੇ ਇਸ ਆਪਹੁਦਰੇਪਣ ਉਤੇ ਸਵਾਲ ਚੁੱਕੇ ਹਨ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਇਹ ਤਾਂ ਸ਼ੰਕੇ ਖੜ੍ਹੇ ਕਰਨ ਵਾਲੀ ਕਾਰਵਾਈ ਹੈ। ਝੂੰਦਾ ਕਮੇਟੀ ਦੀ ਰਿਪੋਰਟ ਪਹਿਲਾਂ ਸਮੀਖਿਆ ਕਮੇਟੀ ਵਿਚ ਵਿਚਾਰੀ ਜਾਣੀ ਚਾਹੀਦੀ ਸੀ ਪਰ ਰਿਪੋਰਟ ਸਿੱਧੀ ਕੋਰ ਕਮੇਟੀ ਵਿਚ ਵਿਚਾਰੀ ਗਈ ਹੈ ਜੋ ਠੀਕ ਨਹੀਂ ਹੈ।

ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪਾਰਟੀ ਦੀ ਵਰਕਿੰਗ ਕਮੇਟੀ ਹੀ ਅਜਿਹੀ 'ਬਾਡੀ' ਹੈ ਜਿਸ ਦਾ ਗਠਨ ਜਨਰਲ ਇਜਲਾਸ ਵੱਲੋਂ ਕੀਤਾ ਜਾਂਦਾ ਹੈ। ਇਸ ਲਈ ਜੇਕਰ ਵਰਕਿੰਗ ਕਮੇਟੀ ਭੰਗ ਹੋ ਗਈ ਤਾਂ ਸ਼੍ਰੋਮਣੀ ਅਕਾਲੀ ਦਲ ਹੀ ਭੰਗ ਹੋ ਗਿਆ ਸਮਝ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਿਧਾਨ ਮੁਤਾਬਕ ਪ੍ਰਧਾਨ ਨੂੰ ਮੀਟਿੰਗ ਬੁਲਾ ਕੇ ਹੀ ਇਸ ਤਰ੍ਹਾਂ ਦੇ ਅਹਿਮ ਫੈਸਲੇ ਲੈਣੇ ਚਾਹੀਦੇ ਸਨ। ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਵੀ ਪ੍ਰਧਾਨ ਹੁੰਦਿਆਂ ਇਸ ਤਰ੍ਹਾਂ ਵਰਕਿੰਗ ਕਮੇਟੀ ਅਤੇ ਵਿੰਗ ਭੰਗ ਕਰਨ ਦਾ ਐਲਾਨ ਕਰ ਦਿੱਤਾ ਸੀ ਪਰ ਪਾਰਟੀ ਅੰਦਰ ਪੈਦਾ ਹੋਏ ਰੋਹ ਤੋਂ ਬਾਅਦ ਉਨ੍ਹਾਂ ਨੂੰ ਵੀ ਆਪਣਾ ਫੈਸਲਾ ਵਾਪਸ ਲੈਣਾ ਪਿਆ ਸੀ।

ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਆਖਿਆ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਅਸਤੀਫਾ ਦੇਣ ਦੀ ਬਜਾਏ ਸ਼੍ਰੋਮਣੀ ਅਕਾਲੀ ਦਲ ਦਾ ਜਥੇਬੰਦਕ ਢਾਂਚਾ ਹੀ ਭੰਗ ਕਰ ਦਿੱਤਾ ਗਿਆ। ਉਨ੍ਹਾਂ ਅਕਾਲੀ ਵਰਕਰਾਂ ਨੂੰ ਬਾਦਲ ਪਰਿਵਾਰ ਦੀ ਬਜਾਏ ਪੰਥ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਚਾਉਣ ਦਾ ਸੱਦਾ ਦਿੱਤਾ। ਉਨ੍ਹਾਂ ਸੁਖਬੀਰ ਬਾਦਲ ਦੇ ਇਸ ਫੈਸਲੇ ਨੂੰ ਨਿਰਾ ਡਰਾਮਾ ਦੱਸਿਆ।

ਦੱਸ ਦਈਏ ਕਿ ਪੰਜਾਬ ਚੋਣਾਂ ਵਿਚ ਹੋਈ ਹਾਰ ਮਗਰੋਂ ਪਾਰਟੀ ਨੇ ਹਾਰ ਦੀ ਸਮੀਖਿਆ ਲਈ ਸੀਨੀਅਰ ਅਕਾਲੀ ਆਗੂ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਿਚ ਕਮੇਟੀ ਦਾ ਗਠਨ ਕੀਤਾ ਸੀ। ਕਮੇਟੀ ਨੇ ਤਕਰੀਬਨ 100 ਹਲਕਿਆਂ ਵਿਚ ਜਾ ਕੇ ਆਗੂਆਂ ਅਤੇ ਵਰਕਰਾਂ ਤੋਂ ਸੁਝਾਅ ਲਏ ਸਨ। ਬੇਸ਼ੱਕ ਝੂੰਦਾਂ ਕਮੇਟੀ ਦੀ ਰਿਪੋਰਟ ਪਹਿਲਾਂ ਹੀ ਪੇਸ਼ ਹੋ ਚੁੱਕੀ ਸੀ ਪਰ ਪਿਛਲੀ ਕੋਰ ਕਮੇਟੀ ਮੀਟਿੰਗ ਵਿਚ ਇਸ 'ਤੇ ਕੋਈ ਚਰਚਾ ਨਹੀਂ ਹੋਈ ਸੀ।

ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਰਾਸ਼ਟਰਪਤੀ ਚੋਣਾਂ ਦੇ ਬਾਈਕਾਟ ਮੌਕੇ ਝੂੰਦਾਂ ਕਮੇਟੀ ਦੀ ਰਿਪੋਰਟ ਬਾਰੇ ਗੱਲ ਕੀਤੀ ਗਈ ਸੀ, ਜਿਸ ਮਗਰੋਂ ਕੋਰ ਕਮੇਟੀ ਦੀ ਮੀਟਿੰਗ ਵਿਚ ਝੂੰਦਾ ਕਮੇਟੀ ਦੀ ਰਿਪੋਰਟ 'ਤੇ ਚਰਚਾ ਹੋਈ। ਸਿਆਸੀ ਹਲਕਿਆਂ ਵਿਚ ਪਹਿਲਾਂ ਹੀ ਚਰਚਾ ਸੀ ਕਿ ਪਾਰਟੀ ਪ੍ਰਧਾਨ ਨੂੰ ਬਦਲਣਾ ਸੌਖਾ ਨਹੀਂ ਹੋਵੇਗਾ। ਪਿਛਲੀ ਕੋਰ ਕਮੇਟੀ ਦੀ ਮੀਟਿੰਗ ਵਿਚ ਸੰਗਰੂਰ ਜ਼ਿਮਨੀ ਚੋਣ ਵਿਚ ਪਾਰਟੀ ਦੀ ਹੋਈ ਨਮੋਸ਼ੀਜਨਕ ਹਾਰ 'ਤੇ ਵੀ ਚਰਚਾ ਹੋਈ ਸੀ। ਅਕਾਲੀ ਆਗੂਆਂ ਨੇ ਕਿਹਾ ਕਿ ਝੂੰਦਾ ਕਮੇਟੀ ਦੀ ਰਿਪੋਰਟ ਵਿਚ 42 ਸੁਝਾਅ ਦਿੱਤੇ ਗਏ ਹਨ। ਪਾਰਟੀ ਪ੍ਰਧਾਨ ਨੂੰ ਬਦਲੇ ਜਾਣ ਦਾ ਰਿਪੋਰਟ ਵਿਚ ਕੋਈ ਜ਼ਿਕਰ ਨਹੀਂ ਹੈ ਤੇ ਭਵਿੱਖ ਵਿਚ ਪਾਰਟੀ ਪ੍ਰਧਾਨ ਦੀ ਮਿਆਦ ਤੈਅ ਕੀਤੇ ਜਾਣ ਦੀ ਗੱਲ ਜ਼ਰੂਰ ਕਹੀ ਗਈ ਹੈ। ਉਧਰ, ਝੂੰਦਾਂ ਦੀ ਅਗਵਾਈ ਹੇਠ ਬਣੀ 13 ਮੈਂਬਰੀ ਕਮੇਟੀ ਦੀ ਰਿਪੋਰਟ ਪਾਰਟੀ ਦੀ ਕੋਰ ਕਮੇਟੀ ਮੀਟਿੰਗ ਵਿਚ ਪੇਸ਼ ਕਰਨ ਪਿੱਛੋਂ ਅਕਾਲੀ ਦਲ ਦੇ ਹੇਠਲੇ ਕੇਡਰ ਵਿਚ ਇਸ ਹੱਦ ਤੱਕ ਨਿਰਾਸ਼ਾ ਪੈਦਾ ਹੋ ਗਈ ਹੈ ਕਿ ਬਹੁਤੇ ਵਰਕਰ ਪਾਰਟੀ ਵਿਚ ਦਿਲਚਸਪੀ ਛੱਡ ਕੇ ਘਰ ਬੈਠਣ ਲਈ ਤਿਆਰ ਹੋ ਗਏ ਹਨ। ਇਨ੍ਹਾਂ ਵਰਕਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਝੂੰਦਾਂ ਕਮੇਟੀ ਨੂੰ ਪਾਰਟੀ ਲੀਡਰਸ਼ਿਪ ਵਿਚ ਬਦਲਾਅ ਲਈ ਆਪਣੇ ਵਿਚਾਰ ਦਿੱਤੇ ਸਨ ਅਤੇ ਝੂੰਦਾਂ ਕਮੇਟੀ ਦੀ ਰਿਪੋਰਟ ਵਿਚ ਇਕ ਪਰਿਵਾਰ ਦਾ ਨਾਮ ਲਿਆਉਣ ਦੀ ਥਾਂ ਵਰਕਰਾਂ ਦੀਆਂ ਭਾਵਨਾਵਾਂ ਅਨੁਸਾਰ ਲੀਡਰਸ਼ਿਪ ਵਿਚ ਤਬਦੀਲੀ ਸਬੰਧੀ ਰਿਪੋਰਟ ਦੇ ਦਿੱਤੀ। ਉਸ ਰਿਪੋਰਟ ਉੱਤੇ ਫੈਸਲਾ ਕਰਨ ਲਈ ਕੋਰ ਕਮੇਟੀ ਨੇ ਪਾਰਟੀ ਪ੍ਰਧਾਨ ਨੂੰ ਅਧਿਕਾਰ ਸੌਂਪ ਦਿੱਤੇ ਹਨ। ਵਰਕਰਾਂ ਦਾ ਕਹਿਣਾ ਹੈ ਕਿ ਅਜਿਹੀ ਸਥਿਤੀ ਵਿਚ ਬਦਲਾਅ ਲਿਆਉਣ ਵਾਲੀ ਮੰਗ ਬੜੇ ਤਰੀਕੇ ਨਾਲ ਦਬਾਅ ਦਿੱਤੀ ਗਈ ਹੈ। ਕੋਰ ਕਮੇਟੀ ਦੀ ਮੀਟਿੰਗ ਵਿਚ ਦੋ ਗੈਰ ਕਮੇਟੀ ਮੈਂਬਰ ਇਕਬਾਲ ਸਿੰਘ ਝੂੰਦਾਂ ਅਤੇ ਵਿਰਸਾ ਸਿੰਘ ਵਲਟੋਹਾ ਬੁਲਾਏ ਗਏ। ਵਿਧਾਨ ਸਭਾ ਵਿਚ ਪਾਰਟੀ ਦੇ ਚੀਫ ਵ੍ਹਿਪ ਮਨਪ੍ਰੀਤ ਸਿੰਘ ਇਯਾਲੀ ਜਿਨ੍ਹਾਂ ਨੇ ਇਹ ਆਵਾਜ਼ ਉਠਾਈ ਸੀ, ਨੂੰ ਨਾ ਸੱਦਿਆ ਜਾਣਾ ਆਪਣੇ ਆਪ ਵਿਚ ਮੁੱਦਾ ਬਣ ਰਿਹਾ ਹੈ। ਪਾਰਟੀ ਅੰਦਰਲੇ ਸੂਤਰ ਦੱਸਦੇ ਹਨ ਕਿ ਝੂੰਦਾਂ ਕਮੇਟੀ ਨੂੰ ਜ਼ਿਆਦਾ ਸੁਝਾਅ ਸੁਖਬੀਰ ਨੂੰ ਕੁਰਸੀ ਤੋਂ ਲਾਂਭੇ ਕਰਨ ਦੇ ਮਿਲੇ ਸਨ ਪਰ ਪਾਰਟੀ ਪ੍ਰਧਾਨ ਦੇ ਵਫ਼ਾਦਾਰਾਂ ਨੇ ਬੜੇ ਟੇਢੇ ਢੰਗ ਨਾਲ ਗੱਲ ਲੀਡਰਸ਼ਿਪ ਤਬਦੀਲੀ ਨਾਲ ਜੋੜ ਦਿੱਤੀ। ਹੁਣ ਤਾਜ਼ਾ ਬਣ ਰਹੇ ਮਾਹੌਲ ਤੋਂ ਜਾਪ ਰਿਹਾ ਹੈ ਕਿ ਸੁਖਬੀਰ ਬਾਦਲ ਕਿਸੇ ਵੀ ਕੀਮਤ ਉਤੇ ਕੁਰਸੀ ਛੱਡਣ ਲਈ ਤਿਆਰ ਨਹੀਂ ਹੈ ਤੇ ਪਾਰਟੀ ਦੇ ਹੇਠਲੇ ਅਹੁਦੇਦਾਰਾਂ ਨੂੰ ਹੀ ਇਧਰ-ਉਧਰ ਕਰਕੇ ਬੁੱਤਾ ਸਾਰਨ ਵਾਲੀ ਰਣਨੀਤੀ ਉਤੇ ਕੰਮ ਕੀਤਾ ਜਾ ਰਿਹਾ ਹੈ।

## ਸਰਾਵਾਂ ਉਤੇ ਜੀ.ਐਸ.ਟੀ. ਦਾ ਮਾਮਲਾ ਭਖਿਆ



**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਗੁਰਦੁਆਰਾ ਸਮੂਹ ਤੋਂ ਬਾਹਰ ਸਥਿਤ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਸਰਾਵਾਂ 'ਤੇ 12 ਫੀਸਦ ਜੀ.ਐਸ.ਟੀ. ਦੀ ਸ਼ਰਤ ਲਾਗੂ ਕਰ ਦਿੱਤੀ ਗਈ ਹੈ ਜਿਸ ਕਰ ਕੇ ਸ਼੍ਰੋਮਣੀ ਕਮੇਟੀ ਦੀ ਦਰਬਾਰ ਸਾਹਿਬ ਨਾਲ ਸਬੰਧਤ ਸਰਾਂ ਸਾਰਾਗੜ੍ਹੀ ਨਿਵਾਸ 'ਤੇ ਵੀ ਲਗਭਗ ਦੋ ਕਰੋੜ ਰੁਪਏ ਤੋਂ ਵੱਧ ਟੈਕਸ ਅਤੇ ਜੁਰਮਾਨਾ ਲਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਵੱਲੋਂ ਦਰਬਾਰ ਸਾਹਿਬ ਦੇ ਲੰਗਰ ਘਰ ਲਈ ਖਰੀਦੀਆਂ ਜਾਂਦੀਆਂ ਵਸਤਾਂ 'ਤੇ ਵੀ ਜੀ.ਐਸ.ਟੀ. ਲਾਇਆ ਗਿਆ ਸੀ, ਜਿਸ ਨੂੰ ਹਟਾਉਣ ਲਈ ਸਿੱਖ ਸੰਸਥਾ ਨੂੰ ਲੰਮੀ ਜੱਦੋ-ਜਹਿਦ ਕਰਨੀ ਪਈ ਸੀ। ਹੁਣ ਜੁਲਾਈ ਮਹੀਨੇ ਤੋਂ ਕੇਂਦਰ ਸਰਕਾਰ ਨੇ ਗੁਰਦੁਆਰਾ ਕੰਪਲੈਕਸ ਦੇ ਘੇਰੇ ਤੋਂ ਬਾਹਰ ਬਣੀਆਂ ਸਰਾਂਵਾਂ ਆਦਿ ਨੂੰ ਜੀ.ਐਸ.ਟੀ. ਦੇ ਘੇਰੇ ਵਿਚ ਲਿਆਂਦਾ ਹੈ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ ਨੇ ਦੱਸਿਆ ਕਿ ਕੇਂਦਰ ਵੱਲੋਂ ਇਸ ਸਬੰਧੀ 18 ਜੁਲਾਈ ਨੂੰ ਇਕ ਨੋਟੀਫਿਕੇਸ਼ਨ ਜਾਰੀ ਕਰ ਕੇ ਧਾਰਮਿਕ ਸਥਾਨਾਂ ਦੇ ਘੇਰੇ ਤੋਂ ਬਾਹਰ ਬਣੀਆਂ ਸਰਾਵਾਂ ਨੂੰ ਜੀ.ਐਸ.ਟੀ. ਦੇ ਘੇਰੇ ਵਿਚ ਲਿਆਂਦਾ ਗਿਆ ਹੈ। ਇਨ੍ਹਾਂ ਸਰਾਵਾਂ ਦੇ ਸ਼ਰਧਾਲੂਆਂ ਕੋਲੋਂ ਵਸੂਲੇ ਜਾਂਦੇ ਕਿਰਾਏ 'ਤੇ 12 ਫੀਸਦ ਟੈਕਸ ਲਾ

*(ਬਾਕੀ ਸਫਾ 6 'ਤੇ)*

Harmit Toor
Your Realtor® For Life!
Help you Buy or Sell:
- Residential Property
- Commercial property
- Business Opportunity
Financing:
- Residential Loans
- Commercial Loans
- SBA Loans
Commercial Leasing
Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com





Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloода Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience





Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ।

2330 Enterprise Park Dr., Indianapolis, IN 46218

Online Application @ www.xpresscargoinc.com

# ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਨੇ ਬੁਰੀ ਫਸਾਈ 'ਆਪ' ਸਰਕਾਰ

## ਵੀਸੀ ਡਾ. ਰਾਜ ਬਹਾਦਰ ਦੇ ਅਸਤੀਫੇ ਪਿੱਛੋਂ ਵਿਰੋਧੀ ਧਿਰਾਂ ਨੇ ਪਾਇਆ ਘੇਰਾ

**ਚੰਡੀਗੜ੍ਹ:** ਪੰਜਾਬ ਦੇ ਸਿਹਤ ਤੇ ਮੈਡੀਕਲ ਸਿੱਖਿਆ ਵਿਭਾਗ ਦੇ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਵੱਲੋਂ ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਰਾਜ ਬਹਾਦਰ ਨਾਲ ਮਾੜਾ ਵਿਹਾਰ ਕਰਨ ਦੇ ਮਾਮਲੇ 'ਤੇ ਸਰਕਾਰ ਦੀ ਹਾਲਤ ਕਸੂਤੀ ਬਣ ਗਈ ਹੈ। ਮੈਡੀਕਲ ਖੇਤਰ 'ਚ ਕੰਮ ਕਰ ਰਹੀਆਂ ਕੌਮੀ ਪੱਧਰ ਦੀਆਂ ਸੰਸਥਾਵਾਂ ਨੇ ਡਾ. ਰਾਜ ਬਹਾਦਰ ਦੀ ਹਮਾਇਤ ਕਰਦਿਆਂ ਮੰਤਰੀ ਦੇ ਵਿਹਾਰ ਦੀ ਤਿੱਖੀ ਅਲੋਚਨਾ ਕੀਤੀ ਹੈ।

ਉਪ ਕੁਲਪਤੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਘਟਨਾ 'ਤੇ ਅਫਸੋਸ ਜ਼ਾਹਿਰ ਕਰਦਿਆਂ ਸਿਹਤ ਮੰਤਰੀ ਦੇ ਵਤੀਰੇ ਲਈ ਡਾ. ਰਾਜ ਬਹਾਦਰ ਤੋਂ ਮੁਆਫੀ ਮੰਗੀ ਤੇ ਉਨ੍ਹਾਂ ਨੂੰ ਆਪਣਾ ਅਸਤੀਫਾ ਵਾਪਸ ਲੈਣ ਦੀ ਬੇਨਤੀ ਕੀਤੀ ਹੈ। ਜ਼ਿਕਰਯੋਗ ਹੈ ਕਿ ਸਿਹਤ ਮੰਤਰੀ ਵੱਲੋਂ ਫਰੀਦਕੋਟ ਮੈਡੀਕਲ ਕਾਲਜ ਦੇ ਦੌਰੇ ਦੌਰਾਨ ਡਾ. ਰਾਜ ਬਹਾਦਰ ਨੂੰ ਇਕ ਬੈਡ 'ਤੇ ਲਿਟਾਇਆ ਹੀ ਨਹੀਂ ਸੀ ਗਿਆ ਸਗੋਂ ਵੀਡੀਓ ਵੀ ਵਾਇਰਲ ਕੀਤੀ ਗਈ ਸੀ। ਇਸ ਘਟਨਾ 'ਤੇ ਵਿਵਾਦ ਵਧਣ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਵੀ ਸਰਕਾਰ ਦਾ ਅਕਸ ਬਚਾਉਣ ਲਈ ਮੈਦਾਨ 'ਚ ਆ ਗਏ।



ਦੂਜੇ ਪਾਸੇ ਮੁੱਖ ਮੰਤਰੀ ਦਫਤਰ ਦੇ ਸੂਤਰਾਂ ਦਾ ਕਹਿਣਾ ਹੈ ਕਿ ਚੇਤਨ ਸਿੰਘ ਜੌੜੇਮਾਜਰਾ ਦੇ ਸਿਹਤ ਵਿਭਾਗ ਦਾ ਕੰਮ ਸੰਭਾਲਣ ਤੋਂ ਬਾਅਦ ਪੈਦਾ ਹੋਏ ਵਿਵਾਦਾਂ ਕਾਰਨ ਸਰਕਾਰ ਪਰੇਸ਼ਾਨੀ ਵਿਚ ਹੈ। ਇਸ ਲਈ ਮੰਤਰੀਆਂ ਨੂੰ ਸਰਕਾਰੀ ਦਫਤਰਾਂ ਤੇ ਅਦਾਰਿਆਂ ਦੇ ਕੰਮਾਂ ਦੀ ਸਮੀਖਿਆ ਕਰਨ ਸਮੇਂ ਜ਼ਾਬਤੇ 'ਚ ਰਹਿਣ ਤੇ ਬੇਲੋੜੇ ਵਿਵਾਦਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ।

ਉਧਰ, ਵਿਰੋਧੀ ਧਿਰਾਂ ਨੇ ਵੀ 'ਆਪ' ਸਰਕਾਰ ਨੂੰ ਘੇਰਦਿਆਂ ਸਿਹਤ ਮੰਤਰੀ ਦੀ ਬਰਖ਼ਾਸਤਗੀ ਮੰਗੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਜੌੜੇਮੇਜਰਾ ਦੇ ਵਿਹਾਰ ਦੀ ਨਿਖੇਧੀ ਕਰਦਿਆਂ ਸਰਕਾਰ ਤੋਂ ਕਾਰਵਾਈ ਦੀ ਮੰਗ ਕੀਤੀ ਹੈ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਨੇ ਕਿਹਾ ਕਿ 'ਆਪ' ਸਰਕਾਰ ਬੁਖਲਾ ਗਈ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਮੰਤਰੀ ਕੰਮ ਕਰਨ ਦੀ ਥਾਂ ਫੋਕੀ ਵਾਹ-ਵਾਹ ਖੱਟਣ ਲਈ ਡਰਾਮੇ ਕਰ ਰਹੇ ਹਨ। ਸਰਕਾਰ ਤੋਂ ਪੰਜਾਬ ਦਾ ਪ੍ਰਬੰਧ ਸੰਭਾਲਿਆ ਨਹੀਂ ਜਾ ਰਿਹਾ। ਪੰਜਾਬ ਵਿਚ ਬਦਅਮਨੀ ਫੈਲਦੀ ਜਾ ਰਹੀ ਹੈ। ਇਸ ਤਰ੍ਹਾਂ ਕਿਸੇ ਵੀ ਅਧਿਕਾਰੀ ਨੂੰ ਜਲੀਲ ਕਰਨਾ ਮੰਦਭਾਗਾ ਹੈ। ਭਾਜਪਾ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਹੁਣ ਗੇਂਦ ਭਗਵੰਤ ਮਾਨ ਦੇ ਪਾਲੇ ਵਿਚ ਹੈ ਅਤੇ ਉਨ੍ਹਾਂ ਨੂੰ ਮੁੱਖ ਮੰਤਰੀ ਵਾਂਗ ਵਿਹਾਰ ਕਰਨਾ ਚਾਹੀਦਾ ਹੈ। ਵਾਈਸ ਚਾਂਸਲਰ ਡਾ. ਰਾਜ ਬਹਾਦਰ ਅਤੇ ਇਸ ਸੰਸਥਾ ਦੇ ਵੱਕਾਰ ਦੀ ਬਹਾਲੀ ਲਈ ਜੋ ਵੀ ਕੀਤਾ ਜਾਣਾ ਲੋੜੀਂਦਾ ਹੈ, ਉਹ ਤੁਰੰਤ ਕੀਤਾ ਜਾਵੇ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ 'ਆਪ' ਸਰਕਾਰ ਦੇ ਇਕ ਮੰਤਰੀ ਦੇ ਘੁਮੰਡ ਨੂੰ ਸੰਤੁਸ਼ਟ ਕਰਨ ਲਈ ਕੌਮੀ ਪ੍ਰਸਿੱਧੀ ਵਾਲੇ ਡਾਕਟਰ ਨੂੰ ਅਪਮਾਨ ਦਾ ਸ਼ਿਕਾਰ ਹੋਣਾ ਪਿਆ। ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਸਪਾਈਨਲ ਸਰਜਨ ਡਾ. ਰਾਜ ਬਹਾਦਰ ਨਾਲ ਕੀਤੀ ਗਈ ਬਦਸਲੂਕੀ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾੜੇ ਵਤੀਰੇ ਲਈ ਸਿਹਤ ਮੰਤਰੀ ਨੂੰ ਤੁਰੰਤ ਡਾ. ਰਾਜ ਬਹਾਦਰ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਸਿਹਤ ਮੰਤਰੀ ਦੇ ਰਵੱਈਏ ਦੀ ਨਿਖੇਧੀ ਕੀਤੀ ਹੈ।

### ਵਾਈਸ ਚਾਂਸਲਰ ਨਾਲ ਵਾਪਰੀ ਘਟਨਾ ਮੰਦਭਾਗੀ: 'ਆਪ'

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਮੰਨਿਆ ਕਿ ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਨਾਲ ਵਾਪਰੀ ਘਟਨਾ ਬਹੁਤ ਮੰਦਭਾਗੀ ਹੈ, ਪਰ ਵਿਰੋਧੀ ਧਿਰਾਂ ਇਸ ਮੁੱਦੇ 'ਤੇ ਸੌੜੀ ਸਿਆਸਤ ਕਰ ਰਹੀਆਂ ਹਨ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਇਹ ਘਟਨਾ ਮੰਦਭਾਗੀ ਹੈ, ਪਰ ਸਰਕਾਰ ਸੂਬੇ ਦੀ ਸਿਹਤ ਪ੍ਰਣਾਲੀ ਵਿਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕਰੇਗੀ। ਸ੍ਰੀ ਕੰਗ ਨੇ ਕਿਹਾ ਕਿ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਸੂਬੇ ਦੇ ਸਰਕਾਰੀ ਹਸਪਤਾਲਾਂ ਦੇ ਦੌਰੇ 'ਤੇ ਸਨ ਤੇ ਉਸੇ ਲੜੀ ਵਿਚ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਪਹੁੰਚੇ ਸਨ। ਉਹ ਕਿਸੇ ਦਾ ਅਪਮਾਨ ਨਹੀਂ ਕਰਨਾ ਚਾਹੁੰਦੇ ਸੀ।

### ਭਗਵੰਤ ਮਾਨ ਸਿਹਤ ਮੰਤਰੀ ਦੇ ਵਤੀਰੇ ਤੋਂ ਖ਼ਫ਼ਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ, ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਵੱਲੋਂ 'ਆਪ' ਸਰਕਾਰ ਦੀ ਕਰਵਾਈ ਕਿਰਕਿਰੀ ਤੋਂ ਖ਼ਫ਼ਾ ਜਾਪਦੇ ਹਨ। ਸਿਹਤ ਮੰਤਰੀ ਵੱਲੋਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੇ ਵਾਈਸ ਚਾਂਸਲਰ ਡਾ.ਰਾਜ ਕੁਮਾਰ ਪ੍ਰਤੀ ਦਿਖਾਏ ਵਤੀਰੇ ਤੋਂ 'ਆਪ' ਦੀ ਹਾਈਕਮਾਨ ਵੀ ਨਾਖ਼ੁਸ਼ ਹੈ। ਸੂਤਰਾਂ ਅਨੁਸਾਰ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਬੀਤੇ ਦਿਨੀਂ ਮੁੱਖ ਮੰਤਰੀ ਰਿਹਾਇਸ਼ 'ਤੇ ਗਏ ਸਨ, ਪਰ ਮੁੱਖ ਮੰਤਰੀ ਉਨ੍ਹਾਂ ਨੂੰ ਨਹੀਂ ਮਿਲੇ। ਸੂਤਰਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ ਨੂੰ ਲੈ ਕੇ ਸਿਹਤ ਮੰਤਰੀ ਦੀ ਫੋਨ 'ਤੇ ਕਲਾਸ ਵੀ ਲਾਈ ਹੈ।

## ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਦਸ ਦਿਨਾਂ ਪੁਲਿਸ ਰਿਮਾਂਡ

**ਮੋਗਾ:** ਮੂਸੇਵਾਲਾ ਕਤਲ ਕਾਂਡ ਦੇ ਮੁੱਖ ਸਾਜਿਸ਼ਘਾੜੇ ਲਾਰੈਂਸ ਬਿਸ਼ਨੋਈ ਨੂੰ ਮੋਗਾ ਪੁਲਿਸ ਨੇ ਡਿਪਟੀ ਮੇਅਰ ਦੇ ਭਰਾ ਉਤੇ ਹਮਲੇ ਦੇ ਸਬੰਧ ਵਿਚ ਅਦਾਲਤ ਵਿਚ ਪੇਸ਼ ਕੀਤਾ। ਅਦਾਲਤ ਨੇ ਬਿਸ਼ਨੋਈ ਦਾ ਦਸ ਦਿਨ ਦਾ ਪੁਲਿਸ ਰਿਮਾਂਡ ਦਿੱਤਾ ਹੈ। ਪਿਛਲੇ ਸਾਲ ਮੋਗਾ ਦੇ ਡਿਪਟੀ ਮੇਅਰ ਅਸ਼ੋਕ ਧਮੀਜਾ ਦੇ ਭਰਾ ਉੱਪਰ ਦੋ ਹਥਿਆਰਬੰਦ ਨੌਜਵਾਨਾਂ ਨੇ ਗੋਲੀਆਂ ਚਲਾਈਆਂ ਸਨ। ਪਿਤਾ ਨੂੰ ਬਚਾਉਣ ਆਏ ਉਸ ਦੇ ਪੁੱਤਰ ਦੇ ਪੈਰ ਵਿਚ ਗੋਲੀ ਲੱਗੀ ਸੀ ਪਰ ਉਸ ਨੇ ਹਿੰਮਤ ਦਿਖਾਉਂਦਿਆਂ ਇਕ ਹਥਿਆਰਬੰਦ ਮੋਨੂੰ ਡਾਗਰ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ ਸੀ ਅਤੇ ਉਸ ਦਾ ਦੂਜਾ ਸਾਥੀ ਯੋਧਾ ਫਰਾਰ ਹੋ ਗਿਆ ਸੀ। ਮੋਨੂੰ ਡਾਗਰ ਲਾਰੈਂਸ ਬਿਸ਼ਨੋਈ ਗੈਂਗ ਦਾ ਮੈਂਬਰ ਹੈ।

## ਹਿਮਾਚਲ ਘੁੰਮਣ ਗਏ ਪੰਜਾਬ ਦੇ 7 ਨੌਜਵਾਨ ਗੋਬਿੰਦ ਸਾਗਰ ਝੀਲ ਵਿਚ ਡੁੱਬੇ

**ਊਨਾ (ਹਿਮਾਚਲ):** ਪੰਜਾਬ ਦੇ ਮੁਹਾਲੀ ਜ਼ਿਲ੍ਹੇ ਦੇ ਬਨੂੜ ਨਾਲ ਸਬੰਧਤ ਸੱਤ ਨੌਜਵਾਨ ਇਥੇ ਬੰਗਾਣਾ ਸਬ-ਡਿਵੀਜਨ ਅਧੀਨ ਆਉਂਦੇ ਅੰਦਰੋਲੀ ਪਿੰਡ ਵਿਚ ਗੋਬਿੰਦ ਸਾਗਰ ਝੀਲ ਵਿਚ ਡੁੱਬ ਗਏ ਜਦੋਂਕਿ ਚਾਰ ਨੌਜਵਾਨਾਂ ਨੇ ਤੈਰ ਕੇ ਜਾਨ ਬਚਾਈ। ਮ੍ਰਿਤਕਾਂ ਵਿਚ ਦੋ ਸਕੇ ਭਰਾਵਾਂ ਸਮੇਤ ਚਾਰ ਵਿਅਕਤੀ ਇਕੋ ਪਰਿਵਾਰ ਨਾਲ ਸਬੰਧਤ ਹਨ।

ਇਹ ਸਾਰੇ ਨੌਜਵਾਨ ਮੋਟਰਸਾਈਕਲਾਂ 'ਤੇ ਪੀਰ ਨਗਾਹਾ, ਬਾਬਾ ਬਾਲਕ ਨਾਥ ਮੰਦਿਰ ਅਤੇ ਨੈਣਾ ਦੇਵੀ ਦੀ ਯਾਤਰਾ ਲਈ ਘਰੋਂ ਨਿਕਲੇ ਸਨ। ਡੁੱਬਣ ਵਾਲੇ ਨੌਜਵਾਨਾਂ ਦੀ ਪਛਾਣ ਪਵਨ ਕੁਮਾਰ (35), ਰਮਨ ਕੁਮਾਰ (19), ਲਾਭ ਕੁਮਾਰ (17), ਲਖਬੀਰ ਸਿੰਘ (16), ਅਰੁਣ ਕੁਮਾਰ (14), ਵਿਸ਼ਾਲ ਕੁਮਾਰ (18) ਤੇ ਸ਼ਿਵ ਕੁਮਾਰ (16) ਵਜੋਂ ਦੱਸੀ ਗਈ ਹੈ। ਤੈਰ ਕੇ ਕੰਢੇ ਲੱਗੇ ਨੌਜਵਾਨਾਂ ਵਿਚ ਕ੍ਰਿਸ਼ਨ ਲਾਲ (32), ਗੁਰਪ੍ਰੀਤ ਸਿੰਘ (23), ਰਮਨ ਕੁਮਾਰ (17) ਤੇ ਸੋਨੂ ਕੁਮਾਰ (28) ਸ਼ਾਮਲ ਹਨ।

ਝੀਲ 'ਚ ਡੁੱਬਣ ਵਾਲੇ ਸਾਰੇ ਨੌਜਵਾਨ ਬਨੂੜ ਦੇ ਵਾਰਡ ਨੰਬਰ ਗਿਆਰਾਂ ਦੀ ਨੀਰਾ ਸ਼ਾਹ ਕਲੋਨੀ ਦੇ ਵਸਨੀਕ ਸਨ। ਘਟਨਾ ਦਾ ਪਤਾ ਲੱਗਦਿਆਂ ਹੀ ਬਨੂੜ ਸ਼ਹਿਰ ਅਤੇ ਸਮੁੱਚੇ ਖੇਤਰ ਵਿਚ ਸੋਗ ਦੀ ਲਹਿਰ ਫੈਲ ਗਈ ਹੈ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਦਾ ਰੋ-ਰੋ ਕੇ ਬੁਰਾ ਹਾਲ ਹੋਇਆ ਪਿਆ ਸੀ। 11 ਨੌਜਵਾਨ ਪੰਜ ਮੋਟਰਸਾਈਕਲਾਂ ਉਤੇ ਯਾਤਰਾ ਲਈ ਗਏ ਸਨ। ਸਾਰਿਆਂ ਨੇ 3 ਅਗਸਤ ਨੂੰ ਵਾਪਸ ਪਰਤਣਾ ਸੀ। ਇਸ ਕਲੋਨੀ ਦੇ ਵਸਨੀਕਾਂ ਵੱਲੋਂ ਬਾਬਾ ਬਾਲਕ ਨਾਥ ਮੰਦਿਰ ਵਿਖੇ ਲੰਗਰ ਲਗਾਇਆ ਹੋਇਆ ਹੈ, ਜਿਸ ਵਿਚ ਪਹੁੰਚ ਕੇ ਇਨ੍ਹਾਂ ਨੌਜਵਾਨਾਂ ਨੇ ਸੇਵਾ ਕਰਨੀ ਸੀ। ਪਤਾ ਲੱਗਾ ਹੈ ਕਿ ਇਕ ਨੌਜਵਾਨ ਝੀਲ ਵਿਚ ਨਹਾਉਣ ਲੱਗਿਆ ਸੀ ਕਿ ਜ਼ਿਆਦਾ ਡੂੰਘਾਈ ਕਾਰਨ ਉਹ ਪਾਣੀ ਵਿਚ ਵਹਿਣ ਲੱਗ ਪਿਆ। ਉਸ ਨੂੰ ਬਚਾਉਣ ਲਈ ਬਾਕੀ ਸਾਥੀ ਮਨੁੱਖੀ ਚੇਨ ਬਣਾ ਕੇ ਝੀਲ ਵਿਚ ਉਤਰ ਗਏ। ਇਸ ਦੌਰਾਨ ਉਨ੍ਹਾਂ ਦਾ ਹੱਥ ਝੀਲ ਦੇ ਬਾਹਰ ਖੜ੍ਹੇ ਨੌਜਵਾਨਾਂ ਦੇ ਹੱਥ ਨਾਲੋਂ ਛੁੱਟ ਗਿਆ, ਜਿਸ ਕਾਰਨ ਸੱਤ ਨੌਜਵਾਨ ਪਾਣੀ ਵਿਚ ਡੁੱਬ ਗਏ।

## ਆਬਕਰ ਵਸੂਲੀ: ਭਰਨ ਲੱਗਾ ਪੰਜਾਬ ਦਾ ਖਜ਼ਾਨਾ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਚਲੰਤ ਵਿੱਤੀ ਵਰ੍ਹੇ ਦੇ ਪਹਿਲੇ ਚਾਰ ਮਹੀਨਿਆਂ ਵਿਚ ਜੀ.ਐਸ.ਟੀ. ਅਤੇ ਆਬਕਾਰੀ ਵਸੂਲੀ 'ਚ ਦਰਜ ਕੀਤੇ ਵਾਧੇ ਨੂੰ ਪੰਜਾਬ ਦੇ ਭਵਿੱਖ ਲਈ ਸ਼ੁਭ ਸੰਕੇਤ ਦੱਸਿਆ ਹੈ। ਉਨ੍ਹਾਂ ਦੱਸਿਆ ਕਿ ਵਿੱਤੀ ਸਾਲ 2021-22 ਦੇ ਮੁਕਾਬਲੇ ਵਿੱਤੀ ਸਾਲ 2022-23 ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਸੂਬੇ ਨੇ ਜੀ.ਐਸ.ਟੀ. ਵਸੂਲੀ ਵਿਚ 24.15 ਫ਼ੀਸਦੀ ਅਤੇ ਆਬਕਾਰੀ ਵਸੂਲੀ ਵਿਚ 41.23 ਫ਼ੀਸਦੀ ਵਾਧਾ ਦਰਜ ਕੀਤਾ ਹੈ।

ਸ੍ਰੀ ਚੀਮਾ ਨੇ ਇਥੇ ਪੰਜਾਬ ਭਵਨ 'ਚ ਇਕ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਅਸਲ ਪ੍ਰਾਪਤੀ ਬਾਰੇ ਵਿੱਤੀ ਸਾਲ 2022-23 ਲਈ ਜੀ.ਐਸ.ਟੀ. ਵਿਚ 27 ਫ਼ੀਸਦੀ ਦੇ ਅਨੁਮਾਨਿਤ ਬਜਟ ਵਾਧੇ ਦੇ ਬਹੁਤ ਨੇੜੇ ਹੈ। ਉਨ੍ਹਾਂ ਦੱਸਿਆ ਕਿ ਨਵੀਂ ਆਬਕਾਰੀ ਨੀਤੀ ਵਜੋਂ ਇਨ੍ਹਾਂ ਚਾਰ ਮਹੀਨਿਆਂ ਦੌਰਾਨ ਆਬਕਾਰੀ ਵਸੂਲੀ 2741.35 ਕਰੋੜ ਰੁਪਏ ਰਹੀ, ਜਦੋਂ ਕਿ ਪਿਛਲੇ ਸਾਲ ਦੌਰਾਨ ਇਸੇ ਮਿਆਦ ਲਈ ਆਬਕਾਰੀ ਵਸੂਲੀ 1941.05 ਕਰੋੜ ਸੀ। ਵਿੱਤ ਮੰਤਰੀ ਨੇ ਕਿਹਾ ਕਿ ਸੂਬੇ ਵੱਲੋਂ ਚਾਰ ਮਹੀਨਿਆਂ ਦੌਰਾਨ 10,366 ਕਰੋੜ ਰੁਪਏ ਦੀ ਕਰਜ਼ਾ ਅਦਾਇਗੀ ਕੀਤੀ ਗਈ ਜਦਕਿ ਇਸੇ ਮਿਆਦ ਦੌਰਾਨ ਸਿਰਫ 8,100 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ, ਜਿਸ ਨਾਲ 2266.94 ਕਰੋੜ ਰੁਪਏ ਦੇ ਕਰਜ਼ੇ ਦੀ ਕਟੌਤੀ ਕੀਤੀ ਗਈ। ਵਿੱਤ ਮੰਤਰੀ ਨੇ ਜੀ.ਐਸ.ਟੀ. ਮੁਆਵਜ਼ੇ ਬਾਰੇ ਕਿਹਾ ਕਿ ਪੰਜਾਬ ਅਤੇ ਹੋਰ ਰਾਜਾਂ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੂੰ ਜੀ.ਐਸ.ਟੀ. ਮੁਆਵਜ਼ੇ ਨੂੰ ਕੁਝ ਹੋਰ ਸਾਲਾਂ ਲਈ ਵਧਾਉਣ ਦੀ ਅਪੀਲ ਕੀਤੀ ਹੈ।

## ਨੁਕਸਾਨੀ ਫਸਲ ਦਾ ਜਾਇਜ਼ਾ ਲੈਣ ਪਹੁੰਚੇ ਸੁਖਬੀਰ ਨੂੰ ਕਾਲੀਆਂ ਝੰਡੀਆਂ ਦਿਖਾਈਆਂ

**ਬੱਲੂਆਣਾ:** ਮੀਂਹ ਦੇ ਪਾਣੀ ਵਿਚ ਡੁੱਬੇ ਖੇਤਾਂ ਵਿਚ ਨੁਕਸਾਨੀ ਫਸਲ ਦਾ ਜਾਇਜ਼ਾ ਲੈਣ ਲਈ ਹਲਕਾ ਬੱਲੂਆਣਾ ਦੇ ਪਿੰਡਾਂ ਵਿਚ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸੁਖਬੀਰ ਸਿੰਘ ਬਾਦਲ ਨੂੰ ਇਥੇ ਆਮ ਆਦਮੀ ਪਾਰਟੀ ਦੇ ਕਾਰਕੁਨਾਂ ਵੱਲੋਂ ਕਾਲੇ ਝੰਡੇ ਦਿਖਾ ਕੇ ਰੋਸ ਪ੍ਰਗਟਾਇਆ ਗਿਆ। ਦੁਪਹਿਰੇ ਕਰੀਬ 1 ਵਜੇ ਸੁਖਬੀਰ ਬਾਦਲ ਆਪਣੇ ਕਾਫਲੇ ਸਮੇਤ ਹਲਕਾ ਲੰਬੀ ਦੇ ਨਾਲ ਲੱਗਦੇ ਹਲਕਾ ਬੱਲੂਆਣਾ ਦੇ ਪਿੰਡ ਗੰਦਾ ਪਹੁੰਚੇ। ਇਥੇ ਸ਼ਮਸ਼ਾਨਘਾਟ ਨੇੜੇ ਵੱਡੀ ਗਿਣਤੀ ਵਿਚ ਇਕੱਤਰ ਹੋਏ 'ਆਪ' ਵਰਕਰਾਂ ਨੇ ਸਾਬਕਾ ਉਪ ਮੁੱਖ ਮੰਤਰੀ ਦੇ ਕਾਫਲੇ ਨੂੰ ਕਾਲੇ ਝੰਡੇ ਦਿਖਾਏ ਤੇ ਨਾਅਰੇਬਾਜ਼ੀ ਕੀਤੀ।

'ਆਪ' ਦੇ ਸਰਕਲ ਪ੍ਰਧਾਨ ਬਲਜੀਤ ਸਿੰਘ ਤੋਂ ਇਲਾਵਾ ਬਹਾਵਵਾਲਾ ਸਰਕਲ ਦੇ ਪ੍ਰਧਾਨ ਅੰਗਰੇਜ਼ ਸਿੰਘ, ਜ਼ਿਲ੍ਹਾ ਤਾਲਮੇਲ ਕਮੇਟੀ ਦੇ ਮੈਂਬਰ ਨੌਰੰਗ ਰਾਮ ਢਾਬਾ ਕੋਕਰਿਆ ਤੇ ਸਰਪੰਚ ਲਾਭ ਸਿੰਘ ਨੇ ਦੱਸਿਆ ਕਿ ਲੰਬੀ ਹਲਕੇ ਵਿਚੋਂ ਬੱਲੂਆਣਾ ਹਲਕੇ ਦੇ ਪਿੰਡਾਂ ਨੂੰ ਪਾਣੀ ਦੀ ਨਿਕਾਸੀ ਖਾਤਰ ਬਣਾਏ ਗਏ ਬੇਤਰਤੀਬੇ ਸੇਮ ਨਾਲੇ ਬੱਲੂਆਣਾ ਦੇ ਖੇਤਾਂ ਦੀ ਬਰਬਾਦੀ ਦਾ ਕਾਰਨ ਬਣੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਵੇਲੇ ਹਲਕਾ ਲੰਬੀ ਨੂੰ ਬਚਾਉਣ ਲਈ ਬਣਾਏ ਗਏ ਇਨ੍ਹਾਂ ਸੇਮ ਨਾਲਿਆਂ ਵਿਚ ਛੱਡਿਆ ਗਿਆ ਪਾਣੀ ਅੱਜ ਬੱਲੂਆਣਾ ਹਲਕੇ ਦੇ ਪਿੰਡਾਂ ਲਈ ਕਹਿਰ ਬਣਿਆ ਹੈ। ਪਿੰਡ ਗੰਦਾ ਡੋਬ ਦੇ ਵਸਨੀਕ ਨਿਰੰਜਨ ਸਿੰਘ ਨੇ ਬੀਤੇ ਦਿਨੀਂ ਫਸਲ ਤਬਾਹ ਹੋਣ ਕਾਰਨ ਖ਼ੁਦਕੁਸ਼ੀ ਕਰ ਲਈ ਸੀ, ਜਿਸ ਦੀ ਮੌਤ ਲਈ 'ਆਪ' ਆਗੂਆਂ ਨੇ ਸੁਖਬੀਰ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਮੌਕੇ ਸ੍ਰੀ ਬਾਦਲ ਖ਼ੁਦਕੁਸ਼ੀ ਕਰ ਗਏ ਕਿਸਾਨ ਨਿਰੰਜਨ ਸਿੰਘ ਦੇ ਘਰ ਅਫਸੋਸ ਕਰਨ ਵੀ ਗਏ।

## ਹਾਈ ਕੋਰਟ ਵੱਲੋਂ ਰਾਘਵ ਨੂੰ ਚੇਅਰਮੈਨ ਲਾਉਣ ਦੇ ਮਾਮਲੇ 'ਚ ਸਰਕਾਰ ਨੂੰ ਰਾਹਤ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਅਸਥਾਈ ਸਲਾਹਕਾਰ ਕਮੇਟੀ ਦੇ ਚੇਅਰਮੈਨ ਵਜੋਂ ਰਾਘਵ ਚੱਢਾ ਦੀ ਨਿਯੁਕਤੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦੇ ਨਿਪਟਾਰੇ ਦਾ ਫੈਸਲਾ ਪੰਜਾਬ ਸਰਕਾਰ 'ਤੇ ਛੱਡ ਦਿੱਤਾ ਹੈ। ਹਾਈ ਕੋਰਟ ਨੇ 'ਆਪ' ਸਰਕਾਰ ਨੂੰ ਇਸ ਮਾਮਲੇ 'ਤੇ ਆਪਣੇ ਪੱਧਰ 'ਤੇ ਫੈਸਲਾ ਲੈਣ ਲਈ ਆਖਿਆ ਹੈ ਅਤੇ ਇਸ ਫੈਸਲੇ ਤੋਂ ਪਟੀਸ਼ਨਰ ਨੂੰ ਜਾਣੂ ਕਰਾਉਣ ਦੀ ਹਦਾਇਤ ਵੀ ਕੀਤੀ ਹੈ।

ਹਾਈ ਕੋਰਟ ਨੇ ਜਨਹਿਤ ਪਟੀਸ਼ਨ 'ਤੇ ਸਰਕਾਰ ਨੂੰ ਕੋਈ ਨੋਟਿਸ ਜਾਰੀ ਨਹੀਂ ਕੀਤਾ ਅਤੇ ਇਸ ਦਾ ਨਿਬੇੜਾ ਕਰ ਦਿੱਤਾ। ਉਂਜ ਸੂਤਰਾਂ ਅਨੁਸਾਰ ਅਦਾਲਤ ਨੇ ਜ਼ਬਾਨੀ ਤੌਰ 'ਤੇ ਰਾਘਵ ਚੱਢਾ ਦੀ ਬਤੌਰ ਚੇਅਰਮੈਨ ਨਿਯੁਕਤੀ ਬਾਰੇ ਗੰਭੀਰ ਟਿੱਪਣੀਆਂ ਵੀ ਕੀਤੀਆਂ ਹਨ। ਅਦਾਲਤ ਨੇ ਕਿਹਾ ਕਿ ਇਹ ਨਿਯੁਕਤੀ ਗੈਰ ਸੰਵਿਧਾਨਕ ਹੋਣ ਤੋਂ ਇਲਾਵਾ ਸਰਕਾਰ ਦੇ ਕੰਮ ਕਾਜ ਦੇ ਵੀ ਵਿਰੁੱਧ ਹੈ। ਜਾਣਕਾਰੀ ਮੁਤਾਬਕ ਅਦਾਲਤ ਨੇ ਇੱਥੋਂ ਤੱਕ ਕਿਹਾ ਕਿ ਜਿਸ ਨੂੰ ਲੋਕਾਂ ਵੱਲੋਂ ਚੁਣਿਆ ਹੀ ਨਹੀਂ ਗਿਆ, ਉਸ ਨੂੰ ਲੋਕਾਂ ਦੇ ਫੈਸਲੇ ਲੈਣ ਦਾ ਅਧਿਕਾਰ ਕਿਵੇਂ ਦਿੱਤਾ ਜਾ ਰਿਹਾ ਹੈ।

ਹਾਈ ਕੋਰਟ ਦੇ ਇਸ ਫੈਸਲੇ ਨਾਲ ਰਾਘਵ ਚੱਢਾ ਦੀ ਨਿਯੁਕਤੀ ਦੇ ਮਾਮਲੇ 'ਚ 'ਆਪ' ਸਰਕਾਰ ਨੂੰ ਇਕ ਤਰੀਕੇ ਨਾਲ ਰਾਹਤ ਮਿਲੀ ਹੈ। ਪੰਜਾਬ ਸਰਕਾਰ ਨੇ 11 ਜੁਲਾਈ ਨੂੰ ਰਾਘਵ ਚੱਢਾ ਨੂੰ ਸਲਾਹਕਾਰ ਕਮੇਟੀ ਦਾ ਚੇਅਰਮੈਨ ਲਾਇਆ ਸੀ। ਐਡਵੋਕੇਟ ਜਗਮੋਹਨ ਸਿੰਘ ਭੱਟੀ ਨੇ 12 ਜੁਲਾਈ ਨੂੰ ਜਨਹਿਤ ਪਟੀਸ਼ਨ ਰਾਹੀਂ ਰਾਘਵ ਦੀ ਨਿਯੁਕਤੀ ਨੂੰ ਚੁਣੌਤੀ ਦਿੱਤੀ ਸੀ। ਪਟੀਸ਼ਨਰ ਨੇ ਅਦਾਲਤ ਵਿਚ ਕਿਹਾ ਕਿ ਨਿਯੁਕਤੀ ਲਈ ਪੱਤਰ ਜਾਰੀ ਕੀਤਾ ਗਿਆ ਹੈ ਜਾਂ ਇਸ ਨੂੰ ਨੋਟੀਫਿਕੇਸ਼ਨ ਮੰਨਿਆ ਜਾਵੇ।

ਸਰਕਾਰ ਤਰਫੋਂ ਪੇਸ਼ ਹੋਏ ਵਕੀਲ ਨੇ ਪੱਖ ਰੱਖਿਆ ਕਿ ਅਸਥਾਈ ਸਲਾਹਕਾਰ ਕਮੇਟੀ ਦੇ ਚੇਅਰਮੈਨ ਤੋਂ ਸਿਰਫ ਸੁਝਾਅ ਲਏ ਜਾਣਗੇ ਅਤੇ ਇਸ ਕੰਮ ਲਈ ਕੋਈ ਤਨਖਾਹ ਆਦਿ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਮੇਂ ਸਮੇਂ 'ਤੇ ਆਪਣੇ ਪੱਧਰ 'ਤੇ ਕਮੇਟੀਆਂ ਦਾ ਗਠਨ



ਕੀਤਾ ਜਾਂਦਾ ਹੈ। ਪਟੀਸ਼ਨਰ ਨੇ ਕਿਹਾ ਕਿ ਮੁੱਖ ਸਕੱਤਰ ਨੂੰ ਇਸ ਨਿਯੁਕਤੀ ਦਾ ਕੋਈ ਅਧਿਕਾਰ ਨਹੀਂ ਹੈ। ਪਟੀਸ਼ਨਰ ਨੇ ਆਪਣੀ ਅਰਜ਼ੀ ਵਿਚ ਕਰੀਬ ਡੇਢ ਦਰਜਨ ਨੁਕਤੇ ਉਠਾਏ ਸਨ ਅਤੇ ਰਾਘਵ ਚੱਢਾ ਦੀ ਨਿਯੁਕਤੀ ਨੂੰ ਗੈਰ-ਸੰਵਿਧਾਨਕ ਦੱਸਿਆ ਸੀ। ਇਹ ਵੀ ਤਰਕ ਦਿੱਤੇ ਗਏ ਕਿ ਇਹ ਨਿਯੁਕਤੀ ਪੰਜਾਬ ਸਰਕਾਰ ਅੰਦਰ ਸਮਾਨਾਂਤਰ ਸਰਕਾਰ ਦੇ ਬਰਾਬਰ ਹੈ ਜਿਸ ਨਾਲ ਸਰਕਾਰੀ ਖ਼ਜ਼ਾਨੇ 'ਤੇ ਵਾਧੂ ਬੋਝ ਵੀ ਪਵੇਗਾ। ਪਟੀਸ਼ਨ ਵਿਚ ਇਸ ਨੂੰ ਪੰਜਾਬ ਦੇ ਮਾਮਲਿਆਂ ਵਿਚ ਦਖਲਅੰਦਾਜ਼ੀ ਦੇ ਸਮਾਨ ਦੱਸਿਆ ਗਿਆ ਸੀ।

ਅਰਜ਼ੀ 'ਚ ਇਹ ਵੀ ਕਿਹਾ ਗਿਆ ਸੀ ਕਿ ਅਸਥਾਈ ਕਮੇਟੀ ਨੂੰ ਸਾਰੀਆਂ ਸਹੂਲਤਾਂ ਸਮੇਤ ਕੈਬਨਿਟ ਰੈਂਕ ਦਾ ਦਰਜਾ ਦਿੱਤਾ ਗਿਆ ਹੈ ਜਦੋਂ ਕਿ ਕੈਬਨਿਟ ਮੰਤਰੀ ਦਾ ਦਰਜਾ ਪਾਉਣ ਵਾਲੇ ਵਿਅਕਤੀ ਨੂੰ ਸੰਵਿਧਾਨ ਦੀ ਸਹੁੰ ਚੁਕਾਈ ਜਾਂਦੀ ਹੈ ਪਰ ਇਸ ਮਾਮਲੇ ਵਿਚ ਅਜਿਹਾ ਕੁਝ ਨਹੀਂ ਹੋਇਆ ਹੈ। ਉਨ੍ਹਾਂ ਕਿਹਾ ਕਿ ਕਿਸੇ ਨਿਯੁਕਤੀ ਦਾ ਮੁੱਖ ਮੰਤਰੀ ਕੋਲ ਅਧਿਕਾਰ ਨਹੀਂ ਹੈ ਅਤੇ ਸਿਰਫ ਰਾਜਪਾਲ ਹੀ ਅਜਿਹਾ ਅਧਿਕਾਰ ਰੱਖਦੇ ਹਨ। ਇਹ ਸੰਵਿਧਾਨ ਦੀ ਧਾਰਾ 309 ਦੀ ਉਲੰਘਣਾ ਹੈ।

### 'ਅਦਾਲਤ ਨੇ ਨਿਯੁਕਤੀ ਨੂੰ ਗੈਰ-ਸੰਵਿਧਾਨਕ ਦੱਸਿਆ'

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਟਵੀਟ ਕਰਕੇ ਕਿਹਾ ਕਿ ਰਾਘਵ ਚੱਢਾ ਦੀ ਨਿਯੁਕਤੀ ਨੂੰ ਲੈ ਕੇ ਹਾਈ ਕੋਰਟ ਨੇ ਸਖ਼ਤ ਟਿੱਪਣੀਆਂ ਕੀਤੀਆਂ ਹਨ ਅਤੇ ਇਸ ਨਿਯੁਕਤੀ ਨੂੰ ਗੈਰ ਸੰਵਿਧਾਨਕ ਦੱਸਿਆ ਹੈ। ਉਨ੍ਹਾਂ ਕਿਹਾ ਕਿ ਹਾਈ ਕੋਰਟ ਨੇ ਇਸ ਨਿਯੁਕਤੀ ਨੂੰ ਲੋਕਰਾਜੀ ਤਰੀਕੇ ਨਾਲ ਚੁਣੇ ਪ੍ਰਤੀਨਿਧਾਂ ਦੇ ਖ਼ਿਲਾਫ਼ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਰਾਘਵ ਚੱਢਾ ਦੀ ਨਿਯੁਕਤੀ ਲਈ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਹੈ ਜਿਸ ਤੋਂ ਸਾਫ ਹੈ ਕਿ ਸਰਕਾਰ ਨੇ ਅਦਾਲਤ ਦੇ ਫੈਸਲੇ ਦੇ ਡਰ ਕਾਰਨ ਅਜਿਹਾ ਨਹੀਂ ਕੀਤਾ।

# Matrimonials

## ਲੜਕੇ ਦੀ ਲੋੜ ਹੈ

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166.

29-32

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

29-32

Looking for an educated Jatt Sikh Punjabi girl (willing to move in TX) for handsome Jatt Sikh boy 5'10" (32), US born and raised. Degree in BBA (IT), presently working, belongs to a educated family. Please contact and send bio-data at: srom2000@yahoo.com

27-30

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

26-29

## ਲੜਕੀ ਦੀ ਲੋੜ ਹੈ

Suitable match for Sikh Rajput, clean shaved boy, 1989, 5'-3". MS from Boston. Senior Cybersecurity engineer in San Jose .Well- educated family with liberal values. Upper caste no bar. Please contact and send bio-data at: rajput.gagan255@gmail.com, Whatsapp no. 6506844709

32-33

Looking for a suitable match for our well educated Engineering and MBA and a professionally accomplished son 37, 5' 9". Working in US as a Manager with an IT consulting firm (MNC) based out of Chicago. Relocation to any state in the US possible. Please contact at Sandeep.ksb21@gmail.com or +1-630-464-9893.

31-34

Well settled Jatt Sikh family in USA looking for a suitable Sikh girl from USA for New Zealand citizen jatt sikh boy (currently in USA ) 32 years, 5'9". Bachelor in business. Also have a business in USA. Please Call us at 856-693-5401 or email rajdeepmann4u@yahoo.com

31-34

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385

29-32

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

23-26

# ਪਾਕਿਸਤਾਨ ਵਿਚ ਮੀਂਹ ਕਾਰਨ ਤਬਾਹੀ

**ਕਰਾਚੀ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ ਸ਼ਰੀਫ ਨੇ ਹੜ੍ਹ ਪ੍ਰਭਾਵਿਤ ਸੂਬੇ ਬਲੋਚਿਸਤਾਨ ਦਾ ਦੌਰਾ ਕੀਤਾ ਅਤੇ ਪੀੜਤ ਲੋਕਾਂ ਨੂੰ ਰਾਹਤ ਅਤੇ ਮੁੜ-ਵਸੇਬੇ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਦੇਸ਼ ਵਿਚ ਹੁਣ ਤੱਕ ਮੀਂਹ ਅਤੇ ਹੜ੍ਹ ਕਾਰਨ 350 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਬਲੋਚਿਸਤਾਨ ਸੂਬੇ ਵਿਚ ਭਾਰੀ ਮੀਂਹ ਅਤੇ ਹੜ੍ਹਾਂ ਨੇ ਸਭ ਤੋਂ ਵੱਧ ਤਬਾਹੀ ਮਚਾਈ ਹੈ, ਜਿਸ ਕਾਰਨ ਇੱਥੇ ਹੁਣ ਤੱਕ 127 ਮੌਤਾਂ ਹੋ ਚੁੱਕੀਆਂ ਹਨ। ਪ੍ਰਧਾਨ ਮੰਤਰੀ ਸ਼ਾਹਬਾਜ ਸ਼ਰੀਫ ਨੇ ਕੋਇਟਾ ਦਾ ਦੌਰਾ ਕਰਨ ਮਗਰੋਂ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਿਛਲੇ ਪੰਜ ਹਫਤਿਆਂ ਤੋਂ ਲਗਾਤਾਰ ਪੈ ਰਹੇ ਮੀਂਹ ਕਾਰਨ ਅਤੇ ਹੜ੍ਹਾਂ ਦੌਰਾਨ ਮਾਰੇ ਗਏ ਵਿਅਕਤੀਆਂ ਅਤੇ ਬੇਘਰ ਹੋਏ ਲੋਕਾਂ ਦੇ ਪਰਿਵਾਰਾਂ ਲਈ ਵਿਸ਼ੇਸ਼ ਮੁਆਵਜ਼ੇ ਦਾ ਐਲਾਨ ਕੀਤਾ।



ਸ਼ਰੀਫ ਨੇ ਦੱਸਿਆ ਕਿ ਬਲੋਚਿਸਤਾਨ ਵਿਚ ਕਰੀਬ ਤੇਰਾਂ ਹਜ਼ਾਰ ਮਕਾਨ ਪੂਰੀ ਤਰ੍ਹਾਂ ਤਬਾਹ ਹੋ ਚੁੱਕੇ ਹਨ। ਇਸੇ ਤਰ੍ਹਾਂ ਇਕੱਲੇ ਕਰਾਚੀ ਵਿਚ 70 ਜਣਿਆਂ ਦੀ ਮੌਤ ਹੋ ਚੁੱਕੀ ਹੈ। ਕੌਮੀ ਅਤੇ ਸੂਬਾਈ ਆਫਤ ਪ੍ਰਬੰਧਨ ਅਥਾਰਿਟੀ (ਪੀ.ਡੀ.ਐਮ.ਏ.) ਅਨੁਸਾਰ ਖੈਬਰ ਪਖਤੂਨਖਵਾ ਸੂਬੇ ਵਿਚ 60 ਅਤੇ ਪੰਜਾਬ ਵਿਚ 50 ਮੌਤਾਂ ਹੋਈਆਂ ਹਨ। ਬਲੋਚਿਸਤਾਨ ਤੋਂ ਪੀ.ਡੀ.ਐਮ.ਏ. ਦੇ ਡਾਇਰੈਕਟਰ ਜਨਰਲ ਨਸੀਰ ਅਹਿਮਦ ਨਸਰ ਨੇ ਦੱਸਿਆ ਕਿ ਹੁਣ ਤੱਕ ਸੂਬੇ ਵਿਚ 127 ਮੌਤਾਂ ਹੋ ਚੁੱਕੀਆਂ ਹਨ।

ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਪਾਕਿਸਤਾਨੀ ਸੈਨਾ ਤੇ ਹੋਰ ਬਚਾਅ ਦਸਤਿਆਂ ਵੱਲੋਂ ਬਚਾਅ ਕਾਰਜ ਜਾਰੀ ਹਨ। ਮੀਂਹ ਕਾਰਨ ਪਾਕਿਸਤਾਨ ਤੇ ਇਰਾਨ ਨੂੰ ਜੋੜਦੀ ਰੇਲ ਪਟੜੀ ਪਾਣੀ ਵਿਚ ਰੁੜ੍ਹ ਜਾਣ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਰੇਲ ਸੇਵਾ ਵੀ ਪ੍ਰਭਾਵਿਤ ਹੋਈ ਹੈ।

# ਪੱਤਰਕਾਰਾਂ ਦੇ ਟਵੀਟ ਹਟਵਾਉਣ ’ਚ ਭਾਰਤ ਮੋਹਰੀ

**ਨਵੀਂ ਦਿੱਲੀ:** ਭਾਰਤ ਨੇ ਟਵਿੱਟਰ ‘ਤੇ ਪੱਤਰਕਾਰਾਂ ਅਤੇ ਮੀਡੀਆ ਅਦਾਰਿਆਂ ਵੱਲੋਂ ਜੁਲਾਈ ਤੋਂ ਦਸੰਬਰ 2021 ਦੌਰਾਨ ਪੋਸਟ ਕੀਤੀ ਗਈ ਸਮੱਗਰੀ ਹਟਾਉਣ ਦੀ ਕਾਨੂੰਨੀ ਤੌਰ ‘ਤੇ ਮੰਗ ਸਭ ਤੋਂ ਜ਼ਿਆਦਾ ਕੀਤੀ। ਮਾਈਕਰੋਬਲੌਗਿੰਗ ਸਾਈਟ ਨੇ ਆਪਣੀ ਪਾਰਦਰਸ਼ਤਾ ਰਿਪੋਰਟ ‘ਚ ਕਿਹਾ ਕਿ ਟਵਿੱਟਰ ਖਾਤਿਆਂ ਨਾਲ ਜੁੜੀ ਜਾਣਕਾਰੀ ਮੰਗਣ ‘ਚ ਭਾਰਤ ਸਿਰਫ ਅਮਰੀਕਾ ਤੋਂ ਪਿੱਛੇ ਰਿਹਾ।

ਆਲਮੀ ਪੱਧਰ ‘ਤੇ ਮੰਗੀ ਗਈ ਜਾਣਕਾਰੀ ‘ਚ ਉਸ ਦੀ ਹਿੱਸੇਦਾਰੀ 19 ਫੀਸਦੀ ਸੀ। ਰਿਪੋਰਟ ਮੁਤਾਬਕ ਭਾਰਤ ਜੁਲਾਈ ਤੋਂ ਦਸੰਬਰ 2021 ਦੌਰਾਨ ਹਰ ਤਰ੍ਹਾਂ ਦੇ ਯੂਜਰਸ ਦੇ ਮਾਮਲੇ ‘ਚ ਸਮੱਗਰੀ ‘ਤੇ ਪਾਬੰਦੀ ਲਗਾਉਣ ਦੇ ਹੁਕਮ ਦੇਣ ਵਾਲੇ ਸਿਖਰਲੇ ਪੰਜ ਮੁਲਕਾਂ ‘ਚ ਸ਼ਾਮਲ ਸੀ। ਟਵਿੱਟਰ ਨੇ ਦੱਸਿਆ ਕਿ ਜੁਲਾਈ ਤੋਂ ਦਸੰਬਰ 2021 ਦੌਰਾਨ ਦੁਨੀਆ ਭਰ ‘ਚ ਪੱਤਰਕਾਰਾਂ ਅਤੇ ਮੀਡੀਆ ਅਦਾਰਿਆਂ ਨਾਲ ਜੁੜੇ 349 ਖਾਤਿਆਂ ‘ਤੇ ਮੌਜੂਦ ਸਮੱਗਰੀ ਨੂੰ ਹਟਾਉਣ ਦੀ ਮੰਗ ਕੀਤੀ ਗਈ।

ਕੰਪਨੀ ਮੁਤਾਬਕ ਜਿਨ੍ਹਾਂ ਖਾਤਿਆਂ ਦੀ ਸਮੱਗਰੀ ‘ਤੇ ਇਤਰਾਜ਼ ਦਰਜ ਕੀਤਾ ਗਿਆ, ਉਨ੍ਹਾਂ ਦੀ ਗਿਣਤੀ ਜਨਵਰੀ ਤੋਂ ਜੂਨ 2021 ਨਾਲੋਂ 103 ਫੀਸਦੀ ਜ਼ਿਆਦਾ ਹੈ। ਇਸ ਦੌਰਾਨ ਭਾਰਤ ਨੇ 114, ਤੁਰਕੀ ਨੇ 78, ਰੂਸ ਨੇ 55 ਅਤੇ ਪਾਕਿਸਤਾਨ ਨੇ 48 ਕਾਨੂੰਨੀ ਇਤਰਾਜ਼ ਜਤਾਏ। ਭਾਰਤ ਜਨਵਰੀ ਤੋਂ ਜੂਨ 2021 ਦੌਰਾਨ ਵੀ ਇਸ ਸੂਚੀ ‘ਚ ਮੋਹਰੀ ਰਿਹਾ ਸੀ। ਉਸ ਸਮੇਂ ਟਵਿੱਟਰ ਨੂੰ ਆਲਮੀ ਪੱਧਰ ‘ਤੇ ਮਿਲੇ ਇਤਰਾਜ਼ਾਂ ‘ਚੋਂ 89 ਭਾਰਤ ਨਾਲ ਜੁੜੇ ਹੋਏ ਸਨ। ਵੇਰਵੇ ਦਿੱਤੇ ਬਿਨਾਂ ਟਵਿਟਰ ਨੇ ਦੱਸਿਆ ਕਿ 2021 ਦੀ ਦੂਜੀ ਛਮਾਹੀ ‘ਚ ਆਲਮੀ ਪੱਧਰ ‘ਤੇ ਪ੍ਰਮਾਣਿਤ ਪੱਤਰਕਾਰਾਂ ਅਤੇ ਮੀਡੀਆ ਅਦਾਰਿਆਂ ਦੇ 17 ਟਵੀਟ ਰੋਕੇ ਗਏ ਜਦਕਿ ਸਾਲ ਦੀ ਪਹਿਲੀ ਛਮਾਹੀ ‘ਚ ਅਜਿਹੇ ਟਵੀਟਾਂ ਦੀ ਗਿਣਤੀ 11 ਸੀ।

ਟਵਿੱਟਰ ਨੇ ਦੱਸਿਆ ਕਿ ਭਾਰਤ ਦੇ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਨੇ ਇਕ ਨਾਬਾਲਗ ਦੇ ਨਿੱਜਤਾ ਸਬੰਧੀ ਮੁੱਦਿਆਂ ਨੂੰ ਲੈ ਕੇ ਉਸ ਨਾਲ ਜੁੜੀ ਸਮੱਗਰੀ ਹਟਾਉਣ ਦੀ ਮੰਗ ਕੀਤੀ ਸੀ। ਉਂਜ ਕੰਪਨੀ ਨੇ ਕਿਸੇ ਦਾ ਨਾਮ ਨਹੀਂ ਲਿਆ ਪਰ ਮੰਨਿਆ ਜਾ ਰਿਹਾ ਹੈ ਕਿ ਇਹ ਟਵੀਟ ਕਾਂਗਰਸ ਆਗੂ ਰਾਹੁਲ ਗਾਂਧੀ ਦਾ ਸੀ ਜਿਨ੍ਹਾਂ ਪਿਛਲੇ ਸਾਲ ਅਗਸਤ ‘ਚ ਕਥਿਤ ਤੌਰ ‘ਤੇ ਸਮੂਹਿਕ ਜਬਰ-ਜਨਾਹ ਦੀ ਪੀੜਤ ਇਕ ਨਾਬਾਲਗ ਦਲਿਤ ਲੜਕੀ ਦੇ ਮਾਪਿਆਂ ਨਾਲ ਆਪਣੀ ਮੁਲਾਕਾਤ ਦੀ

# ਪਾਕਿ ਵਿਚ ਹਿੰਦੂ ਮੂਲ ਦੀ ਪਹਿਲੀ ਡੀ.ਐਸ.ਪੀ. ਬਣੀ ਮਨੀਸ਼ਾ ਰੁਪੇਟਾ

**ਕਰਾਚੀ:** ਪਾਕਿਸਤਾਨ ਵਿਚ ਮਨੀਸ਼ਾ ਰੁਪੇਟਾ (26) ਦੇਸ਼ ਦੀ ਪਹਿਲੀ ਹਿੰਦੂ ਮਹਿਲਾ ਡੀ.ਐਸ.ਪੀ. ਬਣੀ ਹੈ। ਉਸ ਦਾ ਉਦੇਸ਼ ਮਹਿਲਾ ਸੁਰੱਖਿਆ ਯਕੀਨੀ ਬਣਾਉਣ ਲਈ ਢੁਕਵੇਂ ਕਦਮ ਚੁੱਕਣਾ ਹੈ। ਸਿੰਧ ਇਲਾਕੇ ਦੇ ਜੈਕਬਾਬਾਦ ਨਾਲ ਸਬੰਧਤ ਰੁਪੇਟਾ ਦਾ ਮੰਨਣਾ ਹੈ ਕਿ ਪੁਰਸ਼ ਪ੍ਰਧਾਨ ਦੇਸ਼ ਪਾਕਿਸਤਾਨ ਵਿਚ ਪੱਛੜੀ ਮਾਨਸਿਕਤਾ ਵਾਲੇ ਸਭ ਤੋਂ ਵੱਧ ਲੋਕ ਹਨ ਅਤੇ ਇਥੇ ਬਹੁਤੇ ਸਾਰੇ ਅਪਰਾਧਾਂ ਲਈ ਮਹਿਲਾਵਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

ਰੁਪੇਟਾ ਨੇ ਪਿਛਲੇ ਸਾਲ ਸਿੰਧ ਪਬਲਿਕ ਸਰਵਿਸ ਕਮਿਸ਼ਨ ਦੀ ਪ੍ਰੀਖਿਆ ਪਾਸ ਕੀਤੀ ਸੀ। ਉਸ ਨੇ 152 ਸਫਲ ਉਮੀਦਵਾਰਾਂ ਦੀ ਸੂਚੀ ਵਿਚੋਂ 16ਵਾਂ ਸਥਾਨ ਹਾਸਲ ਕੀਤਾ ਸੀ। ਉਸ ਦੀ ਸਿਖਲਾਈ ਚੱਲ ਰਹੀ ਹੈ ਅਤੇ ਉਸ ਨੂੰ ਅਪਰਾਧ ਪ੍ਰਭਾਵਿਤ ਇਲਾਕੇ ਲਿਆਰੀ ਵਿਚ ਡੀ.ਐਸ.ਪੀ. ਵਜੋਂ ਤਾਇਨਾਤ ਕੀਤਾ ਜਾਵੇਗਾ। ਮੱਧਵਰਗੀ ਪਰਿਵਾਰ ਨਾਲ ਸਬੰਧ ਰੱਖਦੀ ਮਨੀਸ਼ਾ ਰੁਪੇਟਾ ਨੇ ਕਿਹਾ, ‘‘ਮੈਂ ਅਤੇ ਮੇਰੀ ਭੈਣ ਬਚਪਨ ਤੋਂ ਪੁਰਾਣੀ ਪਿਤਰਸੱਤਾ ਨੂੰ ਦੇਖਦਿਆਂ ਵੱਡੀਆਂ ਹੋਈਆਂ, ਜਿਸ ਵਿਚ ਕਿਹਾ ਜਾਂਦਾ ਹੈ ਕਿ ਜੇਕਰ ਤੁਸੀਂ ਪੜ੍ਹ-ਲਿਖ ਜਾਂਦੀਆਂ ਹੋ ਤਾਂ ਤੁਸੀਂ ਅਧਿਆਪਕ ਜਾਂ ਡਾਕਟਰ ਹੀ ਬਣ ਸਕਦੀਆਂ ਹੋ। ਸਾਡੇ ਸਮਾਜ ਵਿਚ ਔਰਤਾਂ ਬਹੁਤ ਸਾਰੇ ਜ਼ੁਲਮਾਂ ਦਾ ਸ਼ਿਕਾਰ ਹਨ ਅਤੇ ਉਨ੍ਹਾਂ ਨੂੰ ਕਈ ਅਪਰਾਧਾਂ ਲਈ ਨਿਸ਼ਾਨਾ ਬਣਾਇਆ ਜਾਂਦਾ ਹੈ। ਮੈਂ ਪੁਲਿਸ ਵਿਚ ਇਸ ਲਈ ਭਰਤੀ ਹੋਈ ਕਿਉਂਕਿ ਮੈਨੂੰ ਲੱਗਦਾ ਹੈ ਕਿ ਸਾਨੂੰ ਸਾਡੇ ਸਮਾਜ ਵਿਚ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਲੋੜ ਹੈ।’’ ਸਰੀਰਕ ਅਤੇ ਮਾਨਸਿਕ ਸ਼ੋਸ਼ਣ, ਅਣਖ ਖ਼ਾਤਰ ਹੱਤਿਆ ਅਤੇ ਜਬਰੀ ਵਿਆਹ ਪਾਕਿਸਤਾਨ ਨੂੰ ਮਹਿਲਾਵਾਂ ਲਈ ਸਭ ਤੋਂ ਭੈੜੇ ਦੇਸ਼ਾਂ ਵਿਚੋਂ ਇਕ ਬਣਾਉਂਦਾ ਹੈ।

# ਅਦਾਲਤਾਂ ਤੱਕ ਪਹੁੰਚਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਘੱਟ: ਜਸਟਿਸ ਰਾਮੰਨਾ

**ਨਵੀਂ ਦਿੱਲੀ:** ਚੀਫ ਜਸਟਿਸ ਐਨ.ਵੀ. ਰਾਮੰਨਾ ਨੇ ਨਿਆਂ ਤੱਕ ਪਹੁੰਚ ਨੂੰ ਸਮਾਜ ਦੀ ਭਲਾਈ ਦਾ ਸਾਧਨ ਕਰਾਰ ਦਿੰਦਿਆਂ ਕਿਹਾ ਕਿ ਆਬਾਦੀ ਦਾ ਬਹੁਤ ਛੋਟਾ ਹਿੱਸਾ ਹੀ ਅਦਾਲਤਾਂ ਤੱਕ ਪਹੁੰਚ ਕਰਦਾ ਹੈ ਅਤੇ ਜ਼ਿਆਦਾਤਰ ਲੋਕ ਜਾਗਰੂਕਤਾ ਦੇ ਜਰੂਰੀ ਸਾਧਨਾਂ ਦੀ ਘਾਟ ਕਾਰਨ ਚੁੱਪਚਾਪ ਦੁੱਖ ਸਹਿੰਦੇ ਰਹਿੰਦੇ ਹਨ। ਇਸੇ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿਆਂਪਾਲਿਕਾ ਨੂੰ ਅਪੀਲ ਕੀਤੀ ਕਿ ਉਹ ਵੱਖ-ਵੱਖ ਜੇਲ੍ਹਾਂ ‘ਚ ਬੰਦ ਤੇ ਕਾਨੂੰਨੀ ਮਦਦ ਉਡੀਕ ਰਹੇ ਵਿਚਾਰ ਅਧੀਨ ਕੈਦੀਆਂ ਦੀ ਰਿਹਾਈ ਦੀ ਪ੍ਰਕਿਰਿਆ ਤੇਜ ਕਰੇ।



ਸਮਾਗਮ ਨੂੰ ਸੰਬੋਧਨ ਕਰਦਿਆਂ ਚੀਫ ਜਸਟਿਸ ਨੇ ਨਿਆਂਪਾਲਿਕਾ ਨੂੰ ਨਿਆਂ ਦੇਣ ਦੀ ਰਫਤਾਰ ਵਧਾਉਣ ਲਈ ਆਧੁਨਿਕ ਤਕਨੀਕੀ ਉਪਕਰਨ ਅਪਣਾਉਣ ਦੀ ਅਪੀਲ ਕੀਤੀ। ਚੀਫ ਜਸਟਿਸ ਨੇ ਕਿਹਾ, ‘ਨਿਆਂ: ਸਮਾਜਿਕ, ਆਰਥਿਕ ਤੇ ਰਾਜਨੀਤਕ- ਨਿਆਂ ਦੀ ਇਸੇ ਸੋਚ ਦਾ ਵਾਅਦਾ ਸਾਡੀ (ਸੰਵਿਧਾਨ ਦੀ) ਪ੍ਰਸਤਾਵਨਾ ਹਰ ਭਾਰਤੀ ਨਾਲ ਕਰਦੀ ਹੈ। ਸਚਾਈ ਇਹ ਹੈ ਕਿ ਅੱਜ ਸਾਡੀ ਆਬਾਦੀ ਦਾ ਸਿਰਫ ਇਕ ਛੋਟਾ ਜਿਹਾ ਫੀਸਦ ਹੀ ਨਿਆਂ ਦੇਣ ਵਾਲੀ ਪ੍ਰਣਾਲੀ ਨਾਲ ਲੋੜ ਪੈਣ ’ਤੇ ਸੰਪਰਕ ਕਰ ਸਕਦਾ ਹੈ। ਜਾਗਰੂਕਤਾ ਤੇ ਜਰੂਰੀ ਸਾਧਨਾਂ ਦੀ ਘਾਟ ਕਾਰਨ ਵਧੇਰੇ ਲੋਕ ਚੁੱਪ ਰਹਿ ਕੇ ਦੁੱਖ ਸਹਿੰਦੇ ਰਹਿੰਦੇ ਹਨ।’ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੁਖਾਲੇ ਨਿਆਂ ਨੂੰ ਸੁਖਾਲੇ ਜੀਵਨ ਜਿੰਨਾ ਹੀ ਅਹਿਮ ਦੱਸਦਿਆਂ ਨਿਆਂਪਾਲਿਕਾ ਨੂੰ ਅਪੀਲ ਕੀਤੀ ਕਿ ਉਹ ਵੱਖ ਵੱਖ ਜੇਲ੍ਹਾਂ ’ਚ ਬੰਦ ਤੇ ਕਾਨੂੰਨੀ ਮਦਦ ਦੀ ਉਡੀਕ ਕਰ ਰਹੇ ਵਿਚਾਰ ਅਧੀਨ ਕੈਦੀਆਂ ਦੀ ਰਿਹਾਈ ਦੀ ਪ੍ਰਕਿਰਿਆ ’ਚ ਤੇਜੀ ਲਿਆਉਣ।

ਉਨ੍ਹਾਂ ਕਿਹਾ ਕਿ ਨਾਗਰਿਕਾਂ ਦਾ ਨਿਆਂਪਾਲਿਕਾ ’ਤੇ ਬਹੁਤ ਭਰੋਸਾ ਹੈ ਅਤੇ ਕਿਸੇ ਸਮਾਜ ਲਈ ਨਿਆਂ ਪ੍ਰਣਾਲੀ ਤੱਕ ਪਹੁੰਚ ਤੇ ਨਿਆਂ ਦਿੱਤਾ ਜਾਣਾ ਬਰਾਬਰ ਜਰੂਰੀ ਹੈ। ਸੁਪਰੀਮ ਕੋਰਟ ਦੇ ਜਸਟਿਸ ਡੀਵਾਈ ਚੰਦਰਚੂੜ ਨੇ ਕਿਹਾ ਕਿ ਨਿਆਂ ਸਮਾਜਿਕ-ਆਰਥਿਕ ਤੌਰ ‘ਤੇ ਮਜ਼ਬੂਤ ਵਰਗਾਂ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ ਅਤੇ ਸਰਕਾਰ ਦੀ ਜ਼ਿੰਮੇਵਾਰੀ ਇਕ ਬਰਾਬਰੀ ਵਾਲਾ ਤੇ ਨਿਆਂ ‘ਤੇ ਆਧਾਰਿਤ ਸਮਾਜਿਕ ਪ੍ਰਬੰਧ ਯਕੀਨੀ ਬਣਾਉਣਾ ਹੈ।

# ਸਿੱਖ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਨਵਾਂ ਐਡਵੋਕੇਟ ਜਨਰਲ ਨਿਯੁਕਤ

**ਚੰਡੀਗੜ੍ਹ:** ਸਿੱਖ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਵਿਨੋਦ ਘਈ ਨੂੰ ਪੰਜਾਬ ਦਾ ਨਵਾਂ ਐਡਵੋਕੇਟ ਜਨਰਲ ਲਾ ਦਿੱਤਾ ਗਿਆ ਹੈ। ਪੰਜਾਬ ਰਾਜਪਾਲ ਦਫਤਰ ਤੋਂ ਮਨਜ਼ੂਰੀ ਮਿਲਦੇ ਹੀ ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ।

ਉਧਰ, ਸਿੱਖ ਜਥੇਬੰਦੀਆਂ ਨੇ ਇਸ ਦੇ ਤਿੱਖੇ ਵਿਰੋਧ ਦਾ ਐਲਾਨ ਕੀਤਾ ਹੈ। ਦਰਬਾਰ-ਏ-ਪੰਜਾਬ ਦੀ ਸਰਪ੍ਰਸਤੀ ਅਧੀਨ ਕਾਰਜਸ਼ੀਲ ਜਥੇਬੰਦੀਆਂ ਨੇ ਪੰਜਾਬ ਦੇ ਨਵੇਂ ਅਟਾਰਨੀ ਜਨਰਲ ਦੀ ਨਿਯੁਕਤੀ ਦੇ ਵਿਰੋਧ 'ਚ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਕਿ ਆਜ਼ਾਦੀ ਦਿਵਸ ਸਮਾਗਮ ਮੌਕੇ ਲੁਧਿਆਣਾ ਸਥਿਤ, ਜਿਸ ਸਟੇਡੀਅਮ ਵਿਚ ਮੁੱਖ ਮੰਤਰੀ ਕੌਮੀ ਤਿਰੰਗਾ ਲਹਿਰਾਉਣਗੇ, ਉਸੇ ਥਾਂ ਪ੍ਰਦਰਸ਼ਨਕਾਰੀ ਕਾਲੇ ਚੋਲ਼ੇ ਪਾ ਕੇ ਅਤੇ ਖੁਦ ਨੂੰ ਸੰਗਲਾਂ 'ਚ ਜਕੜ ਕੇ ਰੋਸ ਵਿਖਾਵਾ ਕਰਨਗੇ। ਯੂਨਾਈਟਿਡ ਅਕਾਲੀ ਦਲ, ਲੋਕ ਅਧਿਕਾਰ ਲਹਿਰ, ਵਪਾਰ ਅਤੇ ਉਦਯੋਗ ਮਹਾਂਸੰਘ ਭਾਰਤ ਅਤੇ ਪੰਜਾਬ ਬਹੁਜਨ ਸਮਾਜ ਪਾਰਟੀ ਨਾਲ ਸਬੰਧਤ ਨੁਮਾਇੰਦਿਆਂ ਨੇ ਦੋਸ਼ ਲਾਇਆ ਕਿ ਨਵੇਂ ਐਡਵੋਕੇਟ ਜਨਰਲ ਬਹਿਬਲ ਕਲਾਂ ਗੋਲੀ ਕਾਂਡ ਦੇ ਪ੍ਰਮੁੱਖ ਦੋਸ਼ੀ ਦੇ ਵਕੀਲ ਰਹੇ ਹਨ, ਇਸ ਲਈ ਉਨ੍ਹਾਂ ਦੀ ਤਾਇਨਾਤੀ ਸਿੱਖਾਂ ਨਾਲ ਕੋਝੇ ਮਜ਼ਾਕ ਦੇ ਤੁਲ ਹੈ।

ਜ਼ਿਕਰਯੋਗ ਹੈ ਕਿ ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਦੇ ਅਸਤੀਫੇ ਤੋਂ ਬਾਅਦ ਸੀਨੀਅਰ ਐਡਵੋਕੇਟ ਵਿਨੋਦ ਘਈ ਦਾ ਨਾਂ ਨਵੇਂ ਐਡਵੋਕੇਟ ਜਨਰਲ ਵਜੋਂ ਸਾਹਮਣੇ ਆਇਆ ਸੀ। ਇਸ ਨਿਯੁਕਤੀ ਦਾ ਵਿਰੋਧ ਕਰ ਰਹੀਆਂ ਵਿਰੋਧੀ ਧਿਰਾਂ ਦਾ ਤਰਕ ਹੈ ਕਿ ਵਿਨੋਦ ਘਈ ਪੰਜਾਬ ਸਰਕਾਰ ਖ਼ਿਲਾਫ ਕਈ ਵੱਡੇ ਮਾਮਲਿਆਂ ਵਿਚ ਮੁਲਜ਼ਮਾਂ ਦੇ ਵਕੀਲ ਰਹੇ ਹਨ, ਜਿਨ੍ਹਾਂ ਵਿਚ ਡੇਰਾ ਮੁਖੀ ਰਾਮ ਰਹੀਮ ਨਾਲ ਜੁੜਿਆ ਬੇਅਦਬੀ ਮਾਮਲਾ, ਪੰਚਕੂਲਾ ਹਿੰਸਾ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਭ੍ਰਿਸ਼ਟ ਮੰਤਰੀਆਂ ਦੇ ਕੇਸ ਸ਼ਾਮਲ ਹਨ, ਅਜਿਹੇ ਵਿਚ ਵਿਨੋਦ ਘਈ ਦੀ ਐਡਵੋਕੇਟ ਜਨਰਲ ਵਜੋਂ ਨਿਯੁਕਤੀ ਬੇਹੱਦ ਨਿੰਦਣਯੋਗ ਹੈ।



ਸ਼੍ਰੋਮਣੀ ਅਕਾਲੀ ਦਲ ਨੇ ਇਸ ਉਤੇ ਤਿੱਖੀ ਪ੍ਰਤੀਕ੍ਰਿਆ ਪ੍ਰਗਟ ਕੀਤੀ ਕਿ ਜਿਸ ਵਿਨੋਦ ਘਈ ਨੇ ਬੇਅਦਬੀ ਕਾਂਡ ਲਈ ਡੇਰਾ ਮੁਖੀ ਦਾ ਅੱਜ ਤੱਕ ਬਚਾਅ ਕੀਤਾ, ਸਰਕਾਰ ਨੇ ਉਸੇ ਵਕੀਲ ਨੂੰ ਏ.ਜੀ ਦੇ ਅਹੁਦੇ ਨਾਲ ਨਿਵਾਜਿਆ ਹੈ। ਅਜਿਹਾ ਕਰਨ ਨਾਲ ਆਮ ਆਦਮੀ ਪਾਰਟੀ ਦੀ ਸਿੱਖ ਵਿਰੋਧੀ ਸਾਜ਼ਿਸ਼ ਦੀ ਬਿੱਲੀ ਥੈਲਿਓਂ ਬਾਹਰ ਆ ਗਈ ਹੈ। ਸੀਨੀਅਰ ਅਕਾਲੀ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਗੱਲ ਦੀ ਵੀ ਮੰਗ ਕਰਦੀ ਹੈ ਕਿ ਉਨ੍ਹਾਂ ਸਾਰੀਆਂ ਰਿਪੋਰਟਾਂ ਤੇ ਇਲਜ਼ਾਮਾਂ ਦੀ ਉੱਚ ਪੱਧਰੀ ਜਾਂਚ ਹੋਵੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੇ ਐਡਵੋਕੇਟ ਜਨਰਲ ਵਿਨੋਦ ਘਈ ਦੀ ਨਿਯੁਕਤੀ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਆਖਿਆ ਕਿ ਐਡਵੋਕੇਟ ਘਈ ਡੇਰਾ ਸਿਰਸਾ ਮੁਖੀ ਦੇ ਕੇਸ ਸਣੇ ਹੋਰ ਬਹੁਤ ਸਾਰੇ ਵਿਵਾਦਤ ਮਾਮਲਿਆਂ ਦੇ ਕੇਸ ਲੜ ਰਹੇ ਹਨ, ਇਸ ਲਈ ਉਨ੍ਹਾਂ ਦੀ ਨਿਯੁਕਤੀ ਪ੍ਰਵਾਨ ਨਹੀਂ ਕੀਤੀ ਜਾ ਸਕਦੀ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਦਾ ਐਡਵੋਕੇਟ ਜਨਰਲ ਨਿਰਪੱਖ, ਪੰਜਾਬ ਦੀਆਂ ਤਰਜੀਹਾਂ ਨੂੰ ਸਮਝਣ ਵਾਲਾ ਤੇ ਖਿੱਤੇ ਦੇ ਹਿੱਤਾਂ ਦੀ ਰਖਵਾਲੀ ਕਰਨ ਵਾਲਾ ਹੋਣਾ ਚਾਹੀਦਾ ਹੈ। ਪੰਜਾਬ ਦਾ ਐਡਵੋਕੇਟ ਜਨਰਲ ਸਿੱਖ ਹੋਣਾ ਚਾਹੀਦਾ ਹੈ। ਉਨ੍ਹਾਂ ਪੰਜਾਬ ਦੇ ਰਾਜਪਾਲ ਤੋਂ ਮੰਗ ਕੀਤੀ ਕਿ ਐਡਵੋਕੇਟ ਜਨਰਲ ਦੀ ਨਿਯੁਕਤੀ ਨੂੰ ਰੱਦ ਕੀਤਾ ਜਾਵੇ।

### ਭਾਜਪਾ ਦੇ ਕਹਿਣ 'ਤੇ ਸੈਣੀ ਨੂੰ ਡੀ.ਜੀ.ਪੀ ਲਾਇਆ ਸੀ: ਵਲਟੋਹਾ

**ਚੰਡੀਗੜ੍ਹ:** ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਇਕ ਨਿੱਜੀ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਰਾਜਭਾਗ ਲਈ ਨਹੀਂ ਬਣਿਆ ਸੀ ਸਗੋਂ ਪੰਥਕ ਹਿੱਤਾਂ, ਹੱਕਾਂ ਅਤੇ ਪੰਥ ਦੀ ਮਜ਼ਬੂਤੀ ਲਈ ਬਣਿਆ ਸੀ। ਪੰਜਾਬ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੀ ਨਮੋਸ਼ੀਜਨਕ ਹਾਰ ਉਤੇ ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਗਲਤੀਆਂ ਵੀ ਹੋਈਆਂ ਅਤੇ ਕਮੀਆਂ ਵੀ ਰਹੀਆਂ ਹਨ। ਵਲਟੋਹਾ ਨੇ ਇਹ ਵੀ ਕਿਹਾ ਕਿ ਅਕਾਲੀ ਸਰਕਾਰ ਦੌਰਾਨ ਸੁਮੇਧ ਸੈਣੀ ਨੂੰ ਡੀ.ਜੀ.ਪੀ. ਲਗਾਉਣਾ ਗਲਤ ਫੈਸਲਾ ਸੀ, ਪੰਥਕ ਭਾਵਨਾ ਵਿਰੁੱਧ ਸੀ ਅਤੇ ਹਰ ਪੰਥਕ ਰੂਹ ਨੇ ਉਸ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਦੂਜੀ ਧਿਰ ਭਾਜਪਾ ਦੇ ਕਹਿਣ ਉਤੇ ਸੁਮੇਧ ਸੈਣੀ ਨੂੰ ਡੀ.ਜੀ.ਪੀ. ਲਗਾਇਆ ਗਿਆ ਸੀ, ਜਿਸ ਦਾ ਖਮਿਆਜ਼ਾ ਅਕਾਲੀ ਦਲ ਨੂੰ ਭੁਗਤਣਾ ਪਿਆ।

# ਸੰਗਰੂਰ ਵਿਚ ਪਿਆਜ਼ ਲਈ ਆਧੁਨਿਕ ਸੈਂਟਰ ਬਣੇਗਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੰਗਰੂਰ ਜ਼ਿਲ੍ਹੇ ਦੇ ਪਿੰਡ ਖੇੜੀ ਵਿਚ ਪਿਆਜ਼ ਲਈ ਆਧੁਨਿਕ ਸੈਂਟਰ ਆਫ ਐਕਸੀਲੈਂਸ ਸਥਾਪਤ ਕੀਤਾ ਜਾਵੇਗਾ। ਇਸ ਸਬੰਧੀ ਇਥੇ ਬਾਗਬਾਨੀ ਮੰਤਰੀ ਫੌਜਾ ਸਿੰਘ ਸਰਾਰੀ ਨੇ ਦੱਸਿਆ ਕਿ ਪੰਜਾਬ ਵਿਚ ਇੰਡੋ-ਡੱਚ ਸਮਝੌਤੇ ਨਾਲ ਸਥਾਪਤ ਕੀਤਾ ਜਾਣ ਵਾਲਾ ਇਹ ਤੀਜਾ ਸੈਂਟਰ ਆਫ ਐਕਸੀਲੈਂਸ ਹੋਵੇਗਾ।

ਕੈਬਨਿਟ ਮੰਤਰੀ ਨੀਦਰਲੈਂਡ ਦੇ ਪੀ.ਯੂ.ਐਮ. ਮਾਹਿਰ ਤਾਰਟ ਹਾਫਮੈਨਪਮ ਅਤੇ ਬਾਗਬਾਨੀ ਵਿਭਾਗ ਪੰਜਾਬ ਦੇ ਡਾਇਰੈਕਟਰ ਸਲਿੰਦਰ ਕੌਰ ਨਾਲ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਇਸ ਦੌਰਾਨ ਬਾਗਬਾਨੀ ਮੰਤਰੀ ਫੌਜਾ ਸਿੰਘ ਨੇ ਕਿਹਾ ਕਿ ਇਸ ਸੈਂਟਰ ਦਾ ਉਦੇਸ਼ ਨਾ ਸਿਰਫ਼ ਪੰਜਾਬ ਦੇ ਕਿਸਾਨਾਂ ਨੂੰ ਪਿਆਜ਼ ਦੀ ਕਾਸ਼ਤ ਵਿਚ ਨਵੀਂ ਤਕਨੀਕੀ ਅਤੇ ਵਿਗਿਆਨਕ ਕਾਢਾਂ ਤੋਂ ਜਾਣੂ ਕਰਵਾਉਣਾ ਹੈ ਬਲਕਿ ਦੋ-ਫਸਲੀ ਪ੍ਰਣਾਲੀ ਦੇ ਰਵਾਇਤੀ ਚੱਕਰ ਤੋਂ ਵੀ ਬਾਹਰ ਕੱਢਣਾ ਹੈ।



ਮੰਤਰੀ ਨੇ ਕਿਹਾ ਕਿ ਇਹ ਸੈਂਟਰ ਪਿਆਜ਼ ਦੇ ਉਤਪਾਦਨ ਨੂੰ 22 ਟਨ ਤੋਂ ਵਧਾ ਕੇ 40 ਟਨ ਪ੍ਰਤੀ ਹੈਕਟੇਅਰ ਕਰਨ ਦੇ ਸਮਰੱਥ ਹੋਵੇਗਾ ਤੇ ਇਸ ਨੂੰ 10 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤਾ ਜਾਵੇਗਾ। ਮੰਤਰੀ ਨੇ ਕਿਹਾ ਕਿ ਮੌਜੂਦਾ ਸਮੇਂ ਪੰਜਾਬ ਵੱਲੋਂ ਪਿਆਜ਼ ਦੀ 25 ਫੀਸਦੀ ਜ਼ਰੂਰਤ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਇਸ ਸੈਂਟਰ ਦੀ ਸਥਾਪਨਾ ਹੋਣ ਨਾਲ 3 ਸਾਲਾਂ ਵਿਚ ਪਿਆਜ਼ ਦੀ ਕਾਸ਼ਤ ਅਧੀਨ ਰਕਬਾ ਵਧ ਕੇ 60000 ਏਕੜ ਹੋ ਜਾਵੇਗਾ।

# ਕੜਾ ਮਾਮਲਾ: ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹੈ: ਧਾਮੀ

**ਤਲਵੰਡੀ ਸਾਬੋ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਹੈ ਕਿ ਪੰਜਾਬ ਵਿਚ ਪ੍ਰੀਖਿਆਵਾਂ ਦੌਰਾਨ ਸਿੱਖ ਵਿਦਿਆਰਥੀਆਂ ਦੇ ਵਾਰ-ਵਾਰ ਕਕਾਰ ਲੁਹਾ ਕੇ ਉਨ੍ਹਾਂ ਨੂੰ ਸਾਜ਼ਿਸ਼ ਤਹਿਤ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ।

ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਮਾਗਮਾਂ ਵਿਚ ਸ਼ਿਰਕਤ ਕਰਨ ਆਏ ਧਾਮੀ ਨੇ ਕਿਹਾ ਕਿ ਸਿੱਖ ਬਹੁ ਗਿਣਤੀ ਵਾਲੇ ਸੂਬੇ ਪੰਜਾਬ ਵਿਚ ਇਕ ਹਫਤੇ ਦੌਰਾਨ ਪ੍ਰੀਖਿਆਵਾਂ ਆਦਿ ਮੌਕੇ ਸਿੱਖ ਨੌਜਵਾਨਾਂ ਦੇ ਕੜੇ ਲੁਹਾਉਣ ਦੀ ਦੂਜੀ ਘਟਨਾ ਵਾਪਰ ਚੁੱਕੀ ਹੈ, ਜਦ ਕਿ ਭਾਰਤ ਦਾ ਸੰਵਿਧਾਨ ਕਕਾਰ ਧਾਰਨ ਕਰਨ ਦੀ ਆਜ਼ਾਦੀ ਦਿੰਦਾ ਹੈ। ਇਸ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ।

ਦੱਸ ਦਈਏ ਕਿ ਜਲੰਧਰ ਦੇ ਸੀਟੀ ਇੰਸਟੀਚਿਊਟ ਵਿਚ ਉਸ ਸਮੇਂ ਮਾਹੌਲ ਗਰਮਾ ਗਿਆ ਸੀ, ਜਦੋਂ ਜੇ.ਈ.ਈ. ਮੇਨ ਦਾ ਪੇਪਰ ਲੈਣ ਆਏ ਸਟਾਫ ਨੇ ਪ੍ਰੀਖਿਆ ਕੇਂਦਰ ਦੇ ਬਾਹਰ ਸਿੱਖ ਵਿਦਿਆਰਥੀਆਂ ਦੇ ਕੜੇ ਲੁਵਾ ਦਿੱਤੇ। ਇਸ ਦੀ



ਭਿਣਕ ਪੈਂਦਿਆਂ ਹੀ ਸਿੱਖ ਜਥੇਬੰਦੀਆਂ ਨੇ ਮੌਕੇ 'ਤੇ ਪਹੁੰਚ ਕੇ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ। ਮਾਹੌਲ ਗਰਮਾਉਂਦਾ ਦੇਖ ਪੁਲਿਸ ਵੀ ਮੌਕੇ 'ਤੇ ਪਹੁੰਚ ਗਈ ਅਤੇ ਸੀ.ਬੀ.ਐਸ.ਸੀ. ਵੱਲੋਂ ਤਾਇਨਾਤ ਕੀਤੇ ਗਏ ਸਟਾਫ ਨੂੰ ਆਪਣੇ ਨਾਲ ਲੈ ਗਈ। ਬਾਅਦ ਵਿਚ ਉਪਿੰਦਰ ਸਿੰਘ (ਫਲਾਇੰਗ ਸਕੁਆਡ ਮੈਂਬਰ), ਕੰਵਲਜੀਤ ਸਿੰਘ (ਅਬਜ਼ਰਵਰ) ਅਤੇ ਪਰਮਜੀਤ ਸਿੰਘ ਨੇ ਆਪਣੀ ਗਲਤੀ ਮੰਨਦਿਆਂ ਲਿਖਤੀ ਮੁਆਫੀ ਮੰਗੀ। ਸਟਾਫ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਅਣਜਾਣੇ ਵਿਚ ਗਲਤੀ ਹੋ ਗਈ ਹੈ। ਜੇ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤਾਂ ਉਹ ਮੁਆਫੀ ਮੰਗਦੇ ਹਨ।

## ਗੁਰੂ ਗੋਬਿੰਦ ਸਿੰਘ ਦੀ ਸ਼ਖਸੀਅਤ ਦਾ ਫਿਲਮਾਂਕਣ ਕਰਨ ਵਾਲੇ ਨੂੰ ਨੋਟਿਸ

**ਅੰਮ੍ਰਿਤਸਰ:** ਡਾ. ਵਿਵੇਕ ਬਿੰਦਰਾ ਵੱਲੋਂ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਦਾ ਫਿਲਮਾਂਕਣ ਕਰਨ ਅਤੇ ਸਿੱਖ ਇਤਿਹਾਸ ਨੂੰ ਗਲਤ ਰੂਪ ਵਿਚ ਪੇਸ਼ ਕਰਨ ਦੇ ਮਾਮਲੇ 'ਚ ਕਾਰਵਾਈ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਨੂੰਨੀ ਨੋਟਿਸ ਭੇਜਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਡਾ. ਬਿੰਦਰਾ ਵਿਰੁੱਧ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਮਾਮਲਾ ਦਰਜ ਕਰਵਾਉਣ ਲਈ ਵੀ ਕਾਰਵਾਈ ਕੀਤੀ ਜਾ ਰਹੀ ਹੈ। ਕਮੇਟੀ ਦੇ ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਸਰਗਰਮ ਡਾ. ਵਿਵੇਕ ਬਿੰਦਰਾ ਨੇ ਗੁਰੂ ਗੋਬਿੰਦ ਸਿੰਘ ਤੇ ਦੀਵਾਨ ਟੋਡਰ ਮੱਲ ਬਾਰੇ ਇਕ ਐਨੀਮੇਸ਼ਨ ਵੀਡੀਓ ਬਣਾਈ ਸੀ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਕੋਲ ਸੰਗਤ ਦੇ ਇਤਰਾਜ਼ ਪੁੱਜੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਡਾ. ਬਿੰਦਰਾ ਨੇ ਇਸ ਵੀਡੀਓ ਵਿਚ ਇਤਿਹਾਸ ਨੂੰ ਵੀ ਗਲਤ ਪੇਸ਼ ਕੀਤਾ ਹੈ। ਇਸ ਮਾਮਲੇ ਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨੋਟਿਸ ਲੈਂਦਿਆਂ ਬਿੰਦਰਾ ਖਿਲਾਫ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ। ਇਸੇ ਤਹਿਤ ਸਬੰਧਤ ਵਿਅਕਤੀ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ।

# ਕੇਜਰੀਵਾਲ ਨੂੰ ਜ਼ੈੱਡ ਪਲੱਸ ਸੁਰੱਖਿਆ ਉਤੇ ਵਿਵਾਦ ਭਖਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜ਼ੈੱਡ ਪਲੱਸ ਸੁਰੱਖਿਆ ਦਿੱਤੇ ਜਾਣ ਦੇ ਮਾਮਲੇ 'ਚ ਸੂਬਾ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ।

ਉਧਰ, ਪੰਜਾਬ ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਮੀਡੀਆ ਦੇ ਇਕ ਹਿੱਸੇ ਵਿਚ ਕਥਿਤ ਤੌਰ 'ਤੇ ਦਿਖਾਏ ਜਾ ਰਹੇ ਦਸਤਾਵੇਜ਼ ਜਿਸ ਵਿਚ ਸੁਰੱਖਿਆ ਸ਼੍ਰੇਣੀਆਂ ਵਿਚ ਸੁਰੱਖਿਆ ਪ੍ਰਾਪਤ ਵਿਅਕਤੀਆਂ ਦੇ ਵੇਰਵੇ ਦਰਸਾਏ ਗਏ ਹਨ, ਅਧਿਕਾਰਤ ਦਸਤਾਵੇਜ਼ ਨਹੀਂ ਹੈ ਅਤੇ ਇਸ ਦਸਤਾਵੇਜ਼ ਨਾਲ ਪੰਜਾਬ ਪੁਲਿਸ ਨੂੰ ਨਾ ਜੋੜਿਆ ਜਾਵੇ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਟਵੀਟ ਕਰ ਕੇ ਜ਼ੈੱਡ ਪਲੱਸ ਸੁਰੱਖਿਆ ਦੀ ਸਹੂਲਤ ਲੈਣ ਵਾਲੀਆਂ ਸ਼ਖਸੀਅਤਾਂ ਦੀ ਇਕ ਸੂਚੀ ਸਾਂਝੀ ਕੀਤੀ ਹੈ ਜਿਸ ਵਿਚ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ 'ਆਪ' ਪੰਜਾਬ ਦਾ ਕਨਵੀਨਰ ਦਰਸਾਇਆ ਗਿਆ ਹੈ। ਵੜਿੰਗ ਨੇ ਕਿਹਾ ਕਿ ਜਦੋਂ ਕਿ ਕੇਂਦਰ ਸਰਕਾਰ ਨੇ ਪਹਿਲਾਂ ਹੀ ਕੇਜਰੀਵਾਲ ਨੂੰ ਜ਼ੈੱਡ ਪਲੱਸ



ਸੁਰੱਖਿਆ ਦਿੱਤੀ ਹੋਈ ਹੈ ਤਾਂ ਇਸ ਤਰ੍ਹਾਂ ਉਨ੍ਹਾਂ ਨੂੰ 'ਆਪ' ਪੰਜਾਬ ਦਾ ਕਨਵੀਨਰ ਦੱਸਣਾ ਸ਼ੰਕੇ ਖੜ੍ਹੇ ਕਰਦਾ ਹੈ। ਸੁਖਪਾਲ ਖਹਿਰਾ ਨੇ ਵੀ ਇਸ ਨੂੰ 'ਆਪ' ਦੀ ਸਿਆਸੀ ਬੇਈਮਾਨੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੂੰ ਅਜਿਹੀ ਸੁਰੱਖਿਆ ਦੇਣਾ ਸਰਕਾਰੀ ਖਜ਼ਾਨੇ 'ਤੇ ਬੋਝ ਹੈ ਜਦੋਂ ਕਿ ਉਨ੍ਹਾਂ ਨੂੰ ਪਹਿਲਾਂ ਹੀ ਕੇਂਦਰ ਸਰਕਾਰ ਵੱਲੋਂ ਸੁਰੱਖਿਆ ਮਿਲੀ ਹੋਈ ਹੈ। ਦੂਜੇ ਪਾਸੇ ਪੰਜਾਬ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਇਹ ਦਸਤਾਵੇਜ਼ ਅਸਲ ਵਿਚ ਸ੍ਰੀ ਓ.ਪੀ. ਸੋਨੀ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸਾਲ 2022 'ਚ ਦਾਇਰ ਕੀਤੀ ਗਈ ਰਿੱਟ ਪਟੀਸ਼ਨ ਨੰਬਰ 11872 ਦੀ ਅਨੁਸੂਚੀ-5 ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਇਹ ਨੱਥੀ ਦਸਤਾਵੇਜ਼ ਕਿਸੇ ਵੀ ਤਰ੍ਹਾਂ ਪੰਜਾਬ ਪੁਲਿਸ ਦੇ ਅਧਿਕਾਰਤ ਦਸਤਾਵੇਜ਼ ਨਹੀਂ ਹਨ। ਬੁਲਾਰੇ ਨੇ ਦੱਸਿਆ ਕਿ ਕਥਿਤ ਸੂਚੀ ਦੀ ਪੜਚੋਲ ਕਰਨ ਤੋਂ ਸਾਫ ਪਤਾ ਲੱਗਦਾ ਹੈ ਕਿ ਇਹ ਇਕ ਟਾਈਪ ਕੀਤਾ ਹੋਇਆ ਦਸਤਾਵੇਜ਼ ਹੈ ਅਤੇ ਕਿਤੇ ਵੀ ਕੋਈ ਦਸਤਖ਼ਤ, ਅਧਿਕਾਰਤ ਮੋਹਰ ਜਾਂ ਪ੍ਰਮਾਣਿਕਤਾ ਮੌਜੂਦ ਨਹੀਂ ਹੈ।

# ਆਮ ਆਦਮੀ ਪਾਰਟੀ ਦੇ ਕੌਂਸਲਰ ਦੀ ਗੋਲੀਆਂ ਮਾਰ ਕੇ ਹੱਤਿਆ

**ਮਾਲੇਰਕੋਟਲਾ:** ਨਗਰ ਕੌਂਸਲ ਮਾਲੇਰਕੋਟਲਾ ਦੇ ਕੌਂਸਲਰ ਮੁਹੰਮਦ ਅਕਬਰ ਉਰਫ ਭੋਲੀ (40) ਦੀ ਅਣਪਛਾਤੇ ਨੌਜਵਾਨ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਮੁਹੰਮਦ ਅਕਬਰ ਉਰਫ ਭੋਲੀ ਰੋਜ਼ਾਨਾ ਦੀ ਤਰ੍ਹਾਂ ਸਥਾਨਕ ਲੁਧਿਆਣਾ ਬਾਈਪਾਸ ਨੇੜੇ ਸਥਿਤ ਆਪਣੇ ਅਕਬਰ ਜਿੰਮ ਵਿਖੇ ਮੌਜੂਦ ਸੀ। ਇਕ ਨੌਜਵਾਨ ਕਲੱਬ ਵਿਚ ਦਾਖਲ ਹੋ ਕੇ ਮੁਹੰਮਦ ਅਕਬਰ ਉਰਫ ਭੋਲੀ ਉਤੇ ਗੋਲੀ ਚਲਾਉਣ ਉਪਰੰਤ ਜਿੰਮ ਦੇ ਬਾਹਰ ਖੜ੍ਹੇ ਆਪਣੇ ਸਾਥੀ ਸਮੇਤ ਮੌਕੇ ਤੋਂ ਫਰਾਰ ਹੋ ਗਿਆ।



ਮੁਹੰਮਦ ਅਕਬਰ ਨੂੰ ਸਿਵਲ ਹਸਪਤਾਲ ਮਾਲੇਰਕੋਟਲਾ ਵਿਖੇ ਪਹੁੰਚਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਥਾਣਾ ਸ਼ਹਿਰੀ -1 ਦੀ ਪੁਲਿਸ ਨੇ ਮ੍ਰਿਤਕ ਦੀ ਪਤਨੀ ਅਕਬਰੀ ਦੇ ਬਿਆਨ ਉਤੇ ਅਣਪਛਾਤਿਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਜ਼ਿਲ੍ਹਾ ਪੁਲਿਸ ਮੁਖੀ ਸ੍ਰੀਮਤੀ ਅਵਨੀਤ ਕੌਰ ਨੇ ਕਿਹਾ ਕਿ ਕਾਤਲ ਜਲਦੀ ਹੀ ਪੁਲਿਸ ਦੀ ਗ੍ਰਿਫ਼ਤ ਵਿਚ ਹੋਣਗੇ। ਦੱਸਣਯੋਗ ਹੈ ਕਿ ਮ੍ਰਿਤਕ ਨੇ ਨਗਰ ਕੌਂਸਲ ਦੀ ਚੋਣ ਕਾਂਗਰਸ ਪਾਰਟੀ ਦੇ ਉਮੀਦਵਾਰ ਵਜੋਂ ਜਿੱਤੀ ਸੀ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਬਾਅਦ ਉਹ ਆਪ ਵਿਚ ਸ਼ਾਮਲ ਹੋ ਗਿਆ ਸੀ। ਕਰੀਬ ਦੋ ਸਾਲ ਪਹਿਲਾਂ ਮ੍ਰਿਤਕ ਦੇ ਭਰਾ ਦੀ ਵੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਹਲਕਾ ਵਿਧਾਇਕ ਡਾਕਟਰ ਜਮੀਲ ਉਰ ਰਹਿਮਾਨ ਨੇ ਮ੍ਰਿਤਕ ਮੁਹੰਮਦ ਅਕਬਰ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਪਰਿਵਾਰ ਨੂੰ ਇਨਸਾਫ਼ ਦਾ ਭਰੋਸਾ ਦਿਵਾਇਆ ਹੈ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨੁਮਾਇਸ਼ ਵਿਚ ਲੱਗੀਆਂ ਇਤਿਹਾਸ ਦੀਆਂ ਗਵਾਹੀਆਂ

**ਪਟਿਆਲਾ (ਸ਼ਮੀਲਾ ਖਾਨ):** ਪੱਕੀ ਜਿਲਦ ਵਿਚ ਬੰਨ੍ਹੀ 242 ਪੰਨਿਆਂ ਦੀ ਕਿਤਾਬ ਮਹਿਜ਼ ਬਾਰ੍ਹਾਂ ਰੁਪਏ ਵਿਚ ਵਿਕ ਰਹੀ ਹੈ। ਰਿਆਇਤ ਤੋਂ ਬਾਅਦ ਇਹ ਕਿਤਾਬ ਛੇ ਰੁਪਏ ਵਿਚ ਪੈਂਦੀ ਹੈ। ਇਹ ਕਿਤਾਬ ਗੁਰੂ ਨਾਨਕ ਦੇ 500 ਸਾਲਾ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਗੁਰੂ ਗੋਬਿੰਦ ਸਿੰਘ ਵਿਚ ਹੋਈ ਕਾਨਫਰੰਸ ਦੇ ਪਰਚੇ ਹਨ। ਆਲਮੀ ਪੱਧਰ ਦੇ ਵਿਦਵਾਨਾਂ ਦੇ ਪਰਚਿਆਂ ਵਾਲੀ ਇਸ ਅੰਗਰੇਜ਼ੀ ਕਿਤਾਬ ਦਾ ਨਾਮ 'ਪੇਪਰਜ਼ ਔਨ ਗੁਰੂ ਨਾਨਕ' ਹੈ। 2019 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਪੰਜਾਹ ਸਾਲਾਂ ਮਨਾਇਆ ਗਿਆ ਤਾਂ ਕਰਤਾਰਪੁਰ ਲਾਂਘਾ ਸਭ ਤੋਂ ਵੱਡੀ ਖਬਰ ਬਣਿਆ ਪਰ ਇਹ ਕਿਤਾਬ ਉਨ੍ਹਾਂ ਦੇ '500 ਸਾਲਾ' ਪੁਰਬ ਮਨਾਏ ਜਾਣ ਦੀ ਨਿਸ਼ਾਨੀ ਹੈ।

ਇਸ ਕਿਤਾਬ ਦੇ ਨਾਲ ਪਈਆਂ ਕਿਤਾਬਾਂ ਅਤੇ ਰਸਾਲੇ ਵੀ ਉਸੇ ਦੌਰ ਦੇ ਛਪੇ ਹੋਏ ਹਨ। ਰਸਾਲਿਆਂ ਉੱਤੇ ਉਨ੍ਹਾਂ ਦੇ ਨਾਮ ਰੰਗਦਾਰ ਅੱਖਰਾਂ ਵਿਚ ਦਰਜ ਹਨ ਜੋ ਉਸ ਦੌਰ ਦੀ ਛਪਾਈ ਦੇ ਮਿਆਰ ਦੀ ਗਵਾਹੀ ਭਰਦੇ ਹਨ। ਇਨ੍ਹਾਂ ਵਿਚ ਮੁਖਤਲਿਫ ਵਿਸ਼ਿਆਂ ਨਾਲ ਜੁੜੇ ਰਸਾਲੇ ਹਨ- ਕਾਨੂੰਨੀ ਪ੍ਰੱਤਿਕਾ (1968), ਇੰਜੀਨੀਅਰੀ ਪ੍ਰੱਤਿਕਾ (1969), ਡਾਕਟਰੀ ਪ੍ਰੱਤਿਕਾ (1971), ਭਾਰਤੀ ਤੇ ਵਿਦੇਸ਼ੀ ਸਾਹਿਤ (1971) ਵਿਗਿਆਨ ਦੇ ਨਕਸ਼ (1973), ਹਿੰਦੀ ਵਿਚ ਸਾਹਿਤਕ ਮਾਰਗ (1980)। ਇਹ ਸਾਰੀ



ਸਮੱਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਬਲੀਕੇਸ਼ਨ ਬਿਊਰੋ ਦੇ ਬਾਹਰ ਲੱਗੀ ਨੁਮਾਇਸ਼ ਵਿਚ ਵਿਕ ਰਹੀ ਹੈ। ਇਹ ਨੁਮਾਇਸ਼ ਇਸ ਮੁੱਲਵਾਨ ਅਤੇ ਦੁਰਲੱਭ ਸਮੱਗਰੀ ਨੂੰ ਕੱਢਣ ਅਤੇ ਜਗਿਆਸੂ ਪਾਠਕਾਂ ਤੱਕ ਪਹੁੰਚਾਉਣ ਲਈ ਗਈ ਹੈ ਕਿਉਂਕਿ ਇਹ ਸਮੱਗਰੀ ਪਬਲੀਕੇਸ਼ਨ ਬਿਊਰੋ ਉੱਤੇ ਹੁੰਦੀ ਰੋਜ਼ਾਨਾ ਵਿਕਰੀ ਦਾ ਹਿੱਸਾ ਨਹੀਂ ਹੈ।

ਲੰਘੇ ਦੌਰ ਦੌਰਾਨ ਪੰਜਾਬੀ ਯੂਨੀਵਰਸਿਟੀ ਵਿਚ ਅਠਾਰਾਂ ਵਿਸ਼ਿਆਂ ਦੇ ਰਾਸਾਲੇ ਛਾਪੇ ਜਾਂਦੇ ਸਨ। ਇਨ੍ਹਾਂ ਵਿਚ ਹਿੰਦੀ ਦੇ 'ਸਾਹਿਤਿਕ ਮਾਰਗ', ਪੰਜਾਬੀ ਅਤੇ ਅੰਗਰੇਜ਼ੀ ਵਿਚ 'ਪੰਜਾਬ ਪਾਸਟ ਐਂਡ ਪਰੈਸੈਂਟ' ਅਤੇ ਬਹੁਭਾਸ਼ਾਈ 'ਭਾਖਾ ਸੰਜਮ' ਤੋਂ ਇਲਾਵਾ ਬਾਕੀ ਰਸਾਲੇ ਪੰਜਾਬੀ ਵਿਚ ਹਨ। ਹਾਲੀਆ ਦੌਰ ਦੇ ਵਿੱਤੀ ਸੰਕਟ ਦੇ ਨਤੀਜੇ ਵਜੋਂ ਪੰਜ ਰਸਾਲੇ ਬੰਦ ਹੋ ਗਏ ਹਨ ਅਤੇ ਬਾਕੀ ਪਛੜ ਕੇ ਚੱਲ ਰਹੇ ਹਨ। 'ਵਾਲਮੀਕੀ ਸੰਦੇਸ਼' ਦਾ ਇੱਕ ਅੰਕ ਅਤੇ 'ਪੰਜਾਬੀ ਗੋਸ਼ਿਟ ਦੇ ਚਾਰ ਅੰਕ 2021 ਵਿਚ ਛਾਪੇ ਗਏ ਸਨ।

'ਪੇਪਰਜ਼ ਔਨ ਗੁਰੂ ਨਾਨਕ' ਦੇ ਸੰਪਾਦਕ ਫੌਜਾ ਸਿੰਘ ਅਤੇ ਏ.ਸੀ. ਅਰੋੜਾ ਹਨ। ਇਸ ਕਿਤਾਬ ਵਿਚ ਭਾਰਤ ਅਤੇ ਵਿਦੇਸ਼ਾਂ ਤੋਂ ਆਏ ਪਰਚੇ ਸ਼ਾਮਿਲ ਹਨ। ਲੇਖਕਾਂ ਵਿਚ ਮੈਕਲੋਡ, ਕਿਰਪਾਲ ਸਿੰਘ, ਐੱਸ.ਕੇ.ਬਜਾਜ ਅਤੇ ਹਰੀ ਰਾਮ ਗੁਪਤਾ ਵਰਗੇ ਇਤਿਹਾਸਕਾਰ ਸ਼ਾਮਿਲ ਹਨ। ਮੌਜੂਦਾ ਦੌਰ ਵਿਚ ਇਹ ਕਿਤਾਬ ਸਿਰਫ਼ ਆਪਣੇ ਸਮੇਂ ਦੀ ਗਵਾਹੀ ਹੀ ਨਹੀਂ ਭਰਦੀ ਸਗੋਂ ਗੁਰੂ ਨਾਨਕ ਦੇ 500 ਸਾਲਾ ਤੋਂ 550 ਸਾਲਾ ਦੌਰਾਨ ਆਈ ਤਬਦੀਲੀ ਦੀ ਵੀ ਝਲਕ ਪੇਸ਼ ਕਰਦੀ ਹੈ। ਇਹ ਅੰਗਰੇਜ਼ੀ ਵਿਚ ਛਪੀ ਕਿਤਾਬ ਹੈ ਪਰ ਇਸ ਦੇ ਨਾਲ ਪਏ ਪੰਜਾਬੀ ਦੇ ਰਸਾਲੇ ਦੱਸ ਪਾਉਂਦੇ ਹਨ ਕਿ ਪੰਜਾਬੀ ਵਿਚ ਕਿਸ ਤਰ੍ਹਾਂ ਦਾ ਕੰਮ ਹੋ ਰਿਹਾ ਸੀ।

ਪਬਲੀਕੇਸ਼ਨ ਬਿਊਰੋ ਦੇ ਮੁਖੀ ਪ੍ਰੋ. ਸੁਰਜੀਤ ਸਿੰਘ ਨੇ ਦੱਸਿਆ ਕਿ ਇਸ ਨੁਮਾਇਸ਼ ਦਾ ਇੱਕ-ਮਾਤਰ ਮਕਸਦ ਚਾਹਵਾਨ ਲੋਕਾਂ ਤੱਕ ਪੁਸਤਕਾਂ ਅਤੇ ਰਸਾਲਿਆਂ ਦੀ ਕਰਵਾਉਣਾ ਹੈ ਤਾਂ ਕਿ ਇਹ ਸਮੱਗਰੀ ਜਗਿਆਸੂ ਪਾਠਕਾਂ ਦੇ ਕਿਤਾਬ ਭੰਡਾਰ ਦਾ ਹਿੱਸਾ ਬਣ ਸਕਣ। ਇਸ ਨੁਮਾਇਸ਼ ਰਾਹੀ ਇੱਕ ਪਾਸੇ ਨਾਯਾਬ ਅਤੇ ਬੇਸ਼ਕੀਮਤੀ ਸਮੱਗਰੀ ਪਾਠਕਾਂ ਤੱਕ ਪਹੁੰਚ ਰਹੀ ਹੈ ਅਤੇ ਦੂਜੇ ਪਾਸੇ ਯੂਨੀਵਰਸਿਟੀ ਵਿਚ ਲੋੜੀਂਦੀ ਥਾਂ ਖਾਲੀ ਕੀਤੀ ਜਾ ਰਹੀ ਹੈ।

ਨੁਮਾਇਸ਼ ਵਿਚ ਲੱਗੇ ਪੁਰਾਣੇ ਰਸਾਲਿਆਂ ਦੀਆਂ ਜਿਲਦਾਂ ਫਟ ਰਹੀਆਂ ਹਨ ਅਤੇ ਕਾਗਜ਼ ਬਦਰੰਗ ਹੋ ਰਿਹਾ ਹੈ। ਇਸੇ ਤਰ੍ਹਾਂ ਦੀ ਹਾਲਤ ਵਿਚ ਹੋਰ ਵੀ ਕਿਤਾਬਾਂ ਹਨ ਜੋ ਖੋਜੀਆਂ ਅਤੇ ਜਗਿਆਸੂਆਂ ਦੀ ਦਿਲਚਸਪੀ ਦਾ ਸਬੱਬ ਬਣ ਸਕਦੀਆਂ ਹਨ। ਪ੍ਰੋ. ਸੁਰਜੀਤ ਪੰਜਾਬੀ ਪੜ੍ਹਾਉਣ ਦੇ ਨਾਲ-ਨਾਲ ਪਬਲੀਕੇਸ਼ਨ ਬਿਊਰੋ ਦੇ ਮੁਖੀ ਹਨ। ਉਨ੍ਹਾਂ ਨੇ ਇਸੇ ਤਰ੍ਹਾਂ ਦੀਆਂ ਹੋਰ ਨੁਮਾਇਸ਼ਾਂ ਲਗਾਉਣ ਦਾ ਇੰਤਜ਼ਾਮ ਕੀਤਾ ਹੈ ਜੋ ਆਉਣ ਵਾਲੇ ਦਿਨਾਂ ਵਿਚ ਯੂਨੀਵਰਸਿਟੀ ਅੰਦਰ ਵੱਖ-ਵੱਖ ਥਾਵਾਂ ਉੱਤੇ ਲਗਾਈਆਂ ਜਾਣਗੀਆਂ। ***(ਲੇਖਕ ਪੰਜਾਬੀ ਯੂਨੀਵਰਸਿਟੀ ਦੇ ਲੋਕ ਸੰਪਰਕ ਵਿਭਾਗ ਵਿਚ ਪੱਤਰਕਾਰੀ ਦੀ ਸਿਖਲਾਈ ਹਾਸਿਲ ਕਰ ਰਹੀ ਹੈ।)***

## ਅਮਰੀਕੀ ਹਵਾਈ ਹਮਲੇ ਦੌਰਾਨ ਅਲ-ਕਾਇਦਾ ਨੇਤਾ ਜਵਾਹਿਰੀ ਹਲਾਕ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਹੈ ਕਿ ਅਫ਼ਗਾਨਿਸਤਾਨ 'ਚ ਅਮਰੀਕੀ ਹਵਾਈ ਹਮਲੇ 'ਚ ਅਲ-ਕਾਇਦਾ ਨੇਤਾ ਅਯਮਨ ਅਲ-ਜਵਾਹਿਰੀ ਮਾਰਿਆ ਗਿਆ ਹੈ। ਓਸਾਮਾ ਬਿਨ ਲਾਦੇਨ ਦੇ ਅਮਰੀਕੀ ਕਾਰਵਾਈ ਵਿਚ ਮਾਰੇ ਜਾਣ ਤੋਂ ਬਾਅਦ ਜਵਾਹਿਰੀ ਅਲ-ਕਾਇਦਾ ਦਾ ਨੇਤਾ ਬਣ ਗਿਆ ਸੀ।

ਅਮਰੀਕੀ ਰਾਸ਼ਟਰਪਤੀ ਨੇ ਵ੍ਹਾਈਟ ਹਾਊਸ ਵਿਚ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਅਮਰੀਕੀ ਖ਼ੁਫ਼ੀਆ ਏਜੰਸੀਆਂ ਨੂੰ ਪਤਾ ਲੱਗਾ ਸੀ ਕਿ ਜਵਾਹਿਰੀ ਆਪਣੇ ਪਰਿਵਾਰ ਨਾਲ ਕਾਬੁਲ ਸਥਿਤ ਘਰ ਵਿਚ ਲੁਕਿਆ ਹੋਇਆ ਹੈ। ਬਾਇਡਨ ਨੇ ਪਿਛਲੇ ਹਫਤੇ ਮੁਹਿੰਮ ਦੀ ਇਜਾਜ਼ਤ ਦਿੱਤੀ ਸੀ। ਅਲ-ਜਵਾਹਿਰੀ ਅਤੇ ਓਸਾਮਾ ਬਿਨ ਲਾਦੇਨ ਨੇ ਅਮਰੀਕਾ ਉਤੇ 9/11 ਦੇ ਹਮਲੇ ਦੀ ਸਾਜ਼ਿਸ਼ ਰਚੀ ਸੀ।

## ਮੂਸੇਵਾਲਾ ਨੂੰ ਮਾਰਨ ਲਈ ਤਿਆਰ ਕੀਤੇ ਸਨ 9 ਸ਼ੂਟਰ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ 'ਚ ਸ਼ਾਮਲ ਛੇਵੇਂ ਸ਼ੂਟਰ ਦੀਪਕ ਮੁੰਡੀ ਦੀ ਗ੍ਰਿਫਤਾਰੀ ਲਈ ਭਾਵੇਂ ਮਾਨਸਾ ਪੁਲਿਸ ਨੇ ਕਈ ਦਿਨਾਂ ਤੋਂ ਚੁੱਪ ਧਾਰੀ ਹੋਈ ਹੈ ਪਰ ਇਸ ਕਾਂਡ 'ਚ 6 ਦੀ ਥਾਂ 'ਤੇ 9 ਸ਼ੂਟਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਨ੍ਹਾਂ ਵਿਚ ਮਨਦੀਪ ਸਿੰਘ ਉਰਫ ਤੂਫਾਨ ਬਟਾਲਾ, ਮਨਪ੍ਰੀਤ ਸਿੰਘ ਉਰਫ ਮਨੀ ਰਈਆ ਅਤੇ ਇਕ ਹੋਰ ਸ਼ੂਟਰ ਵੀ ਸ਼ਾਮਲ ਦੱਸੇ ਜਾਂਦੇ ਹਨ। ਇਹ ਤਿੰਨੋਂ ਮੂਸੇਵਾਲਾ ਦੀ ਰੇਕੀ ਵਿਚ ਵੀ ਸ਼ਾਮਲ ਸਨ। ਮੂਸੇਵਾਲਾ ਦੀ 29 ਮਈ ਨੂੰ ਹੱਤਿਆ ਤੋਂ ਪਹਿਲਾਂ ਉਹ ਕਤਲ ਦੇ ਕੋਰੋਲਾ ਮਾਡਿਊਲ ਵਿਚ ਵੀ ਸ਼ਾਮਲ ਸਨ ਪਰ ਕਤਲ ਤੋਂ ਇਕ ਦਿਨ ਪਹਿਲਾਂ ਗੈਂਗਸਟਰ ਗੋਲਡੀ ਬਰਾੜ ਨੇ ਉਨ੍ਹਾਂ ਨੂੰ ਇਕ ਵੱਖਰੀ ਕਾਰ ਵਿਚ ਉਥੋਂ ਜਾਣ ਲਈ ਆਖ ਦਿੱਤਾ ਸੀ।

ਵੇਰਵਿਆਂ ਮੁਤਾਬਕ ਗੋਲਡੀ ਬਰਾੜ ਨੇ ਅਚਾਨਕ ਇਹ ਫੈਸਲਾ ਇਸ ਲਈ ਲਿਆ ਕਿਉਂਕਿ ਮੰਨਿਆ ਜਾ ਰਿਹਾ ਹੈ ਕਿ ਮੂਸੇਵਾਲਾ ਦੀ ਸਕਿਉਰਿਟੀ ਨਾ ਹੋਣ ਕਾਰਨ ਜ਼ਿਆਦਾ ਸ਼ੂਟਰਾਂ ਦੀ ਲੋੜ ਨਹੀਂ ਸੀ। ਜਾਣਕਾਰੀ ਮੁਤਾਬਕ ਦਿੱਲੀ ਪੁਲਿਸ ਦੀ ਜਾਂਚ ਵਿਚ ਇਹ ਮਾਮਲਾ ਸਾਹਮਣੇ ਆਇਆ ਸੀ, ਜਿਸ ਬਾਰੇ ਪੰਜਾਬ ਪੁਲਿਸ ਨੂੰ ਵੀ ਜਾਣਕਾਰੀ ਦੇ ਦਿੱਤੀ ਗਈ ਸੀ।

ਪੁਲਿਸ ਹੁਣ ਤਿੰਨਾਂ ਦੀ ਗ੍ਰਿਫਤਾਰੀ ਲਈ ਵੀ ਛਾਪੇ ਮਾਰ ਰਹੀ ਹੈ, ਪਰ ਉਹ ਬੇਖੌਫ਼ ਹੋ ਕੇ ਫੇਸਬੁੱਕ ਚਲਾ ਰਹੇ ਹਨ। ਉਨ੍ਹਾਂ ਸੋਸ਼ਲ ਮੀਡੀਆ ਉਤੇ ਪੁਲਿਸ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿਚ ਲਿਖਿਆ ਹੈ ਕਿ ਜ਼ਰੂਰੀ ਨਹੀਂ ਕਿ ਜੰਗ ਸਿਰਫ ਜਿੱਤਣ ਲਈ ਲੜੀ ਜਾਂਦੀ ਹੈ ਅਤੇ ਕਈ ਵਾਰ ਇਹ ਦੱਸਣਾ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਅਜੇ ਜਿਊਂਦੇ ਹਨ।

## ਰਾਜ ਸਭਾ ਵਿਚ ਗੂੰਜਿਆ ਪੰਜਾਬ ਦੇ ਪਾਣੀ ਦਾ ਮੁੱਦਾ

**ਨਵੀਂ ਦਿੱਲੀ:** ਰਾਜ ਸਭਾ ਵਿਚ ਮਾਨਸੂਨ ਇਜਲਾਸ ਦੌਰਾਨ ਪੰਜਾਬ ਵਿਚ ਡੂੰਘੇ ਹੁੰਦੇ ਜਾ ਰਹੇ ਪਾਣੀਆਂ ਦਾ ਮੁੱਦਾ ਗੂੰਜਿਆ। ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਉਪਰਲੇ ਸਦਨ ਵਿਚ ਪ੍ਰਸ਼ਨ ਕਾਲ ਦੌਰਾਨ ਪੰਜਾਬ ਵਿਚ ਪਾਣੀ ਦੇ ਡਿੱਗਦੇ ਪੱਧਰ 'ਤੇ ਫਿਕਰ ਜ਼ਾਹਿਰ ਕਰਦਿਆਂ ਸਵਾਲ ਪੁੱਛਿਆ। ਉਨ੍ਹਾਂ ਕਿਹਾ ਕਿ ਪਾਣੀ ਦਾ ਪੱਧਰ ਲਗਾਤਾਰ ਡਿੱਗਦਾ ਜਾ ਰਿਹਾ ਹੈ, ਜੋ ਫਿਕਰਮੰਦੀ ਦਾ ਵਿਸ਼ਾ ਹੈ। ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸੇਖਾਵਤ ਨੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਨੂੰ ਸੂਬੇ ਵਿਚ ਪਾਣੀ ਦੀ ਖਪਤ ਘਟਾਉਣ ਲਈ ਫਸਲੀ ਵੰਨ-ਸਵੰਨਤਾ ਨੂੰ ਹੱਲਾਸ਼ੇਰੀ ਦੇਣ ਲਈ ਯਤਨ ਕਰਨੇ ਚਾਹੀਦੇ ਹਨ। ਕੇਂਦਰੀ ਮੰਤਰੀ ਨੇ ਕਿਹਾ ਕਿ ਜਲ ਸ਼ਕਤੀ ਅਭਿਆਨ ਤਹਿਤ ਵੱਖ-ਵੱਖ ਪਹਿਲਕਦਮੀਆਂ ਤਹਿਤ ਜਲ ਟੇਬਲ ਨੂੰ ਮੁੜ ਮਜ਼ਬੂਤ ਕਰਨ ਲਈ ਕੇਂਦਰ ਤੇ ਰਾਜਾਂ ਵੱਲੋਂ ਮਿਲ ਕੇ ਯਤਨ ਕੀਤੇ ਜਾ ਰਹੇ ਹਨ।

## ਸਰਾਵਾਂ 'ਤੇ ਜੀ.ਐਸ.ਟੀ. ਦਾ ਮਾਮਲਾ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਦਿੱਤਾ ਗਿਆ ਹੈ, ਜਿਸ ਦਾ ਵਾਧੂ ਬੋਝ ਗੁਰੂ ਘਰ ਆਉਣ ਵਾਲੀ ਸੰਗਤ 'ਤੇ ਪਵੇਗਾ। ਇਸ ਘੇਰੇ ਵਿਚ ਸ੍ਰੀ ਦਰਬਾਰ ਸਾਹਿਬ ਦੀਆਂ ਤਿੰਨ ਸਰਾਵਾਂ ਆਈਆਂ ਹਨ। ਸਰਕਾਰ ਦੇ ਇਸ ਫੈਸਲੇ ਨੂੰ ਮੰਦਭਾਗਾ ਦੱਸਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਕੇਂਦਰ ਦੇ ਇਸ ਫੈਸਲੇ ਖਿਲਾਫ ਲੋੜੀਂਦੀ ਚਾਰਾਜੋਈ ਕੀਤੀ ਜਾਵੇਗੀ। ਕੇਂਦਰ ਸਰਕਾਰ ਵੱਲੋਂ ਗੁਰਦੁਆਰਾ ਸਾਹਿਬਾਨ ਦੀਆਂ ਸਰਾਂਵਾਂ 'ਤੇ ਜੀ.ਐਸ.ਟੀ. ਲਾਉਣ ਦਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਤਿੱਖਾ ਰੋਸ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦ ਕਿ ਇਹ ਸੰਸਥਾਵਾਂ ਲੋਕ ਭਲਾਈ ਲਈ ਸਭ ਤੋਂ ਵੱਡਾ ਯੋਗਦਾਨ ਤੇ ਸਰਕਾਰ ਦਾ ਸਹਿਯੋਗ ਕਰਦੀਆਂ ਹਨ ਤਾਂ ਅਜਿਹੇ ਟੈਕਸ ਕਿਉਂ ਲਗਾਏ ਜਾ ਰਹੇ ਹਨ। ਸੰਗਤ ਦੇ ਸਿਰ ਲੁਕਾਵੇ ਅਰਾਮ ਲਈ ਬਣਾਈਆਂ ਸਰਾਵਾਂ ਵਿਚੋਂ ਕਿਸੇ ਤਰ੍ਹਾਂ ਦਾ ਲਾਭ ਨਹੀਂ ਲਿਆ ਜਾਂਦਾ। ਉਨ੍ਹਾਂ ਮੰਗ ਕੀਤੀ ਕਿ ਧਾਰਮਿਕ ਅਸਥਾਨਾਂ ਦੀਆਂ ਸਰਾਵਾਂ ਉਪਰ ਲਾਈ ਗਈ ਜੀ.ਐਸ.ਟੀ. ਫੌਰੀ ਵਾਪਸ ਲਈ ਜਾਵੇ।

## ਭਾਜਪਾ ਬੁਲਾਰੇ ਦੇ ਬਿਆਨ 'ਤੇ ਸਿੱਖ ਸੰਸਥਾ ਨੂੰ ਇਤਰਾਜ਼

**ਅੰਮ੍ਰਿਤਸਰ:** ਭਾਜਪਾ ਦੇ ਕੌਮੀ ਬੁਲਾਰੇ ਆਰ.ਪੀ. ਸਿੰਘ ਵੱਲੋਂ ਸਿੱਖ ਧਰਮ ਪਰਿਵਰਤਨ ਮਾਮਲੇ ਵਿਚ ਸ਼੍ਰੋਮਣੀ ਕਮੇਟੀ 'ਤੇ ਨਿਸ਼ਾਨਾ ਸੇਧਦਿਆਂ ਕੀਤੀ ਗਈ ਟਿੱਪਣੀ ਦਾ ਸ਼੍ਰੋਮਣੀ ਕਮੇਟੀ ਨੇ ਸਖਤ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਭਾਜਪਾ ਆਗੂ ਨੂੰ ਇਸ ਵਿਵਾਦਤ ਬਿਆਨ ਲਈ ਸਿੱਖ ਸੰਸਥਾ ਕੋਲੋਂ ਮੁਆਫੀ ਮੰਗਣ ਲਈ ਆਖਿਆ ਹੈ। ਭਾਜਪਾ ਦੇ ਬੁਲਾਰੇ ਨੇ ਹਾਲ ਹੀ ਵਿਚ ਸੋਸ਼ਲ ਮੀਡੀਆ 'ਤੇ ਆਖਿਆ ਸੀ ਕਿ ਜਿਸ ਰਫਤਾਰ ਨਾਲ ਪੰਜਾਬ ਵਿਚ ਇਸਾਈ ਧਰਮ ਵਧ ਰਿਹਾ ਹੈ, ਜਲਦੀ ਹੀ ਸ਼੍ਰੋਮਣੀ ਕਮੇਟੀ ਖਤਮ ਹੋ ਜਾਵੇਗੀ ਅਤੇ ਇਹ ਸ਼੍ਰੋਮਣੀ ਚਰਚ ਪ੍ਰਬੰਧਕ ਕਮੇਟੀ ਬਣ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੇਕਰ ਧਰਮ ਪਰਿਵਰਤਨ ਦੇ ਮਾਮਲੇ ਵਿਚ ਭਾਜਪਾ ਆਗੂ ਆਰ.ਪੀ. ਸਿੰਘ ਸੱਚਮੁੱਚ ਸੰਜੀਦਾ ਹਨ ਤਾਂ ਉਹ ਸ਼੍ਰੋਮਣੀ ਕਮੇਟੀ ਦੇ ਭਾਰਤ ਸਰਕਾਰ ਪਾਸ ਇਸ ਸਬੰਧੀ ਪਏ ਕੇਸ 'ਤੇ ਪਹਿਲ ਦੇ ਆਧਾਰ 'ਤੇ ਕਾਰਵਾਈ ਕਰਵਾਉਣ। ਉਨ੍ਹਾਂ ਕਿਹਾ ਕਿ ਧਰਮ ਪਰਿਵਰਤਨ ਦੇ ਮੁੱਦੇ 'ਤੇ ਸਿੱਖ ਸੰਸਥਾ 'ਤੇ ਸਵਾਲ ਖੜ੍ਹੇ ਕਰਨਾ ਇਕ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਹੈ।

## ਪੰਜਾਬ ਪੁਲਿਸ ਨੇ ਨਸ਼ਾ ਤਸਕਰਾਂ ਖਿਲਾਫ ਵੱਡੀ ਮੁਹਿੰਮ ਵਿੱਢੀ

**ਚੰਡੀਗੜ੍ਹ:** ਪੁਲਿਸ ਨੇ ਇਕ ਮਹੀਨੇ ਦੌਰਾਨ ਨਸ਼ਾ ਤਸਕਰੀ ਖਿਲਾਫ਼ ਕਾਰਵਾਈ ਕਰਦਿਆਂ 260 ਵੱਡੇ ਨਸ਼ਾ ਤਸਕਰਾਂ ਸਣੇ 2205 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਦੌਰਾਨ ਪੁਲਿਸ ਵੱਲੋਂ ਕੁੱਲ 1730 ਐਫ.ਆਈ.ਆਰਜ. ਦਰਜ ਕੀਤੀਆਂ ਗਈਆਂ, ਜਿਨ੍ਹਾਂ 'ਚੋਂ 145 ਵਪਾਰਕ ਮਾਮਲਿਆਂ ਨਾਲ ਸਬੰਧਤ ਹਨ। ਇਹ ਜਾਣਕਾਰੀ ਇਥੇ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਆਫ ਪੁਲਿਸ (ਹੈੱਡਕੁਆਰਟਰ) ਸੁਖਚੈਨ ਸਿੰਘ ਗਿੱਲ ਨੇ ਦਿੱਤੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਗ਼ਜ਼ਲ ਮੰਚ ਸਰੀ ਵਲੋਂ ਦਵਿੰਦਰ ਗੌਤਮ ਦਾ ਗ਼ਜ਼ਲ ਸੰਗ੍ਰਹਿ 'ਸੁਪਨੇ ਸੌਣ ਨਾ ਦਿੰਦੇ' ਰਿਲੀਜ਼

## ਗੌਤਮ ਦੇ ਬਹੁ-ਪਰਤੀ ਸ਼ਿਅਰ ਸਦੀਵੀ ਹੋਣ ਦਾ ਗੁਣ ਰੱਖਦੇ ਹਨ: ਰਾਜਵੰਤ ਰਾਜ

**ਸਰੀ (ਬਿਊਰੋ):** ਗ਼ਜ਼ਲ ਮੰਚ ਸਰੀ ਵਲੋਂ ਮੰਚ ਦੇ ਰੂਹ-ਏ-ਰਵਾਂ ਅਤੇ ਬਹੁਤ ਹੀ ਜ਼ਹੀਨ ਸ਼ਾਇਰ ਦਵਿੰਦਰ ਗੌਤਮ ਦੇ ਪਲੇਠੇ ਗ਼ਜ਼ਲ ਸੰਗ੍ਰਹਿ 'ਸੁਪਨੇ ਸੌਣ ਨਾ ਦਿੰਦੇ' ਰਿਲੀਜ਼ ਕਰਨ ਲਈ ਵਿਸ਼ੇਸ਼ ਸਮਾਗਮ ਫਲੀਟਵੁੱਡ ਲਾਇਬ੍ਰੇਰੀ ਵਿਚ ਕਰਵਾਇਆ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਸ਼ਾਇਰ ਨਦੀਮ ਪਰਮਾਰ, ਨਾਵਲਕਾਰ ਜਰਨੈਲ ਸਿੰਘ ਸੇਖਾ, ਉਸਤਾਦ ਗ਼ਜ਼ਲਗੋ ਕ੍ਰਿਸ਼ਨ ਭਨੋਟ, ਡਾ. ਪ੍ਰਿਥੀਪਾਲ ਸਿੰਘ ਸੋਹੀ ਅਤੇ ਸ਼ਾਇਰ ਦਵਿੰਦਰ ਗੌਤਮ ਨੇ ਕੀਤੀ।

ਮੰਚ ਸੰਚਾਲਕ ਪ੍ਰੀਤ ਮਨਪ੍ਰੀਤ ਨੇ ਸਮਾਗਮ ਵਿਚ ਪਹੁੰਚੇ ਮਹਿਮਾਨਾਂ, ਵਿਦਵਾਨਾਂ, ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ। ਉਪਰੰਤ ਬਲਰਾਜ ਬਾਸੀ ਅਤੇ ਮੀਨੂੰ ਬਾਵਾ ਨੇ ਦਵਿੰਦਰ ਦੀਆਂ ਦੋ ਗ਼ਜ਼ਲਾਂ ਨੂੰ ਆਪਣੇ ਸੁਰੀਲੇ ਸੁਰਾਂ ਰਾਹੀਂ ਪੇਸ਼ ਕੀਤਾ। ਦਵਿੰਦਰ ਗੌਤਮ ਨੇ ਆਪਣੇ ਵਿਦਿਅਕ ਅਤੇ ਸਾਹਿਤਕ ਸਫਰ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਗ਼ਜ਼ਲ ਦੀ ਰਚਨਾ ਬਾਰੇ ਉਸ ਨੇ ਕਿਹਾ ਕਿ ਉਸਤਾਦ ਕ੍ਰਿਸ਼ਨ ਭਨੋਟ ਨੇ ਉਸ ਦਾ ਮਾਰਗ ਦਰਸ਼ਨ ਕੀਤਾ ਅਤੇ ਗ਼ਜ਼ਲ ਦੀਆਂ ਬਾਰੀਕੀਆਂ ਬਾਰੇ ਉਨ੍ਹਾਂ ਪਾਸੋਂ ਸਿੱਖਿਆ ਹਾਸਲ ਕੀਤੀ। ਸਰੀ ਦੇ ਹਰਮਨ ਪਿਆਰੇ ਸ਼ਾਇਰ ਰਾਜਵੰਤ ਰਾਜ ਨਾਲ ਮੇਲ ਹੋਣ ਅਤੇ ਫਿਰ ਪੰਜਾਬੀ ਗ਼ਜ਼ਲ ਦੇ ਨਾਮਵਰ ਹਸਤਾਖਰ ਜਸਵਿੰਦਰ ਦੀ ਸੰਗਤ ਮਿਲਣ ਸਦਕਾ ਉਸ ਦੀ ਗ਼ਜ਼ਲ ਵਿਚ ਬੇਹੱਦ ਨਿਖਾਰ ਆਇਆ। ਉਸ ਨੇ ਆਪਣੀਆਂ ਦੋ ਗ਼ਜ਼ਲਾਂ ਵੀ ਤਰੰਨਮ ਵਿਚ ਪੇਸ਼ ਕੀਤੀਆਂ। ਉਪਰੰਤ 'ਸੁਪਨੇ ਸੌਣ ਨਾ ਦਿੰਦੇ' ਪੁਸਤਕ ਲੋਕ ਅਰਪਣ ਕੀਤੀ ਗਈ।

ਇਸ ਪੁਸਤਕ ਉਪਰ ਪਹਿਲਾ ਪਰਚਾ ਪੜ੍ਹਦਿਆਂ ਰਾਜਵੰਤ ਰਾਜ ਨੇ ਕਿਹਾ ਕਿ ਪੁਸਤਕ 'ਸੁਪਨੇ ਸੌਣ ਨਾ ਦਿੰਦੇ', ਨੀਂਦ ਵਿਚਲੀਆਂ ਉਨ੍ਹਾਂ ਗਰਦਸ਼ਾਂ ਦੀ ਦਾਸਤਾਨ ਹੈ ਜਿਨ੍ਹਾਂ ਉੱਤੋਂ ਨੀਂਦ ਹੱਸ ਕੇ ਕੁਰਬਾਨ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਦੂਰ-ਦਰਸ਼ੀ ਹੋਣ ਦੇ ਨਾਲ-ਨਾਲ ਗੌਤਮ ਬਹੁਤ ਜਜ਼ਬਾਤੀ ਇਨਸਾਨ ਹੈ। ਉਹ ਹਰ ਵਰਤਾਰੇ ਨੂੰ ਬਹੁਤ ਸੂਖਮ ਦ੍ਰਿਸ਼ਟੀ ਨਾਲ ਦੇਖਦਾ ਹੈ ਅਤੇ ਗਹਿਰਾ ਮਹਿਸੂਸਦਾ ਹੈ। ਗੌਤਮ ਦੇ ਸ਼ਿਅਰਾਂ ਵਿਚ ਇਨਸਾਨੀ ਬੇਬਸੀਆਂ, ਲਾਚਾਰੀਆਂ ਵਾਰ-ਵਾਰ ਉਜਾਗਰ ਹੁੰਦੀਆਂ ਹਨ। ਉਹ ਅੰਦਰੋਂ ਨਾਸਤਿਕ ਨਹੀਂ, ਪਰ ਧਾਰਮਿਕ ਪਾਖੰਡਵਾਦ ਨੂੰ ਕਰੜੇ ਹੱਥੀਂ ਲੈਂਦਾ ਹੈ। ਉਸ ਨੇ ਆਮ ਸ਼ਾਇਰਾਂ ਵਾਂਗ ਮਹਿਬੂਬ ਦੇ ਕਸੀਦੇ ਨਹੀਂ ਲਿਖੇ। ਉਸ ਦੇ ਬੋਲਾਂ ਵਿਚ ਅਦਬ ਹੈ, ਸਤਿਕਾਰ ਹੈ, ਸੁਹਜ ਹੈ। ਉਸ ਦੇ ਸ਼ਿਅਰਾਂ ਦੀਆਂ ਕਈ ਪਰਤਾਂ ਹੁੰਦੀਆਂ ਹਨ ਅਤੇ ਇਹ ਸ਼ਿਅਰ ਸਦੀਵੀ ਹੋਣ ਦਾ ਗੁਣ ਰੱਖਦੇ ਹਨ।

ਪੁਸਤਕ ਉਪਰ ਦੂਜਾ ਪਰਚਾ ਪੇਸ਼ ਕਰਦਿਆਂ ਪ੍ਰੋ. ਹਰਿੰਦਰ ਕੌਰ ਸੋਹੀ ਨੇ ਕਿਹਾ ਕਿ ਦਵਿੰਦਰ ਗੌਤਮ ਬਹੁਤ ਹੀ ਸੰਜੀਦਾ ਸ਼ਾਇਰ ਹੈ। ਉਸ ਦੇ ਪਲੇਠੇ ਗ਼ਜ਼ਲ ਸੰਗ੍ਰਹਿ ਵਿਚ ਹੀ ਬੜੀ ਪਰਪੱਕ ਸ਼ਾਇਰੀ ਦੇ ਸਬੂਤ ਮਿਲਦੇ ਹਨ। ਉਨ੍ਹਾਂ ਪੁਸਤਕ ਵਿਚਲੇ ਕੁਝ ਸ਼ਿਅਰ ਸਾਂਝੇ ਕੀਤੇ ਅਤੇ ਵਿਸ਼ੇਸ਼ ਤੌਰ 'ਤੇ ਪੁਸਤਕ ਦੇ ਦਿਲਕਸ਼ ਅਤੇ ਢੁਕਵੇਂ ਟਾਈਟਲ ਦੀ ਗੱਲ ਕੀਤੀ। ਪੰਜਾਬ ਤੋਂ ਆਏ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਅਤੇ ਨਾਮਵਰ ਵਿਦਵਾਨ ਡਾ. ਸੁਖਦੇਵ ਸਿੰਘ ਸਿਰਸਾ ਨੇ ਵੀ ਦਵਿੰਦਰ ਗੌਤਮ ਦੀ ਸ਼ਾਇਰੀ ਨੂੰ ਪੰਜਾਬੀ ਗ਼ਜ਼ਲ ਦੀ ਪ੍ਰਾਪਤੀ ਦੱਸਿਆ। ਨਦੀਮ ਪਰਮਾਰ, ਜਰਨੈਲ ਸਿੰਘ ਸੇਖਾ, ਕ੍ਰਿਸ਼ਨ ਭਨੋਟ, ਡਾ. ਪ੍ਰਿਥੀਪਾਲ ਸਿੰਘ ਸੋਹੀ, ਬਲਦੇਵ ਸਿੰਘ ਬਾਠ, ਇੰਦਰਜੀਤ ਧਾਮੀ, ਕਵਿੰਦਰ ਚਾਂਦ, ਹਰਦਮ ਸਿੰਘ ਮਾਨ, ਮੋਹਨ ਗਿੱਲ ਨੇ ਦਵਿੰਦਰ ਗੌਤਮ ਨੂੰ ਮੁਬਾਰਕਬਾਦ ਦਿੰਦਿਆਂ ਇਸ ਪੁਸਤਕ ਨੂੰ ਪੰਜਾਬੀ ਸ਼ਾਇਰੀ ਵਿਚ ਨਿੱਗਰ ਵਾਧਾ ਦੱਸਿਆ।

ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਅਤੇ ਨਾਮਵਰ ਗ਼ਜ਼ਲਗੋ ਜਸਵਿੰਦਰ ਨੇ ਸਮਾਗਮ ਵਿਚ ਸ਼ਾਮਲ ਹੋਏ ਵਿਦਵਾਨਾਂ, ਲੇਖਕਾਂ, ਮਹਿਮਾਨਾਂ, ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦਵਿੰਦਰ ਗੌਤਮ ਸ਼ਾਇਰ ਦੇ ਨਾਲ ਨਾਲ ਬਹੁਤ ਹੀ ਸੁਹਿਰਦ ਅਤੇ ਜ਼ਹੀਨ ਇਨਸਾਨ ਹੈ। ਉਸ ਕੋਲ ਵਿਸ਼ਾਲ ਅਨੁਭਵ ਹੈ। ਉਸ ਦੀ ਗ਼ਜ਼ਲ ਚਿੰਤਨੀ ਸੁਰ ਵਿਚੋਂ ਉਪਜਦੀ ਹੈ। ਉਸ ਦੇ ਸੁਪਨਿਆਂ, ਸੰਸਿਆਂ ਦਾ ਦਾਇਰਾ ਵਸੀਹ ਹੈ। ਉਹ ਅਹਿਸਾਸ ਦੀ ਬੁਲੰਦੀ ਤੇ ਜ਼ਿੰਦਗੀ ਨੂੰ ਲੰਮੀ ਨਜ਼ਰ ਨਾਲ ਨਿਹਾਰਦਾ ਹੈ। ਉਸ ਦੀ ਸਮੁੱਚੀ ਸ਼ਾਇਰੀ ਊਰਜਾ ਭਰਪੂਰ ਹੈ ਅਤੇ ਅਜਿਹੀ ਸ਼ਾਇਰੀ ਦਾ ਪੰਜਾਬੀ ਸਾਹਿਤ ਵਿਚ ਭਰਵਾਂ ਸੁਆਗਤ ਹੈ।

ਇਸ ਮੌਕੇ ਰਾਜਵੰਤ ਰਾਜ ਦਾ ਗ਼ਜ਼ਲ ਸੰਗ੍ਰਹਿ 'ਟੁੱਟੇ ਸਿਤਾਰੇ ਚੁਗਦਿਆਂ' ਵੀ ਰਿਲੀਜ਼ ਕੀਤਾ ਗਿਆ ਅਤੇ ਇਸ ਪੁਸਤਕ ਬਾਰੇ ਪ੍ਰੀਤ ਮਨਪ੍ਰੀਤ ਨੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਜਰਨੈਲ ਸਿੰਘ ਆਰਟਿਸਟ, ਡਾ. ਅਮਰਜੀਤ ਭੁੱਲਰ, ਕਾਮਰੇਡ ਨਵਰੂਪ ਸਿੰਘ, ਬਿੰਦੂ ਮਠਾੜੂ, ਕੰਵਲਜੀਤ ਕੌਰ, ਮੀਰਾ ਗਿੱਲ, ਨਵਜੋਤ ਢਿੱਲੋਂ, ਨਿਰਮਲ ਗਿੱਲ, ਹਰਸ਼ਰਨ ਕੌਰ, ਮਨਜੀਤ ਕੰਗ, ਡਾ. ਰਿਸ਼ੀ ਸਿੰਘ, ਐਡਵੋਕੇਟ ਅਮਨਦੀਪ ਸਿੰਘ ਚੀਮਾ, ਹੇਮਨ ਕਪੂਰ, ਇੰਦਰਪ੍ਰੀਤ ਅਰੋੜਾ, ਜਸਵਿੰਦਰ ਦਿਓਲ, ਸੁੱਖੀ ਢਿੱਲੋਂ, ਸੁਖਵਿੰਦਰ ਸਿੰਘ ਚੋਹਲਾ, ਬਲਦੇਵ ਸੀਹਰਾ, ਦਸਮੇਸ਼ ਗਿੱਲ ਫਿਰੋਜ਼ ਅਤੇ ਦਵਿੰਦਰ ਗੌਤਮ ਦੇ ਪਿਤਾ ਚੰਦਰ ਭਾਨ, ਮਾਤਾ ਸੱਤਿਆਵਤੀ, ਭਰਾ ਨਰਿੰਦਰ ਗੌਤਮ, ਪਤਨੀ ਲਲਿਤਾ ਗੌਤਮ, ਬੇਟੀ ਚਾਹਤ ਗੌਤਮ, ਬੇਟੇ ਅਰਨਵ ਅਤੇ ਆਰਵ ਗੌਤਮ ਸ਼ਾਮਲ ਹੋਏ।

*-ਰਿਪੋਰਟ: ਲਾਜ ਨੀਲਮ ਸੈਣੀ*
*(ਸਹਾਇਕ ਸਕੱਤਰ)*
*ਫੋਨ: 510-502-0551*










ਫਲੈਟ ਵਿਕਾਊ ਹੈ

ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।

*ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ*

ਫੋਨ: 513-884-0456 ਜਾਂ 513-759 0010

*(ਮੈਸੇਜ ਛੱਡ ਸਕਦੇ ਹੋ)*

**Flat For Sale**

**Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.**

***For more details please contact: Singh***

**Ph: 513-884-0456 or 513-759 0010**

***(Leave Message)***

32-34

# ਕਬਜ਼ਾ ਹਟਾਓ ਮੁਹਿੰਮ: ਹੁਣ ਰਸੂਖਵਾਨਾਂ ਨੂੰ ਹੱਥ ਪਾਉਣ ਲੱਗੀ ਮਾਨ ਸਰਕਾਰ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ 'ਕਬਜ਼ਾ ਹਟਾਓ' ਮੁਹਿੰਮ ਦੀ ਖੁਦ ਕਮਾਨ ਸੰਭਾਲ ਕੇ ਪਹਾੜਾਂ ਦੀ ਜੜ੍ਹ 'ਚ ਪੈਂਦੀ 2828 ਏਕੜ ਜ਼ਮੀਨ ਦਰਜਨਾਂ ਰਸੂਖਵਾਨਾਂ ਦੇ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਾਈ। ਇਨ੍ਹਾਂ ਰਸੂਖਵਾਨਾਂ ਵਿਚ ਮੌਜੂਦਾ ਸੰਸਦ ਮੈਂਬਰ ਦੇ ਪਰਿਵਾਰ ਤੇ ਇਕ ਸਾਬਕਾ ਮੰਤਰੀ ਦਾ ਪਰਿਵਾਰ ਵੀ ਸ਼ਾਮਲ ਹੈ।

ਸੂਤਰ ਦੱਸਦੇ ਹਨ ਕਿ 'ਆਪ' ਸਰਕਾਰ ਦੀ ਆਉਂਦੇ ਦਿਨਾਂ ਵਿਚ ਨਾਮੀ ਸਿਆਸੀ ਘਰਾਣਿਆਂ ਦੇ ਘਰ ਤੱਕ ਪਹੁੰਚਣ ਦੀ ਵਿਉਂਤ ਹੈ। ਪਤਾ ਲੱਗਾ ਹੈ ਕਿ ਪੰਚਾਇਤ ਮਹਿਕਮੇ ਤਰਫੋਂ ਕਾਨੂੰਨੀ ਨਜ਼ਰੀਏ ਤੋਂ ਰਿਕਾਰਡ ਦੀ ਘੋਖ ਕੀਤੀ ਜਾ ਰਹੀ ਹੈ ਅਤੇ ਇਸ ਦਾ ਆਧਾਰ ਜਸਟਿਸ ਕੁਲਦੀਪ ਸਿੰਘ ਦੀ ਰਿਪੋਰਟ ਨੂੰ ਬਣਾਇਆ ਜਾ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਪਹਿਲੀ ਮਈ ਤੋਂ ਪੰਜਾਬ 'ਚ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਏ ਜਾਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਸੀ ਅਤੇ ਹੁਣ ਤੱਕ 9053 ਏਕੜ ਜ਼ਮੀਨ ਤੋਂ ਕਬਜ਼ੇ ਹਟਾਏ ਜਾ ਚੁੱਕੇ ਹਨ। ਪੰਜਾਬ ਸਰਕਾਰ ਨੇ ਜਸਟਿਸ ਕੁਲਦੀਪ ਸਿੰਘ ਰਿਪੋਰਟ ਨੂੰ ਅਮਲੀ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ। ਮੁੱਖ ਮੰਤਰੀ ਪਹਿਲੀ ਦਫ਼ਾ ਇਸ ਮੁਹਿੰਮ ਵਿਚ ਸਿੱਧੇ ਤੌਰ 'ਤੇ ਸ਼ਾਮਲ ਹੋਏ ਹਨ ਜਿਨ੍ਹਾਂ ਬਲਾਕ ਮਾਜਰੀ ਦੇ ਪਿੰਡ ਛੋਟੀ ਬੜੀ ਨੰਗਲ ਪਹੁੰਚ ਕੇ ਮੁਹਿੰਮ ਦੀ ਅਗਵਾਈ ਕੀਤੀ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਮੌਕੇ ਰਸੂਖਵਾਨਾਂ ਦੇ ਨਾਂ ਨਸ਼ਰ ਕੀਤੇ।



ਪੰਚਾਇਤ ਵਿਭਾਗ ਵੱਲੋਂ ਕਾਨੂੰਨੀ ਪੱਖ ਤੋਂ ਰਾਹ ਪੱਧਰਾ ਹੋਣ ਮਗਰੋਂ ਮੁੱਖ ਮੰਤਰੀ ਨੂੰ ਇਸ ਮੁਹਿੰਮ ਲਈ ਸੱਦਾ ਦਿੱਤਾ ਗਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਇਸ 2828 ਏਕੜ ਜ਼ਮੀਨ 'ਚੋਂ 265 ਏਕੜ ਜ਼ਮੀਨ ਮੈਦਾਨੀ ਇਲਾਕੇ ਦੀ ਜਦਕਿ 2563 ਏਕੜ ਪਹਾੜੀ ਹੈ। ਉਨ੍ਹਾਂ ਦੱਸਿਆ ਕਿ ਇਹ ਜ਼ਮੀਨ ਦੀ ਕੀਮਤ ਕਰੀਬ 300 ਕਰੋੜ ਰੁਪਏ ਹੈ ਜਦਕਿ 50 ਕਰੋੜ ਰੁਪਏ ਖ਼ੈਰ ਦੀ ਲੱਕੜ ਦੀ ਕੀਮਤ ਬਣਦੀ ਹੈ। ਉਨ੍ਹਾਂ ਕਿਹਾ ਕਿ ਜੋ ਵਿਰੋਧੀ ਸੁਆਲ ਚੁੱਕਦੇ ਹਨ ਕਿ ਸਰਕਾਰ ਕੋਲ ਫੰਡ ਕਿੱਥੋਂ ਆਵੇਗਾ, ਉਹ ਫੰਡ ਸ਼ਿਵਾਲਿਕ ਦੀਆਂ ਪਹਾੜੀਆਂ ਦੀਆਂ ਜੜ੍ਹਾਂ 'ਚੋਂ ਉਦੋਂ ਆਵੇਗਾ, ਜਦੋਂ ਬੇਸ਼ਕੀਮਤੀ ਜ਼ਮੀਨਾਂ ਨੂੰ ਕਬਜ਼ਿਆਂ ਤੋਂ ਮੁਕਤ ਕਰਵਾ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਕੁਝ ਰਸੂਖਵਾਨ ਅਫਸਰਾਂ ਅਤੇ ਸਿਆਸਤਦਾਨਾਂ ਨੇ ਗੈਰਕਾਨੂੰਨੀ ਢੰਗ ਨਾਲ ਕਬਜ਼ਾ ਕੀਤਾ ਹੋਇਆ ਸੀ।

ਉਨ੍ਹਾਂ ਕਿਹਾ ਕਿ ਇਨ੍ਹਾਂ ਅਣਅਧਿਕਾਰਤ ਕਾਬਜ਼ਕਾਰਾਂ ਵਿਚ ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਈਮਾਨਜੀਤ ਸਿੰਘ ਮਾਨ ਨੇ 125 ਏਕੜ ਉੱਤੇ ਕਬਜ਼ਾ ਕੀਤਾ ਹੋਇਆ ਸੀ ਅਤੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦੇ ਪੁੱਤਰ ਹਰਮਨਦੀਪ ਸਿੰਘ ਨੇ ਪੰਜ ਏਕੜ ਉੱਤੇ ਕਾਬਜ਼ ਸੀ। ਉਨ੍ਹਾਂ ਦੱਸਿਆ ਕਿ ਸੰਗਰੂਰ ਦੇ ਸੰਸਦ ਮੈਂਬਰ ਦੀ ਧੀ ਅਤੇ ਜਵਾਈ ਨੇ ਵੀ ਅਣਅਧਿਕਾਰਤ ਤੌਰ ਉਤੇ ਯਛਮਹਿੰਗੇ ਭਾਅ ਵਾਲੀ 28 ਏਕੜ ਜ਼ਮੀਨ ਉਤੇ ਕਬਜ਼ਾ ਕੀਤਾ ਹੋਇਆ ਸੀ। ਮੁੱਖ ਮੰਤਰੀ ਨੇ ਕਿਹਾ ਕਿ 1100 ਏਕੜ ਜ਼ਮੀਨ ਉੱਤੇ 'ਫੌਜਾ ਸਿੰਘ ਇਨਫਰਾਸਟੱਕਚਰ ਪ੍ਰਾਈਵੇਟ ਲਿਮਟਿਡ' ਨੇ ਕਬਜ਼ਾ ਕੀਤਾ ਹੋਇਆ ਸੀ। ਬਾਕੀ ਕਾਬਜ਼ਕਾਰਾਂ ਵਿਚ ਈਮਾਨ ਸਿੰਘ (125 ਏਕੜ), ਅੰਕੁਰ ਧਵਨ (103 ਏਕੜ), ਜਤਿੰਦਰ ਸਿੰਘ ਦੂਆ ਤੇ ਪੁਖਰਾਜ ਸਿੰਘ ਦੂਆ (40 ਏਕੜ), ਪ੍ਰਭਦੀਪ ਸਿੰਘ ਸੰਧੂ, ਗੋਬਿੰਦ ਸਿੰਘ ਸੰਧੂ ਅਤੇ ਨਾਨਕੀ ਕੌਰ (28 ਏਕੜ), ਰਿਪੁਦਮਨ ਸਿੰਘ (25 ਏਕੜ), ਨਵਦੀਪ ਕੌਰ (15 ਏਕੜ), ਦੀਪਕ ਬਾਂਸਲ (12 ਏਕੜ), ਕੇਐੱਫ ਫਾਰਮਜ਼ (11 ਏਕੜ), ਤੇਜਵੀਰ ਸਿੰਘ ਢਿੱਲੋਂ (8 ਏਕੜ), ਇੰਦਰਜੀਤ ਸਿੰਘ ਢਿੱਲੋਂ (8 ਏਕੜ), ਦੀਪਇੰਦਰ ਪਾਲ ਚਾਹਲ (8 ਏਕੜ), ਸੰਦੀਪ ਬਾਂਸਲ (6 ਏਕੜ), ਹਰਮਨਦੀਪ ਸਿੰਘ ਧਾਲੀਵਾਲ (5 ਏਕੜ), ਮਨਦੀਪ ਸਿੰਘ ਧਨੋਆ (5 ਏਕੜ) ਅਤੇ ਰੀਟਾ ਸ਼ਰਮਾ (4 ਏਕੜ) ਸ਼ਾਮਲ ਹਨ। ਮੁੱਖ ਮੰਤਰੀ ਨੇ ਕਿਹਾ ਕਿ ਗੈਰਕਾਨੂੰਨੀ ਢੰਗ ਨਾਲ ਕਬਜ਼ਾ ਕਰਕੇ ਪੈਸੇ ਦੀ ਲੁੱਟ-ਖਸੁੱਟ ਕਰਨ ਵਾਲੇ ਰਸੂਖਵਾਨਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇਗਾ।

## ਕਾਬਜ਼ਕਾਰਾਂ 'ਚ ਸਿਮਰਨਜੀਤ ਸਿੰਘ ਮਾਨ ਦਾ ਪੁੱਤ ਵੀ

**ਚੰਡੀਗੜ੍ਹ:** ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦਾਅਵਾ ਕੀਤਾ ਹੈ ਕਿ ਇਨ੍ਹਾਂ ਅਣਅਧਿਕਾਰਤ ਕਾਬਜ਼ਕਾਰਾਂ ਵਿਚ ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਈਮਾਨਜੀਤ ਸਿੰਘ ਮਾਨ ਨੇ 125 ਏਕੜ ਉੱਤੇ ਕਬਜ਼ਾ ਕੀਤਾ ਹੋਇਆ ਸੀ ਅਤੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦੇ ਪੁੱਤਰ ਹਰਮਨਦੀਪ ਸਿੰਘ ਨੇ ਪੰਜ ਏਕੜ ਉੱਤੇ ਕਾਬਜ਼ ਸੀ। ਉਨ੍ਹਾਂ ਦੱਸਿਆ ਕਿ ਸੰਗਰੂਰ ਦੇ ਸੰਸਦ ਮੈਂਬਰ ਦੀ ਧੀ ਅਤੇ ਜਵਾਈ ਨੇ ਵੀ ਅਣਅਧਿਕਾਰਤ ਤੌਰ ਉਤੇ ਮਹਿੰਗੇ ਭਾਅ ਵਾਲੀ 28 ਏਕੜ ਜ਼ਮੀਨ ਉਤੇ ਕਬਜ਼ਾ ਕੀਤਾ ਹੋਇਆ ਸੀ।

# ਪੰਜਾਬ ਸਰਕਾਰ ਜ਼ਮੀਨ ਘੁਟਾਲਾ ਮਾਮਲੇ ਵਿਚ ਸਖਤੀ ਦੇ ਰੌਂਅ 'ਚ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ 'ਭਗਤੂਪੁਰਾ ਜ਼ਮੀਨ ਘੁਟਾਲੇ' ਨੂੰ ਲੈ ਕੇ ਸਖਤ ਕਾਰਵਾਈ ਦੇ ਰੌਂਅ ਵਿਚ ਜਾਪਦੇ ਹਨ, ਜਿਨ੍ਹਾਂ ਨੇ ਜਾਂਚ ਰਿਪੋਰਟ 'ਤੇ ਚਰਚਾ ਕੀਤੀ ਹੈ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਮੁੱਖ ਮੰਤਰੀ ਨੂੰ ਆਪਣੇ ਮਹਿਕਮੇ ਦੀ ਵਿਸ਼ੇਸ਼ ਜਾਂਚ ਟੀਮ ਤਰਫੋਂ ਕੀਤੀ ਜਾਂਚ ਰਿਪੋਰਟ ਨਾਲ ਸਬੰਧਤ ਦਸਤਾਵੇਜ਼ ਸੌਂਪਣ ਮਗਰੋਂ ਮੁੱਖ ਮੰਤਰੀ ਨੂੰ ਰਿਪੋਰਟ ਦੇ ਤੱਥਾਂ ਤੋਂ ਜਾਣੂ ਕਰਵਾਇਆ।

ਸੂਤਰ ਦੱਸਦੇ ਹਨ ਕਿ ਮੁੱਖ ਮੰਤਰੀ ਨੇ ਇਸ ਜਾਂਚ ਰਿਪੋਰਟ ਦੇ ਤਕਨੀਕੀ ਪੱਖ ਜਾਣਨ ਲਈ ਹੁਕਮ ਕੀਤੇ ਹਨ। ਮੁੱਖ ਮੰਤਰੀ ਭਗਵੰਤ ਮਾਨ ਲਈ 'ਜ਼ਮੀਨ ਘੁਟਾਲਾ' ਦੀ ਜਾਂਚ ਰਿਪੋਰਟ ਉਤੇ ਕਾਰਵਾਈ 'ਆਪ' ਸਰਕਾਰ ਲਈ ਪਰਖ ਦਾ ਮਸਲਾ ਬਣ ਸਕਦੀ ਹੈ ਕਿਉਂਕਿ ਇਸ ਜਾਂਚ ਰਿਪੋਰਟ ਵਿਚ ਸਾਬਕਾ ਪੰਚਾਇਤ ਮੰਤਰੀ ਅਤੇ ਦੋ ਆਈ.ਏ.ਐਸ. ਅਫਸਰਾਂ ਦੀ ਭੂਮਿਕਾ 'ਤੇ ਉਂਗਲ ਉੱਠੀ ਹੈ। ਪ੍ਰਸ਼ਾਸਕੀ ਹਲਕਿਆਂ ਵਿਚ ਚਰਚੇ ਹਨ ਕਿ ਆਈ.ਏ.ਐਸ. ਅਫਸਰਾਂ ਦੇ ਦਬਾਅ ਸਦਕਾ 'ਆਪ' ਸਰਕਾਰ ਨੂੰ ਇਸ ਜ਼ਮੀਨ ਘੁਟਾਲੇ ਦੇ ਮਾਮਲੇ 'ਚ ਕਾਰਵਾਈ ਨੂੰ ਲੈ ਕੇ ਝੁਕਣਾ ਪੈ ਸਕਦਾ ਹੈ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਨੇ ਇਸ ਜ਼ਮੀਨ ਘੁਟਾਲੇ ਦੀ ਜਾਂਚ ਰਿਪੋਰਟ ਦੇ ਤੱਥ ਜਾਣਨ ਮਗਰੋਂ ਸਖਤ ਤੇਵਰ ਦਿਖਾਏ ਹਨ। ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਜਦੋਂ ਇਸ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਸਿਰਫ ਇੰਨਾ ਹੀ ਕਿਹਾ ਕਿ ਮੁੱਖ ਮੰਤਰੀ ਹੀ ਇਸ ਮਾਮਲੇ 'ਚ ਅਗਲੀ ਕਾਰਵਾਈ ਕਰਨ ਲਈ ਸਮਰੱਥ ਹਨ। ਉਨ੍ਹਾਂ ਨੇ ਸਭ ਦਸਤਾਵੇਜ਼ ਮੁੱਖ ਮੰਤਰੀ ਨੂੰ ਸੌਂਪ ਦਿੱਤੇ ਹਨ।

ਦੱਸਣਯੋਗ ਹੈ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਭਗਤੂਪੁਰਾ ਦੀ ਪੰਚਾਇਤੀ ਜ਼ਮੀਨ ਅਲਫਾ ਇੰਟਰਨੈਸ਼ਨਲ ਸਿਟੀ ਨੂੰ ਵੇਚੀ ਗਈ ਹੈ। ਜਦੋਂ ਪੰਜਾਬ ਚੋਣਾਂ ਦੇ ਨਤੀਜੇ ਆ ਚੁੱਕੇ ਸਨ, ਉਸ ਮਗਰੋਂ 11 ਮਾਰਚ ਨੂੰ ਤਤਕਾਲੀ ਪੰਚਾਇਤ ਮੰਤਰੀ ਨੇ ਫਾਈਲ 'ਤੇ ਪ੍ਰਵਾਨਗੀ ਦਿੱਤੀ ਸੀ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਉਸ ਸਮੇਂ ਦੇ ਵਿੱਤ ਕਮਿਸ਼ਨਰ ਨੇ ਹੱਥੋਂ-ਹੱਥ ਤਤਕਾਲੀ ਪੰਚਾਇਤ ਮੰਤਰੀ ਕੋਲ ਇਹ ਫਾਈਲ ਭੇਜੀ ਸੀ। ਹਾਲਾਂਕਿ ਮਿਸਲ 'ਤੇ ਵਿੱਤ ਕਮਿਸ਼ਨਰ ਦੇ ਦਫ਼ਤਰ ਤੋਂ ਪੰਚਾਇਤ ਮੰਤਰੀ ਤੱਕ ਫਾਈਲ ਭੇਜੇ ਜਾਣ ਅਤੇ ਵਾਪਸ ਆਉਣ ਦਾ ਕੋਈ ਨੰਬਰ ਵੀ ਨਹੀਂ ਲੱਗਾ ਹੋਇਆ ਹੈ। ਦੱਸਣਯੋਗ ਹੈ ਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਇਸ ਜ਼ਮੀਨ ਘੁਟਾਲੇ ਦੀ ਜਾਂਚ ਲਈ 20 ਮਈ ਨੂੰ ਤਿੰਨ ਮੈਂਬਰੀ ਜਾਂਚ ਟੀਮ ਦਾ ਗਠਨ ਕੀਤਾ ਗਿਆ ਸੀ।

# ਮੀਂਹ ਨਾਲ ਨੁਕਸਾਨੀਆਂ ਫਸਲਾਂ ਦੀ ਗਿਰਦਾਵਰੀ ਦੇ ਹੁਕਮ

**ਮਲੋਟ:** ਮੁੱਖ ਮੰਤਰੀ ਭਗਵੰਤ ਮਾਨ ਨੇ ਮਲੋਟ, ਫਾਜ਼ਿਲਕਾ ਅਤੇ ਲੰਬੀ ਦੇ ਮੀਂਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਦਿਆਂ ਫਸਲਾਂ ਦੇ ਖਰਾਬੇ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਮਾਲਵੇ ਖਿੱਤੇ 'ਚੋਂ ਸੇਮ ਦੀ ਸਮੱਸਿਆ ਹੱਲ ਕਰਨ ਲਈ ਯੋਜਨਾ ਬਣਾਉਣ ਦਾ ਐਲਾਨ ਕੀਤਾ।

ਉਨ੍ਹਾਂ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੱਪੇ-ਚੱਪੇ ਦੀ ਗਿਰਦਾਵਰੀ ਕਰਨ ਦੀ ਹਦਾਇਤ ਵੀ ਕੀਤੀ। ਫਾਜ਼ਿਲਕਾ ਦੇ ਪਿੰਡ ਮੂਲਿਆਂਵਾਲੀ ਤੋਂ ਇਲਾਵਾ ਸ੍ਰੀ ਮੁਕਤਸਰ ਸਾਹਿਬ ਦੇ ਸੇਮ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਅਧਿਕਾਰੀਆਂ ਨੂੰ ਪੂਰੇ ਸੂਬੇ ਵਿਚ ਸੇਮ ਦੀ ਸਮੱਸਿਆ ਦਾ ਹੱਲ ਯਕੀਨੀ ਬਣਾਉਣ ਲਈ ਯੋਜਨਾ ਤਿਆਰ ਕਰਨ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕੋਲ ਕੁਦਰਤੀ ਆਫਤ ਦੀ ਮਾਰ ਨਾਲ ਨਜਿੱਠਣ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਅਗਲੇ ਸਾਲ ਤੋਂ ਸੂਬੇ ਦੇ ਕਿਸੇ ਵੀ ਹਿੱਸੇ ਵਿਚ ਸੇਮ ਦੀ ਸਮੱਸਿਆ ਨਹੀਂ ਆਵੇਗੀ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਇਸ ਸਮੱਸਿਆ ਨੂੰ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ, ਜਿਸ ਕਾਰਨ ਹੁਣ ਸਥਿਤੀ ਜ਼ਿਆਦਾ ਵਿਗੜ ਗਈ ਹੈ।

ਉਨ੍ਹਾਂ ਕਿਹਾ ਕਿ ਮੁਫਤ ਇਲਾਜ ਕਰਵਾਉਣ ਲਈ ਸੁਤੰਤਰਤਾ ਦਿਵਸ 'ਤੇ 75 'ਆਮ ਆਦਮੀ ਕਲੀਨਿਕ' ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ। ਸ੍ਰੀ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਝੋਨੇ ਦੀ ਪਰਾਲੀ ਸਾੜਨ ਦੀ ਸਮੱਸਿਆ ਦਾ ਹੱਲ ਲੱਭਣ ਲਈ ਵੀ ਕੋਸ਼ਿਸ਼ਾਂ ਕਰ ਰਹੀ ਹੈ। ਸੂਬਾ ਸਰਕਾਰ ਨੇ ਇਹ ਮੁੱਦਾ ਕੇਂਦਰ ਸਰਕਾਰ ਕੋਲ ਵੀ ਚੁੱਕਿਆ ਹੈ।



ਪਿੰਡ ਪੰਨੀਵਾਲਾ ਦਾ ਦੌਰਾ ਕਰਦਿਆਂ ਮੁੱਖ ਮੰਤਰੀ ਨੇ ਮੀਂਹ ਕਰਕੇ ਹੜ੍ਹਾਂ ਵਰਗੇ ਹਾਲਾਤ ਨਾਲ ਨਜਿੱਠਣ ਲਈ ਕੈਨਾਲ ਸਿਸਟਮ ਦਰੁਸਤ ਕਰਨ ਲਈ ਡਿਪਟੀ ਕਮਿਸ਼ਨਰ ਤੋਂ ਰਿਪੋਰਟ ਮੰਗੀ ਹੈ। ਸ੍ਰੀ ਮਾਨ ਨੇ ਕਿਹਾ ਕਿ ਦੁੱਖ ਹੁੰਦਾ ਹੈ ਕਿ ਪਿਛਲੀਆਂ ਸਰਕਾਰਾਂ ਨੇ ਅਜਿਹੀਆਂ ਸਮੱਸਿਆਵਾਂ ਲਾਵਾਰਿਸ ਛੱਡੀਆਂ ਹੋਈਆਂ ਸਨ। ਇਸੇ ਕਰਕੇ ਲੋਕਾਂ ਨੇ ਉਨ੍ਹਾਂ ਸਿਆਸਤਦਾਨਾਂ ਨੂੰ ਵੀ ਲਾਵਾਰਿਸ ਕਰ ਦਿੱਤਾ ਹੈ। ਸ੍ਰੀ ਮਾਨ ਨੇ ਕਿਹਾ ਕਿ ਉਹ ਪੰਜਾਬ ਦੇ ਧਰਤੀ ਹੇਠਲੇ ਅਤੇ ਉਪਰਲੇ ਪਾਣੀਆਂ ਨੂੰ ਬਚਾਉਣ ਲਈ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੂੰ ਮਿਲ ਕੇ ਆਏ ਹਨ।

## ਝੋਨੇ ਹੇਠ ਰਕਬਾ ਪੂਰਾ ਹੋਣ ਦੀ ਸੰਭਾਵਨਾ: ਤੋਮਰ

**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਝੋਨੇ ਦੀ ਲੁਆਈ 'ਚ ਆਈ ਘਾਟ ਚਾਲੂ ਸਾਉਣੀ ਸੀਜ਼ਨ ਵਿਚ ਪੂਰੀ ਹੋਣ ਦੀ ਸੰਭਾਵਨਾ ਹੈ। ਖੇਤੀਬਾੜੀ ਮੰਤਰਾਲੇ ਕੋਲ ਮੌਜੂਦ ਤਾਜ਼ਾ ਅੰਕੜਿਆਂ ਮੁਤਾਬਕ 29 ਜੂਨ ਤੱਕ 231.59 ਲੱਖ ਹੈਕਟੇਅਰ ਖੇਤਰ ਵਿਚ ਝੋਨਾ ਲਾਇਆ ਜਾ ਸਕਿਆ ਹੈ ਜੋ ਪਿਛਲੇ ਵਰ੍ਹੇ ਦੇ ਮੁਕਾਬਲੇ 35.46 ਲੱਖ ਹੈਕਟੇਅਰ ਤੱਕ ਘੱਟ ਹੈ ਜਦਕਿ ਪਿਛਲੇ ਵਰ੍ਹੇ 267.05 ਲੱਖ ਹੈਕਟੇਅਰ ਖੇਤਰ ਵਿਚ ਝੋਨਾ ਲਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਝੋਨੇ ਦੀ ਬਿਜਾਈ ਭਾਵੇਂ ਘੱਟ ਹੋਈ ਹੈ ਪਰ ਇਸ ਦੀ ਮੌਜੂਦਾ ਸੀਜ਼ਨ 'ਚ ਪੂਰੇ ਹੋ ਜਾਣ ਦੀ ਸੰਭਾਵਨਾ ਹੈ। ਅੰਕੜਿਆਂ ਮੁਤਾਬਕ ਇਸ ਵਾਰ ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ ਤੇ ਤੇਲੰਗਾਨਾ ਵਿਚ ਝੋਨੇ ਦੀ ਘੱਟ ਲੁਆਈ ਹੋਈ ਹੈ।

# ਪਰਾਲੀ ਪ੍ਰਦੂਸ਼ਣ: ਪੰਜਾਬ ਦੇ ਕਿਸਾਨਾਂ ਨੂੰ 2500 ਰੁਪਏ ਪ੍ਰਤੀ ਏਕੜ ਸਬਸਿਡੀ ਦੀ ਤਜਵੀਜ਼

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਰਾਲੀ ਤੋਂ ਹੋਣ ਵਾਲੇ ਪ੍ਰਦੂਸ਼ਣ ਨੂੰ ਰੋਕਣ ਲਈ ਕਿਸਾਨਾਂ ਨੂੰ 2500 ਰੁਪਏ ਪ੍ਰਤੀ ਏਕੜ ਦੀ 'ਨਗਦ ਸਬਸਿਡੀ' ਦੇਣ ਦੀ ਤਜਵੀਜ਼ ਏਅਰ ਕੁਆਲਟੀ ਕਮਿਸ਼ਨ ਨੂੰ ਭੇਜੀ ਹੈ ਤਾਂ ਜੋ ਦਿੱਲੀ 'ਚ ਪਰਾਲੀ ਨਾਲ ਹੋਣ ਵਾਲੇ ਪ੍ਰਦੂਸ਼ਣ ਨੂੰ ਘਟਾਇਆ ਜਾ ਸਕੇ।

ਝੋਨੇ ਦੇ ਕਟਾਈ ਸੀਜ਼ਨ ਤੋਂ ਪਹਿਲਾਂ 'ਆਪ' ਸਰਕਾਰ ਨੇ ਇਹ ਤਜਵੀਜ਼ ਤਿਆਰ ਕੀਤੀ ਹੈ ਕਿ ਕਿਸਾਨਾਂ ਨੂੰ ਪ੍ਰਤੀ ਏਕੜ 2500 ਰੁਪਏ ਦੀ ਸਬਸਿਡੀ ਦਿੱਤੀ ਜਾਵੇ, ਜਿਸ ਵਿਚ ਪੰਜਾਬ ਸਰਕਾਰ ਤੇ ਦਿੱਲੀ ਸਰਕਾਰ ਵੱਲੋਂ 500-500 ਰੁਪਏ ਪ੍ਰਤੀ ਏਕੜ ਦੀ ਬਰਾਬਰ ਦੀ ਹਿੱਸੇਦਾਰੀ ਪਾਈ ਜਾਵੇਗੀ। 1500 ਰੁਪਏ ਪ੍ਰਤੀ ਏਕੜ ਦੀ ਵਿੱਤੀ ਮਦਦ ਕੇਂਦਰ ਸਰਕਾਰ ਦੀ ਹਿੱਸੇਦਾਰੀ ਦੀ ਤਜਵੀਜ਼ ਹੈ।



ਪੰਜਾਬ ਸਰਕਾਰ ਵੱਲੋਂ ਭੇਜੀ ਤਜਵੀਜ਼ ਅਨੁਸਾਰ ਕਿਸਾਨਾਂ ਨੂੰ 2500 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤੇ ਜਾਣ ਮਗਰੋਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਲਈ ਪਾਬੰਦ ਕੀਤਾ ਜਾਵੇਗਾ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਅਤੇ ਦਿੱਲੀ ਸਰਕਾਰ ਦਰਮਿਆਨ 500-500 ਰੁਪਏ ਦੀ ਹਿੱਸੇਦਾਰੀ ਪਾਉਣ ਦੀ ਸਹਿਮਤੀ ਬਣ ਗਈ ਹੈ। ਪੰਜਾਬ ਸਰਕਾਰ ਦਾ ਮੰਨਣਾ ਹੈ ਕਿ ਅਜਿਹਾ ਕੀਤੇ ਜਾਣ ਨਾਲ ਦਿੱਲੀ ਨੂੰ ਪ੍ਰਦੂਸ਼ਣ ਤੋਂ ਮੁਕਤੀ ਅਤੇ ਪੰਜਾਬ ਦੇ ਕਿਸਾਨਾਂ ਨੂੰ ਵਿੱਤੀ ਮੁਆਵਜ਼ਾ ਮਿਲੇਗਾ।

ਪੰਜਾਬ ਵਿਚ ਐਤਕੀਂ 73 ਲੱਖ ਏਕੜ ਰਕਬੇ ਵਿਚ ਝੋਨੇ ਦੀ ਲੁਆਈ ਹੋਈ ਹੈ ਅਤੇ ਇਸ ਲਿਹਾਜ਼ ਨਾਲ ਕਿਸਾਨਾਂ ਨੂੰ 1825 ਕਰੋੜ ਦੀ ਨਗਦ ਸਬਸਿਡੀ ਦਾ ਬਜਟ ਬਣ ਜਾਵੇਗਾ। ਤਜਵੀਜ਼ ਸਿਰੇ ਲੱਗਦੀ ਹੈ ਤਾਂ ਕੇਂਦਰ ਸਰਕਾਰ ਨੂੰ 1095 ਕਰੋੜ ਦੀ ਹਿੱਸੇਦਾਰੀ ਪਾਉਣੀ ਪਵੇਗੀ ਜਦੋਂ ਕਿ ਪੰਜਾਬ ਸਰਕਾਰ ਅਤੇ ਦਿੱਲੀ ਸਰਕਾਰ ਨੂੰ 730 ਕਰੋੜ ਦਾ ਪ੍ਰਬੰਧ ਕਰਨਾ ਪਵੇਗਾ।

ਪਰਾਲੀ ਪ੍ਰਬੰਧਨ ਲਈ ਇਸ ਤੋਂ ਪਹਿਲਾਂ ਕੇਂਦਰ ਵੱਲੋਂ ਮਸ਼ੀਨਰੀ ਵਾਸਤੇ 1200 ਕਰੋੜ ਪੰਜਾਬ ਵਿਚ ਖਰਚੇ ਜਾ ਚੁੱਕੇ ਹਨ। ਸੂਤਰਾਂ ਅਨੁਸਾਰ ਸਰਕਾਰ ਪਰਾਲੀ ਪ੍ਰਬੰਧਨ ਲਈ ਬਾਇਓ ਮਾਸ ਪ੍ਰੋਜੈਕਟਾਂ 'ਤੇ ਵੀ ਕੰਮ ਕਰ ਰਹੀ ਹੈ। ਪ੍ਰਾਈਵੇਟ ਕੰਪਨੀਆਂ ਨੂੰ ਇਸ ਪਾਸੇ ਸੱਦਾ ਦਿੱਤਾ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਨੇ ਸਾਲ 2019 ਵਿਚ ਕੇਂਦਰ ਸਰਕਾਰ ਨੂੰ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ 100 ਰੁਪਏ ਪ੍ਰਤੀ ਏਕੜ ਦੇਣ ਦੀ ਗੱਲ ਆਖੀ ਸੀ, ਪਰ ਕੇਂਦਰ ਨੇ ਅਜਿਹੀ ਕੋਈ ਸਬਸਿਡੀ ਜਾਰੀ ਨਹੀਂ ਕੀਤੀ ਸੀ। ਹੁਣ ਪੰਜਾਬ ਸਰਕਾਰ ਨੇ ਇਸ ਪਾਸੇ ਕਦਮ ਚੁੱਕਿਆ ਹੈ। ਪੰਜਾਬ ਵਿਚ ਹਰ ਸਾਲ ਪਰਾਲੀ ਸਾੜੀ ਜਾਂਦੀ ਹੈ ਤੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਖਿਲਾਫ ਕਾਰਵਾਈ ਵੀ ਕੀਤੀ ਜਾਂਦੀ ਹੈ। ਕਿਸਾਨ ਧਿਰਾਂ ਨੇ ਪਹਿਲਾਂ ਹੀ ਮੰਗ ਕੀਤੀ ਹੋਈ ਹੈ ਕਿ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਵਿੱਤੀ ਮਦਦ ਦਿੱਤੀ ਜਾਵੇ।

## ਗੰਨਾ ਕਾਸ਼ਤਕਾਰਾਂ ਨੂੰ 100 ਕਰੋੜ ਰੁਪਏ ਜਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗੰਨਾ ਕਾਸ਼ਤਕਾਰਾਂ ਲਈ 100 ਕਰੋੜ ਰੁਪਏ ਜਾਰੀ ਕਰਦਿਆਂ ਇਹ ਰਾਸ਼ੀ ਉਨ੍ਹਾਂ ਦੇ ਖਾਤਿਆਂ ਵਿਚ ਜਮ੍ਹਾ ਕਰਵਾ ਦਿੱਤੀ ਹੈ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਨਿਰਦੇਸ਼ਾਂ 'ਤੇ ਸ਼ੂਗਰਫੈੱਡ ਵੱਲੋਂ ਗੰਨਾ ਕਾਸ਼ਤਕਾਰਾਂ ਦੇ ਖਾਤਿਆਂ ਵਿਚ ਫੰਡ ਟਰਾਂਸਫਰ ਕੀਤੇ ਗਏ ਹਨ। ਸ਼ੂਗਰਫੈੱਡ ਵੱਲੋਂ ਗੰਨਾ ਕਾਸ਼ਤਕਾਰਾਂ ਨੂੰ ਅਦਾ ਕੀਤੀ ਜਾਣ ਵਾਲੀ ਬਕਾਇਆ ਰਾਸ਼ੀ ਹੁਣ 195.60 ਕਰੋੜ ਰੁਪਏ ਹੈ। ਇਸ ਵਿਚੋਂ 100 ਕਰੋੜ ਰੁਪਏ ਇਸ ਸਾਲ 31 ਅਗਸਤ ਤੱਕ ਅਦਾ ਕੀਤੇ ਜਾਣਗੇ ਅਤੇ ਬਾਕੀ 95.60 ਕਰੋੜ ਰੁਪਏ ਦੀ ਅਦਾਇਗੀ 15 ਸਤੰਬਰ ਤੱਕ ਕੀਤੀ ਜਾਵੇਗੀ। ਇਸ ਤੋਂ ਬਾਅਦ ਅਜਨਾਲਾ, ਬਟਾਲਾ, ਬੁੱਢੇਵਾਲ, ਭੋਗਪੁਰ, ਫਾਜ਼ਿਲਕਾ, ਗੁਰਦਾਸਪੁਰ, ਮੋਰਿੰਡਾ, ਨਕੋਦਰ ਅਤੇ ਨਵਾਂਸ਼ਹਿਰ ਵਿਖੇ ਸਰਕਾਰੀ ਮਾਲਕੀ ਵਾਲੀਆਂ 9 ਖੰਡ ਮਿੱਲਾਂ ਵੱਲ ਕੋਈ ਬਕਾਇਆ ਨਹੀਂ ਹੋਵੇਗਾ।

# ਨਸ਼ਿਆਂ ਖਿਲਾਫ ਜੰਗ ਵਿਚ ਪੰਜਾਬ ਦੀ ਬਾਂਹ ਫੜੇਗੀ ਕੇਂਦਰ ਸਰਕਾਰ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਸ਼ਿਆਂ ਖਿਲਾਫ ਪੰਜਾਬ ਦੀ ਹਰ ਮਦਦ ਕਰਨ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੇ ਨਸ਼ਿਆਂ ਖਿਲਾਫ 'ਜ਼ੀਰੋ ਟਾਲਰੈਂਸ' ਦੀ ਨੀਤੀ ਅਪਨਾਈ ਹੈ, ਜਿਸ ਦੇ ਨਤੀਜੇ ਸਾਹਮਣੇ ਆ ਰਹੇ ਹਨ। ਨਸ਼ਿਆਂ ਵਿਰੁੱਧ ਲੜਾਈ ਸਹੀ ਦਿਸ਼ਾ ਵੱਲ ਵਧ ਰਹੀ ਹੈ। ਉਹ ਨਾਰਕੋਟਿਕ ਕੰਟਰੋਲ ਬਿਊਰੋ ਵੱਲੋਂ ਪੰਜਾਬ ਭਵਨ ਵਿਚ 'ਨਸ਼ਾ ਤਸਕਰੀ ਅਤੇ ਕੌਮੀ ਸੁਰੱਖਿਆ' ਬਾਰੇ ਕਰਵਾਏ ਸੈਮੀਨਾਰ 'ਚ ਪੁੱਜੇ ਸਨ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਸਰਹੱਦੀ ਸੂਬਾ ਹੋਣ ਕਾਰਨ ਇਥੇ ਨਸ਼ਿਆਂ ਦੀ ਸਮੱਸਿਆ ਜ਼ਿਆਦਾ ਹੈ, ਜਿਸ ਦੇ ਖਾਤਮੇ ਲਈ ਕੇਂਦਰ ਸਰਕਾਰ ਸੂਬੇ ਦੀ ਹਰ ਸੰਭਵ ਮਦਦ ਲਈ ਤਿਆਰ ਹੈ। ਸ੍ਰੀ ਸ਼ਾਹ ਨੇ ਅੰਮ੍ਰਿਤਸਰ 'ਚ ਫੋਰੈਂਸਿਕ ਲੈਬ ਅਤੇ ਐਨ.ਸੀ.ਬੀ. ਦਾ ਸਿਖਲਾਈ ਕੇਂਦਰ ਖੋਲ੍ਹਣ ਦਾ ਐਲਾਨ ਕੀਤਾ, ਜਿਸ ਲਈ ਜ਼ਮੀਨ ਪੰਜਾਬ ਸਰਕਾਰ ਨੂੰ ਮੁਹੱਈਆ ਕਰਵਾਉਣੀ ਪਵੇਗੀ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਦੇ ਐਲਾਨ ਦਾ ਸਵਾਗਤ ਕਰਦਿਆਂ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਜ਼ਮੀਨ ਮੁਹੱਈਆ ਕਰਵਾਉਣ ਲਈ ਤਿਆਰ ਹੈ।

ਸੈਮੀਨਾਰ ਵਿਚ ਪੰਜਾਬ ਦੇ ਰਾਜਪਾਲ ਅਤੇ ਯੂਟੀ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੇ ਜੰਮੂ ਕਸ਼ਮੀਰ ਦੇ ਅਧਿਕਾਰੀਆਂ ਨੇ ਹਿੱਸਾ ਲਿਆ। ਇਸ ਮੌਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦੇਸ਼ ਵਿਚੋਂ ਨਸ਼ਿਆਂ ਦੀ ਰੋਕਥਾਮ ਲਈ ਨਾਰਕੋਟਿਕ ਕੰਟਰੋਲ ਬਿਊਰੋ (ਐਨ.ਸੀ.ਬੀ.) ਦਾ ਗਠਨ ਕੀਤਾ ਗਿਆ ਹੈ, ਜਿਸ ਵੱਲੋਂ ਵੱਡੀ ਮਾਤਰਾ ਵਿਚ ਬਰਾਮਦ ਹੋਣ ਵਾਲੇ ਨਸ਼ਿਆਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸਾਲ 2006-13 ਦੌਰਾਨ 1.52 ਲੱਖ ਕਿਲੋਗ੍ਰਾਮ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਸਨ ਜਦਕਿ ਸਾਲ 2014-21 ਦੌਰਾਨ 3.3 ਲੱਖ ਕਿਲੋਗ੍ਰਾਮ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਜਦਕਿ ਗ੍ਰਿਫਤਾਰੀਆਂ ਵਿੱਚ 260 ਫ਼ੀਸਦੀ ਵਾਧਾ ਹੋਇਆ।



ਉਨ੍ਹਾਂ ਕਿਹਾ ਕਿ ਸਾਲ 2006-13 ਦੌਰਾਨ 768 ਕਰੋੜ ਦੀ ਨਸ਼ੀਲੀ ਸਮੱਗਰੀ ਜ਼ਬਤ ਕੀਤੀ ਗਈ ਸੀ ਜਦਕਿ ਮੋਦੀ ਸਰਕਾਰ ਨੇ ਸਾਲ 2014-21 ਤੱਕ 20 ਹਜ਼ਾਰ ਕਰੋੜ ਦੀ ਨਸ਼ੀਲੀ ਸਮੱਗਰੀ ਜ਼ਬਤ ਕੀਤੀ ਹੈ। ਕੇਂਦਰੀ ਗ੍ਰਹਿ ਮੰਤਰੀ ਸ੍ਰੀ ਸ਼ਾਹ ਨੇ ਕਿਹਾ ਕਿ ਕੇਂਦਰ ਸਰਕਾਰ ਆਉਣ ਵਾਲੇ ਸਮੇਂ ਵਿਚ ਨਸ਼ਾ ਤਸਕਰੀ ਦੀ ਰੋਕਥਾਮ ਲਈ ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਲਈ ਕੰਮ ਕਰ ਰਹੀ ਹੈ ਜਦਕਿ ਨਸ਼ੀਲੇ ਪਦਾਰਥਾਂ ਦੀ ਰੋਕਥਾਮ ਲਈ ਸੂਬਾ ਸਰਕਾਰਾਂ ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਿਹਤਮੰਦ ਸਮਾਜ ਅਤੇ ਖੁਸ਼ਹਾਲ ਦੇਸ਼ ਦੀ ਸਿਰਜਣਾ ਲਈ ਕੇਂਦਰ ਅਤੇ ਸੂਬਿਆਂ ਨੂੰ ਇਕਜੁੱਟ ਹੋ ਕੇ ਲੜਾਈ ਲੜਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਰਗੇ ਸਰਹੱਦੀ ਸੂਬੇ ਵਿਚ ਨਸ਼ਿਆਂ ਦੀ ਰੋਕਥਾਮ ਲਈ ਕੇਂਦਰ ਸਰਕਾਰ ਪੰਜਾਬ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਕੇਂਦਰ ਸਰਕਾਰ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਦਲ-ਦਲ ਵਿਚੋਂ ਕੱਢਣ ਲਈ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਨਾਰਕੋ-ਗੈਂਗਸਟਰ-ਅਤਿਵਾਦ ਦੇ ਨਾਪਾਕ ਗੱਠਜੋੜ ਦਾ ਮੁਕਾਬਲਾ ਕਰਨ ਲਈ ਸੂਬਿਆਂ ਨੂੰ ਸਾਂਝੀ ਕਾਰਵਾਈ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਇਸ ਖਤਰੇ ਨਾਲ ਲੜਨ ਲਈ ਸਾਰੇ ਮਿਲ ਕੇ ਕਾਰਵਾਈ ਕਰਨ। ਉਨ੍ਹਾਂ ਕਿਹਾ ਕਿ ਸੂਬਿਆਂ ਨੂੰ ਸਿਹਰਾ ਲੈਣ ਦੀ ਦੌੜ ਵਿਚ ਨਹੀਂ ਪੈਣਾ ਚਾਹੀਦਾ ਸਗੋਂ ਗੈਂਗਸਟਰਾਂ, ਨਸ਼ਾ ਤਸਕਰਾਂ ਤੇ ਅਤਿਵਾਦੀਆਂ ਦੇ ਖਾਤਮੇ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਦੇ ਹਿੱਤਾਂ ਦੀ ਰੱਖਿਆ ਲਈ ਇਸ ਖਤਰੇ ਨੂੰ ਛੇਤੀ ਤੋਂ ਛੇਤੀ ਖਤਮ ਕਰਨ ਦੀ ਲੋੜ ਹੈ।

## ਮਾਨ ਨੇ ਬੀ.ਐਸ.ਐਫ. ਨੂੰ ਸਰਹੱਦੀ ਚੌਕਸੀ ਵਧਾਉਣ ਲਈ ਕਿਹਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ ਉਤੇ ਬੀ.ਐਸ.ਐਫ. ਦੇ ਡਾਇਰੈਕਟਰ ਜਨਰਲ ਪੰਕਜ ਕੁਮਾਰ ਨਾਲ ਮੁਲਾਕਾਤ ਕੀਤੀ। ਇਸ ਮੌਕੇ ਮੁੱਖ ਮੰਤਰੀ ਨੇ ਡੀ.ਜੀ. ਨੂੰ ਸਰਹੱਦ ਪਾਰੋਂ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਨੂੰ ਠੱਲ੍ਹ ਪਾਉਣ ਲਈ ਸੂਬੇ ਦੀਆਂ ਸਰਹੱਦਾਂ ਉਤੇ ਚੌਕਸੀ ਵਧਾਉਣ ਲਈ ਜ਼ੋਰ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਕੰਡਿਆਲੀ ਤਾਰ ਪਾਰੋਂ ਹੁੰਦੀ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਦੇ ਮੱਦੇਨਜ਼ਰ ਸਰਹੱਦੀ ਸੂਬਾ ਹੋਣ ਦੇ ਨਾਤੇ ਪੰਜਾਬ ਨੂੰ ਅਣਗਿਣਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਤਸਕਰੀ ਨਾਲ ਸਖ਼ਤੀ ਨਾਲ ਸਿੱਝਣ ਦੀ ਲੋੜ ਹੈ ਕਿਉਂਕਿ ਇਹ ਦੇਸ਼ ਦੀ ਏਕਤਾ, ਅਖੰਡਤਾ, ਸੁਰੱਖਿਆ ਤੇ ਪ੍ਰਭੂਸੱਤਾ ਲਈ ਵੱਡਾ ਖਤਰਾ ਖੜ੍ਹਾ ਕਰ ਰਹੀ ਹੈ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਨਸ਼ਿਆਂ ਖਿਲਾਫ਼ ਦੇਸ਼ ਦੀ ਲੜਾਈ ਲੜ ਰਿਹਾ ਹੈ ਕਿਉਂਕਿ ਸੂਬੇ ਵਿਚ ਰੱਤੀ ਭਰ ਵੀ ਨਸ਼ਿਆਂ ਉਗਾਇਆ ਨਹੀਂ ਜਾਂਦਾ ਪਰ ਸੂਬਾ ਨਸ਼ਾ ਸਪਲਾਈ ਦਾ ਲਾਂਘਾ ਹੈ। ਇਸ ਲਈ ਸੂਬਾ ਦੇਸ਼ ਵਿਚ ਨਸ਼ਿਆਂ ਦੀ ਤਸਕਰੀ ਰੋਕਣ ਲਈ ਸਖ਼ਤੀ ਨਾਲ ਲੜ ਰਿਹਾ ਹੈ।

## ਮੁੱਖ ਮੰਤਰੀ ਵੱਲੋਂ ਪੇਂਡੂ ਸੜਕਾਂ ਦੀ ਮੁਰੰਮਤ ਕਰਨ ਨੂੰ ਹਰੀ ਝੰਡੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਮੰਡੀ ਬੋਰਡ ਨੂੰ ਸੂਬੇ ਦੀਆਂ 4465 ਕਿਲੋਮੀਟਰ ਪੇਂਡੂ ਸੜਕਾਂ ਨੂੰ ਚੌੜਾ ਕਰਨ, ਅਪਗ੍ਰੇਡ ਅਤੇ ਮਜ਼ਬੂਤ ਕਰਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਸਬੰਧੀ ਫੈਸਲਾ ਮੁੱਖ ਮੰਤਰੀ ਨੇ ਇਥੇ ਆਪਣੀ ਸਰਕਾਰੀ ਰਿਹਾਇਸ਼ ਉਤੇ ਬੋਰਡ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਲਿਆ। ਮੀਟਿੰਗ ਦੌਰਾਨ ਮੁੱਖ ਮੰਤਰੀ ਨੇ 692 ਕਰੋੜ ਰੁਪਏ ਦੀ ਲਾਗਤ ਨਾਲ 4465 ਕਿਲੋਮੀਟਰ ਸੜਕ ਦੀ ਮੁਰੰਮਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਰਾਹਗੀਰਾਂ ਦੀ ਸਹੂਲਤ ਲਈ ਪੇਂਡੂ ਸੜਕੀ ਨੈੱਟਵਰਕ ਨੂੰ ਮਜ਼ਬੂਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਸੜਕਾਂ ਉੱਚ ਗੁਣਵੱਤਾ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਪੰਜਾਬ ਨੂੰ ਸਾਫ-ਸੁਥਰਾ, ਹਰਿਆ-ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਦੇ ਉਦੇਸ਼ ਨਾਲ ਹੋਰ ਮਹੱਤਵਪੂਰਨ ਫੈਸਲੇ ਵਿਚ ਮੁੱਖ ਮੰਤਰੀ ਨੇ 1000 ਕਿਲੋਮੀਟਰ ਤੋਂ ਵੱਧ ਸੜਕਾਂ ਦੇ ਨਾਲ-ਨਾਲ ਹਰੀ ਪੱਟੀ ਵਿਕਸਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

## ਪੰਜਾਬ ਵਜ਼ਾਰਤ ਵੱਲੋਂ ਕਸਟਮ ਮਿਲਿੰਗ ਨੀਤੀ ਨੂੰ ਹਰੀ ਝੰਡੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਪੰਜਾਬ ਵਜ਼ਾਰਤ ਦੀ ਮੀਟਿੰਗ ਵਿਚ ਸਾਉਣੀ ਮੰਡੀਕਰਨ ਸੀਜ਼ਨ-2022-23 ਲਈ ਝੋਨੇ ਦੀ ਮਿਲਿੰਗ ਵਾਸਤੇ 'ਦਿ ਪੰਜਾਬ ਕਸਟਮ ਮਿਲਿੰਗ ਪਾਲਿਸੀ' ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ।

ਇਸ ਨਾਲ ਖਰੀਦਿਆ ਗਿਆ ਝੋਨਾ ਸੂਬੇ 'ਚ ਸਥਾਪਤ ਮਿੱਲਾਂ ਰਾਹੀਂ ਚੌਲ ਬਣਾਉਣ ਮਗਰੋਂ ਭਾਰਤੀ ਖੁਰਾਕ ਨਿਗਮ ਨੂੰ ਮੁਹੱਈਆ ਕਰਵਾਇਆ ਜਾਵੇਗਾ। ਇਸ ਦੇ ਨਾਲ ਹੀ ਮੰਤਰੀ ਮੰਡਲ ਨੇ ਬਿਜਲੀ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਪੀ.ਐਸ.ਪੀ.ਸੀ.ਐਲ. ਦੀ ਕਾਰਜ ਯੋਜਨਾ ਅਤੇ ਨਾਗਰਿਕ ਕੇਂਦਰਿਤ ਈਕੋ-ਸਿਸਟਮ ਕਾਇਮ ਕਰਨ ਲਈ ਐਨ.ਐਲ.ਐਸ.ਐਫ. ਨਾਲ ਸਮਝੌਤੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਚੰਡੀਗੜ੍ਹ ਸਥਿਤ ਪੰਜਾਬ ਸਿਵਲ ਸਕੱਤਰੇਤ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ। ਵਜ਼ਾਰਤ ਦੀ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਕੈਬਨਿਟ ਨੇ 'ਦਿ ਪੰਜਾਬ ਕਸਟਮ ਮਿਲਿੰਗ ਪਾਲਿਸੀ' ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਨੀਤੀ ਪੰਜਾਬ ਦੀਆਂ ਖਰੀਦ ਏਜੰਸੀਆਂ (ਪਨਗਰੇਨ, ਮਾਰਕਫੈੱਡ, ਪਨਸਪ,



ਪੰਜਾਬ ਰਾਜ ਗੁਦਾਮ ਨਿਗਮ ਅਤੇ ਭਾਰਤੀ ਖੁਰਾਕ ਨਿਗਮ) ਵੱਲੋਂ ਖਰੀਦੇ ਜਾਣ ਵਾਲੇ ਝੋਨੇ ਦੀ ਮਿਲਿੰਗ ਨੂੰ ਸਮੇਂ ਸਿਰ ਕੇਂਦਰੀ ਪੂਲ 'ਚ ਭੁਗਤਾਉਣ ਲਈ ਤਿਆਰ ਕੀਤੀ ਗਈ ਹੈ। ਇਸ ਦੌਰਾਨ ਪੰਜਾਬ ਕੈਬਨਿਟ ਨੇ ਸਾਉਣੀ ਮੰਡੀਕਰਨ ਸੀਜ਼ਨ-2022-23 ਪਹਿਲੀ ਅਕਤੂਬਰ ਤੋਂ ਸ਼ੁਰੂ ਕਰ ਕੇ 30 ਨਵੰਬਰ ਤੱਕ ਮੁਕੰਮਲ ਕਰਨ ਦਾ ਫੈਸਲਾ ਕੀਤਾ ਹੈ। ਇਸ ਸੀਜ਼ਨ ਦੌਰਾਨ ਖਰੀਦੇ ਜਾਣ ਵਾਲੇ ਝੋਨੇ ਨੂੰ ਸੂਬੇ 'ਚ ਯੋਗ ਚੌਲ ਮਿੱਲਾਂ 'ਚ ਭੰਡਾਰ ਕੀਤਾ ਜਾਵੇਗਾ। ਇਸੇ ਤਰ੍ਹਾਂ ਕੈਬਨਿਟ ਨੇ ਨਾਗਰਿਕ ਕੇਂਦਰਿਤ, ਅਗਾਂਹਵਧੂ ਗਵਰਨੈਂਸ ਈਕੋ-ਸਿਸਟਮ ਬਣਾਉਣ ਲਈ ਵਧੇਰੇ ਪੇਸ਼ੇਵਰ ਮੁਹਾਰਤ ਲਿਆਉਣ ਵਾਸਤੇ ਪੰਜਾਬ ਕੈਬਨਿਟ ਨੇ 'ਨੰਜ ਲਾਈਫ ਸਕਿੱਲਜ਼ ਫਾਊਂਡੇਸ਼ਨ' ਨਾਲ 27 ਮਹੀਨਿਆਂ ਦੇ ਵਕਫ਼ੇ ਲਈ ਸਮਝੌਤੇ ਲਈ ਸਹਿਮਤੀ ਦੇ ਦਿੱਤੀ ਹੈ।

## ਸ਼੍ਰੋਮਣੀ ਕਮੇਟੀ ਨੂੰ ਅੰਮ੍ਰਿਤ ਸਰੋਵਰ ਪ੍ਰੋਜੈਕਟ ਦੇ ਨਾਂ 'ਤੇ ਇਤਰਾਜ਼

**ਅੰਮ੍ਰਿਤਸਰ:** ਭਾਰਤ ਸਰਕਾਰ ਵੱਲੋਂ ਪਿੰਡਾਂ ਅੰਦਰ ਬਰਸਾਤੀ ਪਾਣੀ ਸੰਭਾਲਣ ਲਈ ਸ਼ੁਰੂ ਕੀਤੇ ਅੰਮ੍ਰਿਤ ਸਰੋਵਰ ਪ੍ਰੋਜੈਕਟ ਦੇ ਨਾਂ ਬਾਰੇ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਪ੍ਰਗਟ ਕੀਤਾ ਹੈ ਅਤੇ ਇਸ ਦਾ ਨਾਂ ਬਦਲਣ ਦੀ ਅਪੀਲ ਕੀਤੀ ਹੈ। ਭਾਰਤ ਸਰਕਾਰ ਵੱਲੋਂ ਦੇਸ਼ ਵਿਚ ਬਰਸਾਤੀ ਪਾਣੀ ਦੀ ਸੰਭਾਲ ਲਈ ਟੋਭੇ ਤਿਆਰ ਕੀਤੇ ਜਾ ਰਹੇ ਹਨ, ਜਿਨ੍ਹਾਂ ਦਾ ਨਾਂ ਅੰਮ੍ਰਿਤ ਸਰੋਵਰ ਰੱਖਿਆ ਗਿਆ ਹੈ। ਇਹ ਨਾਂ ਸਿੱਖ ਇਤਿਹਾਸ ਤੇ ਰਵਾਇਤਾਂ ਨਾਲ ਮੇਲ ਖਾਂਦਾ ਹੈ, ਜਿਸ ਦਾ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਪ੍ਰਗਟ ਕਰਦਿਆਂ ਭਾਰਤ ਦੇ ਪੇਂਡੂ ਵਿਕਾਸ ਮੰਤਰੀ ਗਿਰੀਰਾਜ ਸਿੰਘ ਨੂੰ ਪੱਤਰ ਲਿਖ ਕੇ ਪ੍ਰੋਜੈਕਟ ਦਾ ਨਾਂ ਬਦਲਣ ਲਈ ਅਪੀਲ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਇਸ ਪ੍ਰੋਜੈਕਟ ਤਹਿਤ ਤਿਆਰ ਕੀਤੇ ਜਾਣ ਵਾਲੇ ਟੋਭਿਆਂ ਦਾ ਨਾਂ ਤੁਰਤ ਬਦਲਿਆ ਜਾਵੇ।

## ਸਾਬਕਾ ਮੰਤਰੀ ਆਸ਼ੂ ਦੀਆਂ ਮੁਸ਼ਕਿਲਾਂ ਵਧੀਆਂ

**ਲੁਧਿਆਣਾ:** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਨੂੰ ਭ੍ਰਿਸ਼ਟਾਚਾਰ ਮਾਮਲੇ 'ਚ ਗ੍ਰਿਫਤਾਰ ਕਰਨ ਤੋਂ ਬਾਅਦ 'ਆਪ' ਸਰਕਾਰ ਨੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਨਜ਼ਦੀਕੀ ਸਾਥੀ ਤੇ ਨਗਰ ਸੁਧਾਰ ਟਰੱਸਟ ਲੁਧਿਆਣਾ ਦੇ ਸਾਬਕਾ ਚੇਅਰਮੈਨ ਰਮਨ ਬਾਲਾ ਸੁਬਰਾਮਨੀਅਮ 'ਤੇ ਸ਼ਿਕੰਜਾ ਕੱਸ ਦਿੱਤਾ ਹੈ।



ਵਿਜੀਲੈਂਸ ਦੀ ਟੀਮ ਨੇ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ 'ਤੇ ਟਰੱਸਟ ਦੀ ਪ੍ਰਾਪਰਟੀ ਨੂੰ ਗਲਤ ਤਰੀਕੇ ਨਾਲ ਵੇਚਣ ਦੇ ਦੋਸ਼ 'ਚ ਕੇਸ ਦਰਜ ਕੀਤਾ ਹੈ। ਇਸ ਦੇ ਨਾਲ ਹੀ ਸੁਬਰਾਮਨੀਅਮ ਸਣੇ ਛੇ ਮੁਲਜ਼ਮਾਂ ਖਿਲਾਫ ਵੀ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਕਾਰਵਾਈ ਤੋਂ ਬਾਅਦ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਦੀਆਂ ਮੁਸ਼ਕਲਾਂ ਵੀ ਵਧ ਸਕਦੀਆਂ ਹਨ। ਵਿਜੀਲੈਂਸ ਦੀ ਟੀਮ ਨੇ ਸਾਬਕਾ ਚੇਅਰਮੈਨ ਦੇ ਪੀਏ ਸੰਦੀਪ ਸ਼ਰਮਾ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦੋਂਕਿ ਇਸ ਮਾਮਲੇ 'ਚ ਨਾਮਜ਼ਦ ਈਓ ਕੁਲਜੀਤ ਕੌਰ ਤੇ ਸੇਲਜ਼ ਕਲਰਕ ਪ੍ਰਵੀਨ ਕੁਮਾਰ ਪਹਿਲਾਂ ਹੀ ਰਿਸ਼ਵਤ ਲੈਣ ਦੇ ਮਾਮਲੇ 'ਚ ਗ੍ਰਿਫਤਾਰ ਹਨ। ਇਸ ਮਾਮਲੇ 'ਚ ਰਮਨ ਬਾਲਾ ਸੁਬਰਾਮਨੀਅਮ, ਕਲਰਕ ਗਗਨਦੀਪ ਅਤੇ ਐਸ.ਡੀ.ਓ. ਅੰਕਿਤ ਨਾਰੰਗ ਹਾਲੇ ਫਰਾਰ ਹਨ। ਵਿਜੀਲੈਂਸ ਦੀ ਟੀਮ ਨੇ ਤਿੰਨਾਂ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇ ਸ਼ੁਰੂ ਕਰ ਦਿੱਤੇ ਹਨ ਤੇ ਪਹਿਲਾਂ ਤੋਂ ਰਿਸ਼ਵਤ ਮਾਮਲੇ 'ਚ ਗ੍ਰਿਫਤਾਰ ਬਾਕੀ ਤਿੰਨ ਮੁਲਜ਼ਮਾਂ ਨੂੰ ਦੁਬਾਰਾ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਜਾਵੇਗਾ। ਵਿਜੀਲੈਂਸ ਬਿਊਰੋ ਦੀ ਜਾਣਕਾਰੀ ਅਨੁਸਾਰ ਕੁਝ ਸਮਾਂ ਪਹਿਲਾਂ ਜੇਈ ਹਰਮੀਤ ਸਿੰਘ ਤੇ ਈਓ ਕੁਲਜੀਤ ਕੌਰ ਨੂੰ 10 ਹਜ਼ਾਰ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ 'ਚ 14 ਜੁਲਾਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਜਾਂਚ ਦੌਰਾਨ ਪਤਾ ਲੱਗਿਆ ਕਿ ਮੁਲਜ਼ਮਾਂ ਨੇ ਕਈ ਘਪਲੇ ਕੀਤੇ ਹਨ। ਇਸ 'ਚ ਸਨਅਤੀ ਸ਼ਹਿਰ ਦੀਆਂ ਕਈ ਪ੍ਰਾਈਮ ਪ੍ਰਾਪਰਟੀਆਂ ਹਨ, ਜੋ ਮੁਲਜ਼ਮਾਂ ਨੇ ਗਲਤ ਤਰੀਕੇ ਨਾਲ ਅਲਾਟ ਕੀਤੀਆਂ ਹਨ। ਇਨ੍ਹਾਂ 'ਚ ਪਲਾਟ ਨੰ. ਐਸ.ਬੀ.ਐਸ. ਨਗਰ 'ਚ 9-ਬੀ, ਪਲਾਟ ਨੰ. 102, 103, 104, 105, 106-ਡੀ ਰਿਸ਼ੀ ਨਗਰ ਅਤੇ ਪਲਾਟ ਨੰ. 366-ਬੀ, 140 ਸਰਾਭਾ ਨਗਰ 'ਚ ਜੋ ਲੋਕਾਂ ਨੂੰ ਦਿੱਤੇ ਗਏ ਹਨ ਅਤੇ ਟਰੱਸਟ ਦੀਆਂ ਹੋਰ ਯੋਜਨਾਵਾਂ ਦੇ ਤਹਿਤ ਲੋਕਾਂ ਤੋਂ ਵੱਡੀ ਗਿਣਤੀ 'ਚ ਰਿਸ਼ਵਤ ਲਈ ਗਈ ਹੈ। ਜਾਣਕਾਰੀ ਅਨੁਸਾਰ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਕੁਝ ਅਲਾਟੀਆਂ ਦੀ ਤਾਂ ਮੌਤ ਹੋ ਗਈ ਸੀ ਤੇ ਉਨ੍ਹਾਂ ਦੇ ਪਲਾਟ ਵੀ ਕੁਝ ਲੋਕਾਂ ਨੂੰ ਅਲਾਟ ਕਰ ਦਿੱਤੇ ਗਏ।

## ਪੰਜਾਬ ਵਿਚ ਇਸ ਸਮੇਂ ਅੱਧਾ ਦਰਜਨ ਮੁੱਖ ਮੰਤਰੀ: ਸੁਖਬੀਰ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਹੁਣ ਇਕ ਅਜਿਹਾ ਰਾਜ ਬਣ ਗਿਆ ਹੈ, ਜਿਥੇ ਇਕ ਨਹੀਂ ਸਗੋਂ ਅੱਧਾ ਦਰਜਨ ਮੁੱਖ ਮੰਤਰੀ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਭਗਵੰਤ ਮਾਨ, ਅਰਵਿੰਦ ਕੇਜਰੀਵਾਲ, ਰਾਘਵ ਚੱਢਾ, ਭਗਵੰਤ ਮਾਨ ਦੀ ਪਤਨੀ ਅਤੇ ਭਗਵੰਤ ਮਾਨ ਦੀ ਮਾਤਾ ਸਾਰੇ ਹੀ ਮੁੱਖ ਮੰਤਰੀ ਹਨ। ਇਹੀ ਕਾਰਨ ਹੈ ਕਿ ਇੰਨੀ ਥਾਂ 'ਤੇ ਪਾਵਰ ਵੰਡੀ ਹੋਈ ਹੈ ਅਤੇ ਸਰਕਾਰ ਦੀ ਕੋਈ ਇਕਸੁਰਤਾ ਨਾ ਹੋਣ ਕਰਕੇ ਸਰਕਾਰ ਐਡਵੋਕੇਟ ਜਨਰਲ ਤੱਕ ਦੇ ਫੈਸਲੇ ਖੁਦ ਨਹੀਂ ਲੈ ਪਾ ਰਹੀ। ਸੁਖਬੀਰ ਨੇ ਕਿਹਾ ਕਿ ਜਿਹੜੀ ਸਰਕਾਰ ਐਡਵੋਕੇਟ ਜਨਰਲ ਬਾਰੇ ਫੈਸਲਾ ਨਹੀਂ ਲੈ ਸਕਦੀ, ਉਹ ਪੰਜਾਬ ਦੇ ਲੋਕਾਂ ਤੇ ਹਿੱਤਾਂ ਬਾਰੇ ਫੈਸਲੇ ਕਿਸ ਤਰ੍ਹਾਂ ਲੈ ਸਕਦੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਕੁਝ ਹੋਰ ਕਹਿ ਰਹੇ ਹਨ, ਰਾਘਵ ਚੱਢਾ ਕੁਝ ਹੋਰ ਅਤੇ ਜਦੋਂ ਫੈਸਲਾ ਅੰਤਿਮ ਘੜੀ ਵਿਚ ਅਰਵਿੰਦ ਕੇਜਰੀਵਾਲ ਕੋਲ ਪਹੁੰਚਦਾ ਹੈ ਤਾਂ ਕੁਝ ਹੋਰ ਹੀ ਬਣ ਜਾਂਦਾ ਹੈ। ਸ੍ਰੀ ਬਾਦਲ ਕਿਹਾ ਕਿ ਇਹ ਪਹਿਲਾ ਮੌਕਾ ਹੈ



ਜਦੋਂ ਪੰਜਾਬ ਨੂੰ ਦਿੱਲੀ ਬੈਠੇ ਲੋਕ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁਹੱਲਾ ਕਲੀਨਿਕਾਂ ਦੇ ਨਾਮ 'ਤੇ ਸਰਕਾਰ ਵੱਲੋਂ ਮੂਰਖ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ 20 ਲੱਖ ਵਿਚ ਪੂਰਾ ਜਨ ਸੇਵਾ ਕੇਂਦਰ ਬਣਾਇਆ ਤੇ ਆਮ ਆਦਮੀ ਪਾਰਟੀ ਵਾਲੇ ਸਿਰਫ ਉਨ੍ਹਾਂ 'ਤੇ ਰੰਗ ਰੋਗਨ ਕਰਕੇ ਇਕ ਮੁਹੱਲਾ ਕਲੀਨਿਕ 'ਤੇ 20 ਲੱਖ ਰੁਪਏ ਦਾ ਖਰਚ ਦਿਖਾ ਰਹੇ ਹਨ।

## ਗਾਂਧੀ ਤੇ ਬਾਦਲ ਪਰਿਵਾਰ ਨੂੰ ਸਿਆਸੀ ਭਵਿੱਖ ਦੀ ਚਿੰਤਾ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਕਾਂਗਰਸ ਅਤੇ ਅਕਾਲੀ ਦਲ 'ਤੇ ਸਿੱਧਾ ਹਮਲਾ ਕਰਦਿਆਂ ਕਿਹਾ ਕਿ ਦੋਵੇਂ ਪਾਰਟੀਆਂ ਨੂੰ ਕੇਂਦਰ ਸਰਕਾਰ ਦੀਆਂ ਤਾਨਾਸ਼ਾਹੀ ਅਤੇ ਲੋਕ ਵਿਰੋਧੀ ਨੀਤੀਆਂ 'ਤੇ ਘੇਰਨ ਦੀ ਬਜਾਏ ਆਪਣੇ ਪ੍ਰਧਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਿਆਸੀ ਭਵਿੱਖ ਬਚਾਉਣ ਦੀ ਚਿੰਤਾ ਹੈ। 'ਆਪ' ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਦੇਸ਼ 'ਤੇ ਅਜਿਹਾ ਕੰਟਰੋਲ ਮੁਕਤ ਸ਼ਾਸਨ ਥੋਪ ਦਿੱਤਾ ਹੈ, ਜਿਸ ਨੇ ਦੇਸ਼ ਵਿਚ ਆਰਥਿਕ ਅਤੇ ਸਮਾਜਿਕ ਅਸਮਾਨਤਾਵਾਂ ਨੂੰ ਵਧਾ ਦਿੱਤਾ ਹੈ। ਸ੍ਰੀ ਕੰਗ ਨੇ ਕਿਹਾ ਕਿ ਕੇਂਦਰ ਦੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਭਾਜਪਾ ਦੀਆਂ 'ਗੈਰ-ਸੰਵਿਧਾਨਕ ਅਤੇ ਲੋਕ ਵਿਰੋਧੀ ਨੀਤੀਆਂ' ਖਿਲਾਫ਼ ਕੋਈ ਰੋਸ ਪ੍ਰਦਰਸ਼ਨ ਕਰਨ ਦੀ ਥਾਂ ਸੋਨੀਆ ਗਾਂਧੀ ਨੂੰ ਈ.ਡੀ. ਵੱਲੋਂ ਸੰਮਨ ਕੀਤੇ ਜਾਣ ਦੇ ਵਿਰੋਧ ਵਿਚ ਵਰਕਰਾਂ ਨੂੰ ਬਲਾਕ ਪੱਧਰ ਤੋਂ ਲੈ ਕੇ ਕੌਮੀ ਪੱਧਰ ਤੱਕ ਧਰਨੇ ਦੇਣ ਦੇ ਨਿਰਦੇਸ਼ ਦੇ ਦਿੱਤੇ।

# ਬੰਦੀ ਸਿੰਘਾਂ ਦੀ ਰਿਹਾਈ ਲਈ ਵਿਧਾਨ ਸਭਾ 'ਚ ਮਤਾ ਪਾਸ ਕਰਨ ਦਾ ਸੱਦਾ

**ਮੁਹਾਲੀ:** ਹਵਾਰਾ ਕਮੇਟੀ ਰਿਹਾਈ ਫਰੰਟ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਸਿਆਸੀ ਗਲਿਆਰੇ ਵਿਚ ਲਿਜਾਉਣ ਲਈ ਵਿਧਾਇਕਾਂ ਨੂੰ ਮੰਗ ਪੱਤਰ ਦੇਣ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ। ਫਰੰਟ ਵੱਲੋਂ ਸੱਤਾਧਾਰੀ ਅਤੇ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਪੱਤਰ ਲਿਖ ਕੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਬੰਦੀ ਸਿੰਘ ਦੋ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਸੰਤਾਪ ਹੰਢਾ ਰਹੇ ਹਨ ਅਤੇ ਉਨ੍ਹਾਂ ਦੀ ਅਦਾਲਤ ਵੱਲੋਂ ਦਿੱਤੀਆਂ ਸਜ਼ਾਵਾਂ ਸਮਾਪਤ ਹੋਣ ਦੇ ਬਾਵਜੂਦ ਰਿਹਾਅ ਨਹੀਂ ਕੀਤਾ ਜਾ ਰਿਹਾ ਹੈ, ਜੋ ਸੰਵਿਧਾਨ ਦੀ ਧਾਰਾ 21 ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।

ਸਮੂਹ ਵਿਧਾਇਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਇਨ੍ਹਾਂ ਦੀ ਪੱਕੀ ਰਿਹਾਈ ਨੂੰ ਯਕੀਨੀ ਬਣਾਉਣ ਲਈ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਆਪਣੇ ਸੰਵਿਧਾਨਿਕ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਰਿਹਾਈ ਲਈ ਮਤਾ ਪਾਸ ਕੀਤਾ ਜਾਵੇ। ਤਾਮਿਲਨਾਡੂ ਦੇ ਵਿਧਾਇਕਾਂ ਨੇ ਆਪਣੇ ਸੰਵਿਧਾਨਿਕ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਰਹੂਮ ਰਾਜੀਵ ਗਾਂਧੀ ਦੇ ਹਤਿਆਰਿਆਂ ਦੀ ਰਿਹਾਈ ਦੇ ਹੱਕ ਵਿਚ ਸਤੰਬਰ 2018 ਵਿਚ ਵਿਧਾਨ ਸਭਾ ਵਿਚ ਮਤਾ ਪਾਸ ਕੀਤਾ ਸੀ ਅਤੇ ਰਿਹਾਈ ਲਈ ਸੂਬੇ ਦੇ ਰਾਜਪਾਲ ਨੂੰ ਸਿਫਾਰਸ਼ ਕੀਤੀ ਗਈ ਸੀ।




ਸੁਪਰੀਮ ਕੋਰਟ ਨੇ 18 ਮਈ ਨੂੰ ਧਾਰਾ 142 ਹੇਠ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਬੰਦੀ ਨੂੰ ਰਿਹਾਅ ਕਰ ਦਿੱਤਾ ਸੀ। ਪੱਤਰ ਵਿਚ ਇਹ ਵੀ ਲਿਖਿਆ ਗਿਆ ਹੈ ਬੰਦੀ ਸਿੰਘਾਂ ਨੇ ਜੋ ਕੁਝ ਵੀ ਕੀਤਾ, ਉਸ ਵਿਚ ਉਨ੍ਹਾਂ ਦਾ ਕੋਈ ਵੀ ਨਿੱਜੀ ਮੁਫਾਦ ਨਹੀਂ ਸੀ। ਇਸ ਲਈ ਉਨ੍ਹਾਂ ਨੂੰ ਰੰਗੀਨ ਐਨਕਾਂ ਨਾਲ ਦੇਖ ਕੇ ਅਪਰਾਧੀ ਕਹਿਣਾ ਅਤੇ ਉਨ੍ਹਾਂ ਪ੍ਰਤੀ ਬੇਰੁਖੀ ਰੱਖਣੀ ਉਨ੍ਹਾਂ ਨਾਲ ਬੇਇਨਸਾਫ਼ੀ ਹੋਵੇਗੀ।

## ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਵਾਲੇ ਫਲੈਕਸ ਲਾਏ

**ਫਤਹਿਗੜ੍ਹ ਸਾਹਿਬ:** ਇਤਿਹਾਸਕ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਚੀਮਾ ਆਦਿ ਨੇ ਫਲੈਕਸ ਲਾਏ। ਜਥੇਦਾਰ ਪੰਜੋਲੀ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਅਰੰਭ ਕੀਤੀ ਜੱਦੋ-ਜਹਿਦ ਦਾ ਸੁਨੇਹਾ ਪੂਰੇ ਪੰਥ ਤੱਕ ਪਹੁੰਚਾਉਣ ਲਈ ਇਹ ਫਲੈਕਸ ਲਾਏ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਦੇ ਜਬਰ ਖਿਲਾਫ ਲੜੇ ਸਿੰਘਾਂ ਨੂੰ ਸਜ਼ਾ ਭੁਗਤਣ ਤੋਂ ਬਾਅਦ ਵੀ ਦੇਸ਼ ਵਿਚ ਵੱਖ-ਵੱਖ ਸੂਬਿਆਂ ਦੀਆਂ ਜੇਲ੍ਹਾਂ ਵਿਚ ਕੈਦ ਰਹਿਣਾ ਪੈ ਰਿਹਾ ਹੈ। ਆਗੂਆਂ ਨੇ ਕਿਹਾ ਕਿ ਪੰਥਕ ਧਿਰਾਂ ਦੀ ਸਾਂਝੀ ਕਮੇਟੀ ਵੱਲੋਂ ਇਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਅਰੰਭ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿੰਘਾਂ ਦੀ ਰਿਹਾਈ ਲਈ ਸਮੁੱਚੇ ਖਾਲਸਾ ਪੰਥ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਹੋਣ ਦੀ ਲੋੜ ਹੈ।

# ਆਨਲਾਈਨ ਠੱਗਾਂ ਦੇ ਨਿਸ਼ਾਨੇ 'ਤੇ ਹੁਣ ਬਿਜਲੀ ਖਪਤਕਾਰ

**ਅੰਮ੍ਰਿਤਸਰ:** ਆਨਲਾਈਨ ਠੱਗਾਂ ਵੱਲੋਂ ਹੁਣ ਪੰਜਾਬ ਰਾਜ ਬਿਜਲੀ ਨਿਗਮ ਦੇ ਨਾਂ 'ਤੇ ਠੱਗੀ ਮਾਰੀ ਜਾ ਰਹੀ ਹੈ। ਅਜਿਹੀਆਂ ਘਟਨਾਵਾਂ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਰਾਜ ਬਿਜਲੀ ਨਿਗਮ ਨੇ ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰਨ ਲਈ ਜਨਤਕ ਸੂਚਨਾ ਵੀ ਜਾਰੀ ਕੀਤੀ ਹੈ।

ਠੱਗੀ ਮਾਰਨ ਵਾਲਿਆਂ ਵੱਲੋਂ ਬਿਜਲੀ ਖਪਤਕਾਰਾਂ ਨੂੰ ਬਿਜਲੀ ਦੇ ਬਿੱਲਾਂ ਦਾ ਭੁਗਤਾਨ ਕਰਨ ਬਾਰੇ ਵ੍ਹਟਸਐਪ ਮੈਸੇਜ ਭੇਜੇ ਜਾ ਰਹੇ ਹਨ। ਅਜਿਹੇ ਸੁਨੇਹਿਆਂ ਵਿਚ ਖਪਤਕਾਰਾਂ ਨੂੰ ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਬਿੱਲ ਦਾ ਭੁਗਤਾਨ ਨਹੀਂ ਕੀਤਾ ਅਤੇ ਅੱਜ ਰਾਤ ਨੂੰ ਉਨ੍ਹਾਂ ਦਾ ਬਿਜਲੀ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ। ਉਹ ਖਪਤਕਾਰਾਂ ਨੂੰ ਹੇਠ ਦਿੱਤੇ ਨੰਬਰ 'ਤੇ ਸੰਪਰਕ ਕਰਨ ਲਈ ਕਹਿੰਦੇ ਹਨ। ਇਹ ਦੋਵੇਂ ਨੰਬਰ ਪੰਜਾਬ ਤੋਂ ਬਾਹਰ ਹੋਰਨਾਂ ਸੂਬਿਆਂ ਦੇ ਹਨ। ਸੰਪਰਕ ਕਰਨ 'ਤੇ ਠੱਗੀ ਮਾਰਨ ਵਾਲੇ ਆਪਣੇ ਆਪ ਨੂੰ ਬਿਜਲੀ ਬੋਰਡ ਦੇ ਮੁਲਾਜ਼ਮ ਦੱਸਦੇ ਹਨ। ਬਿਜਲੀ ਬਿੱਲ ਅਪਡੇਟ ਕਰਨ ਲਈ ਖਪਤਕਾਰਾਂ ਨੂੰ ਐਨੀਡੈਸਕ ਆਦਿ ਐਪ ਨੂੰ ਡਾਊਨਲੋਡ ਕਰਨ ਲਈ ਵੀ ਆਖਿਆ ਜਾਂਦਾ ਹੈ। ਭੁਲੇਖੇ ਵਿਚ ਆਏ ਖਪਤਕਾਰ ਬਿਜਲੀ ਕੁਨੈਕਸ਼ਨ ਕੱਟੇ ਜਾਣ ਦੇ ਡਰ ਕਾਰਨ ਇਨ੍ਹਾਂ ਆਨਲਾਈਨ ਠੱਗੀ ਮਾਰਨ ਵਾਲਿਆਂ ਦਾ ਸ਼ਿਕਾਰ ਬਣ ਰਹੇ ਹਨ। ਬਿਜਲੀ ਨਿਗਮ ਦੇ ਇਕ ਬੁਲਾਰੇ ਨੇ ਦੱਸਿਆ ਕਿ ਵਿਭਾਗ ਵੱਲੋਂ ਜਨਤਕ ਸੂਚਨਾ ਵਿਚ ਬਿਜਲੀ ਖਪਤਕਾਰਾਂ ਨੂੰ ਅਜਿਹੇ ਠੱਗੀ ਮਾਰਨ ਵਾਲੇ ਫੋਨਕਰਤਾਵਾਂ ਤੋਂ ਸੁਚੇਤ ਰਹਿਣ ਦੀ ਆਖਿਆ ਗਿਆ ਹੈ।

# ਆਪ ਦੇ ਰਾਜ ਸਭਾ ਮੈਂਬਰ ਦੀ ਮਲਕੀਅਤ ਵਾਲੀ ਐਲ.ਪੀ.ਯੂ. ਵੀ ਜਾਂਚ ਦੇ ਘੇਰੇ 'ਚ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਦੀ ਮਲਕੀਅਤ ਵਾਲੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ.ਪੀ.ਯੂ.) ਹੁਣ ਪੰਚਾਇਤੀ ਜ਼ਮੀਨੀ 'ਤੇ ਕਬਜ਼ਾ ਕਰਨ ਦੇ ਮਾਮਲੇ 'ਚ ਜਾਂਚ ਦੇ ਘੇਰੇ ਵਿਚ ਆ ਗਈ ਹੈ। ਹਾਲਾਂਕਿ ਪੇਂਡੂ ਵਿਕਾਸ ਤੇ ਪੰਚਾਇਤੀ ਵਿਭਾਗ ਜ਼ਮੀਨ ਖਾਲੀ ਕਰਵਾਉਣ 'ਚ ਤੇਜੀ ਨਹੀਂ ਦਿਖਾ ਰਿਹਾ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਧਾਲੀਵਾਲ ਦੀ ਪ੍ਰਧਾਨਗੀ ਹੇਠ 3 ਜੂਨ ਨੂੰ ਹੋਈ ਮੀਟਿੰਗ ਦੌਰਾਨ ਇਹ ਮੁੱਦਾ ਸਾਹਮਣੇ ਆਇਆ ਸੀ। ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਐਲ.ਪੀ.ਯੂ. ਦੇ ਕਬਜ਼ੇ ਤੋਂ ਪੰਚਾਇਤੀ ਜ਼ਮੀਨ ਤੁਰਤ ਖਾਲੀ ਕਰਵਾਉਣ ਦੇ ਨਿਰਦੇਸ਼ ਵੀ ਜਾਰੀ ਕੀਤੇ ਸਨ ਪਰ ਜਲੰਧਰ ਤੇ ਕਪੂਰਥਲਾ ਵਿਚਲੇ ਮੰਤਰਾਲੇ ਦੇ ਵਿਭਾਗੀ ਅਧਿਕਾਰੀਆਂ ਨੇ ਇਸ ਮਾਮਲੇ 'ਚ ਪੈਰ ਪਿੱਛੇ ਖਿੱਚਣੇ ਸ਼ੁਰੂ ਕਰ ਦਿੱਤੇ ਤੇ ਪੰਚਾਇਤੀ ਜ਼ਮੀਨ ਛੁਡਵਾਉਣ ਲਈ ਕੋਈ ਕਦਮ ਚੁੱਕਣ ਤੋਂ ਨਾਕਾਮ ਰਹੇ। ਇਸ ਮਸਲੇ ਦਾ ਨੋਟਿਸ ਲੈਂਦਿਆਂ ਹੁਣ ਚੰਡੀਗੜ੍ਹ ਆਧਾਰਿਤ ਨਾਜਾਇਜ਼ ਕਬਜ਼ੇ ਹਟਾਊ ਸੈੱਲ ਨੇ ਜਲੰਧਰ ਦੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ (ਡੀ.ਡੀ.ਪੀ.ਓ.) ਤੋਂ ਕਾਰਵਾਈ ਰਿਪੋਰਟ ਮੰਗੀ ਹੈ। ਇਸ ਸਬੰਧੀ ਜਲੰਧਰ ਦੇ ਡੀ.ਡੀ.ਪੀ.ਓ. ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸਬੰਧਤ ਜ਼ਮੀਨ ਕਪੂਰਥਲਾ ਜ਼ਿਲ੍ਹੇ ਅਧੀਨ ਆਉਂਦੀ ਹੈ। ਕਪੂਰਥਲਾ ਦੇ ਡੀ.ਡੀ.ਪੀ.ਓ. ਹਰਜਿੰਦਰ ਸਿੰਘ ਸੰਧੂ ਨੇ ਕਿਹਾ ਕਿ ਮੌਕਾ ਦੇਖਣ ਗਏ ਵਿਕਾਸ ਤੇ ਪੰਚਾਇਤ ਅਫਸਰ ਨੇ ਉਨ੍ਹਾਂ ਨੂੰ ਦੱਸਿਆ ਕਿ ਪੰਚਾਇਤੀ ਜ਼ਮੀਨ ਦਾ ਇਕ ਹਿੱਸਾ ਪਿੰਡ ਹਰਦਾਸਪੁਰ 'ਚ ਪੈਂਦਾ ਹੈ ਜੋ ਐਲ.ਪੀ.ਯੂ. ਦੇ ਕਬਜ਼ੇ ਹੇਠ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਪਿੰਡ ਦੀ ਪੰਚਾਇਤ ਨੂੰ ਇਸ ਕਬਜ਼ੇ ਖਿਲਾਫ ਕੇਸ ਦਾਇਰ ਕਰਨ ਲਈ ਕਿਹਾ ਹੈ।

ਉਧਰ, ਐਲ.ਪੀ.ਯੂ. ਦੇ ਮੀਤ ਪ੍ਰਧਾਨ ਅਮਨ ਮਿੱਤਲ ਨੇ ਕਿਹਾ ਕਿ ਉਨ੍ਹਾਂ ਦੇ ਕਬਜ਼ੇ ਹੇਠ ਕੋਈ ਵੀ ਪੰਚਾਇਤੀ ਜ਼ਮੀਨ ਨਹੀਂ ਹੈ। ਉਨ੍ਹਾਂ ਕਿਹਾ ਕਿ ਸਬੰਧਤ ਪੰਚਾਇਤੀ ਜ਼ਮੀਨ ਹਰਦਾਸਪੁਰ ਦੇ ਗੁਰਦੁਆਰੇ ਦੇ ਕਬਜ਼ੇ ਹੇਠ ਹੈ। ਇਹ ਕੋਈ ਕਲੈਰੀਕਲ ਗਲਤੀ ਹੈ ਜਿਸ ਕਾਰਨ ਮੁੱਖ ਦਫਤਰ ਨੇ ਸਥਾਨਕ ਅਧਿਕਾਰੀਆਂ ਨੂੰ ਐਲ.ਪੀ.ਯੂ. ਖਿਲਾਫ ਜਾਂਚ ਦੀ ਹਦਾਇਤ ਕੀਤੀ।

# ਸ਼ਾਰਪਸ਼ੂਟਰਾਂ ਦੀ ਮਦਦ ਕਰਨ ਵਾਲਿਆਂ ਦੀ ਜੇਲ੍ਹ 'ਚ ਕੁੱਟਮਾਰ

**ਬਠਿੰਡਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ ਵਿਚ ਸ਼ਾਰਪਸ਼ੂਟਰਾਂ ਨੂੰ ਕਾਰ ਮੁਹੱਈਆ ਕਰਵਾਉਣ ਵਾਲੇ ਗੈਂਗਸਟਰ ਸਰਾਜ ਮਿੰਟੂ ਉਰਫ ਸਰਾਜ ਸੰਧੂ ਤੇ ਬੌਬੀ ਮਲਹੋਤਰਾ ਉਰਫ ਸਾਗਰ ਨਾਲ ਬਠਿੰਡਾ ਦੀ ਕੇਂਦਰੀ ਜੇਲ੍ਹ ਵਿਚ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਹਮਲੇ ਵਿਚ ਉਨ੍ਹਾਂ ਦੇ ਜ਼ਖ਼ਮੀ ਹੋਣ ਦੀ ਵੀ ਸੂਚਨਾ ਹੈ। ਪੁਲਿਸ ਨੇ ਕੁੱਟਮਾਰ ਕਰਨ ਦੇ ਦੋਸ਼ ਹੇਠ ਦੋ ਗੈਂਗਸਟਰਾਂ ਖਿਲਾਫ ਕੇਸ ਦਰਜ ਕਰ ਲਿਆ ਹੈ। ਜੇਲ੍ਹ ਪ੍ਰਸ਼ਾਸਨ ਨੇ ਕੁੱਟਮਾਰ ਮਾਮਲੇ ਵਿਚ ਸ਼ਾਮਲ ਸਾਰੇ ਗੈਂਗਸਟਰਾਂ ਨੂੰ ਵੱਖ-ਵੱਖ ਬੈਰਕਾਂ ਵਿਚ ਭੇਜ ਦਿੱਤਾ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਬਠਿੰਡਾ ਦੀ ਕੇਂਦਰੀ ਜੇਲ੍ਹ ਵਿਚ ਨਜ਼ਰਬੰਦ ਗੈਂਗਸਟਰ ਜੋਗਿੰਦਰ ਸਿੰਘ ਤੇ ਪਲਵਿੰਦਰ ਸਿੰਘ ਨਾਲ ਕਿਸੇ ਮਾਮਲੇ 'ਤੇ ਸਰਾਜ ਮਿੰਟੂ ਤੇ ਬੌਬੀ ਮਲਹੋਤਰਾ ਦਾ ਦਸ ਦਿਨ ਪਹਿਲਾਂ ਝਗੜਾ ਹੋਇਆ ਸੀ। ਇਸ ਤੋਂ ਬਾਅਦ ਜੋਗਿੰਦਰ ਤੇ ਪਲਵਿੰਦਰ ਦਾ ਮਿੰਟੂ ਤੇ ਬੌਬੀ ਨਾਲ ਸਾਹਮਣਾ ਹੋਇਆ ਸੀ ਅਤੇ ਉਨ੍ਹਾਂ ਬੌਬੀ ਤੇ ਮਿੰਟੂ ਦੀ ਕੁੱਟਮਾਰ ਕੀਤੀ। ਪੁਲਿਸ ਨੇ ਸਹਾਇਕ ਜੇਲ੍ਹ ਸੁਪਰਡੈਂਟ ਸੁਰਿੰਦਰ ਪਾਲ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਗੈਂਗਸਟਰਾਂ ਜੋਗਿੰਦਰ ਸਿੰਘ ਤੇ ਪਲਵਿੰਦਰ ਸਿੰਘ ਖਿਲਾਫ ਕੇਸ ਦਰਜ ਕਰ ਲਿਆ। ਪੁਲਿਸ ਨੇ ਇਨ੍ਹਾਂ ਦੋਵਾਂ ਗੈਂਗਸਟਰਾਂ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਉਣ ਲਈ ਵੀ ਕਾਰਵਾਈ ਆਰੰਭ ਦਿੱਤੀ ਹੈ।

# ਬੇਅਦਬੀ ਕਾਂਡ: ਪੰਥਕ ਜਥੇਬੰਦੀਆਂ ਨੇ ਸਰਕਾਰ ਨੂੰ 15 ਦਿਨ ਹੋਰ ਸਮਾਂ ਦਿੱਤਾ

## ਆਜ਼ਾਦੀ ਦਿਹਾੜੇ ਮੌਕੇ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਦਾ ਸੱਦਾ

**ਕੋਟਕਪੂਰਾ:** ਬਹਿਬਲ ਕਲਾਂ ਵਿਚ ਪੰਥਕ ਜਥੇਬੰਦੀਆਂ ਦੇ ਹੋਏ ਇਕੱਠ ਦੌਰਾਨ ਆਗੂਆਂ ਨੇ 2015 'ਚ ਵਾਪਰੇ ਬਰਗਾੜੀ ਬੇਅਦਬੀ ਅਤੇ ਬਹਿਬਲ ਗੋਲੀ ਕਾਂਡ ਸਬੰਧੀ ਨਿਆਂ ਦੇਣ ਵਿਚ ਹੋਈ ਦੇਰੀ ਲਈ ਸਰਕਾਰ ਨੂੰ ਕੋਸਿਆ। ਉਨ੍ਹਾਂ ਦੋਸ਼ ਲਾਇਆ ਕਿ ਹਕੂਮਤ ਇਨਸਾਫ ਦੇਣ ਪ੍ਰਤੀ ਸੰਜੀਦਾ ਨਹੀਂ ਹੈ। ਇਸ ਮੌਕੇ ਪਹੁੰਚੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੋਰਚੇ ਦੇ ਪ੍ਰਤੀਨਿਧਾਂ ਤੋਂ ਕੁਝ ਕਾਨੂੰਨੀ ਅੜਚਣਾਂ ਦੂਰ ਕਰਨ ਲਈ ਸਮਾਂ ਮੰਗਿਆ, ਜਿਸ ਮਗਰੋਂ ਪ੍ਰਤੀਨਿਧਾਂ ਨੇ ਸਰਕਾਰ ਨੂੰ 15 ਦਿਨਾਂ ਦਾ ਸਮਾਂ ਦਿੰਦਿਆਂ 16 ਅਗਸਤ ਤੋਂ ਸੰਘਰਸ਼ ਦੀ ਨਵੀਂ ਦਿਸ਼ਾ ਵਿਉਂਤਣ ਦਾ ਐਲਾਨ ਕੀਤਾ ਹੈ। ਇਸ ਦੌਰਾਨ ਸਿੱਖ ਸੰਗਤ ਨੂੰ 15 ਅਗਸਤ ਨੂੰ ਆਜ਼ਾਦੀ ਦਿਹਾੜੇ ਵਾਲੇ ਦਿਨ ਆਪੋ-ਆਪਣੇ ਘਰਾਂ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਦਾ ਸੱਦਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਆਜ਼ਾਦੀ ਦਿਹਾੜੇ ਮੌਕੇ 'ਹਰ ਘਰ ਤਿਰੰਗਾ' ਲਹਿਰਾਉਣ ਦਾ ਸੱਦਾ ਦਿੱਤਾ ਹੈ।

ਪੰਥਕ ਆਗੂਆਂ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਇਨਸਾਫ ਦੀ ਉਡੀਕ ਕਰ ਰਹੇ ਹਨ ਪਰ ਸਰਕਾਰਾਂ ਇਸ ਵਿਸ਼ੇ ਪ੍ਰਤੀ ਸੰਵੇਦਨਸ਼ੀਲ ਨਹੀਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਨਵੀਂ ਸਰਕਾਰ ਨੇ ਵੀ ਹੋਂਦ 'ਚ ਆਉਣ ਤੋਂ ਪਹਿਲਾਂ ਨਿਆਂ ਦੇਣ ਦੀ ਗੱਲ ਆਖੀ ਸੀ ਪਰ ਹਾਲੇ ਤੱਕ ਮੁਲਜ਼ਮ ਗ੍ਰਿਫਤਾਰ ਨਹੀਂ ਕੀਤੇ ਜਾ ਸਕੇ।

# ਯੂਕਰੇਨ ਅਤੇ ਚੀਨ ਪਰਤੇ ਮੈਡੀਕਲ ਦੇ ਵਿਦਿਆਰਥੀਆਂ ਨੂੰ ਰਾਹਤ

**ਨਵੀਂ ਦਿੱਲੀ:** ਕੌਮੀ ਮੈਡੀਕਲ ਕਮਿਸ਼ਨ (ਐਨ.ਐਮ.ਸੀ.) ਨੇ ਯੂਕਰੇਨ ਅਤੇ ਚੀਨ ਤੋਂ ਪਰਤੇ ਮੈਡੀਕਲ ਦੇ ਅੰਤਿਮ ਵਰ੍ਹੇ ਦੇ ਵਿਦਿਆਰਥੀਆਂ ਨੂੰ ਰਾਹਤ ਦਿੱਤੀ ਹੈ। ਰੂਸ ਅਤੇ ਯੂਕਰੇਨ ਵਿਚਕਾਰ ਜੰਗ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਯੂਕਰੇਨ ਅਤੇ ਕੋਵਿਡ ਕਾਰਨ ਚੀਨ 'ਚ ਆਪਣੀ ਪੜ੍ਹਾਈ ਵਿਚਾਲੇ ਛੱਡ ਕੇ ਮੁਲਕ ਆਉਣਾ ਪਿਆ ਸੀ। ਆਪਣੇ ਅਦਾਰਿਆਂ ਤੋਂ 30 ਜੂਨ ਜਾਂ ਉਸ ਤੋਂ ਪਹਿਲਾਂ ਡਿਗਰੀਆਂ ਹਾਸਲ ਕਰਨ ਵਾਲੇ ਇਨ੍ਹਾਂ ਵਿਦਿਆਰਥੀਆਂ ਨੂੰ ਵਿਦੇਸ਼ੀ ਮੈਡੀਕਲ ਗਰੈਜੂਏਟ (ਐਫ.ਐਮ.ਜੀ.) ਪ੍ਰੀਖਿਆ 'ਚ ਬੈਠਣ ਦੀ ਇਜਾਜ਼ਤ ਦਿੱਤੀ ਜਾਵੇਗੀ। ਐਨ.ਐਮ.ਸੀ. ਨੇ ਸੁਪਰੀਮ ਕੋਰਟ ਵੱਲੋਂ 29 ਅਪਰੈਲ ਨੂੰ ਦਿੱਤੇ ਹੁਕਮਾਂ ਦੇ ਆਧਾਰ 'ਤੇ ਇਹ ਫੈਸਲਾ ਲਿਆ ਹੈ। ਐਨ.ਐਮ.ਸੀ. ਨੇ ਜਨਤਕ ਨੋਟਿਸ 'ਚ ਕਿਹਾ ਹੈ ਕਿ ਵਿਦੇਸ਼ੀ ਮੈਡੀਕਲ ਗਰੈਜੂਏਟ ਪ੍ਰੀਖਿਆ ਪਾਸ ਕਰਨ ਮਗਰੋਂ ਉਨ੍ਹਾਂ ਨੂੰ ਮੌਜੂਦਾ ਇਕ ਸਾਲ ਦੀ ਬਜਾਏ ਦੋ ਸਾਲਾਂ ਦੀ ਕੰਪਲਸਰੀ ਰੋਟੇਟਿੰਗ ਮੈਡੀਕਲ ਇੰਟਰਨਸ਼ਿਪ ਕਰਨੀ ਪਵੇਗੀ। ਵਿਦੇਸ਼ੀ ਮੈਡੀਕਲ ਗਰੈਜੂਏਟ ਦੋ ਸਾਲ ਦੀ ਇੰਟਰਨਸ਼ਿਪ ਮੁਕੰਮਲ ਕਰਨ ਮਗਰੋਂ ਹੀ ਰਜਿਸਟਰੇਸ਼ਨ ਦੇ ਯੋਗ ਹੋਣਗੇ। ਉਨ੍ਹਾਂ ਕਿਹਾ ਕਿ ਵਿਦੇਸ਼ੀ ਮੈਡੀਕਲ ਵਿਦਿਆਰਥੀਆਂ ਨੂੰ ਇਹ ਛੋਟ ਇਕ ਵਾਰ ਹੀ ਦਿੱਤੀ ਜਾਵੇਗੀ ਅਤੇ ਇਸ ਨੂੰ ਭਵਿੱਖ 'ਚ ਦੁਹਰਾਇਆ ਨਹੀਂ ਜਾਵੇਗਾ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ 29 ਅਪਰੈਲ ਨੂੰ ਰੈਗੂਲੇਟਰੀ ਬੋਰਡ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਰੂਸ-ਯੂਕਰੇਨ ਜੰਗ ਅਤੇ ਮਹਾਮਾਰੀ ਤੋਂ ਪ੍ਰਭਾਵਿਤ ਐਮ.ਬੀ.ਬੀ.ਐਸ. ਵਿਦਿਆਰਥੀਆਂ ਦੀ ਮੈਡੀਕਲ ਕਾਲਜਾਂ 'ਚ ਸਿਖਲਾਈ ਮੁਕੰਮਲ ਕਰਨ ਲਈ ਦੋ ਮਹੀਨਿਆਂ ਦੇ ਅੰਦਰ ਯੋਜਨਾ ਬਣਾਉਣ।

# ਸੰਵਿਧਾਨ ਦੀਆਂ ਸਹੁੰਆਂ ਖਾਣ ਵਾਲੇ ਹੀ ਸ਼ਹੀਦਾਂ ਦੇ ਬਲੀਦਾਨ 'ਤੇ ਸਵਾਲ ਚੁੱਕ ਰਹੇ ਹਨ: ਭਗਵੰਤ ਮਾਨ

**ਸੁਨਾਮ ਊਧਮ ਸਿੰਘ ਵਾਲਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੁਤੰਤਰਤਾ ਸੰਗਰਾਮ ਦੌਰਾਨ ਅੰਗਰੇਜ਼ਾਂ ਦੇ ਪੱਖ ਵਿਚ ਖੜ੍ਹਨ ਵਾਲਿਆਂ ਦੇ ਵਾਰਸਾਂ ਵੱਲੋਂ ਸ਼ਹੀਦਾਂ ਉਤੇ ਉਂਗਲ ਚੁੱਕਣ ਮੰਦਭਾਗਾ ਹੈ। ਇਥੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਸੁਨਾਮ ਲਈ 22.60 ਕਰੋੜ ਰੁਪਏ ਦੇ ਕਈ ਵਿਕਾਸ ਪ੍ਰੋਜੈਕਟਾਂ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸੂਬੇ 'ਤੇ ਵੱਡਾ ਵਿੱਤੀ ਬੋਝ ਹੋਣ ਦੇ ਬਾਵਜੂਦ ਸਰਕਾਰ ਸਾਰੇ ਵਾਅਦੇ ਪੂਰੇ ਕਰੇਗੀ। ਉਨ੍ਹਾਂ ਵਿਦੇਸ਼ਾਂ ਵਿਚ ਪਈਆਂ ਸ਼ਹੀਦ ਊਧਮ ਸਿੰਘ ਦੀਆਂ ਵਸਤਾਂ ਜਲਦੀ ਵਾਪਸ ਲਿਆਉਣ ਲਈ ਯਤਨ ਤੇਜ਼ ਕਰਨ ਦੀ ਵੀ ਗੱਲ ਕਹੀ। ਇਸ ਮੌਕੇ ਸ਼ਹੀਦ ਊਧਮ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।



ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਸ਼ਹੀਦਾਂ ਦੇ ਯੋਗਦਾਨ ਉਤੇ ਕਿਸੇ ਨੂੰ ਵੀ ਉਂਗਲ ਚੁੱਕਣ ਦਾ ਕੋਈ ਹੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਸੱਤਾ ਦਾ ਸੁੱਖ ਭੋਗਣ ਲਈ ਸੰਵਿਧਾਨ ਦੀਆਂ ਸਹੁੰਆਂ ਖਾਣ ਵਾਲੇ ਹੀ ਸ਼ਹੀਦਾਂ ਦੇ ਬਲੀਦਾਨ ਉਤੇ ਸਵਾਲ ਚੁੱਕ ਰਹੇ ਹਨ। ਉਨ੍ਹਾਂ ਲੋਕਾਂ ਨੂੰ ਚੇਤੇ ਕਰਵਾਇਆ ਕਿ ਜਦੋਂ ਸਾਡੇ ਮਹਾਨ ਕੌਮੀ ਨਾਇਕਾਂ ਤੇ ਸ਼ਹੀਦਾਂ ਨੇ ਅੱਤਿਆਚਾਰੀ ਬਰਤਾਨਵੀ ਸ਼ਾਸਨ ਵਿਰੁੱਧ ਜੰਗ ਛੇੜੀ ਹੋਈ ਸੀ, ਉਦੋਂ ਕੁਝ ਗੱਦਾਰ ਸਾਮਰਾਜੀ ਤਾਕਤਾਂ ਦੇ ਹੱਕ ਵਿਚ ਖੜ੍ਹੇ ਸਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ 'ਤੇ ਨਿਸ਼ਾਨਾਂ ਸੇਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਭਗਤ ਸਿੰਘ ਵਰਗੇ ਮਹਾਨ ਨਾਇਕ ਕਿਸੇ ਪਛਾਣ ਦੇ ਮੁਥਾਜ ਨਹੀਂ। ਇਨ੍ਹਾਂ ਸ਼ਹੀਦਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਅਤੇ ਕਿਸੇ ਨੂੰ ਵੀ ਉਨ੍ਹਾਂ ਦੇ ਆਜ਼ਾਦੀ ਦੀ ਲਹਿਰ ਵਿਚ ਪਾਏ ਯੋਗਦਾਨ ਉਤੇ ਉਂਗਲ ਚੁੱਕਣ ਦਾ ਹੱਕ ਨਹੀਂ ਹੈ। ਮੁੱਖ ਮੰਤਰੀ ਨੇ ਸੁਖਦੇਵ, ਰਾਜਗੁਰੂ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਹੋਰ ਮਹਾਨ ਸ਼ਹੀਦਾਂ ਵੱਲੋਂ ਭਾਰਤੀ ਆਜ਼ਾਦੀ ਦੀ ਲਹਿਰ ਦੌਰਾਨ ਦਿੱਤੀਆਂ ਲਾਸਾਨੀ ਕੁਰਬਾਨੀਆਂ ਨੂੰ ਵੀ ਯਾਦ ਕੀਤਾ।

# ਇਕ ਵਾਰ ਫਿਰ ਅੰਦੋਲਨ ਦੇ ਰਾਹ ਪਈਆਂ ਕਿਸਾਨ ਜਥੇਬੰਦੀਆਂ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਬਾਰੇ ਕਮੇਟੀ ਦੇ ਗਠਨ ਦੀਆਂ ਕਮੀਆਂ ਅਤੇ ਲਖੀਮਪੁਰ ਖੀਰੀ ਮਾਮਲੇ ਦੀ ਜਾਂਚ ਵਿਚ ਸਰਕਾਰੀ ਦਖਲ ਦੇ ਖਿਲਾਫ ਦੇਸ਼ ਭਰ ਦੇ ਕਿਸਾਨ ਮੁੜ ਅੰਦੋਲਨ ਦੇ ਰਾਹ ਪੈ ਗਏ ਹਨ। ਤਿੰਨ ਖੇਤੀ ਕਾਨੂੰਨਾਂ ਖਿਲਾਫ ਵਿੱਢਿਆ ਅੰਦੋਲਨ ਮੁਲਤਵੀ ਕਰਨ ਮੌਕੇ ਕੇਂਦਰ ਸਰਕਾਰ ਵੱਲੋਂ ਮੰਨੀਆਂ ਮੰਗਾਂ ਪੂਰੀਆਂ ਨਾ ਕਰਨ ਖਿਲਾਫ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਗਏ ਚੱਕਾ ਜਾਮ ਦੇ ਸੱਦੇ 'ਤੇ ਕਿਸਾਨਾਂ ਅਤੇ ਮਜ਼ਦੂਰਾਂ ਨੇ ਮੀਂਹ ਦੇ ਬਾਵਜੂਦ ਦੇਸ਼ ਭਰ ਵਿਚ ਰੋਸ ਮੁਜ਼ਾਹਰੇ ਅਤੇ ਚੱਕਾ ਜਾਮ ਕੀਤਾ ਗਿਆ।



ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਉੜੀਸਾ, ਮਹਾਰਾਸ਼ਟਰ, ਆਂਧਰਾ ਪ੍ਰਦੇਸ, ਤਿਲੰਗਾਨਾ, ਕਰਨਾਟਕ, ਤਾਮਿਲਨਾਡੂ, ਗੁਜਰਾਤ, ਤ੍ਰਿਪੁਰਾ ਸਮੇਤ ਹੋਰ ਸੂਬਿਆਂ ਵਿਚ ਥਾਂ-ਥਾਂ ਰੋਸ ਪ੍ਰਦਰਸ਼ਨ ਕੀਤੇ ਗਏ। ਇਸ ਦੌਰਾਨ ਕਿਸਾਨਾਂ ਨੇ ਘੱਟੋ-ਘੱਟ ਸਮਰਥਨ ਮੁੱਲ ਸਮੇਤ ਹੋਰ ਮੰਗਾਂ ਦੁਹਰਾਈਆਂ। ਉਨ੍ਹਾਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਅਗਨੀਪਥ ਯੋਜਨਾ ਦਾ ਪਰਦਾਫਾਸ਼ ਕਰਨ ਲਈ 7 ਅਗਸਤ ਤੋਂ 14 ਅਗਸਤ ਤੱਕ ਦੇਸ ਭਰ ਵਿਚ 'ਜੈ ਜਵਾਨ, ਜੈ ਕਿਸਾਨ' ਸੰਮੇਲਨ ਕੀਤੇ ਜਾਣਗੇ। ਇਸੇ ਤਰ੍ਹਾਂ ਅਜੈ ਮਿਸਰਾ ਟੈਣੀ ਨੂੰ ਬਰਖ਼ਾਸਤ ਕਰਨ ਦੀ ਮੰਗ ਸਬੰਧੀ 18, 19, 20 ਅਗਸਤ ਨੂੰ ਲਖੀਮਪੁਰ ਖੀਰੀ ਵਿਚ 75 ਘੰਟੇ ਦਾ ਮੋਰਚਾ ਲਾਇਆ ਜਾਵੇਗਾ।

ਕਿਸਾਨਾਂ ਵੱਲੋਂ ਕੀਤੇ ਗਏ ਚੱਕਾ ਜਾਮ ਕਾਰਨ ਰੇਲਵੇ ਨੂੰ ਦਰਜਨਾਂ ਯਾਤਰੀਆਂ ਅਤੇ ਮਾਲ ਗੱਡੀਆਂ ਨੂੰ ਸਟੇਸ਼ਨਾਂ 'ਤੇ ਰੋਕਣਾ ਪਿਆ, ਜਿਸ ਕਰਕੇ ਰੇਲ ਮੁਸਾਫ਼ਰਾਂ ਨੂੰ ਕਾਫੀ ਮੁਸ਼ਕਲਾਂ ਆਈਆਂ। ਵੇਰਵਿਆਂ ਅਨੁਸਾਰ ਸੂਬੇ ਵਿਚ ਕਰੀਬ 75 ਥਾਵਾਂ 'ਤੇ ਕਰੀਬ ਚਾਰ ਘੰਟੇ ਰੇਲ ਮਾਰਗ ਰੋਕੇ ਗਏ ਜਦੋਂ ਕਿ ਦੋ ਦਰਜਨ ਥਾਵਾਂ 'ਤੇ ਸੜਕੀ ਆਵਾਜਾਈ ਠੱਪ ਕੀਤੀ ਗਈ। ਇਸ ਦੌਰਾਨ ਸ਼ਹੀਦ ਊਧਮ ਸਿੰਘ ਨੂੰ ਵੀ ਯਾਦ ਕੀਤਾ ਗਿਆ।

ਜਾਣਕਾਰੀ ਅਨੁਸਾਰ ਬਠਿੰਡਾ ਅਤੇ ਮਾਨਸਾ ਜ਼ਿਲ੍ਹੇ ਵਿਚ ਸੱਤ ਥਾਵਾਂ 'ਤੇ ਔਰਤਾਂ ਵੀ ਰੇਲ ਮਾਰਗਾਂ 'ਤੇ ਬੈਠੀਆਂ। ਬਰਨਾਲਾ ਦੇ ਰੇਲਵੇ ਸਟੇਸ਼ਨ 'ਤੇ ਸਭ ਤੋਂ ਵੱਡਾ ਇਕੱਠ ਰਿਹਾ ਜਦੋਂ ਕਿ ਸੜਕੀ ਮਾਰਗਾਂ 'ਚ ਕਾਲਾਝਾੜ ਟੋਲ ਪਲਾਜ਼ਾ 'ਤੇ ਵੱਡੀ ਗਿਣਤੀ ਵਿਚ ਕਿਸਾਨ ਇਕੱਠ ਜੁੜਿਆ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਕਿਸਾਨ ਘੋਲ ਦੀਆਂ ਬਕਾਇਆ ਮੰਗਾਂ ਫਸਲਾਂ ਨੂੰ ਸਰਕਾਰੀ ਭਾਅ ਦੀ ਕਾਨੂੰਨੀ ਗਰੰਟੀ ਦੇਣੀ, ਘੋਲ ਦੌਰਾਨ ਦਰਜ ਕੇਸ ਰੱਦ ਕਰਨੇ ਅਤੇ ਲਖੀਮਪੁਰ ਖੀਰੀ ਦੇ ਮੁਲਜ਼ਮਾਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਇਹ ਪ੍ਰੋਗਰਾਮ ਉਲੀਕੇ ਗਏ ਸਨ।

ਸੰਯੁਕਤ ਕਿਸਾਨ ਮੋਰਚੇ ਦਾ ਕਹਿਣਾ ਹੈ ਕਿ ਸਮਰਥਨ ਮੁੱਲ ਬਾਰੇ ਐਲਾਨੀ ਕਮੇਟੀ ਦੇ ਕੰਮਕਾਜ ਦਾ ਦਾਇਰੇ, ਸੇਵਾ ਸ਼ਰਤਾਂ ਅਤੇ ਬਣਤਰ ਵਿਚ ਕਈ ਨੁਕਸ ਹਨ। ਇਸ ਦੇ ਉਦੇਸ਼ਾਂ ਵਿਚ ਜ਼ੀਰੋ ਲਾਗਤ ਖੇਤੀ, ਫਸਲੀ ਵੰਨ-ਸਵੰਨਤਾ ਅਤੇ ਸਮਰਥਨ ਮੁੱਲ ਨੂੰ ਪਾਰਦਰਸ਼ੀ ਅਤੇ ਪ੍ਰਭਾਵੀ ਬਣਾਉਣ ਦੀ ਗੱਲ ਕਰਕੇ ਕਿਸਾਨ ਜਥੇਬੰਦੀਆਂ ਦੀ ਸਮਰਥਨ ਮੁੱਲ ਨੂੰ ਕਾਨੂੰਨੀ ਜਾਮਾ ਪਹਿਨਾਉਣ ਦੀ ਮੁੱਖ ਮੰਗ ਨੂੰ ਪਿੱਛੇ ਧੱਕਿਆ ਜਾ ਰਿਹਾ ਹੈ।

ਕੇਂਦਰ ਸਰਕਾਰ ਨੇ ਕਿਸਾਨਾਂ ਵੱਲੋਂ ਕਮੇਟੀ ਬਾਰੇ ਉਠਾਏ ਗਏ ਇਤਰਾਜ਼ਾਂ ਬਾਰੇ ਕੋਈ ਖਾਸ ਪ੍ਰਤੀਕਿਰਿਆ ਪ੍ਰਗਟ ਨਹੀਂ ਕੀਤੀ। ਸੰਸਦ ਦੇ ਮੌਨਸੂਨ ਇਜਲਾਸ ਵਿਚ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ਾਂ ਦੇ ਮਸਲਿਆਂ ਬਾਰੇ ਕੋਈ ਚਰਚਾ ਨਹੀਂ ਹੋ ਰਹੀ। 2020 ਵਿਚ ਕੇਂਦਰ ਸਰਕਾਰ ਨੇ ਤਿੰਨ ਖੇਤੀ ਆਰਡੀਨੈਂਸ ਜਾਰੀ ਕੀਤੇ ਸਨ ਜਿਨ੍ਹਾਂ ਦਾ ਪੰਜਾਬ ਤੋਂ ਸ਼ੁਰੂ ਹੋਇਆ ਵਿਰੋਧ ਦੇਸ਼ ਪੱਧਰ ਉੱਤੇ ਫੈਲ ਗਿਆ ਸੀ।

# 17 ਸਾਲ ਉਮਰ ਤੋਂ ਉਪਰ ਵਾਲੇ ਵੀ ਦਰਜ ਕਰਵਾ ਸਕਣਗੇ ਵੋਟਰ ਸੂਚੀ 'ਚ ਨਾਮ

**ਨਵੀਂ ਦਿੱਲੀ:** ਚੋਣਾਂ ਵਿਚ ਨੌਜਵਾਨਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਦੇ ਯਤਨ ਤਹਿਤ ਚੋਣ ਕਮਿਸ਼ਨ ਨੇ ਫੈਸਲਾ ਕੀਤਾ ਹੈ ਕਿ ਜਿਨ੍ਹਾਂ ਦੀ ਉਮਰ 17 ਸਾਲ ਤੋਂ ਉਪਰ ਹੈ, ਉਹ ਹੁਣ ਵੋਟਰ ਸੂਚੀ ਵਿਚ ਨਾਂ ਦਰਜ ਕਰਵਾਉਣ ਲਈ ਅਰਜ਼ੀ ਦੇ ਸਕਦੇ ਹਨ। ਭਾਵ ਹੁਣ ਵੋਟਰ ਸੂਚੀ ਵਿਚ ਨਾਂ ਦਰਜ ਕਰਵਾਉਣ ਲਈ 18 ਸਾਲ ਦੀ ਉਮਰ ਪੂਰੀ ਹੋਣ ਤੱਕ ਦਾ ਇੰਤਜ਼ਾਰ ਨਹੀਂ ਕਰਨਾ ਪਵੇਗਾ।

ਚੋਣ ਕਮਿਸ਼ਨ ਵੱਲੋਂ ਜਾਰੀ ਬਿਆਨ ਅਨੁਸਾਰ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਅਤੇ ਚੋਣ ਕਮਿਸ਼ਨਰ ਅਨੂਪ ਚੰਦਰ ਪਾਂਡੇ ਦੀ ਅਗਵਾਈ ਵਾਲੇ ਪੈਨਲ ਨੇ ਸੂਬਿਆਂ ਵਿਚ ਚੋਣ ਅਮਲੇ ਨੂੰ 17 ਸਾਲ ਤੋਂ ਵੱਧ ਉਮਰ ਦੇ (ਪਰ ਅਜੇ 18 ਸਾਲ ਦੇ ਨਹੀਂ) ਵਾਲਿਆਂ ਨੂੰ ਆਪਣੀਆਂ ਅਗਾਊਂ ਅਰਜ਼ੀਆਂ ਦਾਇਰ ਕਰਨ ਦੀ ਸਹੂਲਤ ਦੇਣ ਲਈ ਤਕਨੀਕੀ ਹੱਲ ਲੱਭਣ ਦੇ ਨਿਰਦੇਸ਼ ਦਿੱਤੇ ਹਨ। ਵੋਟਰ ਸੂਚੀ, 2023 ਦੀ ਸਾਲਾਨਾ ਸੋਧ ਦੇ ਮੌਜੂਦਾ ਦੌਰ ਲਈ 1 ਅਪ੍ਰੈਲ, 1 ਜੁਲਾਈ, ਤੇ 1 ਅਕਤੂਬਰ 2023 ਤੱਕ 18 ਸਾਲ ਦੀ ਉਮਰ ਦਾ ਕੋਈ ਵੀ ਨਾਗਰਿਕ ਵੋਟਰ ਸੂਚੀ ਦੇ ਖਰੜਾ ਪ੍ਰਕਾਸ਼ਨ ਦੀ ਮਿਤੀ ਤੋਂ ਵੋਟਰ ਵਜੋਂ ਰਜਿਸਟ੍ਰੇਸ਼ਨ ਲਈ ਅਗਾਊਂ ਬਿਨੈ ਪੱਤਰ ਵੀ ਜਮ੍ਹਾਂ ਕਰ ਸਕਦਾ ਹੈ।

# ਡਾ. ਗੁਰਵਿੰਦਰ ਅਮਨ ਦੀ ਅੰਗਰੇਜ਼ੀ ਕਿਤਾਬ 'ਚੈਅਸਲਡ ਸਟੋਨ' ਲੋਕ ਅਰਪਣ

**ਯੂਨੀਅਨ ਸਿਟੀ:** ਭਾਰਤੀ ਮੂਲ ਦੇ ਲੇਖਕ ਡਾ. ਗੁਰਵਿੰਦਰ ਅਮਨ ਦੀ ਕਿਤਾਬ 'ਤਰਾਸ਼ੇ ਪੱਥਰ' ਦਾ ਅੰਗਰੇਜ਼ੀ ਤੇ ਜਰਮਨ ਅਨੁਵਾਦ ਪੁਸਤਕ 'ਚੈਅਸਲਡ ਸਟੋਨ' ਦਾ ਲੋਕ ਅਰਪਣ ਯੂਨੀਅਨ ਸਿਟੀ ਵਿਖੇ ਗਿੰਨੀ ਯਾਦਗਾਰੀ ਸਭਿਆਚਾਰਕ ਮੰਚ ਦੇ ਪ੍ਰਧਾਨ ਰੇਡੀਓ ਹੋਸਟ ਪ੍ਰੋ. ਪਰਮਿੰਦਰ ਪਰਵਾਨਾ ਦੀ ਰਹਿਨੁਮਾਈ ਹੇਠ ਹੋਇਆ, ਜਿਸ ਵਿਚ ਵੱਖ ਵੱਖ ਸ਼ਹਿਰਾਂ ਤੋਂ ਸਾਹਿਤਕਾਰਾਂ ਨੇ ਹਿੱਸਾ ਲਿਆ। ਇਸ ਮੌਕੇ ਪ੍ਰੋ. ਪ੍ਰਵਾਨਾ ਨੇ ਡਾ. ਗੁਰਵਿੰਦਰ ਅਮਨ ਦੀ ਕਿਤਾਬ ਦੀ ਆਮਦ 'ਤੇ ਵਧਾਈ ਦਿਤੀ ਤੇ ਕਿਹਾ ਕਿ ਇਹ ਕਿਤਾਬ ਪੰਜਾਬੀ ਦੀ ਪ੍ਰਸਿੱਧ ਪੁਸਤਕ 'ਤਰਾਸ਼ੇ ਪੱਥਰ' ਦਾ ਅੰਗਰੇਜ਼ੀ ਤੇ ਜਰਮਨ ਭਾਸ਼ਾ ਵਿਚ ਅਨੁਵਾਦ ਹੈ ਇਸ ਤੋਂ ਪਹਿਲਾਂ ਇਸ ਪੁਸਤਕ ਦੇ ਉਰਦੂ, ਹਿੰਦੀ ਤੇ ਮਰਾਠੀ ਭਾਸ਼ਾ ਵਿਚ ਵੀ ਅਨੁਵਾਦ ਹੋ ਚੁੱਕੇ ਹਨ। ਇਹੋ ਜਿਹਾ ਸਾਹਿਤ ਦੁਨੀਆ ਦੀ ਹਰ ਭਾਸ਼ਾ ਵਿਚ ਅਨੁਵਾਦ ਹੋਣਾ ਚਾਹੀਦਾ ਹੈ।

ਇਸ ਮੌਕੇ ਕਵੀਸ਼ਰ ਜਸਦੀਪ ਸਿੰਘ ਫਰੀਮੌਂਟ ਨੇ ਕਵਿਤਾਵਾਂ ਸੁਣਾ ਕੇ ਕੇ ਵਾਹ ਵਾਹ ਖੱਟੀ। ਉਨ੍ਹਾਂ ਆਪਣੇ ਅਲਗੋਜ਼ਿਆਂ ਦੀ ਮਧੁਰ ਧੁਨ 'ਤੇ ਕਈ ਗੀਤ ਸੁਣਾਏ। ਗੀਤਕਾਰ ਤੇ ਗਾਇਕ ਮਹਿੰਦਰ ਸਿੰਘ ਰਾਜਪੂਤ ਨੇ ਸੁਰੀਲੀ ਆਵਾਜ਼ ਵਿਚ ਗੀਤ ਸੁਣਾ ਕੇ ਮੰਤਰ ਮੁਗਧ ਕਰ ਦਿੱਤਾ। ਕੈਲੀਫੋਰਨੀਆ ਦੇ ਹਾਸਰਸ ਕਵੀ ਤੇ ਸਟੇਜੀ ਕਾਮੇਡੀਅਨ ਮਾਸਟਰ ਰੈਕੋ ਨੇ ਆਪਣੇ ਟੋਟਕਿਆਂ ਨਾਲ ਸਰੋਤਿਆਂ ਦੇ ਹਸਾ ਹਸਾ ਕੇ ਢਿੱਡੀ ਪੀੜਾਂ ਪਾਈਆਂ। ਉਸ ਨੇ ਅਖੀਰ ਵਿਚ ਕੁਝ ਸੰਜੀਦਾ ਗੀਤ ਸੁਣਾ ਕੇ ਮਾਹੌਲ ਭਾਵੁਕ ਵੀ ਕਰ ਦਿੱਤਾ। ਪ੍ਰੋ ਪ੍ਰਵਾਨਾ ਨੇ ਆਪਣੀ ਛੰਦਬੱਧ ਕਵਿਤਾ ਨਾਲ ਲੋਹਾ ਮਨਵਾਇਆ। ਡਾ. ਗੁਰਵਿੰਦਰ ਅਮਨ ਨੇ ਆਪਣੇ ਸਾਹਿਤਕ ਸਫ਼ਰ ਦੇ ਆਗਾਜ਼ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ 'ਤਰਾਸ਼ੇ ਪੱਥਰ' ਕਹਾਣੀ ਸੰਗ੍ਰਹਿ ਇਕ ਮੀਲ ਪੱਥਰ ਹੋ ਗੁਜ਼ਰਿਆ ਹੈ ਉਸ ਨੂੰ ਪੜ੍ਹਨ ਵਾਲੇ ਪਾਠਕਾਂ ਨੇ ਹੱਲਾਸ਼ੇਰੀ ਦੇ ਕੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਕਰਨ ਲਈ ਪ੍ਰੇਰਿਆ। ਇਹੋ ਕਾਰਨ ਹੈ ਕਿ ਇਹ ਕਿਤਾਬ 'ਚੈਅਸਲਡ ਸਟੋਨ' ਅੰਗਰੇਜ਼ੀ ਤੇ ਜਰਮਨ ਭਾਸ਼ਾ ਵਿਚ ਵੀ ਅਨੁਵਾਦ ਹੋਈ ਹੈ। ਇਸ ਮੌਕੇ ਡਾ. ਮਨਜੀਤ ਕੌਰ ਨੇ ਵਧਾਈ ਦੇਂਦਿਆਂ ਪ੍ਰਸ਼ੰਸਾ ਕੀਤੀ। ਡਾ. ਅਮਨ ਕੌਰ ਜੋਸ਼ਨ, ਗਗਨਦੀਪ ਸਿੰਘ, ਗੁਣਕਾਰ ਸਿੰਘ, ਅਬਿਰ ਜੋਸ਼ਨ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਤ੍ਰਿਪਤ ਕੌਰ ਤੇ ਪਰਮਿੰਦਰ ਕੌਰ ਨੇ ਵੀ ਆਪਣੀ ਰਚਨਾ ਸਾਂਝੀ ਕੀਤੀ। ਇਸ ਸਮਾਗਮ ਵਿਚ ਹੋਰਾਂ ਤੋਂ ਇਲਾਵਾ ਗੁਰਵਿੰਦਰ ਵਿੱਕ, ਰਣਵੀਰ ਸਿੰਘ, ਅਰਸ਼ਦੀਪ ਸਿੰਘ ਨੇ ਵੀ ਸ਼ਿਰਕਤ ਕੀਤੀ।

# ਹਲਵਾਰਾ ਹਵਾਈ ਅੱਡੇ ਦਾ ਨਿਰਮਾਣ ਕਾਰਜ ਠੱਪ

**ਗੁਰੂਸਰ ਸੁਧਾਰ:** ਨਿਰਮਾਣ ਅਧੀਨ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦਾ ਅੰਤਿਮ ਪੜਾਅ 'ਤੇ ਕਾਰਜ ਠੱਪ ਪਿਆ ਹੈ ਅਤੇ ਹੁਣ ਹਵਾਈ ਅੱਡਾ ਪਸ਼ੂਆਂ ਦੀ ਚਰਾਂਦ ਜਾਪਦਾ ਹੈ। ਸੂਬਾ ਸਰਕਾਰ ਵੱਲੋਂ ਫੰਡ ਜਾਰੀ ਨਾ ਹੋਣ ਕਾਰਨ ਦੋਵੇਂ ਨਿਰਮਾਣ ਕੰਪਨੀਆਂ ਆਪਣਾ ਸਾਮਾਨ ਸਮੇਟ ਕੇ ਇਥੋਂ ਚਲੀਆਂ ਗਈਆਂ ਹਨ।



162 ਏਕੜ ਜ਼ਮੀਨ 'ਤੇ ਬਣ ਰਹੇ ਹਵਾਈ ਅੱਡੇ ਦੀ ਚਾਰਦੀਵਾਰੀ ਵਿਚ ਅੰਦਰੂਨੀ ਸੜਕਾਂ, ਟੈਕਸੀ ਸਟੈਂਡ, ਜਲ-ਸਪਲਾਈ ਸਬ-ਸਟੇਸ਼ਨ ਤੋਂ ਇਲਾਵਾ ਟਰਮੀਨਲ ਵਾਲੀ ਥਾਂ ਨੂੰ ਸਮਤਲ ਕਰਨ ਸਮੇਤ ਫਾਊਂਡੇਸ਼ਨ ਤੱਕ ਤਿਆਰ ਹੋ ਚੁੱਕਾ ਹੈ ਪਰ ਆਖਰੀ ਪੜਾਅ ਦੇ ਟੈਂਡਰ ਲਈ ਪਾਸ ਹੋਏ 47 ਕਰੋੜ ਰੁਪਏ ਦੀ ਰਕਮ ਛੇ ਮਹੀਨੇ ਬਾਅਦ ਵੀ ਜਾਰੀ ਨਾ ਹੋਣ ਕਾਰਨ ਕੰਮ ਮੁਕੰਮਲ ਤੌਰ 'ਤੇ ਨਿਰਮਾਣ ਕਾਰਜ ਠੱਪ ਹੋ ਗਿਆ ਹੈ।

ਹਵਾਈ ਅੱਡੇ ਦੀਆਂ ਅੰਦਰੂਨੀ ਸੜਕਾਂ, ਕਰੀਬ 200 ਮੀਟਰ ਹਵਾਈ ਪੱਟੀ, ਏਪ੍ਰਨ, ਟੈਕਸੀ ਸਟੈਂਡ, ਪਾਰਕਿੰਗ, ਜਲ ਸਪਲਾਈ ਅਤੇ ਸੀਵਰੇਜ ਪਾਉਣ ਦਾ ਠੇਕਾ ਲੁਧਿਆਣਾ ਦੀ ਸੀਗਲ ਇੰਡੀਆ ਕੰਪਨੀ ਨੂੰ 21 ਕਰੋੜ ਰੁਪਏ ਵਿਚ ਦਿੱਤਾ ਗਿਆ ਹੈ। ਉਥੇ ਹੀ ਟਰਮੀਨਲ ਡਿਜ਼ਾਈਨ, ਟਰਮੀਨਲ ਫਾਊਂਡੇਸ਼ਨ ਅਤੇ ਵਾਟਰ ਟੈਂਕ ਸਬ-ਸਟੇਸ਼ਨ ਦਾ ਠੇਕਾ ਹਿਮਾਚਲ ਪ੍ਰਦੇਸ਼ ਦੀ ਸਿਨਰਜੀ ਪ੍ਰਾਈਵੇਟ ਲਿਮਟਿਡ ਕੰਪਨੀ ਨੂੰ 26 ਕਰੋੜ ਰੁਪਏ ਵਿਚ ਦਿੱਤਾ ਗਿਆ ਹੈ। ਹਵਾਈ ਅੱਡਾ ਅਥਾਰਿਟੀ ਅਤੇ ਸੂਬਾ ਸਰਕਾਰ ਦੇ ਇਸ ਸਾਂਝੇ ਪ੍ਰੋਜੈਕਟ 'ਤੇ 100 ਕਰੋੜ ਰੁਪਏ ਤੋਂ ਵਧੇਰੇ ਖਰਚ ਆਉਣ ਦਾ ਅਨੁਮਾਨ ਹੈ। ਸੂਬਾ ਸਰਕਾਰ ਆਪਣੇ ਹਿੱਸੇ ਦਾ 50 ਕਰੋੜ ਰੁਪਏ ਤੋਂ ਵਧੇਰੇ ਖਰਚ ਵੀ ਕਰ ਚੁੱਕੀ ਹੈ ਪਰ ਕੇਂਦਰ ਵੱਲੋਂ ਆਪਣੇ ਹਿੱਸੇ ਦਾ ਖਰਚ ਕਰਨ ਤੋਂ ਹੱਥ ਖਿੱਚ ਲੈਣ ਕਾਰਨ ਸਾਰਾ ਖਰਚਾ ਸੂਬਾ ਸਰਕਾਰ ਦੇ ਗਲ ਪੈ ਗਿਆ ਹੈ।

# ਕੈਨੇਡਾ ਦੀਆਂ ਵੀਜ਼ਾ ਤੇ ਆਵਾਸ ਨੀਤੀਆਂ ਵਿਚ ਤਬਦੀਲੀ ਦੀ ਸੰਭਾਵਨਾ

**ਵੈਨਕੂਵਰ:** ਕੈਨੇਡਾ ਦੇ ਆਵਾਸ ਮੰਤਰੀ ਸਿਆਨ ਫਰੇਜ਼ਰ ਨੇ ਦੇਸ਼ ਦੇ ਸੂਬਾਈ ਅਤੇ ਕੇਂਦਰ ਸ਼ਾਸਿਤ ਖੇਤਰਾਂ ਦੇ ਆਵਾਸ ਵਿਭਾਗ ਦੇ ਮੰਤਰੀਆਂ ਨਾਲ ਮੀਟਿੰਗ ਕਰਦਿਆਂ ਕੈਨੇਡੀਅਨ ਆਵਾਸ ਪ੍ਰਬੰਧ ਦੀਆਂ ਖਾਮੀਆਂ ਦੂਰ ਕਰਨ ਸਬੰਧੀ ਚਰਚਾ ਕੀਤੀ।

ਉਨ੍ਹਾਂ ਮੰਤਰੀਆਂ ਤੋਂ ਨੀਤੀਆਂ ਵਿਚ ਬਦਲਾਅ ਲਈ ਲੋੜੀਂਦੇ ਸੁਝਾਅ ਵੀ ਲਏ। ਕੇਂਦਰੀ ਮੰਤਰੀ ਨੇ ਵਿਭਾਗੀ ਮੰਤਰੀਆਂ ਨਾਲ ਅਗਲੇ ਸਾਲਾਂ ਦੌਰਾਨ ਹਰੇਕ ਸੂਬੇ ਵਿਚ ਪੈਦਾ ਹੋਣ ਵਾਲੇ ਰੁਜ਼ਗਾਰ ਦੇ ਮੌਕਿਆਂ ਅਤੇ ਉਨ੍ਹਾਂ ਨਾਲ ਦੇਸ਼ ਦੀ ਆਰਥਿਕਤਾ 'ਤੇ ਪੈਣ ਵਾਲੇ ਕੌਮੀ ਅਤੇ ਸਥਾਨਕ ਪ੍ਰਭਾਵਾਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ। ਨਿਊਬ੍ਰੰਸਵਿਕ ਦੇ ਸ਼ਹਿਰ ਸੇਂਟ-ਜੌਹਨ ਵਿਚ ਹੋਈ ਦੋ ਰੋਜ਼ਾ ਮੀਟਿੰਗ ਦੌਰਾਨ ਕੇਂਦਰੀ ਮੰਤਰੀ ਨੇ ਆਵਾਸ ਪ੍ਰਬੰਧ 'ਤੇ ਉੱਠਦੀਆਂ ਉਂਗਲਾਂ ਬਾਰੇ ਚਰਚਾ ਕੀਤੀ। ਮੰਤਰਾਲੇ ਨੇ ਮੀਟਿੰਗ ਦੌਰਾਨ ਐਕਸਪ੍ਰੈੱਸ ਐਂਟਰੀ ਪ੍ਰੋਗਰਾਮ ਵਿਚਲੀਆਂ ਜਾਅਲਸਾਜ਼ੀਆਂ ਖਤਮ ਕਰਨ 'ਤੇ ਜੋਰ ਦਿੱਤਾ। ਮੰਤਰੀ ਨੇ ਸੂਬਾਈ ਮੰਗ ਪ੍ਰੋਗਰਾਮ (ਪੀ.ਐਨ.ਪੀ.) ਵਿਚ ਸੂਬਿਆਂ ਦੀ ਮਹੱਤਤਾ ਉੱਤੇ ਧਿਆਨ ਕੇਂਦਰਿਤ ਕਰਨ 'ਤੇ ਜ਼ੋਰ ਦਿੱਤਾ। ਮੰਤਰੀ ਨੇ ਪੱਕੇ ਹੋਣ ਲਈ ਖੇਤਰੀ ਮੌਕਿਆਂ ਦੇ ਫਾਇਦੇ ਉਠਾਉਣ ਮਗਰੋਂ ਹੋਰ ਸੂਬਿਆਂ ਵੱਲ ਰੁਝਾਨ ਕਰਨ ਵਾਲਿਆਂ ਨੂੰ ਸਮਾਂਬੱਧ ਕੀਤੇ ਜਾਣ ਦਾ ਸੰਕੇਤ ਦਿੱਤਾ। ਸਰਕਾਰੀ ਸੂਤਰਾਂ ਅਨੁਸਾਰ ਵੀਜ਼ਾ ਨੀਤੀਆਂ ਵਿਚ ਵੱਡੇ ਬਦਲਾਅ ਹੋਣ ਦੀ ਸੰਭਾਵਨਾ ਹੈ, ਜਿਸ ਨਾਲ ਸਿਸਟਮ ਦੀਆਂ ਖਾਮੀਆਂ ਦਾ ਫਾਇਦਾ ਉਠਾ ਕੇ ਪੀਆਰ ਹੋਣ ਵਾਲਿਆਂ ਦਾ ਰਾਹ ਮੁਸ਼ਕਲ ਹੋ ਜਾਵੇਗਾ।

# ਭਗਵੰਤ ਮਾਨ ਦੀ ਕੋਠੀ ਅੱਗੇ ਬੇਰੁਜ਼ਗਾਰ ਅਧਿਆਪਕਾਂ ਤੇ ਪੁਲਿਸ ਵਿਚਾਲੇ ਝੜਪ

**ਸੰਗਰੂਰ:** ਇਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ ਓਵਰਏਜ ਬੇਰੁਜ਼ਗਾਰ ਅਧਿਆਪਕਾਂ, ਈ.ਟੀ.ਟੀ. ਟੈਟ ਪਾਸ ਅਧਿਆਪਕਾਂ ਅਤੇ ਪੁਲਿਸ ਵਿਚਾਲੇ ਧੱਕਾ-ਮੁੱਕੀ ਹੋਈ। ਪ੍ਰਦਰਸ਼ਨਕਾਰੀ ਮਾਸਟਰ ਕੇਡਰ ਦੀਆਂ 4161 ਅਸਾਮੀਆਂ ਵਿਚ ਓਵਰਏਜ ਹੋ ਚੁੱਕੇ ਬੇਰੁਜ਼ਗਾਰਾਂ ਨੂੰ ਅਪਲਾਈ ਕਰਨ ਦਾ ਮੌਕਾ ਦੇਣ ਦੀ ਮੰਗ ਕਰ ਰਹੇ ਸਨ।



ਓਵਰਏਜ ਬੇਰੁਜ਼ਗਾਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਬੇਰੁਜ਼ਗਾਰ ਅਧਿਆਪਕ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ ਸਨ ਜਿਉਂ ਹੀ ਰੋਸ ਮਾਰਚ ਕਰਦੇ ਹੋਏ ਬੇਰੁਜ਼ਗਾਰ ਅਧਿਆਪਕਾਂ ਨੇ ਪੁਲਿਸ ਨਾਕੇ ਤੋਂ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨਾਲ ਧੱਕਾ-ਮੁੱਕੀ ਹੋਈ। ਪ੍ਰਦਰਸ਼ਨਕਾਰੀਆਂ ਨੂੰ ਪੁਲਿਸ ਨੇ ਅੱਗੇ ਨਾ ਵਧਣ ਦਿੱਤਾ। ਯੂਨੀਅਨ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਮਲੋਟ ਨੇ ਕਿਹਾ ਕਿ ਮੰਗਾਂ ਸਬੰਧੀ ਸਿੱਖਿਆ ਮੰਤਰੀ ਸਮੇਤ ਕਰੀਬ ਸਾਰੇ ਹੀ ਮੰਤਰੀਆਂ ਨਾਲ ਮੀਟਿੰਗਾਂ ਕੀਤੀਆਂ ਪਰ ਕੋਈ ਹੱਲ ਨਾ ਨਿਕਲਿਆ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੇ ਮੁੱਖ ਸਕੱਤਰ ਨਾਲ ਮੀਟਿੰਗ ਦਾ ਭਰੋਸਾ ਦਿਵਾਇਆ ਸੀ ਪਰ ਅਜੇ ਤੱਕ ਮੀਟਿੰਗ ਨਹੀਂ ਹੋਈ। ਉਨ੍ਹਾਂ ਕਿਹਾ ਕਿ ਮਾਸਟਰ ਕੇਡਰ ਦੀਆਂ 4161 ਅਸਾਮੀਆਂ ਦੀ ਪ੍ਰੀਖਿਆ 21 ਅਗਸਤ ਨੂੰ ਹੋਣੀ ਹੈ। ਉਹ ਸਰਕਾਰ ਤੋਂ ਮੰਗ ਕਰਦੇ ਹਨ ਕਿ ਓਵਰਏਜ ਹੋ ਚੁੱਕੇ ਬੇਰੁਜ਼ਗਾਰ ਅਧਿਆਪਕਾਂ ਨੂੰ ਅਪਲਾਈ ਕਰਨ ਦਾ ਮੌਕਾ ਦਿੱਤਾ ਜਾਵੇ।

## ਕੱਚੇ ਅਧਿਆਪਕਾਂ ਦਾ ਵਫ਼ਦ ਮੁੱਖ ਮੰਤਰੀ ਨੂੰ ਮਿਲਿਆ

**ਸੁਨਾਮ ਊਧਮ ਸਿੰਘ ਵਾਲਾ:** ਕੱਚਾ ਅਧਿਆਪਕ ਯੂਨੀਅਨ ਦੀਆਂ ਆਗੂਆਂ ਗਗਨ ਅਬੋਹਰ ਅਤੇ ਵੀਰਪਾਲ ਕੌਰ ਸਿਧਾਣਾ ਦੀ ਅਗਵਾਈ ਹੇਠ ਜਥੇਬੰਦੀ ਦਾ ਇਕ ਵਫ਼ਦ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਿਆ। ਅਧਿਆਪਕ ਆਗੂਆਂ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਸਾਰੇ ਕੱਚੇ ਅਧਿਆਪਕਾਂ ਨੂੰ ਇਕ ਵਿਸ਼ੇਸ਼ ਨੀਤੀ ਤਹਿਤ ਪੱਕਾ ਕੀਤਾ ਜਾਣਾ ਹੈ ਜਿਸ ਬਾਬਤ ਮੀਟਿੰਗਾਂ ਦਾ ਦੌਰ ਜਾਰੀ ਹੈ। ਮੁੱਖ ਮੰਤਰੀ ਨੇ ਉਨ੍ਹਾਂ ਨੂੰ ਵੀ ਪੱਕਾ ਕਰਨ ਦਾ ਭਰੋਸਾ ਦਿੱਤਾ ਹੈ ਕਿ ਜੋ 10 ਸਾਲਾ ਪਾਲਸੀ ਤਹਿਤ ਨਹੀਂ ਆਉਂਦੇ। ਆਗੂਆਂ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਸਾਰਿਆਂ ਨੂੰ ਪੱਕਾ ਕਰਨ ਅਤੇ ਜਿੰਨਾ ਚਿਰ ਪੱਕੇ ਨਹੀਂ ਹੁੰਦੇ, ਓਨਾ ਚਿਰ ਉਨ੍ਹਾਂ ਦੀ ਤਨਖਾਹ ਵਿਚ ਸਨਮਾਨਜਨਕ ਵਾਧਾ ਕਰਨ ਦਾ ਵੀ ਭਰੋਸਾ ਦਿੱਤਾ ਹੈ। ਇਸ ਮੌਕੇ ਮੁੱਖ ਮੰਤਰੀ ਨਾਲ ਕੈਬਨਿਟ ਮੰਤਰੀ ਅਮਨ ਅਰੋੜਾ ਤੇ ਮੀਤ ਹੇਅਰ ਵੀ ਮੌਜੂਦ ਸਨ।

ਇਸੇ ਦੌਰਾਨ ਬੇਰੁਜ਼ਗਾਰ ਈ.ਟੀ.ਟੀ. ਟੈਟ ਪਾਸ ਅਧਿਆਪਕ ਸਥਾਨਕ ਬੀ.ਐਸ.ਐਨ.ਐਲ. ਪਾਰਕ ਵਿਚ ਇਕੱਠੇ ਹੋਏ ਜਿਥੇ ਪ੍ਰਸ਼ਾਸਨ ਵੱਲੋਂ ਬੇਰੁਜ਼ਗਾਰ ਅਧਿਆਪਕਾਂ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਕਰਾਉਣ ਦਾ ਭਰੋਸਾ ਦਿੱਤਾ ਗਿਆ ਪਰ ਮੀਟਿੰਗ ਨਾ ਹੋ ਸਕੀ ਜਿਸ ਕਾਰਨ ਅਧਿਆਪਕ ਰੋਹ ਵਿਚ ਆ ਗਏ। ਇਸ ਦੌਰਾਨ ਉਨ੍ਹਾਂ ਦੀ ਪੁਲਿਸ ਨਾਲ ਖਿੱਚ-ਧੂਹ ਹੋਈ। ਯੂਨੀਅਨ ਦੇ ਸੂਬਾ ਪ੍ਰਧਾਨ ਦੀਪਕ ਕੰਬੋਜ ਨੇ ਕਿਹਾ ਕਿ 5994 ਈ.ਟੀ.ਟੀ. ਅਧਿਆਪਕਾਂ ਦੀ ਭਰਤੀ ਦਾ ਇਸ਼ਤਿਹਾਰ 16 ਦਸੰਬਰ ਨੂੰ ਜਾਰੀ ਹੋ ਚੁੱਕਿਆ ਸੀ ਪਰ 7 ਮਹਿਨਿਆਂ ਬਾਅਦ ਵੀ ਆਨਲਾਈਨ ਪੋਰਟਲ ਨਹੀਂ ਖੋਲ੍ਹਿਆ ਗਿਆ, 2364 ਈ.ਟੀ.ਟੀ. ਅਧਿਆਪਕਾਂ ਦੀ ਭਰਤੀ ਅਜੇ ਤੱਕ ਮੁੜ ਬਹਾਲ ਨਹੀਂ ਕੀਤੀ ਗਈ।

ਪੰਜਾਬ ਟਾਈਮਜ਼

*ਸਨਿਚਰਵਾਰ, 6 ਅਗਸਤ 2022*

## ਉਥਲ-ਪੁਥਲ ਵਾਲੀਆਂ ਘਟਨਾਵਾਂ

ਇਸ ਹਫਤੇ ਵਾਹਵਾ ਉਥਲ-ਪੁਥਲ ਵਾਲੀਆਂ ਘਟਨਾਵਾਂ ਹੋਈਆਂ ਹਨ। ਸਭ ਤੋਂ ਵੱਡੀ ਘਟਨਾ ਇਹ ਹੋਈ ਹੈ ਕਿ ਦਹਿਸ਼ਤੀ ਜਥੇਬੰਦੀ ਅਲ-ਕਾਇਦਾ ਦਾ ਮੁਖੀ ਆਇਮਨ ਅਲ-ਜ਼ਵਾਹਿਰੀ ਕਾਬੁਲ ਵਿਚ ਡਰੋਨ ਹਮਲੇ ਵਿਚ ਮਾਰਿਆ ਗਿਆ ਹੈ। ਜਾਣਕਾਰੀ ਮਿਲੀ ਹੈ ਕਿ ਅਲ-ਜ਼ਵਾਹਿਰੀ ਦੇ ਕਾਬੁਲ ਟਿਕਾਣੇ ਦਾ ਪਤਾ ਪਾਕਿਸਤਾਨੀ ਫੌਜ ਦੇ ਅਫਸਰਾਂ ਨੇ ਅਮਰੀਕਾ ਦੀਆਂ ਖੁਫੀਆ ਏਜੰਸੀਆਂ ਨੂੰ ਦਿੱਤਾ ਸੀ। ਅਲ-ਜ਼ਵਾਹਿਰੀ 2011 ਵਿਚ ਉਸਾਮਾ ਬਿਨ-ਲਾਦਿਨ ਦੀ ਮੌਤ ਤੋਂ ਬਾਅਦ ਅਲ-ਕਾਇਦਾ ਦਾ ਮੁਖੀ ਬਣਿਆ ਸੀ। ਉਹ ਲੰਮੇ ਸਮੇਂ ਲਈ ਉਸਾਮਾ ਬਿਨ-ਲਾਦਿਨ ਦਾ ਸਾਥੀ ਰਿਹਾ ਅਤੇ ਉਸ ਨੂੰ ਅਮਰੀਕਾ ਵਿਚ ਹੋਏ 11 ਸਤੰਬਰ 2001 ਦੇ ਦਹਿਸ਼ਤਗਰਦ ਹਮਲਿਆਂ ਜਿਨ੍ਹਾਂ ਵਿਚ ਜੌੜੇ ਟਾਵਰ ਤੇ ਹੋਰ ਇਮਾਰਤਾਂ ਤਬਾਹ ਹੋ ਗਈਆਂ ਅਤੇ ਹਜ਼ਾਰਾਂ ਲੋਕ ਮਾਰੇ ਗਏ ਸਨ, ਦੀ ਸਾਜ਼ਿਸ਼ ਘੜਨ ਦਾ ਮੁੱਖ ਦੋਸ਼ੀ ਮੰਨਿਆ ਜਾਂਦਾ ਸੀ। ਮਿਸਰ ਦਾ ਰਹਿਣ ਵਾਲਾ ਅਲ-ਜ਼ਵਾਹਿਰੀ ਵਿਦਵਾਨਾਂ ਅਤੇ ਡਾਕਟਰਾਂ ਦੇ ਖਾਨਦਾਨ ਨਾਲ ਸਬੰਧ ਰੱਖਦਾ ਸੀ। ਉਸ ਦਾ ਦਾਦਾ ਮਿਸਰ ਦੀ ਸਭ ਤੋਂ ਪੁਰਾਣੀ ਯੂਨੀਵਰਸਿਟੀ ਅਲ-ਅਜ਼ਹਰ ਦਾ ਮੁੱਖ ਇਮਾਮ ਸੀ ਤੇ ਪਿਤਾ ਫਾਰਮਾਕੋਲੋਜੀ ਦਾ ਡਾਕਟਰ। ਉਹ ਖੁਦ ਡਾਕਟਰ ਬਣਿਆ ਤੇ ਬਾਅਦ ਵਿਚ ਇਸਲਾਮੀ ਮੂਲਵਾਦੀ ਵਿਚਾਰਾਂ ਵੱਲ ਖਿੱਚਿਆ ਗਿਆ। ਉਸ ਨੂੰ 1980 ਵਿਚ ਮਿਸਰ ਦੇ ਰਾਸ਼ਟਰਪਤੀ ਅਨਵਰ ਸਾਦਾਤ ਦੇ ਕਤਲ ਦੀ ਸਾਜ਼ਿਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਹ 1980ਵਿਆਂ ਵਿਚ ਪਾਕਿਸਤਾਨ ਪਹੁੰਚਿਆ ਤੇ ਦੂਜੀਆਂ ਦਹਿਸ਼ਤਪਸੰਦ ਜਥੇਬੰਦੀਆਂ ਨਾਲ ਮਿਲ ਕੇ ਅਫਗਾਨਿਸਤਾਨ 'ਚ ਸੋਵੀਅਤ ਯੂਨੀਅਨ ਦੀਆਂ ਫ਼ੌਜਾਂ ਨਾਲ ਲੜਨ ਲਈ ਜਹਾਦੀ ਤਿਆਰ ਕੀਤੇ।

ਅਲ-ਜ਼ਵਾਹਿਰੀ ਦੀ ਮੌਤ ਤੋਂ ਬਾਅਦ ਮਿਸਰੀ ਮੂਲ ਦੇ ਹੀ ਸੈਫ ਅਲ-ਆਦਿਲ ਦੇ ਅਲ-ਕਾਇਦਾ ਮੁਖੀ ਬਣਨ ਦੀ ਸੰਭਾਵਨਾ ਹੈ। ਉਹ ਮਿਸਰੀ ਫੌਜ ਵਿਚ ਕਰਨਲ ਦੇ ਅਹੁਦੇ 'ਤੇ ਰਹਿ ਚੁੱਕਾ ਹੈ। ਵੀਹਵੀਂ ਸਦੀ ਵਿਚ ਇਸਲਾਮੀ ਮੂਲਵਾਦ ਮਿਸਰ ਵਿਚ ਵੱਡੀ ਪੱਧਰ 'ਤੇ ਪਨਪਿਆ। ਇਸਲਾਮੀ ਵਿਦਵਾਨ ਹਸਨ ਅਲ-ਬੰਨਾ ਨੇ 1928 ਵਿਚ ਜਮਾਤ-ਏ-ਅਲ-ਇਖ਼ਵਾਨ-ਅਲ-ਮੁਸਲਮੀਨ ਨਾਂ ਦੀ ਜਥੇਬੰਦੀ ਬਣਾਈ ਜਿਸ ਨੂੰ ਆਮ ਕਰ ਕੇ ਮੁਸਲਿਮ ਬ੍ਰਦਰਹੁੱਡ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬਹੁਤ ਸਾਰੇ ਵਿਦਵਾਨ ਇਸ ਮੂਲਵਾਦ ਦੇ ਪਨਪਣ ਦਾ ਕਾਰਨ ਵੀਹਵੀਂ ਸਦੀ ਵਿਚ ਯੂਰਪੀ ਦੇਸ਼ਾਂ ਵੱਲੋਂ ਮੁਸਲਮਾਨ ਦੇਸ਼ਾਂ ਵਿਚ ਦਿੱਤੇ ਦਖਲ ਨੂੰ ਮੰਨਦੇ ਹਨ। ਅਮਰੀਕਾ ਨੇ ਦੋਸ਼ ਲਾਇਆ ਹੈ ਕਿ ਤਾਲਿਬਾਨ ਅਮਰੀਕਾ ਨਾਲ ਹੋਏ ਸਮਝੌਤੇ ਦੀ ਪਾਲਣਾ ਨਹੀਂ ਕਰ ਰਹੇ ਅਤੇ ਉਨ੍ਹਾਂ ਨੇ ਸਿਖ਼ਰਲੇ ਦਹਿਸ਼ਤਗਰਦਾਂ ਨੂੰ ਪਨਾਹ ਦਿੱਤੀ ਹੋਈ ਹੈ। 1979-1992 ਦੇ ਸਮਿਆਂ ਵਿਚ ਅਮਰੀਕਾ ਦੀਆਂ ਖ਼ੁਫ਼ੀਆ ਏਜੰਸੀਆਂ ਨੇ ਅਫ਼ਗਾਨਿਸਤਾਨ ਵਿਚ ਸੋਵੀਅਤ ਯੂਨੀਅਨ ਦੀਆਂ ਫ਼ੌਜਾਂ ਵਿਰੁੱਧ ਕੀਤੇ ਗਏ 'ਅਪਰੇਸ਼ਨ ਸਾਈਕਲੋਨ' ਦੌਰਾਨ ਕਈ ਦਹਿਸ਼ਤਗਰਦ ਜਥੇਬੰਦੀਆਂ ਜਿਨ੍ਹਾਂ ਵਿਚ ਅਲ-ਕਾਇਦਾ ਵੀ ਸ਼ਾਮਲ ਸੀ, ਨੂੰ ਉਤਸ਼ਾਹਿਤ ਕੀਤਾ। ਇਹ ਅਕਸਰ ਕਿਹਾ ਜਾਂਦਾ ਹੈ ਕਿ ਅਲ-ਕਾਇਦਾ ਨੂੰ ਉਤਸ਼ਾਹਿਤ ਕਰਨਾ ਸੀ.ਆਈ.ਏ. ਦੀ ਵੱਡੀ ਗ਼ਲਤੀ ਸੀ। ਇਸ ਨੂੰ ਸੋਵੀਅਤ ਯੂਨੀਅਨ ਦੀਆਂ ਫੌਜਾਂ ਵਿਰੁੱਧ ਵਰਤਿਆ ਗਿਆ। ਅਮਰੀਕਾ ਦੀ ਇਸ ਰਣਨੀਤੀ ਨੇ ਸਮੁੱਚੀ ਦੁਨੀਆ ਦਾ ਨਕਸ਼ਾ ਹੀ ਬਦਲ ਕੇ ਰੱਖ ਦਿੱਤਾ। ਹੁਣ ਦੁਨੀਆ ਦੇ ਬਹੁਤ ਸਾਰੇ ਦੇਸ਼ ਕੱਟੜਪੰਥੀ ਜਥੇਬੰਦੀਆਂ ਦੀ ਹਿੰਸਾ ਨਾਲ ਜੂਝ ਰਹੇ ਹਨ।

ਦੂਜੀ ਘਟਨਾ ਭਾਵੇਂ ਦੇਖਣ ਨੂੰ ਮਾਮੂਲੀ ਜਿਹੀ ਜਾਪਦੀ ਹੈ ਪਰ ਪੰਜਾਬ ਦੀ ਸਿਆਸਤ ਦੇ ਹਿਸਾਬ ਨਾਲ ਇਸ ਦੇ ਅਰਥ ਬਹੁਤ ਡੂੰਘੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜਦੋਂ ਇਕ ਪਿੰਡ ਵਿਚ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਖਬਰਸਾਰ ਲੈਣ ਆਏ ਤਾਂ ਲੋਕਾਂ ਨੇ ਉਨ੍ਹਾਂ ਨੂੰ ਕਾਲੀਆਂ ਝੰਡੀਆਂ ਦਿਖਾਈਆਂ। ਇਹ ਕਾਲੀਆਂ ਝੰਡੀਆਂ ਭਾਵੇਂ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਕਾਰਕੁਨਾਂ ਨੇ ਦਿਖਾਈਆਂ ਪਰ ਅਕਾਲੀ ਲੀਡਰਾਂ ਨੂੰ ਪਿਛਲੇ ਕੁਝ ਸਮੇਂ ਤੋਂ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਸਲ ਵਿਚ ਬੇਅਦਬੀ ਅਤੇ ਪੰਜਾਬ ਦੇ ਕੁਝ ਹੋਰ ਮੁੱਦਿਆਂ ਬਾਰੇ ਅਕਾਲੀ ਦਲ ਨੇ ਜਿਹੜੀ ਪਹੁੰਚ ਅਪਣਾਈ ਸੀ, ਉਸ ਤੋਂ ਲੋਕ ਬਹੁਤ ਜ਼ਿਆਦਾ ਔਖੇ ਸਨ। ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਜੋ 2017 ਅਤੇ ਹੁਣ 2022 ਵਿਚ ਹੋਈਆਂ, ਵਿਚ ਲੋਕਾਂ ਨੇ ਮਿਥ ਕੇ ਅਕਾਲੀ ਉਮੀਦਵਾਰਾਂ ਨੂੰ ਹਰਾਇਆ। ਇਹ ਪਹਿਲੀ ਵਾਰ ਸੀ ਕਿ ਅਕਾਲੀ ਦਲ ਕੋਲ ਵਿਰੋਧੀ ਧਿਰ ਵਾਲੀ ਹੈਸੀਅਤ ਵੀ ਨਾ ਰਹੀ। ਅਸਲ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲੀ ਦਲ ਵਿਚ ਪਰਿਵਾਰਵਾਦ ਵਧਾਇਆ ਅਤੇ ਸਿਆਸੀ ਪਿੜ ਵਿਚ ਉਹ ਕਾਰਵਾਈਆਂ ਕੀਤੀਆਂ ਜਿਨ੍ਹਾਂ ਨੂੰ ਲੋਕ ਮੁਆਫ ਨਹੀਂ ਕਰ ਰਹੇ। ਬਾਦਲ ਪਰਿਵਾਰ ਖਿਲਾਫ ਲੋਕਾਂ ਦਾ ਗੁੱਸਾ ਇੰਨਾ ਜ਼ਿਆਦਾ ਹੈ ਕਿ ਐਤਕੀਂ ਇਸ ਪਰਿਵਾਰ ਦਾ ਕੋਈ ਵੀ ਜੀਅ ਵਿਧਾਨ ਸਭਾ ਚੋਣ ਜਿੱਤ ਕੇ ਵਿਧਾਨ ਸਭਾ ਅੰਦਰ ਨਹੀਂ ਜਾ ਸਕਿਆ। ਪਾਰਟੀ ਨੇ ਆਪਣੀ ਹਾਰ ਦੀ ਪੁਣ-ਛਾਣ ਲਈ 13 ਮੈਂਬਰੀ ਕਮੇਟੀ ਬਣਾਈ ਸੀ ਅਤੇ ਇਸ ਕਮੇਟੀ ਆਪਣੀ ਰਿਪੋਰਟ ਸੌਂਪ ਵੀ ਦਿੱਤੀ ਹੈ। ਇਸ ਵਿਚ ਸਿਫਾਰਿਸ਼ ਕੀਤੀ ਗਈ ਹੈ ਕਿ ਪਾਰਟੀ ਦੀ ਲੀਡਰਸ਼ਿਪ ਤਬਦੀਲ ਕੀਤੀ ਜਾਵੇ। ਇਸ ਤੋਂ ਬਾਅਦ ਮਨਪ੍ਰੀਤ ਸਿੰਘ ਇਯਾਲੀ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਜਗਮੀਤ ਸਿੰਘ ਬਰਾੜ ਨੇ ਜਿਸ ਤਰ੍ਹਾਂ ਬਗਾਵਤੀ ਸੁਰਾਂ ਅਪਣਾਈਆਂ ਹਨ, ਉਸ ਤੋਂ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੱਡੀ ਵੰਗਾਰ ਪੈ ਗਈ ਹੈ। ਉਂਝ, ਸੁਖਬੀਰ ਸਿੰਘ ਬਾਦਲ ਦੇ ਸਮਰਥਕਾਂ ਨੇ ਕਮੇਟੀ ਦੀਆਂ ਸਿਫਾਰਿਸ਼ਾਂ ਤੋਂ ਉਲਟ ਜਾਂਦਿਆਂ ਪਾਰਟੀ ਬਾਰੇ ਫੈਸਲੇ ਕਰਨ ਦੇ ਸਾਰੇ ਅਧਿਕਾਰ ਸੁਖਬੀਰ ਸਿੰਘ ਬਾਦਲ ਨੂੰ ਦੇ ਦਿੱਤੇ ਅਤੇ ਉਨ੍ਹਾਂ ਨੇ ਪਾਰਟੀ ਦਾ ਸਮੁੱਚਾ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਤਾਂ ਕਿ ਨਵੇਂ ਸਿਰਿਓਂ ਨਿਯੁਕਤੀਆਂ ਕੀਤੀਆਂ ਜਾ ਸਕਣ। ਉਂਝ, ਇਸ ਮਸਲੇ 'ਤੇ ਵੀ ਡਾਢਾ ਰੌਲਾ ਪੈ ਗਿਆ ਕਿਉਂਕਿ ਤਕਨੀਕੀ ਤੌਰ 'ਤੇ ਜਥੇਬੰਦਕ ਢਾਂਚਾ ਇਉਂ ਭੰਗ ਨਹੀਂ ਕੀਤਾ ਜਾ ਸਕਦਾ। ਸਿੱਟੇ ਵਜੋਂ ਹੁਣ ਬਾਦਲ ਪਰਿਵਾਰ ਨੂੰ ਵੱਡੇ ਸਿਆਸੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਮੇਟੀ ਦੀ ਰਿਪੋਰਟ ਹੈ ਕਿ ਪਾਰਟੀ ਵਰਕਰ ਲੀਡਰਸ਼ਿਪ ਵਿਚ ਤਬਦੀਲੀ ਚਾਹੁੰਦੇ ਹਨ। ਆਉਣ ਵਾਲੇ ਦਿਨਾਂ ਅੰਦਰ ਜੇ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੀ ਪ੍ਰਧਾਨਗੀ ਤੋਂ ਲਾਂਭੇ ਕਰ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਅਕਾਲੀ ਦਲ ਅੰਦਰ ਹੀ ਨਹੀ, ਪੰਜਾਬ ਦੀ ਸਿਆਸਤ ਅੰਦਰ ਵੀ ਨਵੀਂ ਸਿਆਸੀ ਸਫਬੰਦੀ ਦੀਆਂ ਸੰਭਾਵਨਾਵਾਂ ਬਣ ਸਕਦੀਆਂ ਹਨ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਜੱਫਾ ਪ੍ਰਧਾਨਗੀ ਨੂੰ

ਮਾਣਮੱਤਾ ਸੀ 'ਦਲ' ਅਕਾਲੀਆਂ ਦਾ, ਇਕੋ ਟੱਬਰ ਨੇ ਕਰਿਆ ਮਲੰਗ ਭਾਈ।
ਪੁੱਤ-ਮੋਹ ਵਿਚ ਪਾਰਟੀ ਗਰਕ ਕਰ ਕੇ, 'ਘਾਗ' ਲੀਡਰ ਨੂੰ ਆਈ ਨਾ ਸੰਗ ਭਾਈ।
'ਜੀ-ਹਜ਼ੂਰੀਏ' ਕਰਨ ਵਿਰੋਧ ਲਗ ਪਏ, ਤਾਨਾਸ਼ਾਹੀ ਤੋਂ ਕਹਿੰਦੇ ਹਾਂ ਤੰਗ ਭਾਈ।
ਜੇ ਹੁਣ ਮੰਗਣ ਮੁਆਫੀਆਂ ਕੌਮ ਕੋਲੋਂ, ਬੇੜੀ ਡੁੱਬਣ 'ਤੇ ਛੇੜੀ ਐ ਜੰਗ ਭਾਈ।
ਗੁਨਾਹਗਾਰਾਂ ਨੂੰ ਸਜ਼ਾ ਦੇ ਘਰੇ ਤੋਰਨ, ਹੈ ਸ਼ੁਭ ਚਿੰਤਕਾਂ ਦੀ ਇਕੋ ਮੰਗ ਭਾਈ।
ਪਾਈ ਰੱਖਣ ਲਈ ਜੱਫਾ ਪ੍ਰਧਾਨਗੀ ਨੂੰ, ਢਾਂਚਾ ਕਰ'ਤਾ 'ਭਰਦਾਨ' ਨੇ ਭੰਗ ਭਾਈ।

# ਬਾਦਲ ਪਰਿਵਾਰ ਨੂੰ ਵੰਗਾਰ ਅਤੇ ਅਕਾਲੀ ਸਿਆਸਤ

**ਦੋ-ਢਾਈ ਦਹਾਕੇ ਪੰਜਾਬ ਅਤੇ ਪੰਥਕ ਸਿਆਸਤ ਵਿਚ ਪੈਂਠ ਜਮਾਈ ਰੱਖਣ ਤੋਂ ਬਾਅਦ ਅੱਜ ਬਾਦਲ ਪਰਿਵਾਰ ਆਪਣਾ ਬੀਜਿਆ ਵੱਢ ਰਿਹਾ ਹੈ। ਚੋਣਾਂ ਵਿਚ ਹਾਰ-ਦਰ-ਹਾਰ ਤੋਂ ਬਾਅਦ ਅੱਜ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ 'ਤੇ ਸਵਾਲੀਆ ਨਿਸ਼ਾਨ ਲੱਗਿਆ ਹੋਇਆ ਹੈ। ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਸਮੁੱਚੇ ਹਾਲਾਤ ਬਾਰੇ ਉਚੇਚੀ ਟਿੱਪਣੀ ਕੀਤੀ ਹੈ।**

ਸ਼੍ਰੋਮਣੀ ਅਕਾਲੀ ਦਲ (ਬਾਦਲ) ਇਸ ਸਮੇਂ ਵੱਡੇ ਸਿਆਸੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਵਿਧਾਨ ਸਭਾ ਚੋਣਾਂ ਦੌਰਾਨ ਮਹਿਜ਼ ਤਿੰਨ ਸੀਟਾਂ ਤੱਕ ਸਿਮਟ ਜਾਣਾ ਅਤੇ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ ਮੁੱਖ ਸਿਆਸੀ ਧਿਰਾਂ ਵਿਚੋਂ ਸਭ ਤੋਂ ਪਛੜ ਜਾਣਾ ਦਰਸਾਉਂਦਾ ਹੈ ਕਿ ਇਹ ਪਾਰਟੀ ਹੁਣ ਹਾਸ਼ੀਏ 'ਤੇ ਹੈ ਅਤੇ ਇਸ ਪਾਰਟੀ 'ਤੇ ਕਾਬਜ਼ ਬਾਦਲ ਪਰਿਵਾਰ ਆਪਣੀ ਸਿਆਸੀ ਹੋਂਦ ਬਚਾਈ ਰੱਖਣ ਲਈ ਜੱਦੋ-ਜਹਿਦ ਕਰ ਰਿਹਾ ਹੈ। ਸਿਆਸਤ ਵਿਚ ਥੋੜ੍ਹੀ-ਬਹੁਤੀ ਰੁਚੀ ਰੱਖਣ ਵਾਲੇ ਜਾਣਦੇ ਹਨ ਕਿ ਪਿਛਲੇ ਲੱਗਭੱਗ ਢਾਈ ਦਹਾਕਿਆਂ ਤੋਂ ਇਸ ਪਰਿਵਾਰ ਨੇ ਪਾਰਟੀ ਨੂੰ ਜਮਹੂਰੀ ਢੰਗ ਨਾਲ ਚਲਾਉਣ ਦੀ ਬਜਾਇ ਕਿਸੇ ਪ੍ਰਾਈਵੇਟ ਕੰਪਨੀ ਵਾਂਗ ਚਲਾਇਆ ਹੈ।



ਨਵਕਿਰਨ ਸਿੰਘ ਪੱਤੀ
**ਈਮੇਲ:** n4navkiran@gmail.com

ਵਿਧਾਨ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਨੇ ਪਾਰਟੀ ਦੀ ਹਾਲਤ ਸੁਧਾਰਨ ਦੇ ਮੰਤਵ ਨਾਲ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਕਮੇਟੀ ਬਣਾਈ ਜਿਸ ਨੇ 100 ਵਿਧਾਨ ਸਭਾ ਹਲਕਿਆਂ ਦਾ ਦੌਰਾ ਕਰਕੇ ਵਰਕਰਾਂ ਦੀ ਰਾਇ ਨਾਲ ਤਿਆਰ ਕੀਤੀ ਰਿਪੋਰਟ 'ਚ ਕਈ ਸਿਫਾਰਸ਼ਾਂ ਕੀਤੀਆਂ ਗਈਆਂ। ਇਨ੍ਹਾਂ ਵਿਚੋਂ ਇਕ ਸਿਫਾਰਿਸ਼ ਲੀਡਰਸ਼ਿਪ ਬਦਲਣ ਦੀ ਹੈ। ਇਸ ਤੋਂ ਇਲਾਵਾ ਪਾਰਟੀ ਅੰਦਰ ਪੰਜਾਬੀ ਹਿੱਤਾਂ ਅਤੇ ਪੰਥਕ ਕਦਰਾਂ-ਕੀਮਤਾਂ ਅਨੁਸਾਰ ਨਵੀਂ ਰੂਹ ਭਰਨ ਦੀ ਸਿਫਾਰਸ਼ ਦੀ ਗੱਲ ਕੀਤੀ ਗਈ।

ਲੀਡਰਸ਼ਿਪ ਬਦਲਣ ਦੀ ਮੰਗ ਕਰਨ ਵਾਲੀ ਇਸ ਰਿਪੋਰਟ ਨੂੰ ਪਹਿਲਾਂ ਤਾਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਗੌਲਿਆ ਹੀ ਨਹੀਂ ਪਰ ਰਾਸ਼ਟਰਪਤੀ ਚੋਣਾਂ ਸਮੇਂ ਪਾਰਟੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਦੀ ਕੀਤੀ ਬਗਾਵਤ ਬਾਅਦ ਜਦ ਇਸ ਰਿਪੋਰਟ ਦੀ ਚਰਚਾ ਨੇ ਜ਼ੋਰ ਫੜਿਆ ਤਾਂ ਪ੍ਰਧਾਨ ਜੀ ਨੇ ਰਿਪੋਰਟ ਦੀ ਭਾਵਨਾ ਦੇ ਉਲਟ ਸਿਰਫ ਆਪਣੇ ਅਹੁਦੇ ਨੂੰ ਸੁਰੱਖਿਅਤ ਰੱਖ ਕੇ ਪਾਰਟੀ ਦਾ ਬਾਕੀ ਸਾਰਾ ਢਾਂਚਾ ਭੰਗ ਕਰ ਦਿੱਤਾ। ਜੇ ਝੂੰਦਾਂ ਕਮੇਟੀ ਦੀ ਰਿਪੋਰਟ ਲੀਡਰਸ਼ਿਪ ਬਦਲਣ ਦੀ ਗੱਲ ਕਰਦੀ ਹੈ ਤਾਂ ਸਵਾਲ ਉਠਦਾ ਹੈ ਕਿ ਲੀਡਰਸ਼ਿਪ ਕਿਹੜੀ ਹੈ? ਸਭ ਨੂੰ ਪਤਾ ਹੈ ਕਿ ਪਿਛਲੇ ਸਮੇਂ ਤੋਂ ਇਹ ਪਾਰਟੀ ਕਿਸੇ ਜਮਹੂਰੀ ਢੰਗ ਤਰੀਕੇ ਨਾਲ ਚੱਲਣ ਦੀ ਬਜਾਇ ਸਿਰਫ ਵਿਅਕਤੀ-ਕੇਂਦਰਿਤ ਰਹੀ ਹੈ; ਪਹਿਲਾਂ ਇੱਕੋ-ਇੱਕ ਲੀਡਰਸ਼ਿਪ ਪ੍ਰਕਾਸ਼ ਸਿੰਘ ਬਾਦਲ ਸਨ ਅਤੇ ਹੁਣ ਸੁਖਬੀਰ ਸਿੰਘ ਬਾਦਲ ਹੈ। ਰਿਪੋਰਟ ਦੀ ਭਾਵਨਾ ਅਨੁਸਾਰ ਲੀਡਰਸ਼ਿਪ ਬਦਲਣ ਦੀ ਮੰਗ ਦਾ ਸਾਫ-ਸਾਫ ਮਤਲਬ ਹੈ ਕਿ ਪਾਰਟੀ ਸੱਤਾ ਦਾ ਇਕਲੌਤਾ ਕੇਂਦਰ 'ਬਾਦਲ ਪਰਿਵਾਰ' ਬਦਲਿਆ ਜਾਵੇ ਪਰ ਹੋਇਆ ਇਸ ਤੋਂ ਉਲਟ ਹੈ। ਸੁਖਬੀਰ ਸਿੰਘ ਬਾਦਲ ਨੇ ਬਾਕੀ ਲੀਡਰਸ਼ਿਪ ਦੇ ਨਾਲ-ਨਾਲ ਪ੍ਰਧਾਨਗੀ ਤੋਂ ਅਸਤੀਫਾ ਦੇ ਕੇ ਕਾਰਜਕਾਰੀ ਕਮੇਟੀ ਰਾਹੀਂ ਨਵਾਂ ਢਾਂਚਾ ਉਸਾਰਨ ਦੀ ਬਜਾਇ ਜੋ ਰਾਹ ਅਪਣਾਇਆ, ਉਹ ਤਾਨਾਸ਼ਾਹੀ ਵਾਲਾ ਹੈ।

ਬਾਦਲਾਂ ਦੀ ਸਰਪ੍ਰਸਤੀ ਵਿਚ ਸ਼੍ਰੋਮਣੀ ਅਕਾਲੀ ਦਲ 'ਤੇ ਜਿਸ ਤਰ੍ਹਾਂ ਦੀਆਂ ਤੁਹਮਤਾਂ ਲੱਗ ਰਹੀਆਂ ਹਨ, ਪਹਿਲਾਂ ਕਦੇ ਅਜਿਹਾ ਨਹੀਂ ਸੀ ਹੋਇਆ। ਪਾਰਟੀ ਦਾ ਲੋਕਾਂ ਵਿਚ ਚੰਗਾ ਅਸਰ-ਰਸੂਖ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਜਨਮ ਇਤਿਹਾਸਕ ਗੁਰਦੁਆਰਿਆਂ ਨੂੰ ਅੰਗਰੇਜ਼ ਹਕੂਮਤ ਦੀ ਸਰਪ੍ਰਸਤੀ ਪ੍ਰਾਪਤ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਵਾਲੀ ਸੁਧਾਰਵਾਦੀ ਲਹਿਰ ਨਾਲ ਹੋਇਆ ਸੀ। 1920 ਵਿਚ ਆਪਣੇ ਜਨਮ ਸਮੇਂ ਤੋਂ ਅਕਾਲੀ ਦਲ ਨੇ ਕਈ ਇਤਿਹਾਸਕ ਅੰਦੋਲਨ ਲੜੇ ਜਿਨ੍ਹਾਂ ਵਿਚ 1921 ਦਾ ਨਨਕਾਣਾ ਸਾਹਿਬ ਦਾ ਅੰਦੋਲਨ, ਚਾਬੀਆਂ ਦਾ ਮੋਰਚਾ, 1922 'ਚ ਗੁਰੂ ਕਾ ਬਾਗ, 1923 'ਚ ਜੈਤੋਂ ਦਾ ਮੋਰਚਾ ਅਹਿਮ ਹਨ। ਗੁਰਦੁਆਰਾ ਸੁਧਾਰ ਲਹਿਰ ਸਮੇਤ ਕਈ ਸੰਘਰਸ਼ਾਂ ਵਿਚੋਂ ਲੰਘੀ ਇਹ ਦੇਸ਼ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ ਹੈ ਜਿਸ ਦੇ ਵਰਕਰ ਸੰਘਰਸ਼ਾਂ ਦੌਰਾਨ ਜੇਲ੍ਹਾਂ ਕੱਟਦੇ ਰਹੇ ਹਨ।

ਅਕਾਲੀ ਦਲ ਵਿਚ ਪ੍ਰਕਾਸ਼ ਸਿੰਘ ਬਾਦਲ ਦਾ ਉਭਾਰ 1970 ਵਿਚ ਹੁੰਦਾ ਹੈ ਜਦ ਪਾਰਟੀ ਦੀ ਅੰਦਰੂਨੀ ਧੜੇਬੰਦੀ ਕਾਰਨ ਜਸਟਿਸ ਗੁਰਨਾਮ ਸਿੰਘ ਨੂੰ ਪਾਸੇ ਕਰਕੇ ਪਹਿਲੀ ਵਾਰ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦਾ ਮੁੱਖ ਮੰਤਰੀ ਬਣਿਆ ਸੀ। ਫਿਰ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਵਿਚ ਐਮਰਜੈਂਸੀ ਥੋਪੀ ਤਾਂ ਇਸ ਦਾ ਵਿਰੋਧੀ ਪਾਰਟੀਆਂ, ਜਮਹੂਰੀ ਧਿਰਾਂ ਦੇ ਨਾਲ-ਨਾਲ ਅਕਾਲੀ ਦਲ ਨੇ ਵੀ ਸਖਤ ਵਿਰੋਧ ਕੀਤਾ। ਐਮਰਜੈਂਸੀ ਮਗਰੋਂ 1977 ਵਿਚ ਅਕਾਲੀ ਦਲ ਨੇ ਜਨਤਾ ਪਾਰਟੀ ਨਾਲ ਮਿਲ ਕੇ ਚੋਣ ਲੜੀ ਅਤੇ ਪ੍ਰਕਾਸ਼ ਸਿੰਘ ਬਾਦਲ ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ। ਉਸ ਤੋਂ ਬਾਅਦ ਕੁਝ ਸਿਆਸੀ ਕਾਰਨਾਂ ਕਰਕੇ 1985 ਵਿਚ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਬਣ ਗਏ। ਇਹ ਪੰਜਾਬ ਵਿਚ ਸਿਆਸੀ ਉਥਲ-ਪੁਥਲ ਦਾ ਸਮਾਂ ਸੀ।



1995-96 ਦਾ ਉਹ ਦੌਰ ਹੈ ਜਦ ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਦੇ ਪ੍ਰਧਾਨ ਬਣਦੇ ਹਨ ਅਤੇ ਇਤਫਾਕ ਨਾਲ ਇਸੇ ਸਮੇਂ ਦੌਰਾਨ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦਾ ਵੱਡੀ ਜਿੱਤ ਨਾਲ ਪਹਿਲੀ ਵਾਰ ਉਭਾਰ ਹੁੰਦਾ ਹੈ। ਇਹ ਹਕੀਕਤ ਹੈ ਕਿ ਪੂਰੇ ਦੇਸ਼ ਵਿਚੋਂ ਸ਼੍ਰੋਮਣੀ ਅਕਾਲੀ ਦਲ ਪਹਿਲੀ ਅਜਿਹੀ ਪਾਰਟੀ ਸੀ ਜਿਸ ਨੇ ਭਾਜਪਾ ਨੂੰ ਬਿਨਾਂ ਸ਼ਰਤ ਹਮਾਇਤ ਦੇਣ ਦਾ ਐਲਾਨ ਕੀਤਾ ਸੀ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਕੀਤੇ ਇਸ ਫੈਸਲੇ ਨੇ ਅਕਾਲੀ ਦਲ ਦਾ ਰੁਖ ਹੀ ਬਦਲ ਕੇ ਰੱਖ ਦਿੱਤਾ; ਦੇਸ਼ ਦੀ ਇੱਕ ਅਹਿਮ ਧਾਰਮਿਕ ਘੱਟ ਗਿਣਤੀ ਦੀ ਨੁਮਾਇੰਦਾ ਵੱਡੀ ਖੇਤਰੀ ਪਾਰਟੀ ਇੱਕ ਫਿਰਕੂ ਪਾਰਟੀ ਦੀ ਪਿਛਲੱਗ ਬਣ ਗਈ।

ਫਰਵਰੀ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਅਕਾਲੀ-ਭਾਜਪਾ ਨੇ ਸਾਂਝੀਆਂ ਲੜੀਆਂ ਅਤੇ ਸਰਕਾਰ ਬਣਾਈ। ਇੱਕ ਦੌਰ ਉਹ ਵੀ ਆਇਆ ਜਦ ਬਾਦਲ ਨੇ ਸ਼੍ਰੋਮਣੀ ਕਮੇਟੀ ਵਿਚ ਬਹੁਗਿਣਤੀ ਦੇ ਸਹਾਰੇ 1973 ਤੋਂ ਪ੍ਰਧਾਨ ਚੱਲੇ ਆ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਐਸ.ਜੀ.ਪੀ.ਸੀ. ਦੀ ਪ੍ਰਧਾਨਗੀ ਅਤੇ ਭਾਈ ਰਣਜੀਤ ਸਿੰਘ ਨੂੰ ਅਕਾਲ ਤਖਤ ਦੀ ਜਥੇਦਾਰੀ ਤੋਂ ਲਾਂਭੇ ਕਰ ਦਿੱਤਾ, ਭਾਵੇਂ ਅਕਾਲੀ ਦਲ ਵਿਚ ਵਾਪਸ ਆਉਣ 'ਤੇ ਜਥੇਦਾਰ ਟੌਹੜਾ ਮੁੜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤਾਂ ਬਣਾ ਦਿੱਤੇ ਪਰ ਤਦ ਤੱਕ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਤਖਤਾਂ ਦੇ ਜਥੇਦਾਰ ਪੂਰੀ ਤਰ੍ਹਾਂ ਬਾਦਲ ਦੇ 'ਕਬਜ਼ੇ' ਵਿਚ ਆ ਚੁੱਕੇ ਸਨ। ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਬਣਨ ਉਪਰੰਤ ਅਕਾਲੀ ਦਲ ਦੀ ਪੰਥਕ ਸਿਆਸਤ ਨੂੰ ਪਰਿਵਾਰਵਾਦ ਦੀ ਭੇਂਟ ਚਾੜ੍ਹ ਦਿੱਤਾ। ਬਾਦਲ ਨੇ ਸਭ ਤੋਂ ਵੱਡੀ ਚੁਸਤੀ ਇਹ ਕੀਤੀ ਕਿ ਜਿੱਥੇ ਆਪਣਾ ਮੁੰਡਾ, ਨੂੰਹ ਰਾਜਨੀਤੀ ਵਿਚ ਫਿੱਟ ਕੀਤੇ, ਉਥੇ ਹੀ ਢੀਂਡਸਾ, ਬ੍ਰਹਮਪੁਰਾ, ਚੰਦੂਮਾਜਰਾ ਵਰਗੇ ਅਕਾਲੀ ਲੀਡਰਾਂ ਦੇ ਮੂੰਹ ਬੰਦ ਕਰਨ ਲਈ ਉਨ੍ਹਾਂ ਦੇ ਬੱਚੇ ਵੀ 'ਐਡਜਸਟ' ਕੀਤੇ ਤੇ 2012 ਤੱਕ ਆਉਂਦਿਆਂ ਪਾਰਟੀ ਦਾ ਖਾਸਾ ਹੀ ਬਦਲ ਕੇ ਰੱਖ ਦਿੱਤਾ। ਪਿਛੇ ਜਿਹੇ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਤੇ ਅੱਜ ਕੱਲ੍ਹ ਸੁਖਦੇਵ ਸਿੰਘ ਢੀਂਡਸਾ, ਪ੍ਰੇਮ ਸਿੰਘ ਚੰਦੂਮਾਜਰਾ ਵਰਗੇ ਜੋ ਲੀਡਰ ਬਾਗੀ ਸੁਰਾਂ ਦਿਖਾ ਕੇ ਲੋਕਾਂ ਦੀ ਹਮਦਰਦੀ ਹਾਸਲ ਕਰਨਾ ਚਾਹੁੰਦੇ ਹਨ, ਸੱਤਾ ਦੌਰਾਨ ਇਨ੍ਹਾਂ ਨੇ ਵੀ ਲੋਕ ਮਸਲਿਆਂ ਵੱਲ ਧਿਆਨ ਦੇਣ ਦੀ ਬਜਾਇ ਆਪੋ-ਆਪਣੇ ਪਰਿਵਾਰ 'ਸੈੱਟ' ਕਰਨ ਵੱਲ ਹੀ ਧਿਆਨ ਦਿੱਤਾ।

ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਟਕਸਾਲੀ ਅਕਾਲੀ ਆਗੂਆਂ ਨੂੰ ਪਿੱਛੇ ਧੱਕ ਕੇ ਸੂਬੇ ਵਿਚ ਜਿਸ ਤਰ੍ਹਾਂ ਦਾ ਕੰਮ-ਢੰਗ ਅਪਣਾਇਆ, ਉਹ ਪੰਥਕ ਪਾਰਟੀ ਵਾਲਾ ਨਾ ਹੋ ਕੇ ਕਾਰਪੋਰੇਟ ਅਦਾਰੇ ਵਾਂਗ ਸੀ। ਪਾਰਟੀ ਅਤੇ ਸਰਕਾਰ 'ਤੇ ਕਾਬਜ਼ ਹੋਏ ਬਾਦਲਾਂ ਨੇ ਜਿੱਥੇ ਸੁਮੇਧ ਸੈਣੀ ਵਰਗੇ ਪੁਲਿਸ ਅਫਸਰਾਂ ਦੀ ਪੁਸ਼ਤਪਨਾਹੀ ਕੀਤੀ, ਉੱਥੇ ਸੂਬੇ ਦੀ ਪਬਲਿਕ ਟਰਾਂਸਪੋਰਟ ਦੀ ਥਾਂ ਆਪਣੀ ਨਿੱਜੀ ਟਰਾਂਸਪੋਰਟ ਦੀ ਅਜਾਰੇਦਾਰੀ ਸਥਾਪਤ ਕੀਤੀ; ਕੇਬਲ ਸਨਅਤ, ਰੇਤ-ਬਜਰੀ ਕਾਰੋਬਾਰ, ਹੋਟਲਾਂ ਦੇ ਕਾਰੋਬਾਰ ਆਪਣੇ ਹੱਥਾਂ ਵਿਚ ਲੈਣ ਦੀ ਚਰਚਾ ਤੁਰੀ ਅਤੇ ਪਾਰਟੀ ਦੇ ਕੁਝ ਲੀਡਰਾਂ ਖਿਲਾਫ ਨਸ਼ਾ ਤਸਕਰੀ ਤੱਕ ਦੇ ਇਲਜ਼ਾਮ ਲੱਗੇ। ਨੌਬਤ ਇੱਥੋਂ ਤੱਕ ਆਈ ਕਿ ਪਾਰਟੀ ਦਾ ਦੂਜੇ ਨੰਬਰ ਦਾ ਆਗੂ ਇਸ ਸਮੇਂ ਨਸ਼ਿਆਂ ਨਾਲ ਜੁੜੇ ਕੇਸ ਵਿਚ ਜੇਲ੍ਹ ਬੰਦ ਹੈ। ਮਜੀਠੀਆ ਦੇ ਜੇਲ੍ਹ ਜਾਣ ਨਾਲ ਸੁਖਬੀਰ ਸਿੰਘ ਬਾਦਲ ਦੀ ਪਾਰਟੀ 'ਤੇ ਪਕੜ ਹੋਰ ਕਮਜ਼ੋਰ ਹੋਈ ਹੈ।

ਅਕਾਲੀ ਦਲ (ਬਾਦਲ) ਉੱਤੇ ਸੱਤਾ ਵਿਚ ਰਹਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣਾ ਤੇ ਇਨ੍ਹਾਂ ਦੇ ਰਾਜ ਵਿਚ ਬੇਅਦਬੀ ਮਾਮਲੇ ਵਿਚ ਇਨਸਾਫ ਮੰਗ ਰਹੇ ਨਿਹੱਥੇ ਲੋਕਾਂ 'ਤੇ ਪੁਲਿਸ ਵੱਲੋਂ ਗੋਲੀਆਂ ਚਲਾਉਣਾ, ਬਹਿਬਲ ਕਲਾਂ/ਕੋਟਕਪੂਰਾ ਗੋਲੀਕਾਂਡ ਵਿਚ ਇਨਸਾਫ ਨਾ ਦੇਣਾ, ਬਲਾਤਕਾਰ/ਕਤਲ ਵਰਗੇ ਗੰਭੀਰ ਇਲਜ਼ਾਮਾਂ ਵਿਚ ਘਿਰੇ ਡੇਰਾ ਮੁਖੀ ਨੂੰ ਐਸ.ਜੀ.ਪੀ.ਸੀ. ਦੀ ਦੁਰਵਰਤੋਂ ਕਰਕੇ ਮੁਆਫੀ ਦਿਵਾਉਣਾ ਇਸ ਪਾਰਟੀ ਦਾ ਗ੍ਰਾਫ ਹੇਠਾਂ ਜਾਣ ਦੇ ਅਹਿਮ ਕਾਰਨ ਬਣੇ।

ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਉਠਾ ਕੇ ਵੋਟਾਂ ਮੰਗੀਆਂ ਗਈਆਂ। ਜਿਨ੍ਹਾਂ ਬੰਦੀਆਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ, ਉਨ੍ਹਾਂ ਦੀ ਰਿਹਾਈ ਹੋਣੀ ਚਾਹੀਦੀ ਹੈ ਪਰ ਲੋਕ-ਮਨਾਂ ਵਿਚ ਸਵਾਲ ਉੱਠਿਆ ਕਿ ਅਕਾਲੀਆਂ ਨੇ ਉਸ ਸਮੇਂ ਇਹ ਮੁੱਦਾ ਨਹੀਂ ਉਠਾਇਆ ਜਦ ਪੰਜਾਬ ਤੇ ਕੇਂਦਰ ਵਿਚ ਵੀ ਇਨ੍ਹਾਂ ਦੀ ਭਾਈਵਾਲੀ ਵਾਲੀ ਸਰਕਾਰ ਸੀ। ਉਸ ਸਮੇਂ ਭਾਜਪਾ ਨਾਲ ਗੱਠਜੋੜ ਲਈ ਬੰਦੀ ਸਿੰਘਾਂ ਦੀ ਰਿਹਾਈ ਦੀ ਸ਼ਰਤ ਰੱਖਦੇ ਤਾਂ ਸ਼ਾਇਦ ਅੱਜ ਸਾਰੇ ਬੰਦੀ ਸਿੰਘ ਬਾਹਰ ਹੁੰਦੇ ਪਰ ਉਸ ਸਮੇਂ ਇਨ੍ਹਾਂ ਨੇ ਭਾਜਪਾ ਹਕੂਮਤ ਤੋਂ ਬੰਦੀ ਸਿੰਘਾਂ ਦੀ ਰਿਹਾਈ, ਪੰਜਾਬ ਦਾ ਸੂਬੇ ਦੇ ਪਾਣੀਆਂ 'ਤੇ ਹੱਕ, ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਚੰਡੀਗੜ੍ਹ, ਪੰਜਾਬ ਲਈ ਵਿਸ਼ੇਸ਼ ਪੈਕੇਜ ਆਦਿ ਮੰਗਣ ਦੀ ਥਾਂ ਕੇਂਦਰ ਸਰਕਾਰ ਵਿਚ ਸਿਰਫ ਹਰਸਿਮਰਤ ਕੌਰ ਬਾਦਲ ਲਈ 'ਮੰਤਰੀ' ਵਾਲੀ ਕੁਰਸੀ ਹੀ ਮੰਗੀ ਤੇ ਹੁਣ ਜਦ ਇਹ ਸੱਤਾ ਤੋਂ ਕੋਹਾਂ ਦੂਰ ਹਨ ਤਾਂ ਸਿਆਸਤ ਕਰਨ ਲਈ ਇਹ ਸਾਰੇ ਮੁੱਦੇ ਉਠਾ ਰਹੇ ਹਨ।

ਪ੍ਰਕਾਸ਼ ਸਿੰਘ ਬਾਦਲ ਬਾਰੇ ਇਹ ਦੰਦ ਕਥਾ ਚੱਲਦੀ ਹੈ ਕਿ ਪਾਰਟੀ ਦੇ ਜਿਸ ਆਗੂ ਨੇ ਵੀ ਪਾਰਟੀ ਵਿਚ ਸਵਾਲ ਉਠਾਉਣ ਦੀ ਜੁਅਰਤ ਕੀਤੀ, ਉਸੇ ਆਗੂ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਨੁੱਕਰੇ ਲਗਾ ਦਿੱਤਾ ਤੇ ਆਪਣੇ ਆਸ-ਪਾਸ ਸਿਰਫ 'ਵਿਸ਼ਵਾਸ ਪਾਤਰਾਂ' ਦਾ ਘੇਰਾ ਬਣਾ ਕੇ ਰੱਖਿਆ ਪਰ ਇਹ ਵੀ ਸੱਚਾਈ ਹੈ ਕਿ ਪਰਿਵਾਰਵਾਦ ਵਾਲੀ ਸਿਆਸਤ ਦੀ ਵਲਗਣ ਵਿਚ ਗ੍ਰਸਤ ਰਹੇ ਇਸ ਲੀਡਰ ਦੀਆਂ ਅੱਖਾਂ ਸਾਹਮਣੇ ਆਪਣੇ ਪਰਿਵਾਰ ਦਾ ਸਿਆਸੀ ਵਕਾਰ ਖੁਰ ਰਿਹਾ ਹੈ। ਜੇ ਪਾਰਟੀ ਦੇ ਅੰਦਰੋਂ ਅਤੇ ਬਾਹਰੋਂ ਇਸੇ ਤਰ੍ਹਾਂ ਦਬਾਅ ਬਣਿਆ ਰਿਹਾ ਤਾਂ ਸੁਖਬੀਰ ਸਿੰਘ ਬਾਦਲ ਤੋਂ ਅਕਾਲੀ ਦਲ ਦੀ ਪ੍ਰਧਾਨਗੀ ਖੁੱਸਣੀ ਯਕੀਨੀ ਹੈ।

# ਹਿੰਦੂਤਵ ਪੌਪ: ਨਫਰਤ ਦੀ ਟੂਲ-ਕਿੱਟ ਦਾ ਨਵਾਂ ਸੰਦ

*ਹਿੰਦੂਤਵੀ ਸਿਆਸਤ ਦੀ ਚੜ੍ਹਤ ਨੇ ਆਮ ਲੋਕਾਂ ਦੀ ਸੋਚ 'ਤੇ ਆਪਣੇ ਢੰਗ ਨਾਲ ਅਸਰ ਪਾਇਆ ਹੈ ਪਰ ਲੋਕਾਂ ਦੀ ਨਰੋਈ ਸੋਚ ਨੂੰ ਪਲੀਤ ਕਰਨ ਲਈ ਇਸ ਨੇ ਪੂਰੀ ਯੋਜਨਾਬੰਦੀ ਕੀਤੀ ਅਤੇ ਇਹ ਆਪਣੀ ਇਸ ਯੋਜਨਾਬੰਦੀ ਵਿਚ ਕਾਮਯਾਬ ਵੀ ਹੋਈ ਹੈ। ਲੋਕਾਂ ਨੂੰ ਭਰਮਾਉਣ ਲਈ ਇਸ ਨੇ ਫਿਰਕੂ ਪਾੜਾ ਵਧਾਉਣ ਵਾਲੇ ਗਾਇਕਾਂ ਨੂੰ ਜੋ ਹੱਲਾਸ਼ੇਰੀ ਦਿੱਤੀ ਹੈ, ਉਸ ਨੇ ਸਮਾਜ 'ਚ ਬੜਾ ਕੁਝ ਬਦਲਿਆ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੱਟੜਪੰਥੀਆਂ ਦੇ ਹੱਲੇ ਬਾਰੇ ਵਿਸਥਾਰ ਸਹਿਤ ਟਿੱਪਣੀ ਕੀਤੀ ਹੈ।*






ਖੱਬਿਓਂ: ਪ੍ਰੇਮ ਕ੍ਰਿਸ਼ਨਵੰਸ਼ੀ, ਕਨ੍ਹੱਈਆ ਮਿੱਤਲ ਅਤੇ ਲਕਸ਼ਮੀ ਦੂਬੇ।

'ਟੋਪੀ ਵਾਲਾ ਵੀ ਸਰ ਝੁਕਾ ਕਰ ਜੈ ਸ਼੍ਰੀ ਰਾਮ ਬੋਲੇਗਾ', 'ਜੋ ਰਾਮ ਕਾ ਨਾਮ ਨਾ ਲੇ, ਉਸੇ ਭਾਰਤ ਸੇ ਭਗਾਨਾ ਹੈ', 'ਮੁੱਲੇ ਜਾਓ ਪਾਕਿਸਤਾਨ'। ਇਹ ਕਿਸੇ ਹਿੰਦੂਤਵੀ ਰੈਲੀ 'ਚ ਲਗਾਏ ਜਾਣ ਵਾਲੇ ਨਾਅਰੇ ਨਹੀਂ, ਦਰਅਸਲ ਮੋਦੀ ਯੁਗ 'ਚ ਉੱਭਰੇ 'ਡੀਜੇ ਹਿੰਦੂਤਵ' ਦੀ ਇਕ ਝਲਕ ਹਨ ਜਿਸ ਨੂੰ 'ਹਿੰਦੂਤਵ ਪੌਪ' ਵੀ ਕਿਹਾ ਜਾਂਦਾ ਹੈ। ਹਿੰਦੂਤਵ ਦੇ ਸਿਆਸੀ ਏਜੰਡੇ ਦਾ ਸੰਦੇਸ਼ ਦਿੰਦੇ ਇਹ ਗੀਤ ਉਨ੍ਹਾਂ ਧਾਰਮਿਕ ਜਲੂਸਾਂ 'ਚ ਬੇਹੱਦ ਉੱਚੀ ਆਵਾਜ਼ 'ਚ ਵੱਜਦੇ ਅਕਸਰ ਹੀ ਸੁਣੇ ਜਾ ਸਕਦੇ ਹਨ ਜੋ ਆਰ.ਐਸ.ਐਸ.-ਭਾਜਪਾ ਨਾਲ ਸੰਬੰਧਤ ਵੱਖ-ਵੱਖ ਜਥੇਬੰਦੀਆਂ ਵੱਲੋਂ ਕੱਢੇ ਜਾਂਦੇ ਹਨ। ਕਥਿਤ ਧਾਰਮਿਕ ਜਲੂਸਾਂ ਤੋਂ ਬਾਅਦ ਫਿਰਕੂ ਹਿੰਸਾ ਦਾ ਭੜਕਣਾ ਸੰਘ ਪਰਿਵਾਰ ਦੇ ਇਤਿਹਾਸ 'ਚ ਨਵੀਂ ਗੱਲ ਨਹੀਂ ਹੈ ਪਰ 2014 'ਚ ਆਰ.ਐਸ.ਐਸ.-ਭਾਜਪਾ ਦੇ ਭਾਰੀ ਬਹੁਮਤ ਨਾਲ ਸੱਤਾ ਉੱਪਰ ਕਾਬਜ਼ ਹੋਣ ਤੋਂ ਬਾਅਦ ਇਹ ਪਹਿਲਾਂ ਨਾਲੋਂ ਵੀ ਜ਼ਿਆਦਾ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਯੋਜਨਾਬੱਧ ਅਤੇ ਹਮਲਾਵਰ ਹੋ ਗਈ ਹੈ। 'ਹਿੰਦੂਤਵ ਪੌਪ' ਨੂੰ ਨਫਰਤ ਅਤੇ ਹਿੰਸਾ ਭੜਕਾਊ 'ਟੂਲ ਕਿੱਟ' ਦੇ ਨਵੇਂ ਸੰਦ ਦੇ ਰੂਪ 'ਚ ਪੂਰੀ ਮੁਹਾਰਤ ਨਾਲ ਵਿਕਸਤ ਕੀਤਾ ਗਿਆ ਹੈ। ਇਸ ਸਾਲ ਮੁਲਕ 'ਚ ਕਈ ਜਗ੍ਹਾ 'ਰਾਮਨੌਮੀ ਜਲੂਸ' ਦੇ ਨਾਂ ਹੇਠ ਭਗਵਿਆਂ ਨੇ ਰੈਲੀਆਂ ਕਰਕੇ ਜੋ ਹਿੰਸਾ ਭੜਕਾਈ ਗਈ, ਉਸ ਲਈ ਮਾਹੌਲ ਨੂੰ ਉਤੇਜਿਤ ਕਰਨ ਦਾ ਕੰਮ ਉਨ੍ਹਾਂ ਜਲੂਸਾਂ ਅਤੇ ਰੈਲੀਆਂ 'ਚ ਡੀ.ਜੀ. ਉੱਪਰ ਵਜਾਏ ਗਏ ਭੜਕਾਊ ਗੀਤਾਂ ਨੇ ਕੀਤਾ। ਸੁਤੰਤਰ ਪੱਤਰਕਾਰ ਸਮਰਿਧੀ ਸਕੂਨੀਆ ਨੇ ਇਸ ਵਰਤਾਰੇ ਦਾ ਬਾਰੀਕੀ 'ਚ ਅਧਿਐਨ ਕੀਤਾ ਹੈ। ਉਸ ਨੇ ਜ਼ਮੀਨੀ ਹਕੀਕਤ ਦੀ ਛਾਣ-ਬੀਣ ਕਰਕੇ ਜੋ ਭਰਵੀਂ ਰਿਪੋਰਟ ਤਿਆਰ ਕੀਤੀ ਹੈ, ਉਸ ਦੀ ਸੰਖੇਪ ਝਲਕ 'ਹਿੰਦੂਤਵ ਪੌਪ' ਦੇ ਖਤਰਨਾਕ ਪ੍ਰਭਾਵਾਂ ਨੂੰ ਸਮਝਣ ਲਈ ਕਾਫੀ ਹੈ। ਹੋਰ ਰੂਪਾਂ 'ਚ ਨਫਰਤ ਦੇ ਪਸਾਰੇ ਦੇ ਨਾਲ ਇਹ ਬਹੁਗਿਣਤੀ ਹਿੰਦੂ ਭਾਈਚਾਰੇ ਦੇ ਮਨਾਂ 'ਚ ਜ਼ਹਿਰ ਭਰਨ ਦਾ ਬਹੁਤ ਹੀ ਕਾਰਗਰ ਸੰਦ ਹੈ।

ਪਿਛਲੇ ਮਹੀਨਿਆਂ 'ਚ ਉੱਤਰ ਪ੍ਰਦੇਸ਼ ਤੋਂ ਇਲਾਵਾ ਬਹੁਤ ਸਾਰੇ ਥਾਵਾਂ ਉੱਪਰ ਹਿੰਦੂਤਵ ਜਥੇਬੰਦੀਆਂ ਵੱਲੋਂ ਕੱਢੇ ਗਏ ਰਾਮਨੌਮੀ ਜਲੂਸਾਂ ਦੀ ਵਿਸ਼ੇਸ਼ ਖਾਸੀਅਤ 'ਹਿੰਦੂਤਵ ਪੌਪ' ਰਿਹਾ ਹੈ ਜਿਸ ਨੂੰ ਖਾਸ ਤੌਰ 'ਤੇ ਨਮਾਜ ਪੜ੍ਹਨ ਦੇ ਸਮੇਂ ਮਸਜਿਦਾਂ ਦੇ ਸਾਹਮਣੇ ਅਤੇ ਮੁਸਲਿਮ ਮੁਹੱਲਿਆਂ 'ਚ ਲੰਮਾ ਸਮਾਂ ਰੁਕ ਕੇ ਮੁਸਲਿਮ ਭਾਈਚਾਰੇ ਨੂੰ ਤੰਗ ਕਰਨ ਅਤੇ ਭੜਕਾਉਣ ਲਈ ਕੰਨ ਪਾੜਵੀਂ ਆਵਾਜ਼ 'ਚ ਵਜਾਇਆ ਗਿਆ। ਕਰਨਾਟਕ ਦੇ ਰਾਏਚੁਰ ਸ਼ਹਿਰ 'ਚ ਉਸਮਾਨੀਆ ਮਸਜਿਦ ਦੇ ਸਾਹਮਣੇ ਜੈਕਾਰੇ ਲਾ ਕੇ 'ਮੰਦਿਰ ਵਹੀਂ ਬਨਾਏਂਗੇ' ਗੀਤ ਵਜਾਇਆ ਗਿਆ ਅਤੇ ਭਗਵੇਂ ਝੰਡੇ ਲਹਿਰਾਏ ਗਏ। ਤਰੁਣ ਸਾਗਰ ਦੇ ਇਸ ਗੀਤ ਦੇ ਅਸਲ ਵੀਡੀਓ 'ਚ ਬਾਬਰੀ ਮਸਜਿਦ ਨੂੰ ਤੋੜਨ ਦੇ ਫੁਟੇਜ ਦਿਖਾਏ ਗਏ ਹਨ। ਉਤਰਾਖੰਡ 'ਚ ਰੁੜਕੀ ਨੇੜੇ ਪਿੰਡ ਦਾਦਾ ਜਲਾਲਪੁਰ 'ਚ ਕਨ੍ਹੱਈਆ ਮਿੱਤਲ ਦਾ ਗੀਤ 'ਜੋ ਰਾਮ ਕੋ ਲਾਏ ਹੈਂ, ਹਮ ਉਨਕੋ ਲਾਏਂਗੇ' ਅਤੇ ਪ੍ਰੇਮ ਕ੍ਰਿਸ਼ਨਵੰਸ਼ੀ ਦਾ 'ਮੁੱਲੇ ਜਾਓ ਪਾਕਿਸਤਾਨ' ਡੀ.ਜੀ. ਉੱਪਰ ਵਜਾਉਂਦੇ ਹੋਏ ਜਲੂਸ ਕੱਢਿਆ ਗਿਆ। ਹੈਦਰਾਬਾਦ 'ਚ ਰਾਮਨੌਮੀ ਦੇ ਜਲੂਸ 'ਚ ਭਾਜਪਾ ਵਿਧਾਇਕ ਟੀ. ਰਾਜਾਸਿੰਘ ਨੇ 'ਜੋ ਰਾਮ ਕਾ ਨਾਮ ਨਾ ਲੇ, ਉਸੇ ਭਾਰਤ ਸੇ ਭਗਾਨਾ ਹੈ' ਗੀਤ ਖੁਦ ਗਾਇਆ। ਦਿੱਲੀ ਦੇ ਜਹਾਂਗੀਰਪੁਰੀ ਇਲਾਕੇ 'ਚ ਤਲਵਾਰਾਂ ਅਤੇ ਬੰਦੂਕਾਂ ਲੈ ਕੇ ਜੋ 'ਹਿੰਦੂ ਏਕਤਾ ਰੈਲੀ' ਕੱਢੀ ਗਈ ਜਿਸ ਤੋਂ ਬਾਅਦ ਉੱਥੇ ਹਿੰਸਾ ਭੜਕੀ ਅਤੇ ਮੁਸਲਮਾਨਾਂ ਦੇ ਘਰਾਂ ਅਤੇ ਦੁਕਾਨਾਂ ਉੱਪਰ ਬੁਲਡੋਜ਼ਰ ਚਲਾਇਆ ਗਿਆ, ਉਸ ਵਿਚ ਵੀ ਲਕਸ਼ਮੀ ਦੂਬੇ ਦਾ ਗੀਤ ਡੀ.ਜੇ. ਉੱਪਰ ਉੱਚੀ ਆਵਾਜ਼ 'ਚ ਵਜਾਇਆ ਗਿਆ। ਰਾਜਸਥਾਨ ਦੇ ਕਿਰੋਲੀ 'ਚ ਸੰਦੀਪ ਚਤੁਰਵੇਦੀ ਦਾ ਗੀਤ 'ਟੋਪੀ ਵਾਲਾ ਵੀ ਸਰ ਝੁਕਾ ਕਰ ਜੈ ਸ਼੍ਰੀਰਾਮ ਬੋਲੇਗਾ' ਐਨੀ ਉਂਚੀ ਆਵਾਜ਼ 'ਚ ਵਜਾਇਆ ਜਾ ਰਿਹਾ ਸੀ ਕਿ ਬਹੁਤ ਦੂਰ ਤੱਕ ਸੁਣਾਈ ਦਿੰਦਾ ਸੀ।

ਸਮਰਿਧੀ ਸਕੂਨੀਆ ਨੇ ਇਨ੍ਹਾਂ ਜ਼ਹਿਰੀਲੇ ਗੀਤਾਂ ਦਾ ਡੂੰਘਾ ਪ੍ਰਭਾਵ ਨੋਟ ਕਰਦੇ ਹੋਏ ਲਿਖਿਆ ਕਿ ਇਨ੍ਹਾਂ ਰੈਲੀਆਂ 'ਚ ਹਿੱਸਾ ਲੈਣ ਵਾਲੇ ਜ਼ਿਆਦਾਤਰ ਲੋਕਾਂ ਨੂੰ ਇਹ ਗੀਤ ਜ਼ੁਬਾਨੀ ਚੇਤੇ ਹਨ ਅਤੇ ਛੋਟੇ ਬੱਚਿਆਂ ਤੋਂ ਲੈ ਕੇ ਅੱਧਖੜ ਉਮਰ ਦੇ ਵਿਅਕਤੀ ਆਪਣੇ ਇਨ੍ਹਾਂ ਮਨਪਸੰਦ ਗੀਤਾਂ ਅਤੇ ਗਾਉਣ ਵਾਲੇ ਕਲਾਕਾਰਾਂ ਦੇ ਨਾਂ ਦੱਸ ਸਕਦੇ ਹਨ। ਸੰਦੀਪ ਅਚਾਰੀਆ, ਲਕਸ਼ਮੀ ਦੂੱਬੇ, ਪ੍ਰੇਮ ਕ੍ਰਿਸ਼ਨਵੰਸ਼ੀ ਅਤੇ ਕਨ੍ਹੱਈਆ ਮਿੱਤਲ 'ਹਿੰਦੂਤਵ ਪੌਪ' ਦੇ ਚਰਚਿਤ ਸਟਾਰ ਗਾਇਕ ਹਨ ਜਿਨ੍ਹਾਂ ਨਾਲ ਸਮਰਿਧੀ ਨੇ ਯੂ.ਪੀ. ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹਿੰਦੂਤਵ ਦੀ ਸਿਆਸਤ ਨੂੰ ਫੈਲਾਉਣ 'ਚ ਉਨ੍ਹਾਂ ਦੀ ਭੂਮਿਕਾ ਨੂੰ ਸਮਝਣ ਲਈ ਵਿਸ਼ੇਸ਼ ਇੰਟਰਵਿਊ ਵੀ ਕੀਤੀਆਂ। ਇਨ੍ਹਾਂ ਚੋਣਾਂ ਸਮੇਂ ਪ੍ਰਚਾਰ ਰੈਲੀਆਂ 'ਚ ਇਨ੍ਹਾਂ ਗੀਤਾਂ ਦੀ ਵਰਤੋਂ ਵਿਆਪਕ ਪੈਮਾਨੇ 'ਤੇ ਕੀਤੀ ਗਈ। ਕਈ ਗੀਤ ਹਿੰਦੂਆਂ 'ਚ ਐਨੇ ਮਕਬੂਲ ਹੋਏ ਕਿ ਯੂਟਿਊਬ ਉੱਪਰ ਲੱਖਾਂ ਲੋਕ ਇਨ੍ਹਾਂ ਦੇ ਵੀਡੀਓ ਦੇਖ ਚੁੱਕੇ ਹਨ। ਮੰਦਿਰਾਂ, ਸਿਆਸੀ ਰੈਲੀਆਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ 'ਚ ਇਹ ਅਕਸਰ ਵਜਾਏ ਜਾਂਦੇ ਹਨ। ਨੌਜਵਾਨ ਇਨ੍ਹਾਂ ਗੀਤਾਂ ਨੂੰ ਰਿੰਗਟੋਨ ਵਜੋਂ ਵਰਤਦੇ ਹਨ। ਜ਼ਿਆਦਾਤਰ ਗਾਇਕਾਂ ਨਾਲ ਭਾਜਪਾ ਆਗੂਆਂ ਦੀ ਨਿੱਜੀ ਨੇੜਤਾ ਵੀ ਹੈ ਅਤੇ ਭਾਜਪਾ ਦਾ ਆਈ.ਟੀ. ਸੈੱਲ ਵੀ ਇਨ੍ਹਾਂ ਗੀਤਾਂ ਨੂੰ ਆਪਣੇ ਅਧਿਕਾਰਕ ਚੈਨਲਾਂ ਉੱਪਰ ਪ੍ਰੋਮੋਟ ਕਰਕੇ ਇਨ੍ਹਾਂ ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਪੂਰਾ ਸਰਗਰਮ ਹੈ। ਇਹ ਗਾਇਕ ਭਗਵੇਂ ਕੱਪੜੇ ਪਾ ਕੇ ਅਤੇ ਮੱਥੇ 'ਤੇ ਤਿਲਕ ਲਗਾ ਕੇ ਮੰਚ ਦੇ ਪਿੱਛੇ ਟੰਗੀਆਂ ਹਿੰਦੂ ਦੇਵੀ-ਦੇਵਤਿਆਂ ਅਤੇ ਮੋਦੀ-ਯੋਗੀ ਦੀਆਂ ਤਸਵੀਰਾਂ ਨੂੰ ਪ੍ਰਣਾਮ ਕਰਕੇ ਆਪਣੇ ਪ੍ਰੋਗਰਾਮ ਸ਼ੁਰੂ ਕਰਦੇ ਹਨ। ਇਕ ਤਰ੍ਹਾਂ ਨਾਲ ਇਹ ਗੀਤ ਹਿੰਦੂ ਸੰਸਕ੍ਰਿਤੀ ਦਾ ਹਿੱਸਾ ਬਣਾ ਦਿੱਤੇ ਗਏ ਹਨ। ਇਨ੍ਹਾਂ ਦੇ ਵਿਆਪਕ ਪ੍ਰਭਾਵ ਦਾ ਅੰਦਾਜ਼ਾ ਇਨ੍ਹਾਂ ਨੂੰ ਦੇਖਣ-ਸੁਣਨ ਵਾਲਿਆਂ ਦੀ ਗਿਣਤੀ ਤੋਂ ਲਗਾਇਆ ਜਾ ਸਕਦਾ ਹੈ; ਮਸਲਨ, ਅਕਤੂਬਰ 2021 'ਚ ਕਨ੍ਹੱਈਆ ਮਿੱਤਲ ਦੇ ਅਧਿਕਾਰਕ ਯੂਟਿਊਬ ਚੈਨਲਾਂ ਉੱਪਰ ਰਿਲੀਜ਼ ਹੋਣ ਤੋਂ ਬਾਅਦ ਉਸ ਦੇ ਗੀਤ 'ਜੋ ਰਾਮ ਕੋ ਲਾਏ ਹੈਂ, ਹਮ ਉਨਕੋ ਲਾਏਂਗੇ' ਨੂੰ ਆਨਲਾਈਨ ਦਰਸ਼ਕਾਂ ਵੱਲੋਂ ਲੱਗਭੱਗ ਇਕ ਕਰੋੜ ਵਾਰ ਦੇਖਿਆ ਗਿਆ।

ਫੀਲਡ ਅਧਿਐਨ ਦੱਸਦਾ ਹੈ ਕਿ ਯੂ.ਪੀ. ਵਗੈਰਾ 'ਚ ਹਜੂਮਾਂ ਵੱਲੋਂ ਇਨ੍ਹਾਂ ਗੀਤਾਂ ਦੇ ਗਾਇਕਾਂ ਦਾ ਰੌਕਸਟਾਰਾਂ ਦੀ ਤਰ੍ਹਾਂ ਤਾੜੀਆਂ ਅਤੇ ਜੈਕਾਰਿਆਂ ਨਾਲ ਸਵਾਗਤ ਕੀਤਾ ਜਾਂਦਾ ਹੈ। 'ਭਜਨ ਸਮਰਾਟ' ਵਜੋਂ ਮਸ਼ਹੂਰ ਕਨ੍ਹੱਈਆ ਮਿੱਤਲ ਵਰਗੇ ਕਲਾਕਾਰ ਹਜੂਮ ਦੀ ਧਾਰਮਿਕ ਸ਼ਰਧਾ ਨੂੰ ਵਰਤਣ ਦੇ ਮਾਹਿਰ ਹਨ। ਉਨ੍ਹਾਂ ਨੇ ਰਵਾਇਤੀ ਭਜਨ ਗਾਇਣ ਨੂੰ ਪੌਪ ਦੀ ਤਾਲ 'ਤੇ ਢਾਲ ਲਿਆ ਹੈ। ਪ੍ਰੋਗਰਾਮਾਂ ਦੇ ਸ਼ੁਰੂ 'ਚ ਕਨ੍ਹੱਈਆ ਮਿੱਤਲ ਭਗਵਾਨ ਸ਼ਿਆਮ ਨੂੰ ਧਿਆਉਣ ਉਪਰੰਤ ਉਸ ਨੂੰ ਸਮਰਪਿਤ ਭਗਤੀ ਗੀਤ ਪੌਪ ਦੀ ਤਾਲ 'ਤੇ ਗਾ ਕੇ ਸਰੋਤਿਆਂ ਨੂੰ ਆਪਣੇ ਨਾਲ ਨੱਚਣ ਲਾ ਦਿੰਦੇ ਹਨ। ਉਹ ਅਧਿਆਤਮਕ ਸੰਦੇਸ਼ ਤੱਕ ਸੀਮਤ ਨਹੀਂ ਰਹਿੰਦਾ, ਉਸ ਦੇ ਗੀਤਾਂ 'ਚ ਰਾਜਨੀਤਕ ਸੰਦੇਸ਼ ਉੱਘੜਵੇਂ ਰੂਪ 'ਚ ਹੈ। ਮਿਸਾਲ ਵਜੋਂ, 'ਜੋ ਰਾਮ ਕੋ ਲਾਏ ਹੈਂ, ਹਮ ਉਨਕੋ ਲਾਏਂਗੇ' (ਭਾਵ ਜਿਨ੍ਹਾਂ ਨੇ ਅਯੁੱਧਿਆ 'ਚ ਰਾਮ ਮੰਦਰ ਬਣਾਇਆ ਅਸੀਂ ਉਨ੍ਹਾਂ ਦੀ ਸਰਕਾਰ ਬਣਾਉਣੀ ਹੈ) ਨੇ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਜਿਤਾਉਣ ਦਾ ਸਿੱਧਾ ਰਾਜਨੀਤਕ ਸੰਦੇਸ਼ ਦੇ ਕੇ ਮਾਹੌਲ ਤਿਆਰ ਕਰਨ 'ਚ ਹਿੱਸਾ ਪਾਇਆ। ਜਿਨ੍ਹਾਂ ਪੰਜ ਰਾਜਾਂ 'ਚ ਇਸ ਸਾਲ ਵਿਧਾਨ ਸਭਾ ਚੋਣਾਂ ਹੋਈਆਂ ਉੱਥੇ ਅਤੇ ਹੋਰ ਕਈ ਰਾਜਾਂ 'ਚ ਮਿੱਤਲ ਨੇ ਬਹੁਤ ਸਾਰੇ ਸ਼ੋਅ ਕੀਤੇ ਅਤੇ ਲਗਾਤਾਰ ਕਰ ਰਿਹਾ ਹੈ। ਭਾਜਪਾ ਦੀਆਂ ਬਹੁਤ ਸਾਰੀਆਂ ਰੈਲੀਆਂ 'ਚ ਉਸ ਦਾ ਗੀਤ ਚੋਣ ਮੁਹਿੰਮ ਦਾ ਅਨਿੱਖੜ ਹਿੱਸਾ ਬਣਿਆ ਰਿਹਾ। ਗੀਤ ਦੇ ਆਖਰੀ ਹਿੱਸੇ 'ਚ 'ਯੋਗੀ ਜੀ ਆਏ ਹੈਂ, ਯੋਗੀਜੀ ਆਏਂਗੇ' ਦੀਆਂ ਸਤਰਾਂ ਸ਼ਾਮਿਲ ਹਨ। ਉਸ ਨੇ ਆਪਣੇ ਪ੍ਰਸ਼ੰਸਕਾਂ ਨੂੰ ਆਦਿੱਤਿਆਨਾਥ ਨੂੰ ਵੋਟ ਪਾਉਣ ਦਾ ਸਿੱਧਾ ਸੰਦੇਸ਼ ਦਿੰਦਿਆਂ ਟਵੀਟ ਕੀਤਾ ਕਿ ਉਸ ਦੇ ਗੀਤ ਦੀ ਮਕਬੂਲੀਅਤ ਦੱਸਦੀ ਹੈ ਕਿ 'ਬਾਬਾ ਜੀ' ਮੁੜ ਚੁਣੇ ਜਾਣਗੇ। ਮਿੱਤਲ ਕਹਿੰਦਾ ਹੈ ਕਿ ਉਹ ਕਿਸੇ ਸਿਆਸੀ ਪਾਰਟੀ ਦਾ ਹਮਾਇਤੀ ਨਹੀਂ ਹੈ ਪਰ ਉਹ ਉਸ ਪਾਰਟੀ ਦੇ ਨਾਲ ਹੈ ਜੋ 'ਉਸ ਦੇ ਧਰਮ' ਦੇ ਹੱਕ 'ਚ ਖੜ੍ਹੀ ਹੈ। ਇਹ ਧਰਮ ਦੀ ਆੜ 'ਚ ਭਾਜਪਾ ਨੂੰ ਜਿਤਾਉਣ ਲਈ ਹਿੰਦੂ ਆਸਥਾ ਰੱਖਣ ਵਾਲਿਆਂ ਨੂੰ ਸਿਆਸੀ ਤੌਰ 'ਤੇ ਪ੍ਰੇਰਨ ਦੀ ਚਲਾਕੀ ਹੈ।

ਸੰਦੀਪ ਅਚਾਰੀਆ ਨੂੰ ਹਿੰਦੂਤਵਵਾਦੀ ਪੌਪ ਸ਼ੈਲੀ ਦਾ ਮੋਢੀ ਮੰਨਿਆ ਜਾਂਦਾ ਹੈ। ਉਹ ਆਪਣੀ ਮੁਸਲਿਮ ਵਿਰੋਧੀ ਨਫਰਤ ਨੂੰ ਲੁਕੋਂਦਾ ਨਹੀਂ ਹੈ। ਉਹ ਐਲਾਨੀਆ ਤੌਰ 'ਤੇ ਕਹਿੰਦਾ ਹੈ ਕਿ ਮੁਸਲਮਾਨਾਂ ਪ੍ਰਤੀ ਨਫਰਤ ਉਸ ਦੇ ਖੂਨ 'ਚ ਹੈ ਕਿਉਂਕਿ ਬਿਮਾਰੀ ਸਮੇਂ ਖੂਨ ਦੀ ਲੋੜ ਪੈਣ 'ਤੇ ਉਸ ਦੇ ਮਾਂ ਨੇ ਸਾਫ ਮਨ੍ਹਾ ਕਰ ਦਿੱਤਾ ਸੀ ਕਿ ਖੂਨ ਮੁਸਲਮਾਨ ਦਾ ਨਹੀਂ ਹੋਣਾ ਚਾਹੀਦਾ। ਉਹ ਇਹ ਵੀ ਕਹਿੰਦਾ ਹੈ ਕਿ ਜੋ ਗਾਇਕ ਪਹਿਲਾਂ ਭਜਨ ਗਾਉਂਦੇ ਸਨ, ਉਨ੍ਹਾਂ ਨੂੰ 2014 'ਚ ਰਾਸ਼ਟਰੀ ਧਾਰਮਿਕ ਮਾਹੌਲ ਬਣਨ 'ਤੇ ਇਸ 'ਚ ਆਪਣੇ ਗੀਤਾਂ ਲਈ ਮੰਡੀ ਨਜ਼ਰ ਆਈ ਅਤੇ ਉਨ੍ਹਾਂ ਨੇ ਮੋਦੀ ਵੱਲੋਂ ਮੁਹੱਈਆ ਕੀਤੇ ਮੌਕੇ ਦਾ ਲਾਹਾ ਲੈਣ ਲਈ ਸਿਆਸੀ ਗੀਤ ਗਾਉਣੇ ਸ਼ੁਰੂ ਕਰ ਦਿੱਤੇ। ਇਸੇ 'ਚੋਂ ਭਜਨ ਗਾਉਣ ਵਾਲੇ ਕਨ੍ਹੱਈਆ ਮਿੱਤਲ ਨੇ 'ਜੋ ਰਾਮ ਕੋ ਲਾਏ ਹੈਂ' ਗੀਤ ਗਾਇਆ ਜੋ ਹਿੱਟ ਹੋ ਗਿਆ। ਉਹ ਇਹ ਵੀ ਕਹਿੰਦਾ ਹੈ ਕਿ ਜ਼ਿਆਦਾਤਰ ਨਵੇਂ ਗਾਇਕ ਕਰੀਅਰ ਤੋਂ ਅੱਗੇ ਨਹੀਂ ਜਾਂਦੇ ਅਤੇ ਦੋ ਘੰਟੇ ਲੰਮੇ ਭਗਤੀ ਦੇ ਗੀਤਾਂ ਦੇ ਪ੍ਰੋਗਰਾਮ 'ਚ ਇਕ-ਦੋ ਸਿਆਸੀ ਗੀਤ ਗਾਉਂਦੇ ਹਨ ਪਰ 'ਮੈਂ ਪੂਰਾ ਸਮਾਂ ਗਊ ਹੱਤਿਆ, ਰਾਮ ਮੰਦਿਰ ਨਿਰਮਾਣ, ਕ੍ਰਿਸ਼ਨ ਜਨਮਭੂਮੀ, ਹਿੰਦੂਆਂ 'ਚ ਏਕਤਾ ਵਰਗੇ ਗੀਤ ਹੀ ਗਾਉਂਦਾ ਹਾਂ।' ਉਹ ਕਹਿੰਦਾ ਹੈ ਕਿ ਸੰਗੀਤ ਦੇ ਖੇਤਰ 'ਚ ਉਸ ਦੇ ਸਫਰ ਦਾ ਆਗਾਜ਼ ਯੂਟਿਊਬ ਦੇ ਆਉਣ ਸਮੇਂ ਹੀ ਹੋਇਆ। ਉਹ ਆਪਣੇ ਵਰਗੇ ਸੰਗੀਤਕਾਰਾਂ ਦੀ ਤਰੱਕੀ ਦਾ ਸਿਹਰਾ ਮੋਦੀ ਅਤੇ ਰਿਲਾਇੰਸ ਜੀਓ ਨੂੰ ਦਿੰਦਾ ਹੈ ਜਿਨ੍ਹਾਂ ਨੇ ਉਨ੍ਹਾਂ ਦੇ ਖੁਸ਼ਹਾਲ ਹੋਣ ਲਈ ਸਹੀ ਹਾਲਾਤ ਮੁਹੱਈਆ ਕਰਾਏ। ਯੂਟਿਊਬ ਵੱਲੋਂ ਉਸ ਦੇ ਅੱਪਲੋਡ ਕੀਤੇ 'ਧਾਰਮਿਕ ਗੀਤਾਂ' ਨੂੰ ਯੂਟਿਊਬ ਚੈਨਲ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਦੇ ਹੋਣ ਕਾਰਨ ਵਾਰ-ਵਾਰ ਹਟਾਇਆ ਗਿਆ। ਇਸ ਦੇ ਬਾਵਜੂਦ ਆਪਣੇ ਗੀਤਾਂ ਨੂੰ ਸਹੀ ਠਹਿਰਾਉਂਦਿਆਂ ਉਹ ਕਹਿੰਦਾ ਹੈ 'ਇਹ ਭੜਕਾਊ ਭਾਸ਼ਾ ਨਹੀਂ ਹੈ, ਇਹ ਤਾਂ ਸੱਚ ਹੈ ਅਤੇ ਸੱਚ ਕੌੜਾ ਹੁੰਦਾ ਹੈ।' ਉਹ 1947 'ਚ ਮੁਲਕ ਦੀ ਵੰਡ ਸਮੇਂ ਭਾਰਤ 'ਚ ਰਹਿ ਗਏ ਮੁਸਲਮਾਨਾਂ ਨੂੰ ਦੇਸ਼ਧ੍ਰੋਹੀ ਕਹਿ ਕੇ ਉਨ੍ਹਾਂ ਵਿਰੁੱਧ ਇਸ ਕਦਰ ਜ਼ਹਿਰ ਉਗਲਦਾ ਹੈ ਕਿ ਉਸ ਦੇ ਪਰਿਵਾਰ ਨੇ ਵੀ ਉਸ ਦੇ ਗੀਤ 'ਭਾਰਤ ਮੇਂ ਜੋ ਦੇਸ਼ਧ੍ਰੋਹੀ ਹੈਂ, ਉਨ ਕੀ ਮਾਂ ਕਾ...' ਨੂੰ ਬਹੁਤ ਹੀ ਇਤਰਾਜ਼ ਗਾਲੀ-ਗਲੋਚ ਮੰਨਦਿਆਂ ਉਸ ਨੂੰ ਅਜਿਹੇ ਗੀਤ ਲਿਖਣ ਤੇ ਗਾਉਣ ਤੋਂ ਵਰਜਿਆ ਸੀ।

ਅਚਾਰੀਆ ਦਾ ਸ਼ਗਿਰਦ ਪ੍ਰੇਮ ਕ੍ਰਿਸ਼ਨਵੰਸ਼ੀ ਵੀ ਭਗਵਾਂ ਕੁੜਤਾ ਪਾ ਕੇ ਅਤੇ ਮੋਦੀ, ਰਾਮ, ਬਾਬਰੀ ਮਸਜਿਦ ਤੋੜੇ ਜਾਣ ਦੀਆਂ ਤਸਵੀਰਾਂ ਅੱਗੇ ਨੱਚਦਿਆਂ 'ਮੋਦੀ ਜੀ ਅਯੁਧਿਆ ਆਓ, ਮੰਦਿਰ ਨਿਰਮਾਣ ਕਰਾਓ' ਵਰਗੇ ਹਿੰਦੂਤਵੀ ਗੀਤ ਗਾਉਂਦਾ ਹੈ ਜਿਨ੍ਹਾਂ 'ਚ ਭਾਜਪਾ ਨੂੰ ਆਪਣੇ ਏਜੰਡੇ ਉੱਪਰ ਡਟੇ ਰਹਿਣ ਲਈ ਕਿਹਾ ਜਾਂਦਾ ਹੈ। ਉਹ ਕਹਿੰਦਾ ਹੈ ਕਿ ਉਸ ਦੇ ਇਸ ਪਹਿਲੇ ਹਿੱਟ ਗੀਤ ਨੂੰ ਚਾਲੀ ਲੱਖ ਲੋਕਾਂ ਨੇ ਦੇਖਿਆ। ਉਹ ਆਪਣੇ ਗੀਤਾਂ 'ਚ ਹਿੰਦੂਆਂ ਨੂੰ 'ਏਕ ਦਿਨ ਵੋਹ ਹਿਜਾਬ ਪਹਿਨੇਂਗੇ', 'ਹੇ ਹਿੰਦੂਓ! ਤੁਮ ਸੋਤੇ ਰਹੋ, ਵੋਹ ਤੁਮਸੇ ਨਮਾਜ਼ ਅਦਾ ਕਰਾਏਂਗੇ' ਵਰਗੇ ਗੀਤਾਂ ਰਾਹੀਂ ਮੁਸਲਮਾਨਾਂ ਦੀ ਤਾਕਤ ਵਧਣ ਦਾ ਡਰ ਫੈਲਾ ਕੇ ਉਨ੍ਹਾਂ ਵਿਰੁੱਧ ਭੜਕਾਉਂਦਾ ਹੈ। ਉਸ ਦਾ ਟਵਿੱਟਰ ਖਾਤਾ ਭਾਜਪਾ ਹਮਾਇਤੀ ਗੀਤਾਂ ਅਤੇ ਇਸਲਾਮਿਕ ਹਊਏ ਵਾਲੀ ਸਮੱਗਰੀ ਨਾਲ ਭਰਿਆ ਰਹਿੰਦਾ ਹੈ। ਉਹ ਵੇਵ ਮਿਊਜ਼ਕ, ਮਿਊਰ ਮਿਊਜ਼ਿਕ, ਟੀ.ਐਫ. ਮਿਊਜ਼ਿਕ ਆਦਿ ਬਹੁਤ ਸਾਰੀਆਂ ਮਿਊਜ਼ਿਕ ਕੰਪਨੀਆਂ ਨਾਲ ਕੰਮ ਕਰ ਚੁੱਕਾ ਹੈ ਅਤੇ ਹੁਣ ਉਸ ਦੇ ਯੂਟਿਊਬ ਚੈਨਲ ਦੇ ਸੱਤਰ ਹਜ਼ਾਰ ਤੋਂ ਵਧੇਰੇ ਗਾਹਕ ਹਨ। ਉਸ ਦੇ ਇਕ ਬਹੁਤ ਹੀ ਨਫਰਤ ਭਰੇ ਗੀਤ 'ਮੁੱਲੇ ਜਾਓ ਪਾਕਿਸਤਾਨ' ਨੂੰ ਯੂਟਿਊਬ ਤੋਂ ਹਟਾ ਦਿੱਤਾ ਗਿਆ ਸੀ। ਉਹ ਅੱਜ ਵੀ ਆਪਣੇ ਗੀਤ ਦੇ ਬੋਲਾਂ ਨੂੰ ਜਾਇਜ਼ ਠਹਿਰਾਉਂਦਿਆਂ ਕਹਿੰਦਾ ਹੈ ਕਿ ਉਸ ਵਿਚ ਕੁਝ ਵੀ ਗ਼ਲਤ ਨਹੀਂ ਹੈ ਕਿਉਂਕਿ ਜੇ ਪਾਕਿਸਤਾਨ ਇਸਲਾਮਿਕ ਰਾਜ ਬਣ ਸਕਦਾ ਹੈ ਤਾਂ ਭਾਰਤ ਹਿੰਦੂ ਰਾਸ਼ਟਰ ਕਿਉਂ ਨਹੀਂ ਬਣ ਸਕਦਾ?

ਕ੍ਰਿਸ਼ਨਵੰਸ਼ੀ ਨੇ ਚੋਣਾਂ ਦੀ ਤਿਆਰੀ ਵਜੋਂ ਛੇ ਮਹੀਨੇ ਪਹਿਲਾਂ ਹੀ ਭਾਜਪਾ ਦੇ ਹੱਕ 'ਚ ਗੀਤਾਂ ਰਾਹੀਂ ਪ੍ਰਚਾਰ ਵਿੱਢ ਦਿੱਤਾ ਸੀ। ਉਹ ਦੱਸਦਾ ਹੈ ਕਿ ਚੋਣਾਂ ਤੋਂ ਬਹੁਤ ਪਹਿਲਾਂ ਹੀ ਉਸ ਨੂੰ ਅਤੇ ਹੋਰ ਕਈ ਗਾਇਕਾਂ ਨੂੰ ਮੁੱਖ ਮੰਤਰੀ ਦਫਤਰ ਨਾਲ ਸਬੰਧਤ ਕਿਸੇ ਵਿਅਕਤੀ ਦਾ ਫੋਨ ਆਇਆ ਸੀ ਅਤੇ ਸਾਰਿਆਂ ਨੂੰ ਮੁੱਖ ਮੰਤਰੀ ਦੀਆਂ ਪ੍ਰਾਪਤੀਆਂ ਬਾਰੇ ਗੀਤ ਤਿਆਰ ਕਰਨ ਲਈ ਕਿਹਾ ਗਿਆ ਸੀ। ਫਿਰ ਕ੍ਰਿਸ਼ਨਵੰਸ਼ੀ, ਅਚਾਰੀਆ ਅਤੇ ਹੋਰ ਗਾਇਕਾਂ ਨੇ ਆਦਿੱਤਿਆਨਾਥ ਦੇ ਮੀਡੀਆ ਸਲਾਹਕਾਰ ਮ੍ਰਿਤੁੰਜੇ ਕੁਮਾਰ ਨਾਲ ਇਸ ਸਬੰਧੀ ਮੀਟਿੰਗ ਕੀਤੀ ਜਿਸ ਵਿਚ ਗਾਇਕਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਯੋਗੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਗੁਣਗਾਣ ਕਰਨ ਲਈ ਕਿਹਾ ਗਿਆ। ਉਸ ਨੇ ਅਗਲੇ ਦਿਨ ਹੀ 'ਯੂ.ਪੀ. ਮੇਂ ਗੂੰਜੇ ਦੋ ਹੀ ਨਾਮ, ਭਾਜਪਾ ਔਰ ਜੈ ਸ੍ਰੀ ਰਾਮ' ਗੀਤ ਤਿਆਰ ਕਰਕੇ ਅੱਪਲੋਡ ਕਰ ਦਿੱਤਾ। ਫਿਰ ਅਚਾਰੀਆ ਨੇ ਵੀ ਇਸੇ ਤਰ੍ਹਾਂ ਦਾ ਗੀਤ ਰਿਲੀਜ਼ ਕੀਤਾ। ਉਹ ਕਹਿੰਦਾ ਹੈ ਕਿ ਉਸ ਦੇ ਗੀਤਾਂ ਨੂੰ ਯੂਟਿਊਬ ਪ੍ਰੋਫਾਈਲ ਤੋਂ ਉਠਾ ਕੇ ਭਾਜਪਾ ਦੇ ਆਈ.ਟੀ. ਸੈੱਲ ਨੇ ਸੋਸ਼ਲ ਮੀਡੀਆ ਉੱਪਰ ਖੂਬ ਪ੍ਰਚਾਰਿਆ ਹੈ। ਉਸ ਦੇ ਗੀਤ ਇਕ ਦਿਨ 'ਚ ਔਸਤਨ ਪੰਜਾਹ ਹਜ਼ਾਰ ਤੋਂ ਵਧੇਰੇ ਲੋਕਾਂ ਤੱਕ ਪਹੁੰਚਦੇ ਹਨ। ਇਹ ਗੀਤ ਭਾਜਪਾ ਦੇ ਉਨ੍ਹਾਂ ਸੋਸ਼ਲ ਮੀਡੀਆ ਪੇਜਾਂ ਉੱਪਰ ਵੀ ਸ਼ੇਅਰ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਲੱਖਾਂ ਲੋਕ ਦੇਖਦੇ ਹਨ। ਉਹ ਦੱਸਦਾ ਹੈ ਕਿ ਜਦੋਂ ਤੋਂ ਉਸ ਨੇ ਆਦਿੱਤਿਆਨਾਥ ਲਈ ਗੀਤ ਤਿਆਰ ਕਰਨੇ ਸ਼ੁਰੂ ਕੀਤੇ ਹਨ, ਉਸ ਦੀ ਹਰਮਨਪਿਆਰਤਾ ਐਨੀ ਵਧ ਗਈ ਹੈ ਕਿ ਉਸ ਦੇ ਫੋਨ ਦੀ ਘੰਟੀ ਵੱਜਣੀ ਬੰਦ ਨਹੀਂ ਹੁੰਦੀ।

ਇਸ ਤਰ੍ਹਾਂ ਦੇ ਗੀਤ ਲਿਖਣ ਅਤੇ ਗਾਉਣ ਵਾਲੇ ਮਰਦਾਂ ਦੇ ਗਲਬੇ ਦੇ ਬਾਵਜੂਦ ਮੀਡੀਆ ਦਾ ਜ਼ਿਆਦਾਤਰ ਧਿਆਨ ਲਕਸ਼ਮੀ ਦੂੱਬੇ ਖਿੱਚਦੀ ਹੈ ਜਿਸ ਦੇ ਸਿਰ 'ਤੇ ਗੀਤ ਗਾਉਣ ਸਮੇਂ ਚਮਕੀਲੇ ਰੰਗ ਦੀ ਪਗੜੀ, ਮੱਥੇ 'ਤੇ ਲਾਲ ਤਿਲਕ, ਗੂੜ੍ਹੇ ਰੰਗ ਦੀ ਲਿਪਸਟਿਕ, ਅਤੇ ਲਾਲ-ਬੈਂਗਣੀ-ਸੰਤਰੀ ਰੰਗ ਦੇ ਕੱਪੜੇ ਪਹਿਨੇ ਹੁੰਦੇ ਹਨ। ਉਸ ਦੇ ਜੋਸ਼ੀਲੇ, ਭੜਕਾਊ ਅਤੇ ਫਿਰਕੂ ਹਿੰਸਾ ਨੂੰ ਉਕਸਾਉਣ ਵਾਲੇ ਗੀਤ ਅਕਸਰ ਹਿੰਦੂਤਵੀ ਸਿਆਸੀ ਰੈਲੀਆਂ 'ਚ ਵਜਾਏ ਜਾਂਦੇ ਹਨ। ਉਹ ਵੀ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਹੱਕ 'ਚ ਡਟ ਕੇ ਦਲੀਲ ਦਿੰਦੀ ਹੈ। ਉਹ ਦਾਅਵਾ ਕਰਦੀ ਹੈ ਕਿ ਉਹ ਮੁਸਲਮਾਨਾਂ ਵੱਲੋਂ ਹਿੰਦੂ ਕੁੜੀਆਂ ਨੂੰ 'ਲਵ ਜਹਾਦ' ਦੇ ਜਾਲ 'ਚ ਫਸਾ ਕੇ ਮਾਰਨ ਦੀਆਂ ਘਟਨਾਵਾਂ ਵੱਲੋਂ ਝੰਜੋੜੇ ਜਾਣ 'ਤੇ ਹੀ ਹਿੰਦੂਤਵ ਦੀ ਪ੍ਰਚਾਰਕ ਬਣੀ ਹੈ। ਉਹ 'ਧਰਮ ਨਿਰਪੱਖਤਾ' ਦੇ ਵਿਚਾਰ ਅਤੇ ਇਸ ਦੀ ਹਮਾਇਤ ਕਰਨ ਵਾਲਿਆਂ ਦੀ ਧਮਕਾਊ ਲਹਿਜੇ 'ਚ ਆਲੋਚਨਾ ਕਰਦੀਆਂ ਕਈ ਲਾਈਵ ਵੀਡੀਓ ਆਪਣੇ ਸੋਸ਼ਲ ਮੀਡੀਆ ਅਕਾਊਂਟ ਉੱਪਰ ਪਾ ਚੁੱਕੀ ਹੈ। ਉਸ ਦੇ ਸਭ ਤੋਂ ਮਸ਼ਹੂਰ ਗੀਤ 'ਹਰ ਘਰ ਭਗਵਾ ਛਾਇਆ' ਨੂੰ ਛੇ ਕਰੋੜ ਤੋਂ ਵਧੇਰੇ ਵਾਰ ਦੇਖਿਆ ਜਾ ਚੁੱਕਾ ਹੈ। ਇਸ ਨੂੰ ਉਹ 'ਰਾਸ਼ਟਰ ਭਗਤੀ ਗੀਤ' ਕਹਿੰਦੀ ਹੈ ਜੋ ਇਸ ਤਰ੍ਹਾਂ ਹੈ 'ਹਾਥ ਮੇਂ ਤਲਵਾਰ ਲੀਏ, ਹਮ ਭਗਵਾ ਝੰਡਾ ਲੇਕਰ ਆਏ ਹੈਂ, ਜੋ ਭਾਰਤ ਮੇਂ ਰਹਨਾ ਚਾਹਤੇ ਉਨਹੇਂ ਬੰਦੇ ਮਾਤਰਮ ਕਹਨਾ ਹੋਗਾ।' ਆਪਣੇ ਗੀਤਾਂ ਦੀ ਮਾਰਕਿਟ ਬਾਰੇ ਉਹ ਦੱਸਦੀ ਹੈ ਕਿ ਉਹ ਅਕਸਰ ਭਾਜਪਾ ਲਈ ਪੇਸ਼ਕਾਰੀਆਂ ਕਰਦੀ ਹੈ ਅਤੇ ਭਾਜਪਾ ਦਾ ਆਈ.ਟੀ. ਸੈੱਲ ਉਸ ਦੇ ਗੀਤਾਂ ਦੀ ਲਗਾਤਾਰ ਵਰਤੋਂ ਕਰਦਾ ਹੈ। ਉਸ ਨੂੰ ਛੱਤੀਸਗੜ੍ਹ ਅਤੇ ਯੂ.ਪੀ. ਵਿਧਾਨ ਸਭਾ ਚੋਣਾਂ ਦੇ ਲਈ ਸੱਦਿਆ ਗਿਆ ਸੀ। ਉਹ ਕਹਿੰਦੀ ਹੈ ਕਿ ਉਸ ਨੂੰ ਐਨੇ ਸੱਦੇ ਆਉਂਦੇ ਹਨ ਕਿ ਕੁਝ ਰਾਜਾਂ ਦੇ ਪ੍ਰੋਗਰਾਮ ਛੱਡਣੇ ਪੈ ਗਏ। ਉਹ ਦੱਸਦੀ ਹੈ ਕਿ ਜਦੋਂ ਯੂਟਿਊਬ ਨੇ ਉਸ ਦਾ ਚੈਨਲ ਸਸਪੈਂਡ ਕਰ ਦਿੱਤਾ ਤਾਂ ਕੇਂਦਰ ਸਰਕਾਰ ਉਸ ਦੇ ਬਚਾਓ ਲਈ ਆਈ, ਉਦੋਂ ਤੋਂ ਉਸ ਦਾ ਚੈਨਲ ਵਧੀਆ ਚੱਲ ਰਿਹਾ ਹੈ।

ਇਨ੍ਹਾਂ ਗੀਤਾਂ ਦੇ ਪ੍ਰਭਾਵ ਦੀ ਤਸਦੀਕ ਭਗਵਾਂ ਆਈ.ਟੀ. ਸੈੱਲ ਵੀ ਕਰਦਾ ਹੈ। ਅਯੁਧਿਆ ਜ਼ਿਲ੍ਹੇ ਦੇ ਆਈ.ਟੀ. ਸੈੱਲ ਦਾ ਨਿਗਰਾਨ ਪ੍ਰਵੀਨ ਦੂਬੇ ਕਹਿੰਦਾ ਹੈ ਕਿ ਹਮਲਾਵਰ ਰਾਸ਼ਟਰਵਾਦ ਨੂੰ ਵਧਾਉਣ ਵਾਲੇ ਅਤੇ ਭਾਜਪਾ ਦੇ ਹਿੰਦੂਤਵ ਮਾਡਲ ਨਾਲ ਮੇਲ ਖਾਂਦੇ ਗੀਤ ਹੀ ਸਭ ਤੋਂ ਵੱਧ ਪਸੰਦ ਕੀਤੇ ਜਾਂਦੇ ਹਨ। ਉਹ ਯਕੀਨੀ ਬਣਾਉਂਦੇ ਹਨ ਕਿ ਐਸੇ ਗੀਤ ਵਿਆਪਕ ਪੱਧਰ 'ਤੇ ਸਾਂਝੇ ਕੀਤੇ ਜਾਣ। ਕਿਉਂਕਿ ਇਹ ਸਿਆਸੀ ਸੰਦੇਸ਼ ਨੂੰ ਲੋਕਾਂ 'ਚ ਲਿਜਾਣ ਦਾ ਇਕ ਸੌਖਾ ਜ਼ਰੀਆ ਹੈ ਜੋ ਸੰਦੇਸ਼ ਨੂੰ ਬਹੁਤ ਸੌਖਿਆਂ ਅਤੇ ਤੇਜ਼ੀ ਨਾਲ ਫੈਲਾਉਣ 'ਚ ਮਦਦ ਕਰਦਾ ਹੈ ਅਤੇ ਗੀਤ ਲੋਕਾਂ 'ਚ ਉਤਸ਼ਾਹ ਵੀ ਭਰਦੇ ਹਨ। ਚੋਣਾਂ ਦੀ ਤਿਆਰੀ ਸਮੇਂ ਉਹ ਗੀਤਾਂ ਰਾਹੀਂ ਇਹ ਸਾਫ ਸੰਦੇਸ਼ ਲੈ ਕੇ ਗਏ ਕਿ ਯੋਗੀ ਦੁਬਾਰਾ ਚੋਣ ਜਿੱਤ ਰਿਹਾ ਹੈ। ਅਯੁਧਿਆ ਸੋਸ਼ਲ ਮੀਡੀਆ ਸੈੱਲ ਦਾ ਮੁਖੀ ਲਵਕੁਸ਼ ਤਿਵਾੜੀ ਦੱਸਦਾ ਹੈ ਕਿ 'ਆਈ.ਟੀ. ਸੈੱਲ ਛੇ ਸ਼ਿਫਟਾਂ 'ਚ ਕੰਮ ਕਰਦਾ ਹੈ। ਸਭ ਤੋਂ ਪਹਿਲਾਂ 9 ਵਜੇ ਦੇ ਕਰੀਬ ਲਾਈਵ ਕੀਤਾ ਜਾਂਦਾ ਹੈ, ਅਗਲਾ ਲਾਈਵ 11, ਫਿਰ ਦੁਪਹਿਰ 1 ਵਜੇ, ਫਿਰ ਸ਼ਾਮ 4 ਵਜੇ, ਸ਼ਾਮ ਛੇ ਵਜੇ ਅਤੇ ਆਖਰੀ ਲਾਈਵ ਰਾਤ 8 ਵਜੇ ਕੀਤਾ ਜਾਂਦਾ ਹੈ।' ਉਹ ਦੱਸਦਾ ਹੈ ਕਿ ਅਚਾਰੀਆ ਉਨ੍ਹਾਂ ਦੇ ਆਈ.ਟੀ. ਸੈੱਲ ਵਾਲਿਆਂ ਦਾ ਮਨਪਸੰਦ ਪੌਪਸਟਾਰ ਹੈ। ਸਿਆਸੀ ਪਾਰਟੀ ਹੋਣ ਕਰਕੇ ਉਹ ਉਸ ਦੀ ਸਿੱਧੀ ਹਮਾਇਤ ਕਰਨ ਦਾ ਜੋਖਮ ਤਾਂ ਨਹੀਂ ਲੈ ਸਕਦੇ ਪਰ ਪਿੱਛੇ ਰਹਿ ਕੇ ਉਹ ਉਨ੍ਹਾਂ ਦੀ ਪਾਰਟੀ ਕਾਰਕੁਨਾਂ ਵਾਂਗ ਮਦਦ ਕਰਦੇ ਹਨ।

ਦੇਖਣਾ ਇਹ ਹੈ ਕਿ ਹਿੰਦੂਤਵ ਟੂਲ-ਕਿੱਟ ਦੇ ਜਵਾਬ 'ਚ ਇਨਸਾਫਪਸੰਦ ਤਾਕਤਾਂ ਆਪਣੀ ਟੂਲ-ਕਿੱਟ ਦੇ ਸੰਦਾਂ ਨੂੰ ਪ੍ਰਭਾਵੀ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਿੰਨੀ ਕੁ ਗੰਭੀਰਤਾ ਨਾਲ ਕੋਸ਼ਿਸ਼ਾਂ ਕਰਦੀਆਂ ਹਨ।

# ਮੇਰਾ ਮਿੱਤਰ ਸ਼ਹੀਦ ਊਧਮ ਸਿੰਘ

**ਲੁਧਿਆਣਾ ਦੇ ਪਿੰਡ ਬਿੰਜਲ ਦੇ ਜੰਮਪਲ ਬਖਤਾਵਰ ਸਿੰਘ ਬਿੰਜਲ ਦੀ ਗਵਾਹੀ ਅਨੁਸਾਰ ਉਹ ਸ਼ਹੀਦ ਊਧਮ ਸਿੰਘ ਦਾ ਜਿਗਰੀ ਦੋਸਤ ਸੀ। ਉਸ ਬਾਰੇ ਵਧੇਰੇ ਜਾਣਕਾਰੀ ਨਹੀਂ ਮਿਲਦੀ। ਉੱਘੇ ਪੰਜਾਬੀ ਦਾਨਿਸ਼ਵਰ, ਸਾਹਿਤਕਾਰ ਅਤੇ ਇਤਿਹਾਸਕਾਰ ਸੁਰਜੀਤ ਹਾਂਸ ਨੇ ਬਖਤਾਵਰ ਸਿੰਘ ਬਿੰਜਲ ਨਾਲ ਮੁਲਾਕਾਤ ਕੀਤੀ ਅਤੇ ਉਸ ਦੀ ਇੰਟਰਵਿਊ ਪੰਜਾਬੀ ਰਸਾਲੇ 'ਲਕੀਰ' ਦੇ ਫਰਵਰੀ 1978 ਅੰਕ ਵਿਚ ਇੰਨ-ਬਿੰਨ ਛਪਵਾਈ। ਇਸ ਲੇਖ ਵਿਚ ਇਕ ਜਿਗਰੀ ਦੋਸਤ ਦੀਆਂ ਆਪਣੇ ਵਿਛੜੇ ਦੋਸਤ ਲਈ ਭਾਵਨਾਵਾਂ ਦਾ ਪ੍ਰਗਟਾਵਾ ਹੈ। ਕੋਈ ਮੁਲੰਮਾ, ਪਰਦਾ ਜਾਂ ਲੁਕਾਅ ਨਹੀਂ; ਬਸ ਇਕ ਦੋਸਤ ਦੀਆਂ ਸੱਚੀਆਂ-ਸੁੱਚੀਆਂ ਭਾਵਨਾਵਾਂ ਤੇ ਯਾਦਾਂ ਹਨ। ਕਈ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਬਖਤਾਵਰ ਸਿੰਘ ਬਿੰਜਲ ਦੇ ਊਧਮ ਸਿੰਘ ਦੇ ਨਜ਼ਦੀਕੀ ਦੋਸਤ ਹੋਣ ਦੀ ਦਸਤਾਵੇਜ਼ੀ ਗਵਾਹੀ ਨਹੀਂ ਮਿਲਦੀ। ਦੁਖਾਂਤ ਇਹ ਹੈ ਕਿ ਇਤਿਹਾਸਕਾਰਾਂ ਨੇ ਇਸ ਬਾਰੇ ਬਹੁਤ ਘੱਟ ਯਤਨ ਕੀਤੇ ਹਨ। ਜ਼ਬਾਨੀ ਦਰਜ ਕੀਤੀਆਂ ਗਈਆਂ ਗਵਾਹੀਆਂ ਦਾ ਆਪਣਾ ਮਹੱਤਵ ਹੁੰਦਾ ਹੈ। ਇਸ ਲੇਖ ਦੇ ਕੁਝ ਅੰਸ਼ ਭਾਸ਼ਾ ਵਿਚ ਮਾਮੂਲੀ ਬਦਲਾਓ ਨਾਲ ਪੇਸ਼ ਕੀਤੇ ਜਾ ਰਹੇ ਹਨ।**

ਮੈਂ 79 ਸਿੰਨਕਲੇਅਰ ਰੋਡ ਦੇ ਗੁਰਦੁਆਰੇ ਗਿਆ। ਉੱਥੇ ਜੋੜ ਮੇਲਾ ਸੀ। ਮੋਹਨ ਸਿੰਘ ਸੈਕਟਰੀ ਸੀ। ਅਸੀਂ ਬਾਹਰ ਖੜ੍ਹੇ ਸੀ। ਉੱਥੇ ਮੈਨੂੰ ਊਧਮ ਸਿੰਘ ਟੱਕਰ ਗਿਆ। ਉਹ ਮੈਨੂੰ ਕਹਿੰਦਾ ਕੱਲ੍ਹ ਨੂੰ ਗੱਲਾਂ-ਬਾਤਾਂ ਕਰਾਂਗੇ ਪਰ ਹਫ਼ਤਾ ਲੰਘ ਗਿਆ। ਉਹ ਬਹੁਤੀਆਂ ਗੱਲਾਂ ਸਟਾਲਨ ਦੀਆਂ ਕਰਦਾ ਸੀ ਕਿ ਉਹਨੇ ਕਿਵੇਂ ਆਪਣੇ ਮੁਲਕ ਦੀ ਖਾਤਰ ਕੈਦਾਂ ਕੱਟੀਆਂ। ਮੈਨੂੰ ਕੋਈ ਪਤਾ ਨਹੀਂ ਸੀ। ਉਹਨੇ ਅਖ਼ਬਾਰਾਂ ਲੈਣੀਆਂ ਅਤੇ ਸਾਨੂੰ ਪੜ੍ਹ ਕੇ ਸੁਣਾਇਆ ਕਰਨੀਆਂ।

ਅਸੀਂ ਲੰਡਨ ਤੋਂ ਹੇਜ਼ (Hayes) ਆ ਗਏ। ਅਸੀਂ ਵਿੰਪੀ (Wimpy) 'ਚ ਕੰਮ ਕਰਦੇ ਸੀ। ਫੋਕ ਸਟੋਨ (Folk Stone) ਕੰਮ ਕਰਨ ਜਾਂਦੇ ਸੀ। ਮੈਨੂੰ ਘੰਟੇ ਦੀਆਂ 10 ਪੈਨੀਆਂ ਮਿਲਦੀਆਂ ਸਨ, ਊਧਮ ਸਿੰਘ ਨੂੰ 1 ਸ਼ਲਿੰਗ 6 ਪੈਨੀਆਂ। ਮੈਂ ਤਾਂ ਤਰਖਾਣਾ ਕੰਮ ਜਾਣਦਾ ਨਹੀਂ ਸੀ। ਐਵੇਂ ਖਿੱਚਾ-ਧੂਹੀ ਕਰਦਾ ਸੀ। ਮੈਂ ਤਾਂ ਹਥੌੜਾ ਮਾਰ ਕੇ ਉਂਗਲਾਂ ਹੀ ਭੰਨ ਲਈਆਂ। ਊਧਮ ਸਿੰਘ ਹਫ਼ਤੇ ਬਾਅਦ ਫਰਾਂਸ ਜਾ ਆਉਂਦਾ ਸੀ।

ਓ'ਡਵਾਇਰ ਦੀ ਮੀਟਿੰਗ 'ਚ ਅਜੇ 20 ਦਿਨ ਰਹਿੰਦੇ ਹੋਣੇ ਹਨ। ਅਸੀਂ ਹੇਜ਼ ਦੇ ਵਾਈਟ ਹਾਰਟ ਪੱਬ 'ਤੋਂ ਉੱਠੇ ਅਤੇ ਹਾਈਡ ਪਾਰਕ ਦੇ ਸਾਹਮਣੇ ਬਣੇ ਆਦਮੀਆਂ ਦੇ ਮਕਾਨਾਂ ਵਾਲੀ ਸੜਕ 'ਤੇ ਪਹੁੰਚ ਗਏ। ਅਸੀਂ ਓ'ਡਵਾਇਰ ਦੇ ਘਰ ਚਲੇ ਗਏ। ਅਸੀਂ ਕਿਹਾ ਕਿ ਅਸੀਂ ਤੇਰੀ ਖਾਤਰ ਤੋਹਫ਼ਾ ਲਿਆਏ ਹਾਂ। ਉਹਨੇ ਸਾਨੂੰ ਚਾਹ ਪਿਲਾਈ, ਘਰ ਵਿਖਾਇਆ। ਪਹਿਲਾਂ ਤਾਂ ਪੌੜੀਆਂ ਉਤਰਦਿਆਂ ਊਧਮ ਸਿੰਘ ਕਹਿੰਦਾ, ''ਹੁਣ ਚੱਕ ਦਿੰਦੇ ਹਾਂ''। ਫਿਰ ਸਾਡਾ ਖਿਆਲ ਹਟ ਗਿਆ। ਪਰ ਗੱਲ ਨਾ ਬਣੀ। ਮੈਂ ਉਹਦੇ ਨਾਲ ਗੁੱਸੇ ਹੋ ਗਿਆ। ਅਸੀਂ ਕਾਰ 'ਚ ਬਾਕਸਟਨ ਚਲੇ ਗਏ। ਉਹਨੂੰ ਕਾਰਾਂ ਦਾ ਖ਼ਬਤ ਸੀ।

ਜਿਸ ਦਿਨ ਓ'ਡਵਾਇਰ ਦੇ ਮੀਟਿੰਗ ਸੀ ਇਹ (ਊਧਮ ਸਿੰਘ) ਉਸ ਦੇ ਮੇਜ਼ ਦੇ ਸਾਹਮਣੇ ਬੈਠ ਗਿਆ। ਇਹਨੇ ਗੋਲੀ ਚਲਾਈ। ਪੁਲੀਸ ਵਾਲੇ ਨੇ ਇਹਦੇ ਮੂੰਹ 'ਤੇ ਕੋਟ ਸੁੱਟ ਦਿੱਤਾ। ਅਸੀਂ ਅਖ਼ਬਾਰ 'ਚ ਖ਼ਬਰ ਪੜ੍ਹੀ। ਸਾਡੇ ਨਾਲ ਦੇ ਆਇਰਸ਼ (ਆਇਰਲੈਂਡ ਨਿਵਾਸੀ) ਬੜੇ ਖ਼ੁਸ਼ ਹੋਏ। ਉਨ੍ਹਾਂ ਸਾਨੂੰ ਗਲਾਸੀਆਂ (ਵਿਸਕੀ) ਪਿਲਾਈਆਂ। ਮੁਕੱਦਮਾ ਚਲਿਆ। ਤਰੀਕਾਂ ਪੈਂਦੀਆਂ ਰਹੀਆਂ। ਮੈਂ ਹਰ ਤਰੀਕ 'ਤੇ ਜਾਂਦਾ ਰਿਹਾ ਪਰ ਸਾਨੂੰ ਅੰਦਰ ਨਹੀਂ ਸੀ ਜਾਣ ਦਿੱਤਾ ਜਾਂਦਾ।

ਮੈਂ ਗੁਰਦੁਆਰੇ ਦੇ ਸੈਕਟਰੀ ਮੋਹਨ ਸਿੰਘ ਕੋਲ ਜਾਂਦਾ ਰਿਹਾ ਪਰ ਉਹਨੇ ਕੋਈ ਪੱਲਾ ਨਾ ਫੜਾਇਆ। ਹੁਣ ਤਾਂ ਦੋ ਆਦਮੀ ਬੈਠ ਕੇ ਗੱਲਾਂ ਕਰ ਲੈਂਦੇ ਹਨ, ਓਦੋਂ ਕੋਈ ਗੱਲ ਵੀ ਨਹੀਂ ਕਰਦਾ ਸੀ। ਮੈਂ ਅਖ਼ਬਾਰਾਂ 'ਚ ਪੜ੍ਹਦਾ ਰਿਹਾ ਕਿ ਊਧਮ ਸਿੰਘ ਨੇ ਜੇਲ੍ਹ 'ਚ ਸਾਫਾ ਮੰਗਿਆ। ਪਹਿਲਾਂ ਤਾਂ ਦਿੰਦੇ ਨਹੀਂ ਸਨ, ਫੇਰ ਦੇ ਦਿੱਤਾ।

ਜਿਸ ਦਿਨ ਊਧਮ ਸਿੰਘ ਨੂੰ ਫ਼ਾਂਸੀ ਲੱਗੀ, ਮੈਂ ਜੇਲ੍ਹ ਦੇ ਬਾਹਰ ਖੜ੍ਹਾ ਸੀ। ਬਾਹਰ ਕੰਧ 'ਤੇ ਦੋ ਮੇਖਾਂ ਲੱਗੀਆਂ ਹੁੰਦੀਆਂ। ਜਿਸ ਆਦਮੀ ਨੂੰ ਫ਼ਾਂਸੀ ਲੱਗਦੀ ਹੈ ਉਹਦਾ ਬਾਹਰ ਫੱਟਾ ਲੱਥ ਜਾਂਦਾ ਹੈ। ਪੁਲੀਸ ਵਾਲੇ ਤੋਂ ਊਧਮ ਸਿੰਘ ਦਾ ਫੱਟਾ ਨਾ ਉਤਰੇ। ਮੈਂ ਉਹਦੀ ਮਦਦ ਕੀਤੀ ਕਿ ਊਧਮ ਸਿੰਘ ਦਾ ਫੱਟਾ ਲਾਹ ਕੇ ਦੂਜੇ ਦਾ ਟੰਗਵਾ ਦਿੱਤਾ।



*ਊਧਮ ਸਿੰਘ ਆਪਣੇ ਇਕ ਹੋਰ ਮਿੱਤਰ ਪੂਰਨ ਸਿੰਘ ਬਨਿੰਗ ਨਾਲ।*

ਜਦੋਂ ਪੁਲੀਸ ਵਾਲੇ ਆ ਗਏ। ਇਕ ਨੇ ਮੈਨੂੰ ਇਕ ਪਾਸਿਓਂ ਫੜ ਲਿਆ, ਦੂਜੇ ਨੇ ਦੂਜੀ ਬਾਂਹ ਫੜ ਲਈ। ਪੁਲੀਸ ਨੇ ਮੇਰਾ ਰਿਕਾਰਡ ਲੈ ਲਿਆ। ਮੈਨੂੰ ਫ਼ੌਜ ਵਿਚ ਜਬਰੀ ਭਰਤੀ ਕਰ ਦਿੱਤਾ। ਮੈਂ ਉੱਥੋਂ ਭੱਜ ਆਇਆ। ਮੈਂ ਸਵੱਦੀ (ਲੁਧਿਆਣਾ) ਵਾਲੇ ਕਪੂਰ ਸਿੰਘ ਦੇ ਭਾਈ ਬਚਨ ਦਾ ਸ਼ਨਾਖਤੀ ਕਾਰਡ ਲੈ ਲਿਆ ਅਤੇ ਚਲਾ ਗਿਆ। ਫੇਰ ਮੈਂ ਫੜ ਹੋ ਗਿਆ। ਕੋਰਟ ਮਾਰਸ਼ਲ 'ਚ ਮੈਨੂੰ ਸਾਲ ਦੀ ਕੈਦ ਹੋ ਗਈ। ਮੈਂ ਡਡਲੀ, ਸਕਾਟਲੈਂਡ ਦੀ ਜੇਲ੍ਹ 'ਚ ਸੀ। ਕਈ ਕੈਦੀ ਫ਼ੌਜ 'ਚ ਭਰਤੀ ਹੋ ਗਏ ਸੀ। ਸਾਡਾ ਰਾਸ਼ਨ ਇੰਡੀਆ ਹਾਊਸ ਤੋਂ ਜਾਂਦਾ ਸੀ। ਬੱਸ ਰੋਟੀ ਪਕਾਈ ਜਾਣੀ, ਖਾਈ ਜਾਣੀ। ਜੇਲ੍ਹ 'ਚ ਮੇਰਾ ਭਾਰ 11 ਸਟੋਨ (69.8 ਕਿਲੋਗਰਾਮ) ਤੋਂ 13 ਸਟੋਨ (82.5 ਕਿਲੋਗਰਾਮ) ਹੋ ਗਿਆ। ਮੈਨੂੰ ਫੇਰ ਫ਼ੌਜ 'ਚ ਭੇਜ ਦਿੱਤਾ। ਮੈਂ ਭੁੱਖ ਹੜਤਾਲ ਕਰ ਦਿਤੀ। ਮੇਰੇ 'ਤੇ ਗਾਰਦ ਦਾ ਪਹਿਰਾ ਹੁੰਦਾ ਸੀ। ਉੱਥੇ ਇਕ ਮੁਸਲਮਾਨ ਨੂੰ ਮੇਜਰ ਬਣਾ ਦਿੱਤਾ ਸੀ; ਉਹਦਾ ਦਿਮਾਗ ਉੱਚਾ ਹੋ ਗਿਆ। ਅੰਗਰੇਜ਼ਾਂ ਨੇ ਉਹਨੂੰ ਮੇਜਰ ਤੋਂ ਫੇਰ ਕਪਤਾਨ ਬਣਾ ਦਿਤਾ। ਫੇਰ ਉਹੀ ਮੈਨੂੰ ਗੱਲਾਂ ਦੱਸਣ ਵਾਲਾ ਹੋ ਗਿਆ- ਤੂੰ ਇੰਝ ਕਰ, ਉਂਝ ਕਰ। ਇਕ ਰਾਤੀਂ ਮੈਂ ਦਰਖ਼ਤ 'ਤੇ ਚੜ੍ਹ ਗਿਆ ਅਤੇ ਗਾਰਦ ਨੂੰ ਕਿੱਥੋਂ ਲੱਭਣਾ ਸੀ। ਮੈਂ ਦੂਸਰੇ ਦਿਨ ਉਤਰਿਆ, ਟੈਕਸੀ ਲੈ ਕੇ ਈਸਟ ਚਲਾ ਗਿਆ। ਉੱਥੇ ਫਕੀਰੀਆ ਵੀ ਹੁੰਦਾ ਸੀ, ਸ਼ਰਮਾ ਵੀ। ਮੈਂ ਉਨ੍ਹਾਂ ਕੋਲ ਚਲਾ ਗਿਆ।

ਡਾ. ਗਿੱਲ ਨੇ ਮੇਰੀ ਮਦਦ ਕੀਤੀ। 1945 ਵਿਚ ਮੈਂ ਲਿਵਰਪੂਲ ਤੋਂ ਜਹਾਜ਼ ਚੜ੍ਹ ਕੇ ਬੰਬਈ ਆ ਗਿਆ। ਮੈਂ ਬਿੰਜਲ (ਲੁਧਿਆਣਾ) ਪਹੁੰਚ ਗਿਆ। ਤਿੰਨ ਮਹੀਨੇ ਤਾਂ ਆਰਾਮ ਰਿਹਾ। ਫੇਰ ਪੁਲੀਸ ਨੇ ਤੰਗ ਕਰਨਾ ਸ਼ੁਰੂ ਕੀਤਾ। 1948 ਵਿਚ ਇਕ ਹਿੰਦੂ ਸੱਜਣ ਪਾਸਪੋਰਟ ਦਫ਼ਤਰ 'ਚ ਕੰਮ ਕਰਦਾ ਸੀ। ਮੈਂ ਉਹਨੂੰ ਪੈਸੇ ਦੇ ਕੇ ਬਖਤਾਵਰ ਸਿੰਘ ਨਾਓਂ ਵਿਚ ਕੇ, ਐਚ ਅੱਖਰ ਕਟਵਾ ਦਿੱਤੇ ਅਤੇ ਗੋਤ ਨਾਲ ਲਿਖਵਾ ਲਿਆ। ਇੰਜ ਮੈਂ ਬੀ.ਐਸ. ਕੱਰੀ ਬਣ ਗਿਆ। 1948 ਵਿਚ ਵਾਪਸ ਵਲਾਇਤ ਆ ਗਿਆ। ਲੋਕ ਹੈਰਾਨ ਸਨ। ਪੁਲੀਸ ਵਾਲੇ ਕਹਿੰਦੇ ਕਿ ਇਹ ਉਹ ਆਦਮੀ ਨਹੀਂ ਹੋ ਸਕਦਾ।

ਓ'ਡਵਾਇਰ ਨੂੰ ਮਾਰਨ ਤੋਂ ਪਹਿਲਾਂ ਦੀ ਕਹਾਣੀ

ਪਿਸਤੌਲ ਅਸੀਂ ਮੇਰੀ (Mary) ਦੀ ਮਦਦ ਨਾਲ ਲਿਆ ਸੀ। ਉਹ ਇਕ ਆਇਰਸ਼ ਬੰਦਾ ਸੀ ਜਿਹੜਾ ਅਜਿਹੇ ਕੰਮ ਕਰਦਾ ਸੀ, ਨੂੰ ਜਾਣਦੀ ਸੀ। ਇਕ ਰਾਤ ਅਸੀਂ Hatfield ਦੇ ਜੰਗਲ ਵਿਚ ਪਿਸਤੌਲ ਚਲਾ ਕੇ ਵੀ ਵੇਖਿਆ ਬਈ ਠੀਕ ਕੰਮ ਤਾਂ ਕਰਦਾ ਹੈ। ਪਿਸਤੌਲ ਕਾਰ ਦੀ ਸੀਟ ਦੇ ਥੱਲੇ ਹੁੰਦਾ ਸੀ।

ਸ਼ਾਹ ਨਾਉਂ ਦਾ ਆਦਮੀ ਫਿਲਮ ਕੰਪਨੀ ਨੂੰ ਬੰਦੇ ਸਪਲਾਈ ਕਰਦਾ ਸੀ। ਊਧਮ ਸਿੰਘ ਨੇ Elephant Boy, Thief of Baghdad ਵਿਚ ਛੋਟੇ-ਛੋਟੇ ਰੋਲ ਵੀ ਕੀਤੇ ਹਨ।

ਊਧਮ ਸਿੰਘ ਨੇ ਜਿਸ ਦਿਨ ਓ'ਡਵਾਇਰ ਨੂੰ ਮਾਰਿਆ, ਉਹ ਮੈਨੂੰ ਜਾਣ ਕੇ ਨਾਲ ਨਹੀਂ ਲੈ ਕੇ ਗਿਆ। ਜੇ ਇਕ ਜਾਵੇ ਤਾਂ ਇਕ ਨੇ ਫ਼ਾਂਸੀ ਲੱਗਣਾ, ਦੋ ਗਏ ਤਾਂ ਦੋਵੇਂ ਫ਼ਾਂਸੀ ਲੱਗਣਗੇ।

ਉਹ ਹਰ ਵੇਲੇ ਚੌਕਸ ਰਹਿੰਦਾ ਸੀ। ਕਿਸੇ ਦੇ ਘਰ ਜਾਣਾ ਤਾਂ ਬਹਿ ਕੇ ਨਹੀਂ ਰੋਟੀ ਖਾਣੀ, ਖੜ੍ਹੇ ਰਹਿਣਾ। ਅਖ਼ਬਾਰਾਂ ਦਾ ਤਾਂ ਉਹਨੂੰ ਬੜਾ ਈ ਸ਼ੌਕ ਸੀ। ਉਹਦੀ ਗੱਲ ਕਰਦਿਆਂ ਤਾਂ ਹੁਣ ਵੀ ਜੋਸ਼ ਆ ਜਾਂਦਾ ਏ। ਮੈਂ ਉਹਦੇ ਨਾਲ ਜਿੰਨਾ ਚਿਰ ਰਿਹਾ, ਮੈਂ ਉਹਨੂੰ ਹੱਸਦਾ ਹੀ ਵੇਖਿਆ। ਉਹਨੇ ਕਾਰ ਲੈਣੀ ਤਾਂ ਆਪ ਸਲੰਸਰ ਕੱਟ ਲੈਣਾ ਬਈ ਖੜਕਾ ਜ਼ਿਆਦਾ ਕਰੇ। ਉਹ ਕੰਮ ਬੜੇ ਜਾਣਦਾ ਸੀ, ਤਕੜਾ ਕਾਰੀਗਰ ਸੀ। ਇਕ ਥਾਉਂ ਟਿਕਦਾ ਨਹੀਂ ਸੀ। ਅਜ ਇੱਥੇ, ਕੱਲ੍ਹ ਉੱਥੇ।

ਉਂਜ ਵੀ ਊਧਮ ਸਿੰਘ ਤੇਜ਼ ਤਰਾਰ ਸੀ। ਇਕ ਵਾਰ ਉਹ ਕਾਰ ਲੈਣ ਗਿਆ ਤਾਂ ਉਹਨੇ Hire Purchase 'ਤੇ (ਸਾਬੂ) ਦਸਤਗੀਰ, ਫਿਲਮਾਂ ਵਾਲੇ ਦਾ ਨਾਉਂ ਲਿਖ ਦਿੱਤਾ। ਉਹ ਤਿੰਨ ਮਹੀਨੇ ਕਾਰ ਦੱਬੀ ਫਿਰਦਾ ਰਿਹਾ ਅਤੇ ਮਗਰੋਂ ਜਾ ਕੇ ਦਸਤਗੀਰ ਨੂੰ ਪਤਾ ਲੱਗਾ।

ਊਧਮ ਸਿੰਘ ਨੂੰ ਸਾਰੇ 'ਬਾਵਾ' ਕਹਿੰਦੇ ਸੀ ਕਿਉਂਕਿ ਉਹਦਾ ਮਤਾ ਹੀ ਅਜਿਹਾ ਸੀ। ਉਹ ਕਹਿੰਦਾ ਹੁੰਦਾ ਸੀ ਕਿ ਉਹਨੇ ਓ'ਡਵਾਇਰ ਤੋਂ ਆਪਣੇ ਬੰਦੇ ਮਾਰਨ ਦਾ ਬਦਲਾ ਲੈਣਾ ਏ। ਜਲ੍ਹਿਆਂਵਾਲਾ ਕਾਂਡ 'ਚ ਉਹਦਾ ਕੋਈ ਭਰਾ ਵਗੈਰਾ ਨਹੀਂ ਸੀ ਮਾਰਿਆ ਗਿਆ। ਭਰਾ ਦਾ ਬਦਲਾ ਲੈਣ ਵਾਲੀ ਗੱਲ ਤਾਂ ਮੈਂ ਹੀ ਤੋਰੀ ਸੀ। ਮੈਂ ਪਰਦਾ ਪਾਉਣ ਲਈ ਪੁਲੀਸ ਨੂੰ ਕਹਿ ਦਿੰਦਾ ਸੀ- ਓ'ਡਵਾਇਰ ਨੇ ਉਹਦਾ ਭਾਈ ਮਾਰਿਆ ਸੀ, ਇਹਨੇ ਉਹਨੂੰ ਮਾਰ ਦਿੱਤਾ। ਊਧਮ ਸਿੰਘ ਭਗਤ ਸਿੰਘ ਦੀ ਫੋਟੋ ਜ਼ਰੂਰ ਆਪਣੇ ਕੋਲ ਰੱਖਦਾ ਸੀ। ਤਸਵੀਰ ਨੂੰ ਦੇਖ ਕੇ ਆਪ ਮੁੱਛਾਂ 'ਤੇ ਹੱਥ ਫੇਰਨ ਲੱਗ ਜਾਂਦਾ ਹੁੰਦਾ ਸੀ।

ਇਕ ਬੈੱਟੀ (Betty) ਹੁੰਦੀ ਸੀ ਜਿਹਦੇ ਨਾਲ ਉਹਦੀ ਸਾਂਝ ਸੀ, ਆਇਰਸ਼ ਸੀ। ਆਇਰਸ਼ ਹੀ ਆਪਣੇ ਲੋਕਾਂ ਦੀ ਬਾਂਹ ਫੜਦੇ ਹਨ। ਮੈਂ ਤਾਂ ਕਹਿੰਦਾ ਸੀ ਕੋਈ ਬੱਚਾ ਬੁੱਚਾ ਵੀ ਹੋ ਜਾਂਦਾ ਤਾਂ ਚੰਗਾ ਸੀ, ਪਰ ਨਹੀਂ। ਹੁਣ ਪਤਾ ਨਹੀਂ ਉਹ (ਬੈਟੀ) ਕਿੱਥੇ ਹੈ।

ਊਧਮ ਸਿੰਘ ਕੋਲ ਆਪਣੇ ਮੁਲਕ ਤੋਂ ਬਿਨਾਂ ਹੋਰ ਗੱਲ ਹੀ ਕੋਈ ਨਹੀਂ ਸੀ; ਆਪਣੇ ਮੁਲਕ 'ਤੇ ਜ਼ੁਲਮ ਹੁੰਦਾ ਹੈ; ਫਲਾਣੇ ਨੇ ਭਗਤ ਸਿੰਘ ਨੂੰ ਫ਼ਾਂਸੀ ਦਾ ਹੁਕਮ ਦਿਵਾਇਆ; ਫਲਾਣੇ ਨੂੰ ਆਪਾਂ ਇਹ ਕਰ ਦੇਣਾ ਹੈ, ਉਹ ਕਰ ਦੇਣਾ ਹੈ। ਉਹਨੂੰ ਲਗਨ ਮੁਲਕ ਦੀ ਆਜ਼ਾਦੀ ਦੀ ਸੀ। ਮਾੜੀ ਮੋਟੀ ਗੱਲ ਗਾਂਧੀ ਦੀ ਵੀ ਕਰ ਲੈਂਦਾ ਸੀ। ਜਿਹੜਾ ਵੀ ਆਜ਼ਾਦੀ ਲਈ ਕੁਝ ਕਰਦਾ ਸੀ ਉਹ ਊਧਮ ਸਿੰਘ ਲਈ ਚੰਗਾ ਸੀ। ਬਹੁਤੀ ਗੱਲ ਉਹ ਸਟਾਲਨ ਦੀ ਹੀ ਛੇੜੀ ਰੱਖਦਾ ਸੀ।

ਬਾਕੀ ਉਹਦਾ ਹੱਸਣ-ਖੇਡਣ ਦਾ ਸੁਭਾਅ ਸੀ। ਜਿਹੜੇ ਪੈਸੇ ਪੱਲੇ ਹੋਣੇ, ਖਰਚ ਲੈਣੇ। ਕੱਲ੍ਹ ਦੀ ਕੱਲ੍ਹ ਨਾਲ ਵੇਖੀ ਜਾਏਗੀ।

***(ਧੰਨਵਾਦ: ਲਕੀਰ/ ਅਮਰਜੀਤ ਚੰਦਨ/ ਅਜਾਇਬ ਸਿੰਘ ਗਰਚਾ)***

## ਕਾਵਿ-ਕਿਆਰੀ

### (ਕਾਰਗਿਲ ਦਿਵਸ ਨੂੰ ਸਮਰਪਿਤ)

ਸਾਵਣ ਆਇਆ ਬੱਲੇ ਬੱਲੇ,
ਅਸੀਂ ਤੀਆਂ ਨੂੰ ਚੱਲੇ।
ਕੁੜੀਆਂ, ਬੁੜ੍ਹੀਆਂ ਰਲ ਕੇ
ਸਾਵਿਆਂ ਦੇ ਪਿੜ ਮੱਲੇ।
ਸੱਜ ਵਿਆਹੀਆਂ ਮੁਟਿਆਰਾਂ ਦੇ,
ਚਾਅ ਨਾ ਜਾਵਣ ਠੱਲ੍ਹੇ।
ਮਾਹੀ ਚੇਤੇ ਕਰ ਕਰ ਹੱਸਣ,
ਹਰ ਟੱਪੇ ਹਰ ਗੱਲੇ।

ਸਾਵਣ ਆਇਆ ਬੱਲੇ ਬੱਲੇ,
ਅਸੀਂ ਕਾਰਗਿਲ ਚੱਲੇ।
ਵੈਰੀ ਪਿੱਛੇ ਮਾਰ ਭਜਾਏ,
ਮੇਰੇ ਮਾਹੀ ਨੇ ਪਹਿਲੇ ਹੱਲੇ।
ਭਾਜੜ ਪਾਈ ਦੁਸ਼ਮਣ ਅੰਦਰ,
ਹੋ ਗਈ ਬੱਲੇ ਬੱਲੇ।
ਚੰਨ ਦੇਸ਼ ਦੇ ਕੰਮ ਆ ਗਿਆ,
ਅਸੀਂ ਰਹਿਗੇ ਕੱਲੇ ਕੱਲੇ।

ਸਾਵਣ ਆਇਆ ਬੱਲੇ ਬੱਲੇ,
ਫ਼ੌਜ 'ਚ ਭਰਤੀ ਹੋਣਾ।
ਜਿਸ ਨੇ ਕਰੀ ਚੜ੍ਹਾਈ ਦੇਸ਼ 'ਤੇ,
ਹਮਲਾਵਰ ਮਾਰ ਭਜਾਉਣਾ।
ਮੇਰਾ ਮਾਹੀ ਚੋਟੀ ਚੜ੍ਹਿਆ,
ਜਾਮ ਸ਼ਹਾਦਤ ਪੀਣਾ।
ਚੂੜੀਆਂ ਭੰਨ ਬੰਦੂਕ ਮੈਂ ਫੜਨੀ,
ਮੇਰਾ ਕੀ ਹੁਣ ਜੀਣਾ।
ਸਖ਼ੀਆਂ ਬਾਗ਼ੀਂ ਪੀਂਘਾਂ ਪਾਈਆਂ,
ਮੈਂ ਝੂਟਣ ਤੋਂ ਡਰਦੀ।
ਹੁਲਾਰਾ ਦੇਣ ਵਾਲਾ ਨਹੀਂ ਆਇਆ,
ਢੋਕ ਮੇਰੀ ਇਕ ਮਰ ਗਈ।
ਵੰਗਾਂ ਹੋ ਗਈਆਂ ਟੁਕੜੇ ਟੁਕੜੇ,
ਮਾਂਗ ਲਹੂ ਨਾਲ ਭਰ ਗਈ।
ਅਧਵਾਟੇ ਮੇਰੇ ਚਾਅ ਖਿੱਲਰ ਗਏ,
ਮੈਂ ਡੁੱਬਗੀ ਤਰਦੀ ਤਰਦੀ।

ਸਾਵਣ ਮੈਨੂੰ ਜ਼ਰਾ ਨਾ ਭਾਵੇ,
ਮੈਂ ਅਭਾਗਣ ਹੋਈ।
ਵਿਹੜੇ ਮੇਰੇ ਘੁੱਪ ਅੰਧੇਰਾ,
ਮੈਂ ਜਿਉਂਦੀ ਨਾ ਮੋਈ।
ਤੁਸੀਂ ਪੀਂਘ ਚੜ੍ਹਾਓ, ਪੂੜੇ ਖਾਓ,
ਮੇਰੀ ਸੁੱਧ ਬੁੱਧ ਖੋਈ।
ਲੋਕ ਸ਼ਹੀਦ ਦੀ ਵਿਧਵਾ ਕਹਿੰਦੇ,
ਮੈਂ ਬੁੱਢ ਸੁਹਾਗਣ ਹੋਈ।

ਸਾਵਣ ਹੱਥੋਂ ਕਿਰਦਾ ਜਾਏ,
ਕਿਰ ਗਏ ਮੇਰੇ ਚਾਅ।
ਪੀਆ ਬਾਝੋਂ ਸਾਵਣ ਕਾਹਦਾ,
ਤੀਆਂ ਦਾ ਕੀ ਭਾਅ।
ਨਿੱਕੀ ਨਿੱਕੀ ਕਣੀ ਦਾ ਮੀਂਹ ਜੋ ਵਰ੍ਹਦਾ,
ਮਨ ਮੇਰਾ ਥਿੜਕ ਗਿਆ।
ਟੇਸ਼ਣ ਵੱਲ ਪਈ ਰਾਹ ਮੈਂ ਤੱਕਾਂ,
ਮਾਹੀ ਦਾ ਝਉਲਾ ਪਿਆ।

ਸਾਵਣ ਆਇਆ ਬੱਲੇ-ਬੱਲੇ,
ਚਾਰ ਚੁਫੇਰਾ ਹਰਿਆ।
ਮਾਹੀ ਮੇਰਾ ਮੁੜ ਘਰ ਆਇਆ,
ਵਿਹੜਾ ਭਾਗਾਂ ਭਰਿਆ।
ਜ਼ਖ਼ਮੀ ਉਸ ਦਾ ਮੁਖੜਾ ਹੋਇਆ,
ਮੈਥੋਂ ਨਾ ਜਾਏ ਜਰਿਆ।
ਸ਼ੁਕਰ ਮਨਾਵਾਂ, ਖੈਰ ਮਨਾਵਾਂ,
ਪੰਨੂ ਜੰਗ ਜਿੱਤ ਕੇ ਮੁੜਿਆ।

***-ਚਰਨਜੀਤ ਸਿੰਘ ਪੰਨੂ***

---

### ਜਿੰਦੇ!

ਫੁੱਲਾਂ ਭਰੀ ਕਿਆਰੀ ਜਿੰਦੇ,
ਕੰਡਿਆਂ ਦੀ ਹੈ ਖਾਰੀ ਜਿੰਦੇ!
ਮਹਿਕਾਂ ਵੰਡਦੀ ਸਾਰੀ ਜਿੰਦੇ,
ਕਾਦਰ ਦੀ ਫਨਕਾਰੀ ਜਿੰਦੇ!

ਸਭ ਜੱਗ ਤੋਂ ਨਿਆਰੀ ਜਿੰਦੇ,
ਜ਼ਿੰਦਗੀ ਹੈ ਪਿਆਰੀ ਜਿੰਦੇ।
ਚੁਗ ਕੇ ਚੋਗ ਖਿਲਾਰੀ ਜਿੰਦੇ,
ਕਰ ਕੇ ਰੱਖ ਤਿਆਰੀ ਜਿੰਦੇ
ਮੌਤ ਨ ਮਨੋ ਵਿਸਾਰੀ ਜਿੰਦੇ,
(ਪਰ )
ਤੁਰ ਜਾਣਾ ਵਾਰੋ ਵਾਰੀ ਜਿੰਦੇ
ਨਿੱਤ ਹੁੰਦੀ ਮਾਰੋ ਮਾਰੀ ਜਿੰਦੇ,
ਲੱਗੇ ਦੁਨੀਆਂ ਦੋਧਾਰੀ ਜਿੰਦੇ।

ਤੱਕ ਤੱਕ ਰੋਜ਼ ਖੁਆਰੀ ਜਿੰਦੇ,
ਜਾਪੇ ਮੱਤ ਗਈ ਮਾਰੀ ਜਿੰਦੇ
ਦੁਖ ਨੇ ਭੁਗਤ ਸੰਵਾਰੀ ਜਿੰਦੇ,
ਨਾ ਕਰ ਤੂੰ ਹੁਸ਼ਿਆਰੀ ਜਿੰਦੇ।
ਜ਼ਿਆਦਾ ਚੋਰ ਚਕਾਰੀ ਜਿੰਦੇ,
ਹੋਣੀ ਫਿਰੇ ਹੈਂਸਿਆਰੀ ਜਿੰਦੇ।

ਬਣ ਬਣ ਲੱਖ ਬਪਾਰੀ ਜਿੰਦੇ,
ਅੰਤ ਸਮੇਂ ਬਾਜ਼ੀ ਹਾਰੀ ਜਿੰਦੇ
ਬਣ ਨਾ ਕਦੀ ਹੰਕਾਰੀ ਜਿੰਦੇ,
ਬਾਣੀ ਦਾ ਅਧਿਕਾਰੀ ਜਿੰਦੇ
ਚੜ੍ਹ ਜੇ' ਨਾਮੁ ਖੁਮਾਰੀ ਜਿੰਦੇ,
ਤਾਂ ਹੋਏ ਪਾਰ ਉਤਾਰੀ ਜਿੰਦੇ।

***-ਸੇਵਾ ਸਿੰਘ "ਨੂਰਪੁਰੀ"***

---

### ਨਾ ਮੈਂ ਚਿੜੀ ਤੇ ਨਾ ਮੈਂ ਅਬਲਾ

ਨਾ ਮੈਂ ਚਿੜੀ ਤੇ ਨਾ ਮੈਂ ਅਬਲਾ
ਨਾ ਮੈਂ ''ਧੀ-ਧਿਆਣੀ'' ਹਾਂ।
ਨਾ ਮੈਂ ਕੰਧ ਤੇ ਨਾ ਮੈਂ ਪੱਥਰ
ਨਾ ਮੈਂ ''ਖਸਮਾਂ-ਖਾਣੀ'' ਹਾਂ।
ਨਾ ਮੈਂ ਮਾਡਲ ਨਾ ਮੈਂ ਵਸਤੂ
ਨਾ ਮੈਂ ਦਿਲ-ਪਰਚਾਵੀ ਹਾਂ।
ਨਾ ਮੈਂ ਕੋਈ ਚੀਜ਼ ਨੁਮਾਇਸ਼ੀ
ਨਾ ਮੈਂ ਸੁਹਣੀ ਬਾਵੀ ਹਾਂ।
ਮੈਂ ਹਾਂ ਚੰਡੀ ਮੈਂ ਹਾਂ ਭਾਗੋ
ਮੈਂ ਝਾਂਸੀ ਦੀ ਰਾਣੀ ਹਾਂ।
ਮੈਂ ਹਾਂ ਸਾਰੇ ਜੱਗ ਦੀ ਜਣਨੀ
ਮੈਂ ਇਕ ਸੁਘੜ-ਸੁਆਣੀ ਹਾਂ।
ਮੈਂ ਹਾਂ ਮਦਰ ਟਰੇਸਾ ਜਿਹੀ
ਮੈਂ ਨਾਈਟਿੰਗੇਲ ਦੀ ਮੂਰਤ ਹਾਂ।
ਮੈਂ ਅੰਦਰੋਂ ਇਕ ਸੀਰਤ ਵੀ ਹਾਂ
ਮੈਂ ਬਾਹਰੋਂ ਬੇਸ਼ਕ ਸੂਰਤ ਹਾਂ।

***-ਸੁਖਦੇਵ ਸਿੰਘ ਸ਼ਾਂਤ***

### ਸਾਉਣ ਮਹੀਨਾ

ਸੁਹਣਾ ਸਾਉਣ ਮਹੀਨਾ ਆਇਆ,
ਰਲ ਕੇ ਖੁਸ਼ੀ ਮਨਾਈਏ
ਤੀਆਂ ਦਾ ਤਿਉਹਾਰ,
ਬੜੇ ਹੀ ਚਾਵਾਂ ਨਾਲ ਮਨਾਈਏ।
ਵਿਸਰ ਰਿਹਾ ਪੰਜਾਬੀ ਵਿਰਸਾ,
ਤੇ ਸੱਭਿਆਚਾਰ ਬਚਾਈਏ।
ਪਿੱਪਲੀਂ ਪੀਂਘਾਂ ਪਾ ਝੂਟੀਏ,
ਉੱਚੇ ਹੁਲਾਰੇ ਲਾਈਏ।
ਖੁੱਲ੍ਹੇ ਮੈਦਾਨ ਲਾਈਏ ਅਖਾੜਾ,
ਬੋਲੀਆਂ ਗਿੱਧਾ ਕਿੱਕਲੀ ਪਾਈਏ।
ਸਾਰੇ ਪਾਈਏ ਗਿੱਧਾ ਭੰਗੜਾ,
ਐਵੇਂ ਨਾ ਬਾਹਰ ਖੜ੍ਹੇ ਸ਼ਰਮਾਈਏ।
ਦਿਲੋਂ ਖੁਸ਼ੀਆਂ ਕਰੀਏ ਸਾਂਝੀਆਂ,
ਗੀਤ ਧਰਤੀ ਮਾਂ ਦੇ ਗਾਈਏ।
ਆਓ ਮੁੰਡਿਓ ਖੇਡੀਏ ਕੌਡੀ,
ਜ਼ੋਰ ਆਪਣੇ ਨੂੰ ਅਜ਼ਮਾਈਏ।
ਦੌੜੀਏ ਟੱਪੀਏ ਛਾਲਾਂ ਮਾਰੀਏ,
ਨਸ਼ਿਆਂ ਨੂੰ ਦੂਰ ਭਜਾਈਏ।
ਆਓ ਬਹਿ ਖਾਈਏ ਖੀਰਾਂ ਪੂੜੇ,
ਦਿਲਾਂ ਦੀ ਸਾਂਝ ਵਧਾਈਏ।
ਵਾਤਾਵਰਨ ਦੀ ਕਰੀਏ ਸੰਭਾਲ,
ਕਦੇ ਨਾ ਪ੍ਰਦੂਸ਼ਣ ਫੈਲਾਈਏ।
ਪਸਨਾਵਾਲੀਆ ਰੁੱਖ ਲਗਾ ਕੇ,
ਹਵਾ ਨੂੰ ਸ਼ੁੱਧ ਬਣਾਈਏ।
ਕਿਣਮਿਣ ਕਿਣਮਿਣ ਕਰਦਾ ਸਾਵਣ,
ਖੁਸ਼ੀਆਂ ਨਾਲ ਬਿਤਾਈਏ।

***-ਸੁੱਚਾ ਸਿੰਘ ਪਸਨਾਵਾਲ***
***ਫੋਨ: 99150-33740***

# ਕੈਲੀਫੋਰਨੀਆ ਦੇ ਜੰਗਲ ਨੂੰ ਲੱਗੀ ਅੱਗ ਹੋਰ ਫੈਲੀ, ਅੱਗ ਬੁਝਾਉਣ ਦੇ ਯਤਨ ਹੋਏ ਅਸਫਲ

**ਸੈਕਰਾਮੈਂਟੋ:** ਕੈਲੀਫੋਰਨੀਆ ਦੇ ਯੋਸਮਾਈਟ ਪਾਰਕ ਦੇ ਬਾਹਰਵਾਰ ਜੰਗਲ ਨੂੰ ਲੱਗੀ ਅੱਗ ਨੂੰ ਅੱਜ ਤੀਸਰਾ ਦਿਨ ਹੋ ਗਿਆ ਹੈ ਤੇ ਅਜੇ ਤਕ ਅੱਗ ਨੂੰ ਬੁਝਾਉਣ ਦੇ ਯਤਨ ਕਾਮਯਾਬ ਨਹੀਂ ਹੋਏ। ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਖੇਤਰ ਵਿਚ ਰਹਿੰਦੇ ਲੋਕ ਤੁਰੰਤ ਖੇਤਰ ਛੱਡ ਜਾਣ।

ਕੈਲੀਫੋਰਨੀਆ ਫਾਇਰ ਬਟਾਲੀਅਨ ਮੁਖੀ ਜੋਨ ਹੈਜੀ ਨੇ ਕਿਹਾ ਹੈ ਕਿ ਅੱਗ 16700 ਏਕੜ ਰਕਬੇ ਨੂੰ ਨਸ਼ਟ ਕਰ ਚੁੱਕੀ ਹੈ। ਇਹ ਅੱਗ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਤੇ ਲੋਕਾਂ ਲਈ ਸੁਰੱਖਿਅਤ ਥਾਵਾਂ ਉਪਰ ਜਾਣ ਲਈ ਸਮਾਂ ਬਹੁਤ ਸੀਮਿਤ ਬਚਿਆ ਹੈ। ਅੱਗ ਲੰਘੇ ਸ਼ੁੱਕਰਵਾਰ ਸੀਰੀ ਨੇਵਾਡਾ ਜੰਗਲੀ ਖੇਤਰ ਤੋਂ ਸ਼ੁਰੂ ਹੋਈ ਸੀ। ਕੈਲੀਫੋਰਨੀਆ ਦੇ ਅੱਗ ਬੁਝਾਊ ਵਿਭਾਗ ਅਨੁਸਾਰ 2500 ਤੋਂ ਵੱਧ ਕਾਮੇ ਅੱਗ ਉਪਰ ਕਾਬੂ ਪਾਉਣ ਵਿਚ ਲੱਗੇ ਹੋਏ ਹਨ। ਦਰਜਨ ਤੋਂ ਵੱਧ ਹੈਲੀਕਾਪਟਰਾਂ, 281 ਅੱਗ ਬੁਝਾਉਣ ਵਾਲੀਆਂ ਗੱਡੀਆਂ ਤੇ ਪਾਣੀ ਵਾਲੇ ਟੈਂਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਹੈਗੀ ਨੇ ਕਿਹਾ ਹੈ ਕਿ ਲੋਕਾਂ ਦੀ ਸੁਰੱਖਿਆ ਸਭ ਤੋਂ ਅਹਿਮ ਹੈ। ਇਸ ਲਈ ਬਿਨਾਂ ਦੇਰੀ ਕੀਤਿਆਂ ਅੱਗ ਨਾਲ ਪ੍ਰਭਾਵਿਤ ਖੇਤਰ ਵਿਚਲੇ ਵਾਸੀਆਂ ਨੂੰ ਘਰ ਛੱਡ ਦੇਣੇ ਚਾਹੀਦੇ ਹਨ ਤੇ ਬਾਹਰ ਸੁਰੱਖਿਅਤ ਥਾਵਾਂ 'ਤੇ ਆ ਜਾਣਾ ਚਾਹੀਦਾ ਹੈ।

# ਸਿੱਖਸ ਆਫ ਅਮੈਰਿਕਾ ਦੇ ਜਸਦੀਪ ਸਿੰਘ ਜੱਸੀ ਵਲੋਂ ਗਾਇਕ ਬੱਬੂ ਮਾਨ ਦਾ ਸਨਮਾਨ

**ਵਰਜੀਨੀਆ:** ਪੰਜਾਬੀਆਂ ਦੇ ਮਹਿਬੂਬ ਕਲਾਕਾਰ ਬੱਬੂ ਮਾਨ ਇਨ੍ਹੀਂ ਦਿਨੀਂ ਅਮਰੀਕਾ ਦੇ ਦੌਰੇ 'ਤੇ ਹਨ। ਇਸੇ ਦੌਰਾਨ ਸੱਭਿਆਚਾਰਕ ਪ੍ਰਮੋਟਰ ਸੰਨੀ ਮੱਲ੍ਹੀ, ਮਹਿਤਾਬ ਕਾਹਲੋਂ ਅਤੇ ਇਮਰਾਨ ਖਾਨ (ਰੌਕੀ ਐਂਟਰਟੇਨਮੈਂਟ) ਵਲੋਂ ਸਾਂਝੇ ਤੌਰ 'ਤੇ ਅਮਰੀਕਾ ਦੇ ਸੂਬੇ ਵਰਜੀਨੀਆਂ 'ਚ ਇਕ ਸੰਗੀਤਕ ਸ਼ਾਮ ਕਰਵਾਈ ਗਈ ਜਿਸ ਵਿਚ ਬੱਬੂ ਮਾਨ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ। ਇਸ ਮੌਕੇ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਸ. ਜਸਦੀਪ ਸਿੰਘ ਜੱਸੀ ਵਲੋਂ ਵਿਸ਼ੇਸ਼ ਤੌਰ 'ਤੇ ਬੱਬੂ ਮਾਨ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਚੇਅਰਮੈਨ ਜੱਸੀ ਨੇ ਕਿਹਾ ਕਿ ਬੱਬੂ ਮਾਨ ਸਮਾਜਿਕ ਮੁੱਦਿਆਂ ਦਾ ਹਾਮੀ ਹੈ ਅਤੇ ਉਸ ਨੇ ਨਸਲਾਂ ਅਤੇ ਫਸਲਾਂ ਵਰਗੇ ਮਹੱਤਵਪੂਰਨ ਵਿਸ਼ਿਆਂ ਉੱਤੇ ਆਵਾਜ਼ ਉਠਾਈ ਹੈ। ਬੱਬੂ ਮਾਨ ਨੇ ਇਤਿਹਾਸਕ ਕਿਸਾਨ ਅੰਦੋਲਨ ਵਿਚ ਵੀ ਯੋਗਦਾਨ ਪਾ ਕੇ ਪੰਜਾਬੀਆਂ ਦਾ ਦਿਲ ਜਿੱਤਿਆ ਹੈ। ਇਸ ਲਈ ਅਸੀਂ ਆਪਣੀ ਸੰਸਥਾ ਸਿੱਖਸ ਆਫ ਅਮੈਰਿਕਾ ਵਲੋਂ ਉਸਦਾ ਸਨਮਾਨ ਕੀਤਾ ਜਾ ਰਿਹਾ ਹੈ। ਇਸ ਮੌਕੇ ਸ਼ਾਮਲ ਹੋਏ ਮੁਸਲਿਮ ਆਫ ਅਮੈਰਿਕਾ ਦੇ ਚੇਅਰਮੈਨ ਸਾਜਿਦ ਤਰਾਰ ਵਲੋਂ ਵੀ ਪੰਜਾਬੀ ਮਾਂ ਬੋਲੀ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਬਦਲੇ ਮੁਸਲਿਮ ਭਾਈਚਾਰੇ ਵਲੋਂ ਬੱਬੂ ਮਾਨ ਨੂੰ ਸਨਮਾਨ ਦਿੱਤਾ। ਇਸ ਸਮਾਗਮ ਵਿਚ ਵਾਸ਼ਿੰਗਟਨ ਡੀ.ਸੀ., ਮੈਰੀਲੈਂਡ ਅਤੇ ਵਰਜੀਨੀਆਂ ਤੋਂ ਉੱਘੀਆਂ ਸ਼ਖਸੀਅਤਾਂ ਸ਼ਾਮਿਲ ਹੋਈਆਂ ਜਿਨ੍ਹਾਂ ਵਿਚ ਸ. ਬਲਜਿੰਦਰ ਸਿੰਘ ਸ਼ੰਮੀ, ਦਲਵੀਰ ਸਿੰਘ ਮੈਰੀਲੈਂਡ, ਵਰਿੰਦਰ ਸਿੰਘ, ਰਤਨ ਸਿੰਘ ਸੈਣੀ, ਸੁਰਿੰਦਰ ਸਿੰਘ ਬਾਬੂ, ਮਨਿੰਦਰ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਗੁਰਵਿੰਦਰ ਸੇਠੀ, ਰਜਿੰਦਰ ਸਿੰਘ ਗੋਗੀ, ਸੁਖਵਿੰਦਰ ਸਿੰਘ ਘੋਗਾ, ਰਾਜੂ ਸਿੰਘ, ਬਲਜੀਤ ਸਿੰਘ, ਕਾਲਾ ਬੈਂਸ ਸ਼ਾਮਲ ਸਨ।







Personal Injury and Wrongful Death Attorneys

Case Results*

$10 MILLION Motorcycle vs. Truck Collision

$8 MILLION Wrongful Death


$5.25 MILLION Traumatic Brain Injury

$1.1 MILLION Burn Injury

$1.1 MILLION Pedestrian vs. Motor Vehicle Collision

*Past Performance Not a Guarantee of Future Results

Offices in San Francisco and Union City



WILLIAM E. WEISS
Of Counsel

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com


www.thebainsfirm.com



Homeopathicvibes

Harminder Singh Gill

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

Ph: (408) 737-7100

www.homeopathicvibes.com

*We sell and ship homeopathic remedies through out North America.*



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996

FAX: 209.982.9997

www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996

FAX: 209.982.9997

# ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਗਿਆਨੀ ਸੋਹਣ ਸਿੰਘ ਸੀਤਲ

**ਜਨਮ ਦਿਨ 'ਤੇ ਵਿਸ਼ੇਸ਼**

ਮਾਨਸ ਜਨਮ ਨੂੰ ਦੁਰਲੱਭ ਕਹਿ ਕੇ ਵਡਿਆਇਆ ਅਤੇ ਸਲਾਹਿਆ ਗਿਆ ਹੈ। ਗੁਰਬਾਣੀ ਦੇ ਨਿਰਣੇ ਮੁਤਾਬਕ ਜਨਮ ਦੀ ਦੁਰਲੱਭਤਾ ਕਾਰਨ ਹੀ ਇਸ ਦੀ ਪ੍ਰਾਪਤੀ ਲਈ ਦੇਵੀ-ਦੇਵਤੇ ਅਤੇ ਰਿਸ਼ੀ-ਮੁਨੀ ਵੀ ਤਰਸਦੇ ਰਹਿੰਦੇ ਹਨ। ਪਰ ਬਹੁਤ ਸਾਰੇ ਮਨੁੱਖ ਅਜਿਹੇ ਵੀ ਹੁੰਦੇ ਹਨ ਜੋ ਇਸ ਜਨਮ ਦੀ ਕਦਰ ਨਾ ਕਰਦੇ ਹੋਏ ਇਸ ਦਾ ਭਰਪੂਰ ਲਾਹਾ ਨਹੀਂ ਲੈਂਦੇ। ਆਪਣੇ ਪਰਿਵਾਰਕ ਅਤੇ ਸੰਸਾਰਕ ਝਮੇਲਿਆਂ ਵਿਚ ਉਲਝ ਕੇ ਉਹ ਆਪਣੇ ਜੀਵਨ ਦੇ ਬੇਸ਼ਕੀਮਤੀ ਪਲਾਂ ਨੂੰ ਅਜਾਈਂ ਹੀ ਗੁਆ ਦਿੰਦੇ ਹਨ। ਇਸ ਤਰ੍ਹਾਂ ਗੁਆਏ ਹੋਏ ਪਲ ਬਦਕਿਸਮਤੀ ਦੇ ਖਾਤੇ ਵਿਚ ਜਮ੍ਹਾਂ ਹੋ ਜਾਂਦੇ ਹਨ ਅਤੇ ਬੰਦਾ ਆਪਣੇ ਆਪ ਨੂੰ ਕੋਸਦਾ ਹੋਇਆ ਇਸ ਦੁਨੀਆਂ ਤੋਂ ਰੁਖ਼ਸਤ

**ਰਮੇਸ਼ ਬੱਗਾ ਚੋਹਲਾ**
**ਫੋਨ: 94631-32719**

ਹੋ ਜਾਂਦਾ ਹੈ। ਮਨੁੱਖੀ ਜਨਮ ਦੀ ਮੁੜ ਪ੍ਰਾਪਤੀ ਨਾ ਹੋਣ ਕਰਕੇ ਹੀ ਭਗਤ ਕਬੀਰ ਜੀ ਜੀਵ ਨੂੰ ਸਮਝਾਉਂਦੇ ਹੋਏ ਲਿਖਦੇ ਹਨ:

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨਾ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥

ਇਨ੍ਹਾਂ ਸਤਰਾਂ ਦੀ ਰੋਸ਼ਨੀ ਵਿਚ ਜੇ ਦੇਖਿਆ ਜਾਵੇ ਤਾਂ ਇਨਸਾਨੀ ਜ਼ਿੰਦਗੀ ਦਾ ਮਨੋਰਥ ਕੇਵਲ ਖਾਣ-ਪੀਣ ਅਤੇ ਐਸ਼ ਕਰਨ ਤਕ ਹੀ ਸੀਮਤ ਨਹੀਂ ਸਗੋਂ ਇਸ ਦਾ ਇੱਕ ਉੱਚਾ ਅਤੇ ਸੁੱਚਾ ਮਨੋਰਥ ਖਲਕਤ ਦੀ ਸੇਵਾ ਕਰਨਾ ਵੀ ਹੁੰਦਾ ਹੈ। ਇਸ ਮਨੋਰਥ ਨੂੰ ਤਸਦੀਕ ਕਰਦੇ ਹੋਏ ਗੁਰੂ ਸਾਹਿਬ ਆਪਣੀ ਬਾਣੀ ਵਿਚ ਫ਼ੁਰਮਾਉਂਦੇ ਹਨ:

ਆਪੁ ਗਵਾਇ ਸੇਵਾ ਕਰੇ, ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ, ਲਗਾ ਸੋ ਪਰਵਾਨੁ॥

ਇਸੇ ਤਰ੍ਹਾਂ ਆਪਣਾ ਆਪ ਗੁਆ (ਸਖ਼ਤ ਮਿਹਨਤ ਕਰ ਕੇ) ਕੇ ਲੋਕਾਈ ਦਾ ਪਿਆਰ ਤੇ ਸਤਿਕਾਰ ਹਾਸਲ ਕਰਨ ਵਾਲਿਆਂ ਵਿਚ ਪੰਥਕ ਢਾਡੀ ਅਤੇ ਉੱਚਕੋਟੀ ਦੇ ਸਾਹਿਤਕਾਰ ਗਿਆਨੀ ਸੋਹਣ ਸਿੰਘ ਸੀਤਲ ਦਾ ਨਾਮ ਸ਼ਾਮਲ ਹੈ। ਇਹ ਪਿਆਰ ਅਤੇ ਸਤਿਕਾਰ ਕਿਸੇ ਵਿਅਕਤੀ ਵਿਸ਼ੇਸ਼ ਦੀ ਜ਼ਿੰਦਗੀ ਦਾ ਵਡਮੁੱਲਾ ਸਰਮਾਇਆ ਹੁੰਦਾ ਹੈ ਜਿਸ ਨੂੰ ਹਾਸਲ ਕਰਨ ਲਈ ਉਸ ਨੂੰ ਵਿਸ਼ੇਸ਼ ਘਾਲਣਾ ਘਾਲਣੀ ਪੈਂਦੀ ਹੈ। ਗਿਆਨੀ ਸੋਹਣ ਸਿੰਘ ਸੀਤਲ ਨੂੰ ਵੀ ਆਮ ਤੋਂ ਖ਼ਾਸ ਵਿਅਕਤੀ ਦਾ ਸਫ਼ਰ ਤੈਅ ਕਰਨ ਲਈ ਲੰਮੀ ਅਤੇ ਅਣਥੱਕ ਘਾਲਣਾ ਘਾਲਣੀ ਪਈ ਹੈ।

ਬਹੁਪਰਤੀ ਸ਼ਖ਼ਸੀਅਤ (ਢਾਡੀ, ਕਵੀ, ਪ੍ਰਚਾਰਕ, ਕਹਾਣੀਕਾਰ, ਗੀਤਕਾਰ, ਨਾਵਲਕਾਰ, ਨਾਟਕਕਾਰ ਅਤੇ ਇਕ ਖੋਜੀ ਇਤਿਹਾਸਕਾਰ) ਦੇ ਮਾਲਕ ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ 7 ਅਗਸਤ, 1909 ਨੂੰ ਪਿੰਡ ਕਾਦੀਵਿੰਡ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ (ਪਾਕਿਸਤਾਨ)



ਵਿਚ ਸ. ਖੁਸ਼ਹਾਲ ਸਿੰਘ ਪੰਨੂ ਅਤੇ ਮਾਤਾ ਦਿਆਲ ਕੌਰ ਦੇ ਗ੍ਰਹਿ ਵਿਖੇ ਹੋਇਆ। ਭਾਵੇਂ ਰਸਮੀ ਤਾਲੀਮ ਹਾਸਲ ਕਰਨ ਲਈ ਸੀਤਲ ਦੇ ਮਨ ਵਿਚ ਤੀਬਰ ਤਾਂਘ ਸੀ ਪਰ ਉਸ ਸਮੇਂ ਸੰਸਥਾਗਤ ਵਿਦਿਆ (ਖ਼ਾਸ ਕਰਕੇ ਪਿੰਡਾਂ 'ਚ) ਦੀ ਕਾਫੀ ਘਾਟ ਸੀ। ਇਸ ਘਾਟ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਇਸ ਤਾਂਘ ਨੂੰ ਮੱਠੀ ਨਹੀਂ ਪੈਣ ਦਿੱਤਾ। ਕੁੱਝ ਵਿਸ਼ੇਸ਼ ਯਤਨਾਂ ਸਦਕਾ ਸੀਤਲ ਨੇ ਆਪਣੇ ਪਿੰਡ ਦੇ ਸਾਧੂ/ ਗ੍ਰੰਥੀ ਹਰੀ ਦਾਸ ਪਾਸੋਂ ਗੁਰਮੁਖੀ ਵਰਣਾਂ ਦੀ ਪਹਿਚਾਣ ਕਰਨੀ ਸਿੱਖ ਲਈ। ਇਸ ਪਹਿਚਾਣ ਨੇ ਉਸ ਦੇ ਹੌਂਸਲੇ ਨੂੰ ਅਜਿਹਾ ਵਧਾਇਆ ਕਿ ਉਹ ਕੁੱਝ ਵਡੇਰੀ (14 ਸਾਲ) ਉਮਰ ਦਾ ਹੋ ਜਾਣ ਦੇ ਬਾਵਜੂਦ ਵੀ ਗੁਆਂਢੀ ਪਿੰਡ 'ਵਰਨ' ਦੀ ਪਾਠਸ਼ਾਲਾ ਵਿਚ ਪ੍ਰਵੇਸ਼ ਕਰ ਗਿਆ। ਪੜ੍ਹਾਈ ਵਿਚ ਉਸ ਦੀ ਲਗਨ ਨੂੰ ਦੇਖਦਿਆਂ ਪਾਠਸ਼ਾਲਾ ਦੇ ਸੰਚਾਲਕਾਂ ਨੇ ਉਸ ਨੂੰ ਕੁਝ ਜਮਾਤਾਂ ਸਾਲਾਂ ਦੀ ਬਜਾਏ ਛਿਮਾਹੀਆਂ ਵਿਚ ਹੀ ਪੂਰੀਆਂ ਕਰਵਾ ਦਿੱਤੀਆਂ। ਉਸਤਾਦ ਲੋਕਾਂ ਵੱਲੋਂ ਮਿਲੇ ਵਿਸ਼ੇਸ਼ ਸਹਿਯੋਗ ਸਦਕਾ ਸੀਤਲ ਨੇ ਮੈਟ੍ਰਿਕ ਪੱਧਰ ਦੀ ਪੜ੍ਹਾਈ ਅੱਵਲ ਦਰਜੇ ਵਿਚ ਰਹਿ ਕੇ ਪਾਸ ਕਰ ਲਈ। ਉਸ ਸਮੇਂ ਮੈਟ੍ਰਿਕ ਵਿਚ ਇਹ ਦਰਜਾ ਕਿਸੇ ਵਿਰਲੇ-ਟਾਵੇਂ ਵਿਦਿਆਰਥੀ ਨੂੰ ਹੀ ਨਸੀਬ ਹੋਇਆ ਕਰਦਾ ਸੀ।

ਇਸ ਸਿੱਖਿਆ ਪ੍ਰਾਪਤੀ ਦੇ ਦੌਰ (ਅੱਠਵੀਂ ਜਮਾਤ ਵਿਚ) ਦੌਰਾਨ ਹੀ ਗਿਆਨੀ ਸੋਹਣ ਸਿੰਘ ਸੀਤਲ ਦੇ ਮਾਪਿਆਂ ਨੇ ਉਸ ਨੂੰ ਸਮਾਜਿਕ/ ਪਰਿਵਾਰਕ ਜ਼ਿੰਮੇਵਾਰੀ ਦੀ ਪੰਡ ਚੁਕਾਉਂਦੇ ਹੋਏ ਉਸ ਦਾ ਵਿਆਹ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਭੜਾਣਾ ਦੀ ਵਸਨੀਕ ਬੀਬੀ ਕਰਤਾਰ ਕੌਰ ਨਾਲ ਕਰ ਦਿੱਤਾ। ਇਨ੍ਹਾਂ ਦੇ ਘਰ ਦੋ ਪੁੱਤਰਾਂ (ਰਘਵੀਰ ਸਿੰਘ ਅਤੇ ਸੁਰਜੀਤ ਸਿੰਘ) ਅਤੇ ਇੱਕ ਧੀ ਨੇ ਜਨਮ ਲਿਆ। ਹੁਣ ਪੜ੍ਹਾਈ-ਲਿਖਾਈ ਦੇ ਨਾਲ-ਨਾਲ ਸੀਤਲ ਨੂੰ ਆਪਣੇ ਘਰ-ਪਰਿਵਾਰ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਪੈਂਦਾ। ਇਸ ਧਿਆਨ ਦੇ ਵਧ ਜਾਣ ਕਾਰਨ ਉਨ੍ਹਾਂ ਦਾ ਪੜ੍ਹਾਈ ਵਿਚਲਾ ਧਿਆਨ ਕੁੱਝ ਪਿੱਛੇ ਪੈਣ ਲੱਗ ਪਿਆ। ਇਸ ਪਿਛੇਤਰ ਕਾਰਨ ਉਹ ਉਚੇਰੀ ਵਿਦਿਆ ਵਜੋਂ ਸਿਰਫ ਗਿਆਨੀ ਦਾ ਇਮਤਿਹਾਨ ਹੀ ਪਾਸ ਕਰ ਸਕੇ।

ਗਿਆਨੀ ਸੋਹਣ ਸਿੰਘ ਸੀਤਲ ਕੁੱਝ ਸਮਾਂ ਆਪਣੇ ਪਿਤਾ-ਪੁਰਖੀ ਕਿੱਤੇ ਖੇਤੀਬਾੜੀ ਨਾਲ ਵੀ ਜੁੜਿਆ ਰਿਹਾ। ਇਸ ਕਿੱਤੇ ਨੂੰ ਕਰਦਿਆਂ ਹੀ ਉਸ ਦੇ ਅੰਦਰ ਕੁਝ ਵੱਖਰਾ ਕਰ ਕੇ ਦਿਖਾਉਣ ਦੀ ਇੱਛਾ ਜਵਾਨ ਹੁੰਦੀ ਗਈ। ਜੋਬਨ ਉੱਤੇ ਆਈ ਉਸ ਦੀ ਇਸ ਇੱਛਾ ਨੇ ਇੱਕ ਦਿਨ ਉਸ ਨੂੰ ਢਾਡੀ ਕਲਾ ਵੱਲ ਨੂੰ ਮੋੜ ਦਿੱਤਾ। ਇਸ ਮੋੜ ਵੱਲ ਮੁੜਦਿਆਂ ਉਸ ਨੇ ਆਪਣੇ ਸਾਥੀਆਂ ਗੁਰਚਰਨ ਸਿੰਘ, ਅਮਰੀਕ ਸਿੰਘ ਅਤੇ ਹਰਨਾਮ ਸਿੰਘ ਨੂੰ ਨਾਲ ਲੈ ਲਿਆ ਅਤੇ ਲਲਿਆਣੀ ਦੇ ਭਰਾਈ ਬਾਬਾ ਚਿਰਾਗਦੀਨ ਕੋਲੋਂ ਸਾਰੰਗੀ ਅਤੇ ਢੱਡ ਵਜਾਉਣੀ ਸਿੱਖਣ ਲੱਗ ਪਏ। ਉਸਤਾਦ ਜੀ ਕੋਲੋਂ ਢਾਡੀ-ਕਲਾ ਦੀਆਂ ਬਰੀਕੀਆਂ ਦਾ ਚੰਗੀ ਤਰ੍ਹਾਂ ਗਿਆਨ ਲੈ ਕੇ ਗਿਆਨੀ ਸੋਹਣ ਸਿੰਘ ਸੀਤਲ ਦਾ ਢਾਡੀ ਜਥਾ ਦੂਰ-ਦੁਰਾਡੇ ਦੀਵਾਨਾਂ ਵਿਚ ਆਪਣੀ ਹਾਜ਼ਰੀ ਭਰਨ ਲੱਗ ਪਿਆ। ਉਸ ਵਕਤ ਢਾਡੀ ਕਲਾ ਦੇ ਖੇਤਰ ਵਿਚ ਸੋਹਣ ਸਿੰਘ ਘੁੱਕੇਵਾਲੀਆ, ਬਾਬਾ ਕਿਸ਼ਨ ਸਿੰਘ, ਸੋਹਣ ਸਿੰਘ ਭੀਲਾ ਅਤੇ ਨਿਰਵੈਰ ਸਿੰਘ ਦੁਆਬੀਆ ਆਦਿ ਦੇ ਜਥੇ ਪ੍ਰਮੁੱਖ ਰੂਪ ਵਿਚ ਵਿਚਰ ਰਹੇ ਸਨ। ਸਿੱਖ ਸੰਗਤ ਵਿਚ ਇਨ੍ਹਾਂ ਜਥਿਆਂ ਦੀ ਚੰਗੀ ਭੱਲ ਸੀ। ਸਰੋਤਿਆਂ/ਦਰਸ਼ਕਾਂ ਦਾ ਧਿਆਨ ਇਨ੍ਹਾਂ ਜਥਿਆਂ ਵੱਲੋਂ ਹਟਾ ਕੇ ਆਪਣੇ ਵੱਲ ਲਗਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ ਪਰ ਇਹ ਚਮਤਕਾਰ ਗਿਆਨੀ ਜੀ ਦੇ ਜਥੇ ਨੇ ਥੋੜ੍ਹੇ ਹੀ ਸਮੇਂ ਵਿਚ ਕਰ ਦਿਖਾਇਆ। ਇਸ ਚਮਤਕਾਰ ਦੇ ਕਾਰਨਾਂ ਵਿਚ ਸੀਤਲ ਦਾ ਵਧੇਰੇ ਤਾਲੀਮ-ਯਾਫ਼ਤਾ ਹੋਣਾ ਅਤੇ ਵਿਆਖਿਆ ਦੇ ਨਿਵੇਕਲੇ ਅਤੇ ਨਿਰਾਲੇ ਢੰਗ ਅਪਣਾਉਣਾ ਸੀ। ਦੇਸ਼ ਵਿਦੇਸ਼ ਵਿਚ ਇਸ ਢਾਡੀ ਜਥੇ ਦੀ ਇੰਨੀ ਵਡਿਆਈ ਹੋਈ ਕਿ ਸ਼ਰੀਕਾਂ ਦੀ ਨਫ਼ਰਤ ਵੀ ਪਿਆਰ ਵਿਚ ਬਦਲ ਗਈ। ਸੋਹਣ ਸਿੰਘ ਸੀਤਲ ਨੇ ਆਪਣੇ ਢਾਡੀ ਜਥੇ ਨਾਲ ਲੱਗਭਗ ਛੇ ਦਹਾਕਿਆਂ ਤੱਕ ਪੰਥ ਅਤੇ ਪੰਜਾਬ ਦੀ ਰੱਜਵੀਂ ਸੇਵਾ ਕੀਤੀ ਤੇ ਲੋਕਾਂ ਨੂੰ ਆਪਣੇ ਵਿਰਸੇ ਤੋਂ ਵਾਕਿਫ਼ ਕਰਵਾਇਆ।

ਮਨੋਵਿਗਿਆਨੀਆਂ ਨੇ ਕਿਸ਼ੋਰ ਅਵਸਥਾ ਨੂੰ ਇੱਕ ਤੂਫ਼ਾਨੀ ਅਵਸਥਾ ਮੰਨਿਆ ਹੈ। ਇਸ ਅਵਸਥਾ ਵਿਚ ਜਵਾਨੀ ਅੱਥਰੀ ਹੋ ਜਾਂਦੀ ਹੈ ਅਤੇ ਕਈ ਵਾਰ ਲੀਹੋਂ ਵੀ ਲਹਿ ਜਾਂਦੀ ਹੈ। ਪਰ ਗਿਆਨੀ ਸੋਹਣ ਸਿੰਘ ਸੀਤਲ ਨੇ ਇਸ ਤੂਫ਼ਾਨੀ ਅਵਸਥਾ ਨੂੰ ਠੱਲ੍ਹ ਪਾਉਣ ਲਈ ਕਲਮ ਦਾ ਸਹਾਰਾ ਲੈ ਲਿਆ। ਇਸ ਕਲਮ ਨੇ ਸੀਤਲ ਦੀਆਂ ਭਾਵਨਾਵਾਂ ਨੂੰ ਕਵਿਤਾ ਵਿਚ ਪਰੋਅ ਦਿੱਤਾ। ਉਸ ਦੀ ਪਹਿਲੀ ਕਵਿਤਾ 1924 ਈ. ਨੂੰ 'ਅਕਾਲੀ' ਅਖ਼ਬਾਰ ਵਿਚ ਛਪ ਗਈ। ਇਸ ਕਵਿਤਾ ਦੇ ਨਾਲ ਹੀ ਸੀਤਲ ਦੇ ਸਾਹਿਤਕ ਸਫ਼ਰ ਦਾ ਆਗਾਜ਼ ਹੋ ਜਾਂਦਾ ਹੈ। ਇਸ ਸਫ਼ਰ ਦੇ ਸਿੱਟੇ ਵਜੋਂ ਉਸ ਨੇ ਇੱਕ ਕਾਵਿ ਸੰਗ੍ਰਹਿ 'ਸੱਜਰੇ ਹੰਝੂ' ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾ ਦਿੱਤਾ। ਕਵਿਤਾ ਦੇ ਨਾਲ-ਨਾਲ ਸੋਹਣ ਸਿੰਘ ਸੀਤਲ ਨੇ ਕੁੱਝ ਕਹਾਣੀਆਂ ਵੀ ਲਿਖੀਆਂ ਹਨ ਜਿਨ੍ਹਾਂ ਵਿਚ 'ਕਦਰਾਂ ਬਦਲ ਗਈਆਂ', 'ਅਜੇ ਦੀਵਾ ਬਲ ਰਿਹਾ ਸੀ' ਅਤੇ 'ਜੇਬ ਕੱਟੀ ਗਈ' ਕਾਫੀ ਚਰਚਿਤ ਹੋਈਆਂ ਹਨ। ਇਹ ਸਿਰਜਣਾ ਭਾਵੇਂ ਉਨ੍ਹਾਂ ਦੇ ਸਾਹਿਤਕ ਜੀਵਨ ਦੇ ਪ੍ਰਾਇਮਰੀ ਪੜਾਅ ਦੀ ਹੀ ਸੀ ਪਰ ਉਸ ਦੇ ਚੰਗੇਰੇ ਅਤੇ ਪਕੇਰੇ ਕੱਲ੍ਹ ਨੂੰ ਤਸਦੀਕ ਕਰਦੀ ਸੀ।

ਇੱਕ ਨਾਵਲਕਾਰ ਵਜੋਂ ਵੀ ਗਿਆਨੀ ਸੋਹਣ ਸਿੰਘ ਸੀਤਲ ਦੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਮਹਾਨ ਦੇਣ ਰਹੀ ਹੈ। ਉਸ ਦੁਆਰਾ ਲਿਖੇ ਨਾਵਲਾਂ ਦੀ ਤਦਾਦ ਦੋ ਦਰਜਨ ਦੇ ਕਰੀਬ ਹੈ। ਸੈਕੰਡਰੀ ਜਮਾਤਾਂ ਨੂੰ ਇੱਕ ਪਾਠਕ੍ਰਮ ਵਜੋਂ ਪੜ੍ਹਾਇਆ ਗਿਆ ਉਨ੍ਹਾਂ ਦਾ ਨਾਵਲ 'ਤੂਤਾਂ ਵਾਲਾ ਖੂਹ' ਆਪਣੀ ਮਿਸਾਲ ਆਪ ਹੈ ਜੋ ਦੇਸ਼ ਦੀ ਵੰਡ ਨੂੰ ਕਰੁਣਾਮਈ ਢੰਗ ਨਾਲ ਬਿਆਨ ਕਰਦਾ ਹੈ। 'ਜੁੱਗ ਬਦਲ ਗਿਆ' ਸੀਤਲ ਦਾ ਇੱਕ ਹੋਰ ਚਰਚਿਤ ਨਾਵਲ ਹੈ ਜਿਸ ਨੂੰ 1974 ਈ. ਵਿਚ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰਿਤ ਕੀਤਾ ਗਿਆ ਸੀ। ਇਨ੍ਹਾਂ ਦੋ ਨਾਵਲਾਂ ਤੋਂ ਛੁੱਟ 'ਮੁੱਲ ਦਾ ਮਾਸ', 'ਜੰਗ ਜਾਂ ਅਮਨ', 'ਈਚੋਗਿਲ ਦੀ ਨਹਿਰ ਤੱਕ', 'ਵਿਯੋਗਣ', ਅਤੇ 'ਅੰਨੀ ਸੁੰਦਰਤਾ' ਆਦਿ ਸੀਤਲ ਦੁਆਰਾ ਰਚਿਤ ਨਾਵਲ ਹਨ ਜਿਨ੍ਹਾਂ ਨੇ ਪੰਜਾਬੀ ਬੋਲੀ ਅਤੇ ਸਾਹਿਤ ਦਾ ਮਾਣ ਵਧਾਇਆ ਹੈ।

ਸੀਤਲ ਦੇ ਨਾਵਲਾਂ ਦੀ ਇਹ ਵੀ ਇੱਕ ਵਿਸ਼ੇਸ਼ਤਾ ਰਹੀ ਹੈ ਕਿ ਉਸ ਦੇ ਨਾਵਲਾਂ ਦੇ ਪਾਤਰ ਕਿਸੇ ਕਲਪਨਾ ਦੇ ਕਾਰਖ਼ਾਨੇ ਵਿਚ ਤਿਆਰ ਨਾ ਹੋ ਕੇ ਹਕੀਕੀ ਹਲਾਤਾਂ 'ਚੋਂ ਉਪਜਦੇ ਹਨ।

ਇੱਕ ਖੋਜੀ (ਸਿੱਖ) ਇਤਿਹਾਸਕਾਰ ਦੇ ਤੌਰ 'ਤੇ ਸੋਹਣ ਸਿੰਘ ਸੀਤਲ ਦਾ ਇੱਕ ਅਹਿਮਤਰੀਨ ਸਥਾਨ ਹੈ। ਉਸ ਨੇ ਪਹਿਲਾਂ ਆਪ ਨਿੱਠ ਕੇ ਸਿੱਖ ਇਤਿਹਾਸ ਦਾ ਵਿਸ਼ਲੇਸ਼ਣ ਕੀਤਾ ਬਾਅਦ ਵਿਚ ਕੁਝ ਨਵੀਆਂ ਛੋਹਾਂ ਦੇ ਕੇ ਕਿਤਾਬੀ ਰੂਪ ਵਿਚ ਮੁੜ ਪ੍ਰਕਾਸ਼ਿਤ ਕਰਵਾਇਆ। ਉਸ ਦੇ ਇਸ ਉਪਰਾਲੇ ਨੇ ਜਿੱਥੇ ਸਿੱਖ ਇਤਿਹਾਸ ਬਾਰੇ ਪਾਏ ਜਾਂਦੇ ਕੁਝ ਭਰਮ ਭੁਲੇਖਿਆਂ ਨੂੰ ਦੂਰ ਕੀਤਾ ਉਥੇ ਸਿੱਖ ਇਤਿਹਾਸ ਨੂੰ ਨਵੀਂ ਦਿੱਖ ਵੀ ਪ੍ਰਦਾਨ ਕੀਤੀ। ਸੀਤਲ ਦੀਆਂ ਇਤਿਹਾਸਕ ਲਿਖਤਾਂ ਵਿਚ 'ਸਿੱਖ ਰਾਜ ਕਿਵੇਂ ਗਿਆ' ਇੱਕ ਸ਼ਾਹਕਾਰ ਰਚਨਾ ਮੰਨੀ ਜਾਂਦੀ ਹੈ। 'ਦੁਖੀਏ ਮਾਂ ਦੇ ਪੁੱਤ', 'ਬੰਦਾ ਸਿੰਘ ਸ਼ਹੀਦ', 'ਸਿੱਖ ਮਿਸਲਾਂ ਦੇ ਸਰਦਾਰ ਘਰਾਣੇ', 'ਸਿੱਖ ਰਾਜ ਅਤੇ ਸ਼ੇਰੇ ਪੰਜਾਬ' ਅਤੇ 'ਸਿੱਖ ਸ਼ਹੀਦ ਅਤੇ ਯੋਧੇ' ਉਸ ਦੀਆਂ ਵਰਣਨਯੋਗ ਇਤਿਹਾਸਕ ਕਿਤਾਬਾਂ ਹਨ।

ਸੋਹਣ ਸਿੰਘ ਸੀਤਲ ਦਾ ਵਧੇਰੇ ਤਪੱਸਵੀ ਅਤੇ ਖੋਜ ਭਰਪੂਰ ਕੰਮ 'ਸਿੱਖ ਇਤਿਹਾਸ ਦੇ ਸੋਮੇ', ਪੰਜ ਜਿਲਦਾਂ ਵਿਚ ਤਿਆਰ ਕਰਨਾ ਹੈ। ਸੀਤਲ ਦੀ ਇਸ ਤੱਪਸਿਆ ਨੇ ਸਿੱਖ ਇਤਿਹਾਸ ਨੂੰ ਕਾਫੀ ਹੱਦ ਤੱਕ ਸਰਲਤਾ ਅਤੇ ਸ਼ੁੱਧਤਾ ਪ੍ਰਦਾਨ ਕੀਤੀ ਹੈ। ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗਿਆਨੀ ਸੋਹਣ ਸਿੰਘ ਸੀਤਲ ਵਰਗੇ ਬਹੁਪੱਖੀ ਪ੍ਰਤਿਭਾ ਦੇ ਮਾਲਕ ਅਤੇ ਨੇਕ ਦਿਲ ਵਿਅਕਤੀ ਵਿਰਲੇ ਹੀ ਪੈਦਾ ਹੁੰਦੇ ਹਨ। ਪੰਥ ਦਾ ਅਮੋਲਕ ਢਾਡੀ ਅਤੇ ਪੰਜਾਬੀ ਸਾਹਿਤ ਦਾ ਅਮਿੱਟ ਹਸਤਾਖ਼ਰ ਗਿਆਨੀ ਸੋਹਣ ਸਿੰਘ ਸੀਤਲ ਆਪਣਾ ਨੌਂ ਦਹਾਕਿਆਂ ਦਾ ਜੀਵਨ ਪੰਧ ਮੁਕਾ ਕੇ ਅਖ਼ੀਰ 23 ਸਤੰਬਰ, 1998 ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਸੀਤਲ ਦੇ ਆਪਣੇ ਬੋਲ ਸਨ:

'ਸੀਤਲ ਸਦਾ ਜਹਾਨ ਜੀਂਵਦਾ ਏ,
ਜੀਹਦਾ ਮਰ ਗਿਆਂ ਦੇ ਪਿੱਛੋਂ ਜੱਸ ਹੋਵੇ'।

# ਮੇਰੀਆਂ ਅਭੁੱਲ ਯਾਦਾਂ

ਜੇ ਜ਼ਿੰਦਗੀ 'ਚ ਮੈਂ ਕਿਸੇ ਨੂੰ ਰੂਹ ਜਾਨ ਨਾਲ ਪਿਆਰ ਕੀਤਾ ਹੈ ਤਾਂ ਉਹ ਇੱਕੋ ਇਕ ਇਨਸਾਨ ਸਿਰਫ ਮੇਰੇ ਬਾਬਾ ਜੀ ਹਨ। ਸ਼ੇਰ ਵਰਗੀ ਦਹਾੜ ਤੇ ਆਵਾਜ਼, ਛੋਟੀਆਂ ਖੋਜੀ ਅੱਖਾਂ। ਗੋਰਾ ਚਿੱਟਾ ਰੰਗ, ਕੱਦ ਪੰਜ ਫੁੱਟ 9 ਇੰਚ। ਉਹ ਪਹਿਲਵਾਨ ਰਹਿ ਚੁੱਕੇ ਸਨ। ਉਹ ਨੂੰਹਾਂ ਧੀਆਂ ਦੀ ਇੱਜ਼ਤ ਬਹੁਤ ਕਰਦੇ ਸਨ। ਬਾਬਾ ਜੀ ਅਜਿਹੇ ਇਨਸਾਨ ਸਨ, ਜਿਨ੍ਹਾਂ ਨੇ ਕਦੇ ਕਿਸੇ ਦਾ ਬੁਰਾ ਨਹੀਂ ਤੱਕਿਆ ਸੀ। ਉਹ ਸਪੈਸ਼ਲ ਇਨਸਾਨ ਸਨ ਜਿਨ੍ਹਾਂ ਨੇ ਜ਼ਿੰਦਗੀ 'ਚ ਕਦੇ ਕੰਮ ਨਹੀਂ ਕੀਤਾ। ਉਨ੍ਹਾਂ ਨੇ ਜੱਟਾਂ ਵਾਂਗ ਕਦੇ ਹਲ ਦੀ ਕਿਲੀ ਨਹੀਂ

**ਦੇਵਿੰਦਰ ਕੌਰ ਧਾਲੀਵਾਲ**

ਫੜ ਕੇ ਵੇਖੀ। ਸਿਰਫ ਦੋ ਟਾਈਮ ਮੱਝ ਦੀ ਧਾਰ ਹੀ ਚੋਈ ਤੇ ਹੁਕਮ ਚਲਾਇਆ। ਘਰਦੇ ਤਾਂ ਕੀ ਪਿੰਡ ਦੇ ਲੋਕ ਵੀ ਉਨ੍ਹਾਂ ਦਾ ਰੋਹਬ ਝੱਲਦੇ ਸੀ। ਐਨਾ ਪਿਆਰ ਤੇ ਝਿੜਕਾਂ ਸਭ ਨੂੰ ਦਿੱਤੀਆਂ ਪਰ ਕਦੇ ਵੀ ਉਨ੍ਹਾਂ ਦੀਆਂ ਗਾਲਾਂ ਜਾਂ ਝਿੜਕਾਂ ਦਾ ਕਿਸੇ ਨੇ ਬੁਰਾ ਨਹੀਂ ਮਨਾਇਆ ਸੀ।

ਹੁਣ ਬਾਬਾ ਜੀ ਨੂੰ ਯਾਦ ਕਰਦਿਆਂ ਅੱਖਾਂ 'ਚੋਂ ਹੰਝੂ ਛਲਕ ਜਾਂਦੇ ਹਨ। ਮੇਰੇ ਤੋਂ ਪਹਿਲਾਂ ਮੇਰੀ ਮਾਂ ਦੇ ਦੋ ਬੱਚੇ ਮਰ ਗਏ ਸਨ। ਮੇਰੇ ਦਾਦਾ ਜੀ ਤੇ ਬੇਬੇ ਜੀ ਨੂੰ ਕਿਸੇ ਨੇ ਕਿਹਾ ਕਿਸੇ ਸਿਆਣੇ ਤੋਂ ਤਵੀਤ ਲਿਆਓ। ਪਿੰਡ ਬੰਸੀਆਂ ਤੋਂ ਉਹ ਮੇਰੇ ਲਈ ਕਿਸੇ ਸਿਆਣੇ ਤੋਂ ਤਵੀਤ ਲਿਆਏ ਸਨ। ਉਹਨੇ ਕਿਹਾ ਸੱਤਾਂ ਖੂਹਾਂ ਦਾ ਪਾਣੀ ਸੱਤਾਂ ਦਰਖ਼ਤਾਂ ਦੇ ਪੱਤੇ ਪਾਣੀ 'ਚ ਪਾ ਕੇ ਤੇ ਉਹ ਤਵੀਤ ਪਾ ਕੇ ਮੇਰੀ ਮਾਂ ਨੂੰ ਨਹਾਉਣਾ ਹੈ। ਫਿਰ ਮੇਰੀ ਮਾਂ ਦੇ ਵਜ਼ਨ ਜਿੰਨੀ ਕਣਕ ਤੋਲ ਕੇ ਦਾਨ ਦਿਤੀ ਤੇ ਇਕ ਗਊ ਦਾਨ ਦਿੱਤੀ ਤੇ ਇੰਝ ਕਹਿੰਦੇ ਮੈਂ ਆਪਣੀ ਮਾਂ ਦਾ ਤੀਸਰਾ ਬੱਚਾ ਬਚ ਗਈ ਸਾਂ। ਫਿਰ ਦੋ ਸਾਲ ਬਾਅਦ ਮੇਰਾ ਭਰਾ ਹੋਇਆ ਤਾਂ ਮੇਰੇ ਬਾਬਾ ਜੀ ਦੀ ਨਿਗਾਹ 'ਚ ਮੇਰੇ ਲਈ ਇੱਜ਼ਤ ਹੋਰ ਵੀ ਵਧ ਗਈ ਸੀ, ਕਹਿੰਦੇ, ਭਰਾ ਦੀ ਬਾਂਹ ਫੜ ਕੇ ਲਿਆਈ ਹੈ। ਮੇਰੇ ਬਾਬਾ ਜੀ ਦੀ ਮੇਰੇ ਡੈਡੀ ਜੀ ਇਕਲੌਤੀ ਸੰਤਾਨ ਸਨ। ਬਾਬਾ ਜੀ ਚਾਹੁੰਦੇ ਸਨ ਘਰ ਵਿਚ ਜ਼ਿਆਦਾ ਮਰਦ ਹੋਣ। ਇਕੱਲੇ ਜ਼ਿਮੀਂਦਾਰ ਨੂੰ ਤਾਂ ਕਈ ਵਾਰ ਪਿੰਡਾਂ ਵਿਚ ਲੱਗਦੀ ਵਾਲੇ ਟਿਕਣ ਨਹੀਂ ਦਿੰਦੇ। ਉਹ ਕਹਿੰਦੇ ਸਨ ਕਿ ਜਿਸ ਘਰ 'ਚ ਬੰਦਿਆਂ ਦੀ ਘਾਟ ਹੋਵੇ ਉਹਨੂੰ ਪਤਾ ਹੁੰਦਾ ਹੈ ਕਿ ਵੱਡੇ ਟੱਬਰ ਦਾ ਕੀ ਅਰਥ ਹੈ। ਮੇਰੇ ਦਾਦਾ ਜੀ ਕਾਫ਼ੀ ਸੁੱਕੀ ਸੁਭਾਅ ਦੇ ਸਨ। ਜੇ ਕੋਈ ਸਾਡੇ ਘਰ ਲੱਡੂ ਵੰਡਣ ਆ ਜਾਂਦੀ ਤਾਂ ਉਨ੍ਹਾਂ ਨੇ ਦਰਵਾਜ਼ੇ 'ਤੇ ਕਹਿਣਾ ਕੁੜੇ ਮੈਨੂੰ ਫੜਾ ਦੇ ਤੇ ਬਾਅਦ ਵਿਚ ਕੁੱਤੇ ਨੂੰ ਪਾ ਦੇਣੇ। ਫਿਰ ਵੇਖਣਾ ਕੁੱਤੇ ਨੂੰ ਕੁਛ ਹੋਇਆ ਕਿ ਨਹੀਂ। ਇਸੇ ਤਰ੍ਹਾਂ ਰੋਜ਼ ਉਨ੍ਹਾਂ ਕਿਸੇ ਤੋਂ ਸ਼ਰਾਬ ਮੰਗਾਉਣੀ। ਪਹਿਲਾਂ ਲੈ ਕੇ ਆਉਣ ਵਾਲੇ ਨੂੰ ਪਿਆਉਣੀ। ਲਿਆਉਣ ਵਾਲੇ ਨੇ ਸੋਚਣਾ ਬਾਬਾ ਜੀ ਸੇਵਾ ਬਹੁਤ ਕਰਦੇ ਹਨ ਪਰ ਬਾਬਾ ਜੀ ਦੇਖਦੇ ਸਨ ਜੇ ਵਿਚ ਕੁਝ ਪਾਇਆ ਹੋਇਆ ਤਾਂ ਇਹਨੂੰ ਹੀ ਕੁਝ ਪਹਿਲਾਂ ਹੋਏਗਾ। ਬਾਬਾ ਜੀ ਨੇ ਸਾਨੂੰ ਇਕ ਮਿੰਟ ਵੀ ਅੱਖ ਤੋਂ ਓਹਲੇ ਨਹੀਂ ਸੀ ਕੀਤਾ, ਕਹਿੰਦੇ ਸਨ, ਧੀ ਪੁੱਤ ਇੱਜ਼ਤ ਵਾਲਾ ਹੋਵੇ ਜਾਨ ਦੇ ਦਿਆਂਗੇ। ਜੇ ਧੀ ਪੁੱਤ ਸਹੀ ਨਹੀਂ ਤਾਂ ਸਰਦਲ 'ਤੇ ਸਿਰ ਰੱਖ ਕੇ ਸਿਰ ਇਕ ਪਾਸੇ ਧੜ ਇਕ ਪਾਸੇ ਕਰ ਦਿਆਂਗੇ ਜਾਣੀ ਵੱਢ ਦਿਆਂਗੇ। ਅਸੀਂ ਤਾਂ ਸਾਰੇ ਭੈਣ ਭਰਾ ਬਾਬਾ ਜੀ ਤੋਂ ਬਹੁਤ ਡਰਦੇ ਸਾਂ।

ਮੇਰੇ ਡੈਡੀ ਜੀ ਜ਼ਿਆਦਾਤਰ ਦੌਰੇ 'ਤੇ ਰਹਿੰਦੇ ਸਨ। ਅਸੀਂ ਬਾਬਾ ਜੀ ਦੀ ਛਤਰ-ਛਾਇਆ ਹੇਠ ਹੀ ਪਲੇ ਹਾਂ। ਜਦੋਂ ਪਹਿਲੀ ਵਾਰ ਮੈਨੂੰ ਸਕੂਲ ਪੜ੍ਹਨ ਪਾਇਆ ਮੇਰੇ ਬਾਬਾ ਜੀ ਮੈਨੂੰ ਸਕੂਲ ਛੱਡ ਕੇ ਆਉਣ ਮੈਂ ਵਾਪਿਸ ਆ ਜਾਵਾਂ। ਜਦੋਂ ਮੈਂ ਦੋ ਵਾਰੀ ਸਕੂਲ ਤੋਂ ਵਾਪਿਸ ਆ ਗਈ ਤਾਂ ਤੀਜੀ ਵਾਰੀ ਬਾਬਾ ਜੀ ਨੇ ਮੇਰੇ ਪੋਲੀ ਜਿਹੀ ਚਪੇੜ ਮਾਰੀ ਕਹਿੰਦੇ ਹੁਣ ਨਾ ਆਈਂ ਵਾਪਿਸ ਸਕੂਲ 'ਚ ਰਹੀਂ। ਉਸ ਤੋਂ ਬਾਅਦ ਡਰਦੀ ਮੈਂ ਮੁੜ ਕੇ ਸੱਚੀਂ ਵਾਪਸ ਨਹੀਂ ਆਈ। ਸਕੂਲ ਸੁੰਬਰਣੇ ਦੀ ਵਾਰੀ ਹੁੰਦੀ ਸੀ ਤਾਂ ਮੇਰੇ ਬਾਬਾ ਜੀ ਨੇ ਕਿਹਾ ਸੀ ਸਾਡੀ ਕੁੜੀ ਨੇ ਨਹੀ ਸੁੰਬਰਨਾ ਸਕੂਲ। ਇਹਦੀ ਜਗ੍ਹਾ ਕਿਸੇ ਨੂੰ ਭੇਜ ਦਿਆਂਗੇ। ਜਦ ਮੈਂ ਗੁਟਕਾ ਲੈ ਕੇ ਪਾਠ ਕਰਦੀ ਤਾਂ ਬੜੇ ਖ਼ੁਸ਼ ਹੁੰਦੇ ਸਨ। ਕਹਿਣਾ ਕੁੜੀ ਨੂੰ ਬੁਲਾਇਓ ਨਾ ਪਾਠ ਕਰਦੀ ਹੈ।

ਇਕ ਵਾਰ ਸਾਡੇ ਗੁਆਂਢੀਆਂ ਦੀ ਕੁੜੀ ਦਾ ਨਵਾਂ ਨਵਾਂ ਵਿਆਹ ਹੋਇਆ ਸੀ ਪਹਿਲੀ ਵਿਸਾਖੀ ਸੀ। ਉਹਦੇ ਸੁਹਰਿਆਂ ਨੇ ਪਹਿਲੀ ਵਾਰ ਸੰਗ ਦੇਸੀਆਂ ਦੀ ਵਿਸਾਖੀ ਜੋ ਕਾਫ਼ੀ ਮਸ਼ਹੂਰ ਹੈ ਦੇ ਮੇਲੇ 'ਤੇ ਮਿਲਣਾ ਸੀ। ਗੁਆਂਢੀ ਤਾਈ ਜੀ ਨੇ ਵੀ ਜਾਣਾ ਸੀ ਤੇ ਨਾਲ ਕਈ ਹੋਰ ਗਵਾਂਢ ਦੇ ਬੱਚੇ ਵੀ ਚਲੇ ਸਨ। ਮੇਰਾ ਦਿਲ ਬਹੁਤ ਕਰੇ ਮੈਂ ਵੀ ਮੇਲਾ ਵੇਖਾਂ। ਮੇਰੇ ਡੈਡੀ ਘਰ ਸਨ ਉਨ੍ਹਾਂ ਤੋਂ ਪੁੱਛਿਆ ਤਾਂ ਹਾਂ ਹੋ ਗਈ। ਸਾਡਾ ਪੁਰਾਣਾ ਘਰ ਪਿੰਡ ਦੇ ਐਨ ਵਿਚਕਾਰ ਸੀ। ਬਾਬਾ ਜੀ ਰਾਤ ਨੂੰ ਹਵੇਲੀ ਹੁੰਦੇ ਸਨ ਤੇ ਸਵੇਰੇ ਮੱਝ ਦੀ ਧਾਰ ਕੱਢ ਕੇ ਲਿਆਉਂਦੇ ਸਨ। ਜਦੋਂ ਤਾਈ ਜੀ ਨੂੰ ਮੈਂ ਮੇਲੇ ਨਾਲ ਜਾਣ ਬਾਰੇ ਪੁੱਛਿਆ ਤਾਂ ਉਹ ਕਹਿੰਦੇ ਠੀਕ ਹੈ ਪਰ ਤੇਰੇ ਬਾਬੇ ਦੇ ਘਰ ਆਉਣ ਤੋਂ ਪਹਿਲਾਂ ਘਰੋਂ ਤੁਰ ਪਈਏ ਨਹੀ ਤਾਂ ਉਹਨੇ ਤੈਨੂੰ ਜਾਣ ਨਹੀ ਦੇਣਾ। ਤਾਈ ਜੀ ਦਾ ਇਕ ਛੜਾ ਜੇਠ ਵੀ ਉਨ੍ਹਾਂ ਦੇ ਨਾਲ ਰਹਿੰਦਾ ਸੀ ਉਹਦੀ ਗੱਲ ਅੱਗੇ ਜਾ ਕੇ ਕਰਦੇ ਹਾਂ। ਅਸੀਂ ਮੇਲਾ ਵੇਖਣ ਚਲੇ ਗਈਆਂ। ਉਸ ਦਿਨ ਜਦੋਂ ਮੇਰੇ ਬਾਬਾ ਜੀ ਘਰ ਆਏ ਤਾਂ ਉਨ੍ਹਾਂ ਆਪਣੇ ਖੂੰਡੇ ਨਾਲ ਮੇਰੀ ਰਜਾਈ ਚੁੱਕੀ। ਰਜਾਈ ਹੇਠ ਮੈਨੂੰ ਨਾ ਦੇਖ ਕੇ ਸਾਡੇ ਘਰ ਆਈ ਰਿਸ਼ਤੇਦਾਰ ਕੁੜੀ ਨੂੰ ਕਹਿੰਦੇ ਸੋਮੋ ਕੁੜੀ ਕਿੱਥੇ ਆ? ਫਿਰ ਆਪੇ ਕਹਿੰਦੇ ਮੈਨੂੰ ਪਤਾ ਗਵਾਂਢੀਆਂ ਨਾਲ ਮੇਲਾ ਦੇਖਣ ਗਈ ਆ।

ਫਿਰ ਤਾਈ ਜੀ ਦੇ ਛੜੇ ਜੇਠ ਨੂੰ ਕੰਧ ਉੱਪਰੋਂ ਆਵਾਜ਼ ਮਾਰ ਕੇ ਕਹਿੰਦੇ, 'ਓ ਨਾਮਿਆਂ, ਇੱਧਰ ਆ। ਆਹ ਪੀ ਦਰੇੜਕੇ ਦਾ ਛੰਨਾ ਮੱਖਣ ਵੀ ਖਾ। ਆਹ ਮੇਰਾ ਖੂੰਡਾ ਲੈ ਜਾ, ਤੈਨੂੰ ਜਿੱਥੇ ਵੀ ਮਿਲੀਆਂ ਉਨ੍ਹਾਂ ਦੇ ਗਿੱਟੇ ਭੰਨਦਾ ਲਿਆਈਂ'। ਨਾਲ ਮੇਰੇ ਭਰਾ ਨੂੰ ਭੇਜਿਆ। ਉੱਧਰ ਤਾਈ ਜੀ ਡਰੀ ਜਾਣ ਕਿ ਸਾਰੇ ਇਕੱਠੇ ਰਹਿਓ ਮੇਲੇ 'ਚ ਗੁਆਚ ਨਾ ਜਾਇਓ। ਮੈਨੂੰ ਕਹਿੰਦੇ ਧੀਏ ਤੇਰੇ ਤਾਂ ਬਾਬੇ ਨੇ ਨੀ ਮੈਨੂੰ ਜੀਊਂਦੀ ਛੱਡਣਾ। ਤਾਇਆ ਨਾਮਾ ਤੇ ਮੇਰਾ ਭਰਾ ਸਾਨੂੰ ਵਾਪਿਸ ਪਿੰਡ ਲਿਆਉਣ ਲਈ ਪਹੁੰਚੇ। ਉਦੋਂ ਤਕ ਅਸੀਂ ਟਾਂਗੇ 'ਤੇ ਚੜ੍ਹ ਕੇ ਗੁਰਾਇਆ ਨੂੰ ਜਾ ਚੁੱਕੀਆਂ ਸਾਂ ਤੇ ਉਹ ਖ਼ਾਲੀ ਪਿੰਡ ਨੂੰ ਮੁੜ ਗਏ। ਜਦੋਂ ਅਸੀਂ ਸ਼ਾਮ ਨੂੰ ਵਾਪਿਸ ਆਈਆਂ ਤਾਂ ਮੇਰੀ ਮਾਂ ਕਹਿੰਦੀ ਅੱਜ ਤੁਸੀਂ ਬਚ ਗਈਆਂ ਨਹੀਂ ਤਾਂ ਤੁਹਾਡੀ ਦੁਰ-ਦਸ਼ਾ ਬਹੁਤ ਹੋਣੀ ਸੀ। ਮੇਰੇ ਮੂੰਹ 'ਤੇ ਤਾਂ ਜਿੱਤ ਦੀ ਖ਼ੁਸ਼ੀ ਸੀ ਚਲੋ, ਅੱਜ ਮੇਲਾ ਤਾਂ ਵੇਖ ਹੋ ਗਿਆ। ਜਦੋਂ ਸ਼ਾਮ ਨੂੰ ਬਾਬਾ ਜੀ ਮਿਲੇ ਤਾਂ ਮੂੰਹ 'ਤੇ ਥੋੜ੍ਹੀ ਜਿਹੀ ਮੁਸਕਰਾਹਟ ਲਿਆ ਕੇ ਕਹਿੰਦੇ ਦੇਖ ਆਈ ਮੇਲਾ? ਮੈਂ ਚੁੱਪ ਰਹਿਣਾ ਹੀ ਵਾਜਿਬ ਸਮਝਿਆ। ਬਾਬਾ ਜੀ ਦੇ ਬੋਲ ਸਖ਼ਤ ਸਨ ਪਰ ਦਿਲ 'ਚ ਪਿਆਰ ਸੀ।

# ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਊਧਮ ਸਿੰਘ ਤੇ ਮਦਨ ਲਾਲ ਢੀਂਗਰਾ ਨੂੰ ਸ਼ਰਧਾਂਜਲੀਆਂ

## ਵਿੱਛੜੀਆਂ ਸ਼ਖਸੀਅਤਾਂ ਨੂੰ ਦਿੱਤੀ ਸ਼ਰਧਾਂਜਲੀ; ਨਵੀਂ ਕਮੇਟੀ ਦੇ ਅਹੁਦੇਦਾਰਾਂ ਦਾ ਐਲਾਨ



**ਫਰਿਜ਼ਨੋ (ਕੁਲਵੀਰ ਹੇਅਰ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਹਰ ਸਾਲ ਵਾਂਗ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ 'ਚ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਬੱਚਿਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ ਜੋ ਖਿੱਚ ਦਾ ਕੇਂਦਰ ਬਣੇ। ਸਮਾਗਮ ਦੀ ਸ਼ੁਰੂਆਤ ਕਰਦਿਆਂ ਸੁਰਿੰਦਰ ਮੰਢਾਲੀ ਨੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਤੇ ਪਿਛਲੇ ਸਮੇਂ ਦੌਰਾਨ ਕਮਿਊਨਿਟੀ ਦੀਆਂ ਵਿੱਛੜ ਚੁੱਕੀਆਂ ਉੱਘੀਆਂ ਸ਼ਖਸੀਅਤਾਂ ਨੂੰ ਸ਼ੋਕ ਮਤੇ ਰਾਹੀਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ, ਜਿਨ੍ਹਾਂ ਵਿਚ ਫੋਰਮ ਦੇ ਬਾਨੀ ਗੁਰਦੀਪ ਸਿੰਘ ਅਣਖੀ, ਜਗਜੀਤ ਸਿੰਘ ਥਿੰਦ, ਮਹਿੰਦਰ ਸਿੰਘ ਗਰੇਵਾਲ ਅਤੇ ਮਾਸਟਰ ਲਛਮਣ ਸਿੰਘ ਰਠੌੜ ਸ਼ਾਮਲ ਸਨ।

ਰਾਜ ਬਰਾੜ ਦੇ ਇਕ ਗੀਤ ਉਪਰੰਤ ਉੱਘੇ ਸ਼ਾਇਰ ਉਸਤਾਦ ਹਰਜਿੰਦਰ ਕੰਗ, ਲੇਖਕ ਅਤੇ ਰੇਡੀਓ ਹੋਸਟ ਸੰਤੋਖ ਸਿੰਘ ਮਿਨਹਾਸ ਅਤੇ ਪ੍ਰਿੰ. ਬਲਵਿੰਦਰ ਸਿੰਘ ਨੂੰ ਭਾਸ਼ਣ ਮੁਕਾਬਲੇ ਦੌਰਾਨ ਜੱਜਾਂ ਦੀ ਭੂਮਿਕਾ ਨਿਭਾਉਣ ਲਈ ਟੇਬਲ 'ਤੇ ਆਉਣ ਦਾ ਸੱਦਾ ਦਿੱਤਾ ਗਿਆ। ਇਹ ਮੁਕਾਬਲੇ ਤਿੰਨ ਹਿੱਸਿਆਂ ਵਿਚ ਵੰਡੇ ਗਏ ਸਨ, ਪਹਿਲੇ ਭਾਗ ਵਿਚ ਐਲੀਮੈਂਟਰੀ ਸਕੂਲ ਦੇ ਬੱਚਿਆਂ ਗੁਰਫਤਿਹ ਸਿੰਘ ਉੱਪਲ, ਐਸ਼ਲੀਨ ਜੌਹਲ, ਅੰਜੂਨੀ ਚੀਮਾ, ਵਾਰਿਸ ਸਿੰਘ ਗਿੱਲ, ਅਸ਼ਮੀਤ ਕੌਰ ਔਜਲਾ, ਅਰੀਤ ਧਾਲੀਵਾਲ, ਸੇਹਿਜ ਸਿੰਘ ਵੜੈਚ, ਗੁਰਮਨ ਸਿੰਘ ਚਾਹਲ, ਹਰਸ਼ਾਨ ਧਾਲੀਵਾਲ, ਸ਼ਾਨ ਸਿੰਘ ਮੱਲ੍ਹੀ, ਜੇਦਿਨ ਸਿੰਘ ਗਰੇਵਾਲ ਅਤੇ ਇਕਜੋਤ ਅਟਵਾਲ ਨੇ ਭਾਗ ਲਿਆ। ਇਨ੍ਹਾਂ ਵਿਚੋਂ ਅੰਜੂਨੀ ਚੀਮਾ ਨੇ ਪਹਿਲਾ, ਵਾਰਿਸ ਸਿੰਘ ਗਿੱਲ ਨੇ ਦੂਜਾ, ਐਸ਼ਲੀਨ ਜੌਹਲ ਨੇ ਤੀਜਾ ਅਤੇ ਇਸ਼ਮੀਤ ਕੌਰ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਦੂਜੇ ਭਾਗ ਦੇ ਗਰੁੱਪ ਬੀ ਵਿਚ ਮਿਡਲ ਸਕੂਲ ਦੇ ਬੱਚਿਆਂ ਰੀਤ ਵਿਰਕ, ਜੈਸਲੀਨ ਧਾਲੀਵਾਲ, ਆਰੀਅਨ ਸਿੰਘ ਗਿੱਲ, ਅੰਬਰ ਕੌਰ ਬਾਠ ਅਤੇ ਕੀਰਤ ਸੰਘਾ ਨੇ ਭਾਗ ਲਿਆ। ਇਨ੍ਹਾਂ ਵਿਚੋਂ ਜਸਲੀਨ ਕੌਰ ਧਾਲੀਵਾਲ ਨੇ ਪਹਿਲਾ, ਅੰਬਰ ਕੌਰ ਬਾਠ ਨੇ ਦੂਜਾ ਅਤੇ ਰੀਤ ਵਿਰਕ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਤੀਜੇ ਭਾਗ ਵਿਚ ਹਾਈ ਸਕੂਲ ਦੇ ਬੱਚਿਆਂ ਰਵਨੀਤ ਕੌਰ, ਇਸ਼ਾਨ ਮੁਹਾਰ, ਮਨਕਤਵੀਰ ਸਿੱਧੂ, ਰਾਜਬੀਰ ਧਾਲੀਵਾਲ, ਅਵਲੀਨ ਧਾਲੀਵਾਲ, ਗੇਵਨ ਵਿਰਕ ਅਤੇ ਸਹਿਬ ਸੰਘਾ ਨੇ ਭਾਗ ਲਿਆ ਜਿਨ੍ਹਾਂ ਵਿਚ ਇਸ਼ਾਨ ਮੁਹਾਰ ਅਤੇ ਰਾਜਵੀਰ ਧਾਲੀਵਾਲ ਨੇ ਪਹਿਲਾ, ਰਵਨੀਤ ਕੌਰ ਨੇ ਦੂਜਾ ਅਤੇ ਮਨਕਤਵੀਰ ਸਿੱਧੂ ਨੇ ਤੀਜਾ ਸਥਾਨ ਹਾਸਲ ਕੀਤਾ।





ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਬੱਚਿਆਂ ਨੂੰ ਨਗਦ ਇਨਾਮ ਅਤੇ ਸਨਮਾਨ ਚਿੰਨ੍ਹ ਦਿੱਤੇ ਗਏ। ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਨਮਾਨ ਚਿੰਨ੍ਹ ਦਿੱਤੇ ਗਏ। ਇਸ ਮੌਕੇ ਉਸਤਾਦ ਸ਼ਾਇਰ ਹਰਜਿੰਦਰ ਕੰਗ ਵਲੋਂ ਸ਼ਹੀਦਾਂ ਨੂੰ ਸਮਰਪਿਤ ਸ਼ਾਇਰੀ ਦਾ ਰੰਗ ਪੇਸ਼ ਕੀਤਾ ਗਿਆ, ਉਨ੍ਹਾਂ ਬੱਚਿਆਂ ਦੇ ਮਾਪਿਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਬੱਚਿਆਂ ਅੰਦਰ ਅਜਿਹੇ ਸਮਾਗਮਾਂ ਵਿਚ ਭਾਗ ਲੈਣ ਦੀ ਚੇਟਕ ਪੈਦਾ ਕੀਤੀ। ਸੰਤੋਖ ਮਿਨਹਾਸ ਨੇ ਵੀ ਆਪਣੇ ਵਿਚਾਰਾਂ ਰਾਹੀਂ ਸਮਾਗਮ ਦੀ ਸਫਲਤਾ ਲਈ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਹੋਰ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਆਂਚਲ ਹੇਅਰ ਵਲੋਂ ਇਕ ਸ਼ੇਅਰ ਅਤੇ ਕਵਿਤਾ ਪੇਸ਼ ਕੀਤੇ ਗਏ ਤੇ ਫੋਰਮ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ। ਰਾਜ ਬਰਾੜ ਅਤੇ ਜਰਜੀਤ ਸ਼ੇਰਗਿੱਲ ਮਰਸਿਡ ਵਲੋਂ ਆਪਣੇ ਗੀਤਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਜੀ.ਐਚ.ਜੀ ਡਾਂਸ ਅਤੇ ਸੰਗੀਤ ਅਕੈਡਮੀ ਦੇ ਬੱਚਿਆਂ ਵਲੋਂ ਗਿੱਧੇ ਅਤੇ ਭੰਗੜੇ ਦੀ ਖੂਬਸੂਰਤ ਪੇਸ਼ਕਾਰੀ ਕੀਤੀ ਗਈ। ਅਖੀਰ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ 24 ਮੈਂਬਰੀ ਨਵੀਂ ਕਮੇਟੀ ਦਾ ਐਲਾਨ ਕਰਦਿਆਂ ਸੁਰਿੰਦਰ ਮੰਢਾਲੀ ਨੇ ਦੱਸਿਆ ਕਿ ਫੋਰਮ ਦੀ ਨਵੀਂ ਕਮੇਟੀ ਦੇ ਸਰਪ੍ਰਸਤ ਜਸਵੰਤ ਮਾਨ ਅਤੇ ਕਰਮ ਸਿੰਘ ਮਾਨ, ਪ੍ਰਧਾਨ ਨਵਦੀਪ ਧਾਲੀਵਾਲ, ਉਪ ਪ੍ਰਧਾਨ ਪ੍ਰਗਟ ਸਿੰਘ ਧਾਲੀਵਾਲ, ਜਨਰਲ ਸਕੱਤਰ ਹਰਜਿੰਦਰ ਢੇਸੀ, ਸਹਾਇਕ ਸਕੱਤਰ ਸ਼ਰਨਜੀਤ ਧਾਲੀਵਾਲ, ਖਜਾਨਚੀ ਪਰਮਜੀਤ ਸਿੰਘ ਢਿੱਲੋਂ, ਸਹਾਇਕ ਖਜਾਨਚੀ ਗੁਰਮੀਤ ਸਿੰਘ ਗਿੱਲ ਅਤੇ ਮੀਡੀਆ ਸਕੱਤਰ ਕੁਲਵੀਰ ਸਿੰਘ ਹੇਅਰ ਹੋਣਗੇ। ਸਟੇਜ ਦੀ ਜ਼ਿੰਮੇਵਾਰੀ ਹਰਜਿੰਦਰ ਢੇਸੀ ਨੇ ਬਾਖੂਬੀ ਨਿਭਾਈ। ਆਏ ਹੋਏ ਸਭਨਾਂ ਲਈ ਚਾਹ ਪਕੌੜੇ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਕੁਲ ਮਿਲਾ ਕੇ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ ਅਤੇ ਭਾਈਚਾਰੇ ਦੇ ਚੇਤਿਆਂ 'ਚ ਵਸ ਗਿਆ।

# ਦੇਬੀ ਮਖਸੂਸਪੁਰੀ ਦੀ ਫਰਿਜ਼ਨੋ ਵਿਚਲੀ ਮਹਿਫ਼ਲ ਯਾਦਗਾਰੀ ਹੋ ਨਿੱਬੜੀ

**ਫਰਿਜ਼ਨੋ:** ਮਸ਼ਹੂਰ ਸ਼ਾਇਰ ਤੇ ਗਾਇਕ ਦੇਬੀ ਮਖਸੂਸਪੁਰੀ ਅੱਜ-ਕੱਲ੍ਹ ਅਮਰੀਕਾ ਫੇਰੀ 'ਤੇ ਹਨ, ਅਤੇ ਇਸੇ ਕੜੀ ਤਹਿਤ ਉਹ ਆਪਣੇ ਚਾਹੁਣ ਵਾਲ਼ਿਆਂ ਦੇ ਸੱਦੇ 'ਤੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਮਹਿਫ਼ਲਾਂ ਵੀ ਲਾ ਰਹੇ ਹਨ। ਲੰਘੇ ਸ਼ਨਿਚਰਵਾਰ ਇਸੇ ਤਰ੍ਹਾਂ ਦੀ ਪਰਿਵਾਰਕ ਮਹਿਫ਼ਲ ਦਾ ਪ੍ਰਬੰਧ ਫਰਿਜ਼ਨੋ ਦੀ ਆਜ਼ਾਦ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ ਸਥਾਨਕ ਨੌਰਥ ਪੁਆਇੰਟ ਈਵੈਂਟ ਸੈਂਟਰ ਵਿਚ ਕੀਤਾ ਗਿਆ, ਜਿੱਥੇ ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਅੰਦਰ ਦੇਬੀ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਐਸੀ ਝੜੀ ਲਾਈ ਕਿ ਲੋਕ ਦੇਬੀ ਦੇ ਹਰ ਸ਼ੇਅਰ, ਹਰ ਗੀਤ 'ਤੇ ਤਾੜੀਆਂ ਦੀ ਦਾਦ ਦੇ ਰਹੇ ਸਨ। ਕਲੱਬ ਦੇ ਸਮੂਹ ਮੈਂਬਰਾਂ ਨੇ ਸ਼ਾਨਦਾਰ ਪ੍ਰਬੰਧ ਕਰ ਕੇ ਸਭਨਾਂ ਦਾ ਮਨ ਜਿੱਤ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖ ਕੇ ਕੀਤੀ। ਇਸ ਮੌਕੇ ਗਾਇਕ ਕਮਲਜੀਤ ਸਿੰਘ ਬੈਨੀਪਾਲ ਅਤੇ ਧਰਮਵੀਰ ਥਾਂਦੀ ਨੇ ਵੀ ਆਪਣੇ ਇਕ-ਇਕ ਗੀਤ ਨਾਲ ਹਾਜ਼ਰੀ ਭਰੀ। ਕਾਮੇਡੀਅਨ ਵਿਜੇ ਨੇ ਆਪਣੇ ਟੋਟਕਿਆਂ ਨਾਲ ਹਸਾ ਹਸਾ ਕੇ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ। ਬੱਗਾ-ਸੋਨੂੰ ਮਿਊਜ਼ੀਕਲ ਗਰੁੱਪ ਦੀ ਟੀਮ ਦੇ ਸ਼ਾਨਦਾਰ ਸੰਗੀਤ ਨੇ ਮਹਿਫ਼ਲ



ਨੂੰ ਹੋਰ ਚਾਰ ਚੰਨ ਲਾਏ। ਅਖੀਰ ਦਰਸ਼ਕਾਂ ਨੇ ਨੱਚ ਨੱਚ ਕੇ ਅੰਬਰੀਂ ਧੂੜ ਚੜ੍ਹਾ ਦਿੱਤੀ। ਅੰਤ ਕਰੀ ਹਾਊਸ ਰੈਸਟੋਰੈਂਟ ਦੇ ਰਾਤ ਦੇ ਭੋਜਨ ਨਾਲ ਅਮਿੱਟ ਪੈੜਾਂ ਛੱਡਦੀ ਇਹ ਮਹਿਫ਼ਲ ਯਾਦਗਾਰੀ ਹੋ ਨਿੱਬੜੀ। ***-ਰਿਪੋਰਟ: ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ***

# ਡੈਲਸ ਹਵਾਈ ਅੱਡੇ 'ਤੇ ਔਰਤ ਨੇ ਹਵਾ ਵਿਚ ਚਲਾਈ ਗੋਲੀ

**ਡੈਲਸ:** ਇਥੋਂ ਦੇ ਲਵ ਫੀਲਡ ਹਵਾਈ ਅੱਡੇ ਉਪਰ ਉਸ ਵੇਲੇ ਭਗਦੜ ਮਚ ਗਈ ਜਦੋਂ ਇਕ ਔਰਤ ਨੇ ਹਵਾ ਵਿਚ ਗੋਲੀ ਚਲਾ ਦਿੱਤੀ। ਲੋਕ ਆਪਣੀਆਂ ਜਾਨਾਂ ਬਚਾਉਣ ਲਈ ਇਧਰ ਉਧਰ ਲੁਕ ਗਏ। ਪੁਲਿਸ ਮੁਖੀ ਐਡਗਾਰਡੋ ਗਾਰਸੀਆ ਨੇ ਕਿਹਾ ਹੈ ਕਿ 37 ਸਾਲਾ ਔਰਤ ਸਥਨਾਕ ਸਮੇਂ ਅਨੁਸਾਰ ਸਵੇਰੇ 11 ਵਜੇ ਟਿਕਟ ਕਾਊਂਟਰ ਖੇਤਰ ਵਿਚ ਦਾਖਲ ਹੋਈ। ਉਹ ਬਾਥਰੂਮ ਗਈ ਤੇ ਕੁਝ ਮਿੰਟਾਂ ਬਾਅਦ ਕੱਪੜੇ ਬਦਲ ਕੇ ਬਾਹਰ ਆਈ। ਬਾਹਰ ਆ ਕੇ ਉਸ ਨੇ ਗੋਲੀ ਚਲਾ ਦਿੱਤੀ ਜਿਸ ਨੂੰ ਰੋਕਣ ਲਈ ਇਕ ਪੁਲਿਸ ਅਫਸਰ ਨੇ ਉਸ ਦੀ ਲੱਤ 'ਤੇ ਗੋਲੀ ਮਾਰੀ। ਗਾਰਸੀਆ ਅਨੁਸਾਰ ਔਰਤ ਤੋਂ ਇਲਾਵਾ ਹੋਰ ਕੋਈ ਜ਼ਖਮੀ ਨਹੀਂ ਹੋਇਆ। ਔਰਤ ਨੂੰ ਗ੍ਰਿਫਤਾਰ ਕਰ ਕੇ ਤੁਰੰਤ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੇ ਔਰਤ ਦਾ ਨਾਂ ਨਹੀਂ ਦੱਸਿਆ ਹੈ। ਗਾਰਸੀਆ ਅਨੁਸਾਰ ਔਰਤ ਨੇ ਹਵਾ ਵਿਚ ਗੋਲੀ ਕਿਉਂ ਚਲਾਈ ਇਸ ਬਾਰੇ ਜਾਂਚ ਕੀਤੀ ਜਾ ਰਹੀ ਹੈ। ਗੋਲੀ ਚੱਲਣ ਉਪਰੰਤ ਹਵਾਈ ਅੱਡੇ ਨੂੰ ਖਾਲੀ ਕਰਵਾ ਲਿਆ ਗਿਆ। ਹਵਾਈ ਅੱਡੇ 'ਤੇ ਪਹੁੰਚੀਆਂ ਉਡਾਣਾਂ ਨੂੰ ਉਥੇ ਹੀ ਕੁਝ ਘੰਟਿਆਂ ਲਈ ਰੋਕ ਲਿਆ ਗਿਆ ਤੇ ਜੋ ਉਡਾਣਾਂ ਜਾਣ ਦੀ ਤਿਆਰੀ ਵਿਚ ਸਨ, ਉਹ ਵੀ ਰੋਕ ਲਈਆਂ ਗਈਆਂ। ਦੁਪਹਿਰ 2 ਵਜੇ ਤੋਂ ਬਾਅਦ ਹਵਾਈ ਅੱਡੇ ਉਪਰ ਮੁਸਾਫਿਰਾਂ ਦੀ ਸੁਰੱਖਿਆ ਜਾਂਚ ਦਾ ਕੰਮ ਸ਼ੁਰੂ ਹੋਇਆ।

# ਕਰੋਗੇ ਯਾਦ ਤੋਂ ਹਰ ਬਾਤ ਯਾਦ ਆਏਗੀ...



ਕਲਾ ਪਰਿਕਰਮਾ

ਭੁਪਿੰਦਰ ਹਿੰਦੀ ਫਿਲਮ ਸੰਗੀਤ ਦੇ ਅਜਿਹੇ ਗਵੱਈਏ ਹੋਏ ਸਨ ਜਿਨ੍ਹਾਂ ਨੇ ਉਸ ਦੌਰ ਵਿਚ ਆਪਣੀ ਸੁਤੰਤਰ ਹੋਂਦ ਬਣਾਈ ਜਦੋਂ ਮੁਹੰਮਦ ਰਫੀ, ਕਿਸ਼ੋਰ ਕੁਮਾਰ, ਮੰਨਾ ਡੇ ਆਦਿ ਵਰਗੇ ਕਹਿੰਦੇ-ਕਹਾਉਂਦੇ ਗਾਇਕਾਂ ਦਾ ਸਿੱਕਾ ਚੱਲਦਾ ਸੀ। ਗਜ਼ਲਨੁਮਾ ਗੀਤਾਂ 'ਤੇ ਆਧਾਰਿਤ ਆਪਣੀ ਮੌਲਿਕ ਗਾਇਨ ਸ਼ੈਲੀ ਦੀ ਹੋਂਦ ਸਦਕਾ ਉਨ੍ਹਾਂ ਨੇ ਫਿਲਮ ਸੰਗੀਤ ਦੇ ਖੇਤਰ ਵਿਚ ਆਪਣੀ ਪਰਿਪੱਕ ਥਾਂ ਬਣਾਈ ਜਿਸ ਨੂੰ ਹੁਣ ਤੱਕ ਯਾਦ ਕੀਤਾ ਜਾਂਦਾ ਹੈ। ਭੁਪਿੰਦਰ ਦਾ ਜਨਮ 6 ਫਰਵਰੀ, 1940 ਨੂੰ ਅੰਮ੍ਰਿਤਸਰ ਵਿਖੇ ਹੋਇਆ। ਸੰਗੀਤ ਦੀ ਗੁੜ੍ਹਤੀ ਇਨ੍ਹਾਂ ਨੂੰ ਆਪਣੇ ਪਿਤਾ ਜੀ ਪਾਸੋਂ ਮਿਲੀ ਜੋ ਆਪ ਵੀ ਸੰਗੀਤਕਾਰ ਸਨ। ਬਚਪਨ ਵਿਚ ਹੀ ਸੰਗੀਤ ਦਾ ਮਾਹੌਲ ਮਿਲਣ ਕਾਰਨ ਭੁਪਿੰਦਰ ਦੀ ਸੰਗੀਤ ਪ੍ਰਤੀ ਸੋਝੀ ਪਰਿਪੱਕ ਹੁੰਦੀ ਰਹੀ। ਭੁਪਿੰਦਰ ਆਕਾਸ਼ਵਾਣੀ ਦੇ ਪ੍ਰੋਗਰਾਮਾਂ ਲਈ ਗਿਟਾਰ ਅਤੇ ਵਾਇਲਨ ਵੀ ਵਜਾਉਂਦੇ ਰਹੇ ਅਤੇ ਦਿੱਲੀ ਵਿਚ ਹੀ ਸੰਗੀਤਕਾਰ ਐੱਸ. ਭਾਟੀਆ ਨੇ ਭੁਪਿੰਦਰ ਤੋਂ ਭਾਰਤ-ਚੀਨ ਦੀ ਲੜਾਈ ਦੌਰਾਨ ਕਈ ਦੇਸ਼ ਭਗਤੀ ਦੇ ਗੀਤ ਗਵਾਏ।

**ਡਾ. ਅਮਰਿੰਦਰ ਸਿੰਘ**
**ਫੋਨ: +91-98881-14583**

ਭੁਪਿੰਦਰ ਦੇ ਕਰੀਅਰ ਨੇ ਉਦੋਂ ਮੋੜ ਲਿਆ ਜਦੋਂ ਉਸ ਨੂੰ ਸੰਗੀਤਕਾਰ ਮਦਨ ਮੋਹਨ ਨੇ ਆਪਣੀ ਫਿਲਮ 'ਹਕੀਕਤ' ਵਿਚ ਗਾਉਣ ਦਾ ਪਹਿਲਾ ਮੌਕਾ ਦਿੱਤਾ। ਮਦਨ ਮੋਹਨ, ਭੁਪਿੰਦਰ ਦੀ ਗਾਇਕੀ ਤੋਂ ਐਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੂੰ ਬੰਬਈ ਆਉਣ ਦਾ ਸੱਦਾ ਦਿੱਤਾ। ਮਦਨ ਮੋਹਨ ਨੇ ਆਪਣੀ ਫਿਲਮ 'ਹਕੀਕਤ' (1964) ਵਿਚ ਭੁਪਿੰਦਰ ਨੂੰ ਕਵਾਲੀਨੁਮਾ ਗੀਤ 'ਹੋ ਕੇ ਮਜਬੂਰ ਉਸ ਨੇ ਭੁਲਾਇਆ ਹੋਗਾ' (ਤਲਤ, ਰਫੀ, ਮੰਨਾ ਡੇ ਤੇ ਭੁਪਿੰਦਰ) ਗੀਤ ਗਵਾ ਕੇ ਪਹਿਲਾ ਬਰੇਕ ਦਿੱਤਾ। ਇਹ ਗੀਤ ਉਨ੍ਹਾਂ ਦਾ ਪਹਿਲਾ ਫਿਲਮੀ ਗੀਤ ਸੀ ਜਿਸ ਵਿਚ ਉਨ੍ਹਾਂ ਦੀਆਂ ਪੰਕਤੀਆਂ ਨੂੰ ਉਨ੍ਹਾਂ 'ਤੇ ਹੀ ਫਿਲਮਾਇਆ ਗਿਆ ਸੀ।

ਇਸ ਵੱਡੇ ਮੌਕੇ ਤੋਂ ਬਾਅਦ ਉਨ੍ਹਾਂ ਦਾ ਨਾਂ ਹਿੰਦੀ ਫਿਲਮ ਸੰਗੀਤ ਵਿਚ ਤਾਂ ਜ਼ਰੂਰ ਹੋਇਆ ਪਰ ਉਨ੍ਹਾਂ ਨੂੰ ਹੋਰ ਕੋਈ ਮਹੱਤਵਪੂਰਨ ਫਿਲਮ ਨਾ ਮਿਲੀ। 'ਰੁੱਤ ਜਵਾਂ ਜਵਾਂ ਰਾਤ ਮਿਹਰਬਾਂ' (ਆਖਰੀ ਖਤ-1966) ਉਨ੍ਹਾਂ ਦਾ ਪਹਿਲਾ ਏਕਲ ਗੀਤ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਕਈ ਫਿਲਮਾਂ ਵਿਚ ਗੀਤ ਗਾਏ ਪਰ ਕੋਈ ਖਾਸ ਸਫਲਤਾ ਹੱਥ ਨਾ ਲੱਗੀ। ਭੁਪਿੰਦਰ ਦੇ ਫਿਲਮੀ ਕਰੀਅਰ ਵਿਚ ਫਿਲਮ 'ਪਰਿਚਯ' (1972) ਖਾਸ ਮਹੱਤਵ ਰੱਖਦੀ ਹੈ। ਇਸ ਫਿਲਮ ਨੇ ਉਨ੍ਹਾਂ ਦੇ ਫਿਲਮੀ ਸਫਰ ਨੂੰ ਪਛਾਣ ਦਿੱਤੀ। ਆਰ.ਡੀ. ਬਰਮਨ ਦੇ ਸੰਗੀਤ ਨਿਰਦੇਸ਼ਨ ਵਿਚ 'ਮਿਤਵਾ ਬੋਲੇ ਮੀਠੇ ਬੈਨ' ਅਤੇ ਤੇ 'ਬੀਤੀ ਨਾ ਬਿਤਾਈ ਰੈਨਾ' ਗੀਤ ਗਾ ਕੇ ਭੁਪਿੰਦਰ ਨੇ ਵਾਹ-ਵਾਹ ਖੱਟੀ।




*ਨੌਜਵਾਨੀ ਵੇਲੇ ਗਾਇਕ ਭੁਪਿੰਦਰ।*

ਫਿਲਮ 'ਮੌਸਮ' (1975) ਨੇ ਭੁਪਿੰਦਰ ਨੂੰ ਚੋਟੀ ਦੇ ਗਾਇਕਾਂ ਵਿਚ ਸ਼ੁਮਾਰ ਕਰ ਦਿੱਤਾ। ਇਸ ਫਿਲਮ ਦਾ ਸੰਗੀਤ ਮਦਨ ਮੋਹਨ ਅਤੇ ਗੀਤ ਗੁਲਜ਼ਾਰ ਨੇ ਲਿਖੇ ਸਨ। ਭੁਪਿੰਦਰ ਨੇ ਇਸ ਫਿਲਮ ਵਿਚ 'ਦਿਲ ਢੂੰਡਤਾ ਹੈ ਫਿਰ ਵਹੀ ਫੁਰਸਤ ਕੇ ਰਾਤ ਦਿਨ' ਗੀਤ ਨੂੰ ਦੋ ਵੱਖ-ਵੱਖ ਅੰਦਾਜ਼ਾਂ ਵਿਚ ਗਾ ਕੇ ਧੁੰਮ ਮਚਾਈ। ਇਸੇ ਤਰ੍ਹਾਂ ਹੀ 'ਏਕ ਅਕੇਲਾ ਇਸ ਸ਼ਹਿਰ ਮੇਂ' (ਘਰੌਂਦਾ-1977), 'ਨਾਮ ਗੁੰਮ ਜਾਏਗਾ ਚਿਹਰਾ ਯੇ ਬਦਲ ਜਾਏਗਾ' (ਲਤਾ, ਭੁਪਿੰਦਰ) (ਕਿਨਾਰਾ-1977), 'ਆਈ ਰੁੱਤ ਸਾਵਨ ਕੀ ਪੀਆ ਮੋਰਾ ਜਾਏ ਰੇ' (ਉਸਤਾਦ ਫਿਆਜ਼ ਖਾਂ, ਭੁਪਿੰਦਰ) (ਅਲਾਪ-1977) ਅਤੇ 'ਰੰਗ ਮਹਿਲ ਕੇ ਦਸ ਦਰਵਾਜ਼ੇ' (ਲਤਾ, ਭੁਪਿੰਦਰ), (ਸਤਿਯਮ ਸ਼ਿਵਮ ਸੁੰਦਰਮ-1978), 'ਕਰੋਗੇ ਯਾਦ ਤੋਂ ਹਰ ਬਾਤ ਯਾਦ ਆਏਗੀ' (ਬਾਜ਼ਾਰ-1981 )ਆਦਿ ਗੀਤਾਂ ਲਈ ਭੁਪਿੰਦਰ ਨੂੰ ਯਾਦ ਕੀਤਾ ਜਾਂਦਾ ਰਹੇਗਾ।

1980 'ਚ ਇਨ੍ਹਾਂ ਦਾ ਵਿਆਹ ਬੰਗਲਾਦੇਸ਼ ਦੀ ਗਾਇਕਾ ਮਿਤਾਲੀ ਮੁਖਰਜੀ (ਸਿੰਘ) ਨਾਲ ਹੋਇਆ। ਇਹ ਜੋੜੀ ਸੰਗੀਤ ਮਹਿਫਲਾਂ ਵਿਚ ਜੁਗਲਬੰਦੀ ਦਿਖਾਉਂਦੀ ਰਹੀ। ਪ੍ਰਤਿਭਾਸ਼ਾਲੀ ਭੁਪਿੰਦਰ ਦੇ ਹਿੰਦੀ ਫਿਲਮੀ ਗੀਤਾਂ ਦੇ ਨਾਲ-ਨਾਲ ਇਨ੍ਹਾਂ ਦੀਆਂ ਕਈ ਪ੍ਰਾਈਵੇਟ ਐਲਬਮਾਂ ਵੀ ਆਈਆਂ ਹਨ। ਇਨ੍ਹਾਂ ਵਿਚੋਂ 'ਆਪਕੇ ਨਾਮ', 'ਆਪਸ ਕੀ ਬਾਤੇਂ', 'ਸ਼ਰਮਾਤੇ ਸ਼ਰਮਾਤੇ', 'ਅਰਜ਼ ਕੀਆ ਹੈ', 'ਨਸ਼ੇਮਨ', 'ਕੁਛ ਇੰਤਜ਼ਾਰ ਹੈ', 'ਆਰਜ਼ੂ' ਅਤੇ 'ਚਾਂਦ ਪਰੋਸਾ ਹੈ' ਆਦਿ ਸੰਗੀਤ ਜਗਤ ਲਈ ਨਾਯਾਬ ਤੋਹਫਾ ਹਨ।

ਗਾਇਨ ਦੇ ਨਾਲ-ਨਾਲ ਉਹ ਬਹੁਤ ਅੱਛੇ ਗਿਟਾਰ ਵਾਦਕ ਵੀ ਸਨ। ਆਪਣੇ ਸੰਘਰਸ਼ ਦੇ ਦਿਨਾਂ ਵਿਚ ਉਹ ਸੰਗੀਤਕਾਰ ਆਰ.ਡੀ. ਬਰਮਨ ਦੇ ਆਰਕੈਸਟਰਾ ਵਿਚ ਗਿਟਾਰ ਵੀ ਵਜਾਉਂਦੇ ਰਹੇ। ਉਹ ਆਪਣੀ ਸੁਤੰਤਰ ਗਾਇਨ ਸ਼ੈਲੀ ਦੇ ਆਧਾਰ 'ਤੇ ਹਿੰਦੀ ਫਿਲਮ ਸੰਗੀਤ ਵਿਚ ਆਪਣੀ ਮੁਕੰਮਲ ਥਾਂ ਬਣਾਉਣ ਵਿਚ ਕਾਮਯਾਬ ਰਹੇ। ਇਨ੍ਹਾਂ ਦੀ ਸ਼ੈਲੀ ਵਿਸ਼ੇਸ਼ 'ਤੇ ਆਧਾਰਿਤ ਗੀਤ ਗਵਾਉਣ ਲਈ ਭੁਪਿੰਦਰ ਨੂੰ ਹੀ ਯਾਦ ਕੀਤਾ ਜਾਂਦਾ ਹੈ, ਜਿਵੇਂ ਫਿਲਮ 'ਟਰੈਫਿਕ ਸਿਗਨਲ' (2007) ਦਾ 'ਨਾ ਜਿਸ ਦਿਨ ਤੇਰੀ ਮੇਰੀ ਬਾਤ ਹੋਤੀ ਹੈ'। 18 ਜੁਲਾਈ ਨੂੰ ਦਿਲ ਦਾ ਦੌਰਾ ਪੈ ਜਾਣ ਕਾਰਨ 82 ਵਰ੍ਹੇ ਦੀ ਉਮਰ ਭੋਗਦੇ ਹੋਏ ਇਹ ਮਧੁਰ ਆਵਾਜ਼ ਸੰਗੀਤ ਜਗਤ ਨੂੰ ਸਦੀਵੀ ਵਿਛੋੜਾ ਦੇ ਗਈ।





*ਭੁਪਿੰਦਰ ਆਪਣੀ ਪਤਨੀ ਮਿਤਾਲੀ ਸਿੰਘ ਨਾਲ ਅਤੇ (ਸੱਜੇ) ਗਜ਼ਲ ਗਾਇਕਾਂ ਪੰਕਜ ਉਧਾਸ, ਸੁਰੇਸ਼ ਵਾਡੇਕਰ, ਰੇਖਾ ਭਾਰਦਵਾਜ, ਪੀਨਾਜ ਮਸਾਨੀ, ਅਨੁਰਾਧਾ ਪੌਡਵਾਲ ਅਤੇ ਹੋਰ ਗਜ਼ਲ ਗਾਇਕਾਂ ਨਾਲ।*

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਅਗਸਤ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-546



**ਤੀਆਂ ਦਾ ਤਿਉਹਾਰ ਆ ਗਿਆ, ਪੇਕੇ ਕਰਨ ਉਡੀਕਾਂ ਧੀਆਂ,**
**ਲੈ ਕੇ ਸੰਧਾਰਾ ਵੀਰ ਨੇ ਜਾਣਾ ਹੈ, ਫਿਕਰ ਪਿਆ ਘਰ ਦੇ ਜੀਆਂ,**
**ਤੁਰ ਪਈ ਬੇਬੇ ਜੀ ਚੁੱਕ ਕੇ ਪੀਪਾ, ਲੈ ਕੇ ਆਟਾ, ਦੁੱਧ, ਘਿਓ, ਖੰਡ,**
**ਲਿਆਊ ਬਿਸਕੁਟ ਭਰ ਕੇ ਪੀਪਾ, ਵਡਿਆਈ ਧੀ ਨੇ ਕਰਨੀ ਵੰਡ।**

### ਕੈਪਸ਼ਨ ਮੁਕਾਬਲਾ-544



ਸੜਕ ਕਿਨਾਰੇ ਲੈ ਕੇ ਬਹਿ ਗਈ,
ਲਾ ਕੇ ਪਿੱਲੇ ਘੜਿਆਂ ਦੀ ਡਾਰ,
ਯਾਦ ਕਰਾਉਂਦੀ ਵਿਰਸਾ ਪੁਰਾਣਾ,
ਜੋ ਹੁਣ ਹੈ ਗਿਆ ਉਡਾਰੀ ਮਾਰ
ਅੱਤ ਦੀ ਗਰਮੀ ਸਿਖਰ ਦੁਪਹਿਰੇ,
ਲੱਗਦਾ ਘੜੇ ਦਾ ਪਾਣੀ ਮਿੱਠਾ,
ਪੈਦਲ ਚੱਲਦੇ ਸਨ ਜਦੋਂ ਮੁਸਾਫ਼ਿਰ,
ਹਾਲ ਸੁਣਾਵਾਂ ਜੋ ਅੱਖੀਂ ਡਿੱਠਾ
ਕੱਚੇ ਰਾਹ ਕੰਢੇ ਛਾਂਦਾਰ ਰੁੱਖ ਥੱਲੇ,
ਕੋਈ ਭਗਤ ਜਨ ਸੀ ਬਹਿੰਦਾ,
'ਛਕ ਲਓ ਠੰਢਾ ਮਿੱਠਾ ਜਲ ਬਈ',
ਨਾਲ਼ ਪਿਆਰ ਦੇ ਸੀ ਕਹਿੰਦਾ।
***-ਸੇਵਾ ਸਿੰਘ 'ਨੂਰਪੁਰੀ'***

---

ਘੁਮਿਆਰ ਦੇ ਹੱਥਾਂ ਦਾ ਹੁਨਰ,
ਸੜਕ ਕਿਨਾਰੇ ਧੁੱਪੇ ਰੁਲਦਾ।
ਘਰਾਂ ਵਿਚ ਫਰਿੱਜਾਂ ਆਈਆਂ,
ਬੰਦਾ ਘੜੇ ਨੂੰ ਜਾਂਦਾ ਭੁੱਲਦਾ।
ਮਿੱਟੀ ਦੇ ਗੁਣਾਂ ਦੀ ਕਦਰ ਵਿਸਾਰੀ,
ਤਾਹੀਓਂ ਨਾਲ ਬਿਮਾਰੀਆਂ ਘੁਲਦਾ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਸਾਡੀ ਵੀ ਕਦੇ ਕਦਰ ਸੀ ਹੁੰਦੀ
ਹਰ ਥਾਂ ਸਾਥ ਨਿਭਾਉਂਦੇ ਸੀ।
ਤਪਦੀ ਹੋਈ ਲੂਅ ਦੇ ਵਿਚ ਵੀ
ਠੰਡ ਕਾਲਜੇ ਪਾਉਂਦੇ ਸੀ।
ਹੁਣ ਤਾਂ ਸੜਕ ਕਿਨਾਰੇ ਆ'ਗੇ
ਟਾਵਾਂ ਟੱਲਾ ਗਾਹਕ ਆਵੇ।
ਉਹ ਵੀ ਪਹਿਲਾਂ ਪਰਖਣ ਖਾਤਰ
ਟਿਕਾ-ਟਿਕਾ ਕੇ ਠੋਲੇ ਲਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ:+1 2042963177***

---

ਗੁੰਨ੍ਹ-ਗੁੰਨ੍ਹ ਮਿੱਟੀ ਨੂੰ
ਭੋਰਾ ਭੋਰਾ ਪਾ ਪਾਣੀ
ਦੇ ਸੇਕ ਪੂਰਾ ਆਵੇ 'ਚ ਬਣਦੇ
ਘੜੇ ਦਾ ਆਹਰ
ਵਿਰਸੇ ਵਿਚ ਹੀ ਮਿਲਿਆ।
ਲਾ ਨੁਮਾਇਸ਼ ਜਚਦੀ ਜਗ੍ਹਾ
ਰੱਖ ਘੜੌਂਜੀ ਉਤੇ ਘੜਾ
ਦੇ ਢੱਕਣ ਉਤੇ
ਠੰਢਾ ਠਾਰ ਪਾਣੀ ਪਿਲਾ
ਵੇਚਣ ਲਈ ਰੂੰਗਾ ਜਿਵੇਂ
ਕੂਲਰ ਨਾਲੋਂ ਠੰਢਾ ਪਾਣੀ
ਸਿਖਰ ਦੁਪਹਿਰੇ ਗਾਹਕ ਦਿਸੇ ਹੀ ਨਾ ਕਿਤੇ
ਦੁਖ ਹੁੰਦਾ ਮੁਨਾਫਾ ਤਾਂ ਕੀ
ਲੱਗੀ ਮਿਹਨਤ ਹੀ ਮੁੜ ਆਵੇ।
**-ਦਰਸ਼ਨ ਪਾਲ ਦੋਸਾਂਝ**

# ਇਕ ਸਿੱਖ ਦੀ ਅਰਦਾਸ ਵਿਚ ਆਸ ਦੀ ਮਘਦੀ ਚਿਣਗ - 'ਦੇਸ ਨਿਕਾ਼ਲਾ'

ਕੁਝ ਕੁ ਹਫ਼ਤੇ ਪਹਿਲਾਂ ਇੰਗਲੈਂਡ ਦੇ ਕੁਝ ਪੰਜਾਬੀ ਲੇਖਕਾਂ ਨਾਲ ਗੱਲਬਾਤ ਚੱਲ ਰਹੀ ਸੀ ਕਿ ਅੱਜ-ਕੱਲ੍ਹ ਪੰਜਾਬੀ ਸਾਹਿਤ ਦੇ ਪਾਠਕ ਲਗਾਤਾਰ ਘਟ ਰਹੇ ਨੇ, ਤਾਂ ਹੀ ਪੰਜਾਬੀ ਦੀਆਂ ਕਿਤਾਬਾਂ ਘੱਟ ਵਿਕਦੀਆਂ ਹਨ, ਖਾਸ ਤੌਰ 'ਤੇ ਥੋਕ ਵਿਚ ਛਪ ਰਹੀਆਂ ਪੰਜਾਬੀ ਦੀ ਖੁੱਲ੍ਹੀ ਕਵਿਤਾ ਦੀਆਂ ਕਿਤਾਬਾਂ।

ਉਨ੍ਹੀਂ ਦਿਨੀਂ ਪ੍ਰਭਸ਼ਰਨਦੀਪ ਨੇ ਫੇਸਬੁੱਕ 'ਤੇ ਆਪਣੀ ਕਵਿਤਾਵਾਂ ਦੀ ਛਪੀ ਕਿਤਾਬ 'ਦੇਸ ਨਿਕਾਲਾ' ਬਾਰੇ ਜ਼ਿਕਰ ਕੀਤਾ, ਜੋ ਉੱਤਰੀ ਅਮਰੀਕਾ ਵਾਲੇ ਐਮਾਜ਼ੋਨ ਦੀ ਵੈਬਸਾਈਟ 'ਤੇ ਤਾਜ਼ਾ ਛਪੀਆਂ ਕਵਿਤਾਵਾਂ ਦੀ ਕਿਤਾਬ ਦੇ ਹਿੱਸੇ ਵਿਚ ਪਹਿਲੇ ਨੰਬਰ 'ਤੇ ਚੱਲ ਰਹੀ ਸੀ।

**ਕੰਵਰ ਬਰਾੜ (ਇੰਗਲੈਂਡ)**
**+447930886448**

ਪ੍ਰਭਸ਼ਰਨਦੀਪ ਸਿੰਘ ਦੀ 172 ਸਫ਼ਿਆਂ ਦੀ ਇਸ ਕਿਤਾਬ ਨੂੰ ਦੋ ਖਾਕਿਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਨੁਛੇਦ 'ਕਵਿਤਾ ਦੇ ਅੰਗ ਸੰਗ' ਵਿਚ ਕਵੀ ਆਪਣੇ ਗਿਆਨ ਤੇ ਤਜਰਬੇ ਵਿਚੋਂ ਉਪਜੇ ਵਿਵੇਕ ਨੂੰ ਪਾਠਕ ਨਾਲ ਵੰਡਣ ਦੇ ਨਾਲ ਨਾਲ, ਇਕ ਸਿੱਖ ਵਜੋਂ ਪੰਜਾਬੀ ਕਵਿਤਾ ਤੇ ਸਾਹਿਤਕ ਦੁਨੀਆ ਦੇ ਵਿਚਕਾਰ ਵਿਚਰਦਾ, ਤੇ ਦਿਨੋਂ ਦਿਨ ਬੇਵਤਨੀ ਤੋਂ ਪਹਿਲਾਂ ਆਪਣੀ ਹੀ ਧਰਤੀ 'ਤੇ ਸਹੀ ਬੇਗਾਨਗੀ ਦੇ ਆਪਣੇ ਅਨੁਭਵ ਦੀ ਬਾਤ ਪਾਉਂਦਿਆਂ, ਸਮੇਂ ਦੀਆਂ ਕਈ ਪਰਤਾਂ ਫਰੋਲਦਾ।

ਕਿਤਾਬ ਦੇ ਇਸ ਭਾਗ ਵਿਚ ਵਾਰਤਕ ਰਾਹੀਂ ਸਾਂਝਾ ਕੀਤਾ ਦਿਲ ਦਾ ਦਰਦ ਇਸ ਵਿਚਲੀਆਂ ਕਵਿਤਾਵਾਂ ਵਿਚੋਂ ਵੀ ਸਾਫ਼ ਝਲਕਦੈ।


ਪਹਿਲੇ 20 ਕੁ ਸਫ਼ਿਆਂ ਵਿਚ ਪ੍ਰਭਸ਼ਰਨਦੀਪ ਸਿੰਘ ਕਾਵਿ ਸਿਰਜਣਾ ਦੇ ਸੰਬੰਧ ਵਿਚ 'ਕਵਿਤਾ, ਕਾਲ, ਤੇ ਬੋਲੀ' ਬਾਰੇ ਐਨਾ ਕੁਝ ਕਹਿ ਗਿਆ ਜਿਸ ਨੂੰ ਸ਼ਾਇਦ ਪੰਜਾਬੀ ਦਾ ਕੋਈ ਹੋਰ ਸਾਹਿਤਕਾਰ ਅਜੇ ਤੱਕ ਐਨੇ ਸੋਹਣੇ ਤੇ ਸਰਲ ਸ਼ਬਦਾਂ ਵਿਚ ਬਿਆਨ ਕਰਨ ਤੋਂ ਅਸਮਰੱਥ ਰਿਹਾ ਹੋਵੇ।

ਕਿਤਾਬ ਦੇ ਇਸ ਭਾਗ ਵਿਚੋਂ ਕੁਝ ਸਤਰਾਂ ਸਾਂਝੀਆ ਕਰ ਕੇ ਹੀ ਕਵੀ ਦੀ ਇਨ੍ਹਾਂ ਸੰਕਲਪਾਂ ਬਾਰੇ ਡੂੰਘੀ ਜਾਣਕਾਰੀ ਦਾ ਅਸਲ ਅਹਿਸਾਸ ਮਹਿਸੂਸ ਕੀਤਾ ਜਾ ਸਕਦਾ ਹੈ।

ਕਵੀ ਦੀ ਅਵਸਥਾ ਕਵਿਤਾ ਦੇ ਮਿਆਰ ਦਾ ਬੁਨਿਆਦੀ ਅਧਾਰ ਹੁੰਦੀ ਹੈ। (ਸਫ਼ਾ 6, ਦੇਸ ਨਿਕਾਲ਼ਾ)

ਕਵਿਤਾ ਅਹਿਸਾਸ ਤੇ ਬੋਲੀ ਦੇ ਸਰੋਦੀ ਸੰਜੋਗ ਦੀ ਘੜੀ 'ਚੋਂ ਪੈਦਾ ਹੁੰਦੀ ਹੈ। (ਸਫ਼ਾ 7, ਦੇਸ ਨਿਕਾਲ਼ਾ)

ਕਾਲ ਨੂੰ ਪਰਿਭਾਸ਼ਿਤ ਕਰਦਿਆਂ ਪ੍ਰਭਸ਼ਰਨਦੀਪ ਸਿੰਘ ਪਾਠਕ ਨੂੰ ਕਾਲ ਦੀ ਰੇਖਕੀ ਪਰਿਭਾਸ਼ਾ ਦੇ ਪਰਲੇ ਪਾਰ ਕੁਦਰਤ




ਦੀ ਹਰ ਸ਼ੈਅ ਨੂੰ ਨਵਿਆਉਣ ਦੇ ਚੱਕਰ ਵਿਚੋਂ ਤੱਕਣ ਦੀ ਪੁਕਾਰ ਲਾਉਂਦਾ, ਤਾਂ ਜੋ ਕਿਸੇ ਵੀ ਕਾਲ ਵਿਚ ਲਿਖੀ ਕਵਿਤਾ ਨੂੰ ਸਮਿਆਂ ਦੇ ਪਰਲੇ-ਪਾਰੋਂ ਤੱਕਦਿਆਂ ਸਮੇਂ ਦੇ ਜਾਲ ਵਿਚੋਂ ਕੱਢ ਕੇ ਵਿਚਾਰਿਆ ਜਾ ਸਕੇ।

ਕਵੀ ਅਨੁਸਾਰ ਬੋਲੀ ਦੀ ਹਸਤੀ ਇਕਹਿਰੀ ਨਹੀਂ, ਬਹੁਵਚਨੀ ਹੈ। ਇੱਕੋ ਕਾਲ ਤੇ ਸਥਾਨ 'ਤੇ ਰਹਿੰਦੇ ਲੋਕਾਂ ਦਾ ਸਥਾਨਕ ਬੋਲੀ ਨਾਲ ਰਿਸ਼ਤਾ ਵੱਖਰਾ ਹੋ ਸਕਦਾ ਹੈ, ਜਿਵੇਂ ਪੰਜਾਬ ਦੇ ਸਿੱਖਾਂ ਦਾ ਪੰਜਾਬੀ ਨਾਲ ਰਿਸ਼ਤਾ ਪੰਜਾਬ ਦੇ ਗੈਰ ਸਿੱਖਾਂ ਦੇ ਪੰਜਾਬੀ ਨਾਲ ਅਨੁਭਵ ਤੋਂ ਵੱਖਰਾ ਹੈ।

ਪੰਜਾਬ ਦੇ ਸਿੱਖਾਂ ਦੀ ਪੰਜਾਬੀ ਨਾਲ ਖ਼ਾਸ ਨਾਤੇ ਵਾਲੀ ਗੱਲ ਮੇਰੇ ਦਿਲ ਦਿਮਾਗ਼ ਨੂੰ ਕਾਫ਼ੀ ਟੁੰਬੀ। ਵਾਕਿਆ ਹੀ ਵਾਜਬ ਗੱਲ ਹੈ ਕਿ ਗੁਰਮੁਖੀ ਤੇ ਗੁਰਬਾਣੀ ਦਾ ਅਟੁੱਟ ਰਿਸ਼ਤਾ ਸਾਡੇ ਪੇਂਡੂ ਪੰਜਾਬੀ ਸਿੱਖ ਜੀਵਨ ਦੀ ਨੀਂਹ ਰੱਖਦਾ ਹੈ। ਇਨ੍ਹਾਂ ਵਿਚੋਂ ਕਿਸੇ ਇਕ ਨੂੰ ਸਾਡੀ ਜ਼ਿੰਦਗੀ ਵਿਚੋਂ ਲਾਂਭੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਦੋਵੇਂ ਇਕ ਪੰਜਾਬੀ ਸਿੱਖ ਦੇ ਜੀਵਨ ਦਾ ਮੁੱਢਲਾ ਆਧਾਰ ਹਨ।

'ਕਵਿਤਾ ਤੇ ਮੇਰਾ ਸਫ਼ਰ' ਦਾ ਪਾਠ ਕਰਦਿਆਂ ਇਕ ਪਾਠਕ ਦੇ ਤੌਰ 'ਤੇ ਦਿਲ ਵਿਚ ਕਾਫ਼ੀ ਵਲਵਲੇ ਉਠੇ। ਕਵੀ ਵੱਲੋਂ ਉੱਨੀ ਸੌ ਅੱਸੀਵਿਆਂ ਤੇ ਨੱਬੇਵਿਆਂ ਦੇ ਦਹਾਕਿਆਂ ਵਿਚ ਆਪਣੇ ਨਾਲ ਵਾਪਰੀਆਂ ਘਟਨਾਵਾਂ ਦੀ ਕਿੱਸਿਆਂ ਵਿਚ ਬਿਰਤਾਂਤ ਕੀਤੀ ਸੱਚਾਈ ਤੋਂ ਪਾਠਕ ਦਾ ਮੁਨਕਰ ਹੋਣਾ ਔਖਾ ਹੈ।

ਕਵੀ ਦਰਸਾਉਂਦਾ ਹੈ ਕਿ ਪੰਜਾਬ ਦੀ ਧਰਤੀ 'ਤੇ ਜੰਮਿਆ ਜਾਇਆ ਇਕ ਸਿੱਖ ਨੌਜਵਾਨ ਕਿਵੇਂ ਆਪਣੀ ਪੰਜਾਬੀ ਬੋਲੀ ਤੇ ਸਾਹਿਤ ਦੀ ਦਾਅਵੇਦਾਰੀ ਤੋਂ ਕਿਸੇ ਹੱਦ ਤੱਕ ਆਪਣੇ ਵਰਗੇ ਦਿਸਦੇ ਲੋਕਾਂ ਵੱਲੋਂ ਦਿਨੋਂ-ਦਿਨ ਬੇਦਖ਼ਲ ਕੀਤਾ ਜਾਂਦਾ ਤੇ ਸਮਾਜ ਸਿਰਫ਼ ਖੜ੍ਹਾ ਤਮਾਸ਼ਾ ਦੇਖਦੈ।

ਕਵੀ ਇਕ ਥਾਂ ਲਿਖਦਾ ਹੈ ਕਿ ਉਸ ਨੇ ਕਵੀਆਂ ਦੀ ਇਕਮਹਿਫ਼ਲ ਵਿਚ ਬੈਂਤ ਵਿਚ ਲਿਖੀ ਕਵਿਤਾ ਸੁਣਾਈ। ਕਵਿਤਾ ਦੀ ਸਮੀਖਿਆ ਕਰਨ ਦੀ ਬਜਾਏ ਉਨ੍ਹਾਂ ਕਵੀ ਦੇ ਨਾਮ 'ਤੇ ਹੱਲਾ ਬੋਲ ਦਿੱਤਾ। ਇਕ ਬੋਲਿਆ 'ਜਪੁਜੀ ਸਾਹਿਬ ਦੀ ਪਹਿਲੀ ਪਉੜੀ ਜਿੱਡਾ ਤਾਂ ਤੇਰਾ ਨਾਂ ਹੀ ਹੈ।'

ਹੁਣ ਇਸ ਘਟਨਾ ਬਾਰੇ ਸੋਚਿਓ ਕਿ ਸਮਕਾਲੀ ਸਮਿਆਂ ਵਿਚੋਂ ਲੰਘਦਿਆਂ ਅਸੀਂ ਕਿੰਨੀ ਵਾਰੀ ਆਮ ਸਮਾਜਿਕ ਇਕੱਠਾਂ ਵਿਚ ਲੋਕਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਸੁਣਿਆ ਤੇ ਫੇਰ ਸੋਚਿਓ ਉਸ ਪੰਜਾਬੀ ਸਿੱਖ ਨੌਜਵਾਨ ਬਾਰੇ, ਉਸ ਉਪਰ ਕੀ ਬੀਤ ਰਹੀ ਹੋਵੇਗੀ, ਜਿਸ ਨੂੰ ਉਸ ਦੇ ਬਾਬੇ ਦਾਦਿਆਂ ਦੀ ਖੱਟੀ ਪਰੰਪਰਾਗਤ ਵਿਰਾਸਤ ਤੋਂ ਪਰ੍ਹਾਂ ਧੱਕ ਆਧੁਨਿਕਤਾ ਦੀ ਛਤਰੀ ਥੱਲੇ ਧੱਕਿਆ ਜਾ ਰਿਹਾ ਹੋਵੇ। ਕੀ ਪੰਜਾਬੀ ਸਿੱਖ ਹੋ ਕੇ ਕਵਿਤਾ ਦਾ ਪਾਠਕ ਤੇ ਸਾਧਕ ਹੋਣਾ ਕੋਈ ਗੁਨਾਹ ਹੈ?

ਮੈਨੂੰ ਮਹਿਸੂਸ ਹੋਇਆ ਕਿ ਇਹ ਪੰਜਾਹ ਕੁ ਸਫ਼ੇ ਸਿਰਫ਼ ਕਹਿਣ-ਸੁਣਨ ਵਿਚ ਚੰਗੇ ਲੱਗਣ ਵਾਲੇ "ਮਨੁੱਖਵਾਦ" ਵਾਲੀ ਐਨਕ ਲਾਹ ਕੇ ਮਨੁੱਖ ਨੂੰ ਮਨੁੱਖ ਸਮਝਦਿਆਂ ਤੇ ਦੇਖਦਿਆਂ ਪੜ੍ਹਨ ਤੇ ਵਿਚਾਰਨ ਵਾਲੇ ਨੇ।

ਦੇਸ ਨਿਕਾਲ਼ਾ ਦਾ ਪਹਿਲਾ ਭਾਗ ਚਾਹੇ ਵਾਰਤਕ ਹੈ ਪਰ ਹਰ ਅੱਖਰ, ਸ਼ਬਦ ਤੇ ਵਾਕ ਨੂੰ ਕਾਵਿ ਵਾਂਗ ਹੀ ਗੁੰਦਿਆ ਗਿਆ ਹੈ। ਕਿਤਾਬ ਦਾ ਇਹ ਭਾਗ ਪੜ੍ਹਦਿਆਂ ਇਕ ਪਾਠਕ ਵਜੋਂ ਮੈਨੂੰ ਮਹਿਸੂਸ ਹੋਇਆ ਕਿ ਕਾਵਿ ਨਾਲ ਸਾਡੀ ਰੂਹ ਦੀ

## ਪੁਸਤਕ ਚਰਚਾ

ਸਾਂਝ ਹੈ ਕਿਉਂਕਿ ਸ਼ਬਦ ਹੀ ਸਾਡੀ ਸੋਚ ਦੀ ਜੜ੍ਹ ਹੈ:

ਅਸੀਂ ਕਾਵਿ ਜਨਮੇ
ਅਸੀਂ ਕਾਵਿ ਮੋਏ
ਅਸੀਂ ਕਾਵਿ ਹੱਸੇ
ਅਸੀਂ ਕਾਵਿ ਰੋਏ
ਸਾਡਾ ਕਾਵਿ ਗੁਰੂ
ਅਸੀਂ ਕਾਵਿ ਦੇ
ਕਾਵਿ ਹੰਢਾਉਂਦੇ
ਅਸੀਂ ਕਾਵਿ ਹੋਏ।
(ਕੰਵਰ)

ਅਕਸਰ ਹੀ ਗੱਲ ਹੁੰਦੀ ਹੈ ਕਿ ਸਮਕਾਲੀ ਮੁੱਦਿਆਂ ਬਾਰੇ ਖੁੱਲ੍ਹੀ ਜਾਂ ਪ੍ਰਗਤੀਵਾਦੀ ਕਹੀ ਜਾਣ ਵਾਲੀ ਕਵਿਤਾ ਹੀ ਨਿਆਂ ਕਰ ਸਕਦੀ ਹੈ, ਪਰ ਪ੍ਰਭਸ਼ਰਨਦੀਪ ਨੇ ਇਸ ਬਹਿਸ ਦੀ ਅੱਗ 'ਤੇ ਹਥਲੀਆਂ ਸਤਰਾਂ ਲਿਖ ਕੇ ਪਾਣੀ ਪਾ ਦਿੱਤਾ:

ਮਿੱਟੀ ਵਿੱਚ ਨੇ ਜ਼ਹਿਰਾਂ ਭਰ ਗਏ,
ਬਿਫਰੇ ਫਨੀਅਰ ਕਾਲ਼ੇ।
ਘੱਲੂਘਾਰੇ, ਦੇਸ-ਨਿਕਾਲ਼ੇ,
ਹੁਣ ਖੇਤਾਂ 'ਤੇ ਧਾਵੇ,
ਜਾ ਦਿੱਲੀ ਦੀ ਹਿੱਕ 'ਚ ਗੱਡੀਏ,
ਅੱਜ ਹਲਾਂ ਦੇ ਫਾਲ਼ੇ।
(ਸਫ਼ਾ 118, ਦੇਸ ਨਿਕਾਲ਼ਾ)

ਪ੍ਰਭਸ਼ਰਨਦੀਪ ਕੋਲ ਪੰਜਾਬੀ ਸ਼ਬਦਾਵਲੀ ਦਾ ਅਥਾਹ ਭੰਡਾਰ ਹੈ, ਸਿੱਖੀ ਜੀਵਨ ਦਾ ਅਨੁਭਵ ਤੇ ਠੋਸ ਗਿਆਨ ਹੈ ਜੋ ਉਸ ਦੀਆਂ ਕਵਿਤਾਵਾਂ ਦੇ ਹਰ ਸ਼ਬਦ ਨੂੰ ਜ਼ੁਬਾਨ ਦਿੰਦਾ ਹੈ। ਮੈਨੂੰ ਲੱਗਦਾ ਹੈ ਕਿ ਪ੍ਰਭਸ਼ਰਨਦੀਪ ਸਿੰਘ ਦਾ ਪੰਜਾਬੀ ਕਵਿਤਾ ਵਿਚ ਪ੍ਰਕਾਸ਼ਿਤ ਕਵੀ ਵਜੋਂ ਉੱਭਰਨਾ ਪੰਜਾਬੀ ਬੋਲੀ ਦੀ ਕਵਿਤਾ ਵਿਚੋਂ ਵਿਸਰ ਰਹੀ ਛੰਦਾਬੰਦੀ ਦੇ ਰੰਗਲੇ ਪੰਘੂੜੇ ਨੂੰ ਅਹਿਮ ਹੁਲਾਰਾ ਹੈ।

ਸਿੱਖੀ ਵਿਚਲੇ ਸ਼ਬਦ ਦੇ ਸੰਕਲਪ ਨੂੰ ਕੇਂਦਰ ਵਿਚ ਰੱਖ ਕੇ ਸਿਰਜੀ ਪ੍ਰਭਸ਼ਰਨਦੀਪ ਦੀ ਇਹ ਇਬਾਰਤ 'ਦੇਸ ਨਿਕਾਲ਼ਾ' ਪੰਜਾਬ ਦੀ ਧਰਤ, ਆਬ ਤੇ ਪਵਨ ਨਾਲ ਸਾਂਝ ਰੱਖਣ ਵਾਲੇ ਹਰ ਸੁਹਿਰਦ ਪੰਜਾਬੀ ਨੂੰ ਪੜ੍ਹਨੀ ਤੇ ਵਿਚਾਰਨੀ ਚਾਹੀਦੀ ਹੈ।

# ਪ੍ਰਭਸ਼ਰਨਦੀਪ ਸਿੰਘ ਦੀ ਕਿਤਾਬ 'ਦੇਸ ਨਿਕਾਲਾ'

***ਸ਼ਾਇਰ: ਡਾ. ਪ੍ਰਭਸ਼ਰਨਦੀਪ ਸਿੰਘ***
***ਕਿਤਾਬ: ਦੇਸ ਨਿਕਾਲ਼ਾ***
***ਪੰਨੇ: 158, ਮੁੱਲ: 350***
***ਸਿੰਘ ਬ੍ਰਦਰਜ਼***

ਸੈਰ ਕਰਦਿਆਂ ਪ੍ਰੋਫੈਸਰ ਹਰਪਾਲ ਸਿੰਘ ਪੰਨੂ ਨੇ ਸ਼ਾਇਰ ਪ੍ਰਭਸ਼ਰਨਦੀਪ ਸਿੰਘ ਦੀ ਕਿਤਾਬ 'ਦੇਸ ਨਿਕਾਲਾ' ਦਾ ਜ਼ਿਕਰ

**ਹਰਦੇਵ ਸਿੰਘ**

ਛੇੜਿਆ। ਮੈਂ ਦੱਸਿਆ ਕਿ ਪੜ੍ਹਨ ਦੀ ਇੱਛਾ ਹੈ ਪਰ ਰੁਝੇਵਿਆਂ ਕਰਕੇ ਕਿਤਾਬ ਖ਼ਰੀਦ ਨਹੀਂ ਸਕਿਆ। ਸਰ ਕਿਤਾਬ ਪੜ੍ਹ ਚੁੱਕੇ ਸਨ, ਸੋ ਕਿਤਾਬ ਮਿਲ ਗਈ। ਉਨ੍ਹਾਂ ਦਾ ਧੰਨਵਾਦ।

ਸ਼ਾਇਰ ਪ੍ਰਭਸ਼ਰਨਦੀਪ ਸਿੰਘ ਨੂੰ ਮਿਲਣ ਦਾ ਕਦੇ ਮੌਕਾ ਨਹੀਂ ਮਿਲਿਆ। ਉਨ੍ਹਾਂ ਅਤੇ ਉਨ੍ਹਾਂ ਦੇ ਛੋਟੇ ਵੀਰ ਪ੍ਰਭਸ਼ਰਨਬੀਰ ਸਿੰਘ ਨੂੰ ਸੋਸ਼ਲ ਮੀਡੀਆ ਉੱਪਰ ਹੁੰਦੀਆਂ ਚਰਚਾਵਾਂ ਰਾਹੀਂ ਹੀ ਜਾਣਿਆ ਹੈ। ਕਿਤਾਬ ਵਾਰਤਕ ਅਤੇ ਕਵਿਤਾ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ। ਕਿਤਾਬ ਮੇਰੇ ਹੱਥ ਦਿੰਦਿਆਂ ਪੰਨੂ ਸਰ ਦੀ ਟਿੱਪਣੀ ਸੀ, 'ਕਵਿਤਾ ਨਾਲੋਂ ਵਾਰਤਕ ਵਧੀਕ ਚੰਗੀ ਲੱਗੀ।' ਮੈਨੂੰ ਦੋਵੇਂ ਚੰਗੀਆਂ ਲੱਗੀਆਂ। ਕਿਤਾਬ ਦੀ ਭੂਮਿਕਾ ਵਜੋਂ ਲਿਖੇ ਗਏ ਚੁਰੰਜਾ ਸਫ਼ੇ ਕਵਿਤਾ, ਕਾਲ ਅਤੇ ਬੋਲੀ ਸਬੰਧੀ ਪ੍ਰਭਸ਼ਰਨਦੀਪ ਸਿੰਘ ਦੇ ਅਧਿਐਨ, ਖੋਜ ਅਤੇ ਅਨੁਭਵ ਨੂੰ ਪੇਸ਼ ਕਰਦੇ ਹਨ। ਕਰਤਾ ਅੱਸੀਵਿਆਂ ਅਤੇ ਨੱਬੇਵਿਆਂ ਦੌਰਾਨ ਪੰਜਾਬ ਦੇ ਖੱਬੇਪੱਖੀ ਸਾਹਿਤਕਾਰਾਂ ਨਾਲ ਹੋਏ ਵਾਰਤਾਲਾਪ 'ਤੇ ਅਨੁਭਵ ਸਾਂਝੇ ਕਰਦਾ ਹੈ। ਅਵਚੇਤਨ ਤੌਰ 'ਤੇ ਉਸ ਦਾ ਦੇਸ ਨਿਕਾਲਾ ਅਜਿਹੀਆਂ ਕੁਝ ਮਿਲਣੀਆਂ ਤੋਂ ਹੀ ਸ਼ੁਰੂ ਹੋ ਗਿਆ ਸੀ। ਪ੍ਰਭਸ਼ਰਨਦੀਪ ਸਿੰਘ ਪੰਜਾਬ ਅੰਦਰ ਚੱਲੇ ਖਾੜਕੂ ਸੰਘਰਸ਼ ਅਤੇ ਹਕੂਮਤੀ ਦਮਨ-ਚੱਕਰ ਦੇ ਵੇਲਿਆਂ ਵਿਚ ਪੰਜਾਬੀ ਸਾਹਿਤ ਜਗਤ ਦੀ ਭੂਮਿਕਾ ਉੱਪਰ ਸਵਾਲ ਖੜ੍ਹੇ ਕਰਦਾ ਹੈ। ਉਸ ਅਨੁਸਾਰ ਸਥਾਪਤ ਪੰਜਾਬੀ ਸਾਹਿਤਕਾਰਾਂ ਨੇ ਨਾ ਸਿਰਫ਼ ਪੰਜਾਬ ਦੇ ਹੱਕੀ ਸੰਘਰਸ਼ ਅਤੇ ਯੋਧਿਆਂ ਨੂੰ ਕੰਡ ਦਿੱਤੀ ਸਗੋਂ ਪੰਜਾਬੀ ਸਾਹਿਤ ਵਿਚੋਂ ਪੰਜਾਬ ਅਤੇ ਸਿੱਖੀ ਦੀ ਮੌਲਿਕਤਾ ਨੂੰ ਹੂੰਝ ਕੇ ਪਾਸੇ ਕਰਨ ਦੀ ਪੂਰੀ ਵਾਹ ਲਾਈ। ਉਹ ਪੰਜਾਬ ਦੇ ਖੱਬੇਪੱਖੀ ਸਾਹਿਤਕਾਰਾਂ ਦੇ ਸਿਧਾਂਤਕ ਅਤੇ ਵਿਹਾਰਕ ਪੈਂਤੜਿਆਂ ਨੂੰ ਮਾਰੂ ਗਰਦਾਨਦਿਆਂ ਆਪਣੇ ਵਿਚਾਰ ਦੀ ਪ੍ਰੋੜ੍ਹਤਾ ਲਈ ਉੱਤਰ-ਆਧੁਨਿਕ ਫ਼ਲਾਸਫ਼ਰਾਂ ਦੇ ਹਵਾਲੇ ਦਿੰਦਾ ਹੈ। ਇਸ ਸੰਬੰਧ ਵਿਚ ਪ੍ਰਭਸ਼ਰਨਦੀਪ ਸਿੰਘ ਦਾ ਅਨੁਭਵ ਅਤੇ ਦਲੀਲਾਂ ਸੌ ਫ਼ੀਸਦੀ ਦਰੁਸਤ ਨਾ ਵੀ ਹੋਣ ਤਾਂ ਵੀ ਉਸ ਵਲੋਂ ਚੁੱਕਿਆ ਗਿਆ ਸਵਾਲ ਮਹੱਤਵਪੂਰਨ ਹੈ।

ਇਹ ਵਾਰਤਕ ਆਪਣੀ ਸਾਦਗੀ ਕਰਕੇ ਵੀ ਵਧੀਕ ਚੰਗੀ ਲਗਦੀ ਹੈ। ਅਜਿਹੇ ਸੰਕਟ ਦੇ ਵੇਲਿਆਂ ਵਿਚ ਜਦੋਂ ਤੁਹਾਡੀ ਕੌਮ ਉੱਪਰ ਜਿਸਮਾਨੀ ਅਤੇ ਸਿਧਾਂਤਕ ਹਮਲੇ ਹੋ ਰਹੇ ਹੋਣ ਇਕ ਸਾਧਾਰਨ ਨੌਜਵਾਨ ਦੀ ਵੇਦਨਾ ਪਾਠਕ ਮਹਿਸੂਸ ਕਰਦਾ ਹੈ। ਦੂਜੇ ਪਾਸੇ ਨੌਜਵਾਨ ਸਿੱਖ ਮਨਾਂ ਅੰਦਰ ਪ੍ਰੋਫ਼ੈਸਰ ਹਰਿੰਦਰ ਸਿੰਘ ਮਹਿਬੂਬ ਅਤੇ ਪ੍ਰੋਫ਼ੈਸਰ ਕੁਲਵੰਤ ਸਿੰਘ ਗਰੇਵਾਲ ਦੇ ਸਤਿਕਾਰ ਦਾ ਆਧਾਰ ਪਤਾ ਲੱਗਦਾ ਹੈ। ਇਨ੍ਹਾਂ ਦੋਹਾਂ ਸ਼ਾਇਰਾਂ ਨੇ ਉਸ ਵੇਲੇ ਸਿੱਖ ਜਜ਼ਬਾਤੀ ਦੀ ਤਰਜਮਾਨੀ ਕੀਤੀ ਅਤੇ ਸਿੱਖ ਕਵਿਤਾ ਦੀ ਮਸ਼ਾਲ ਨੂੰ ਰੌਸ਼ਨ ਰੱਖਿਆ ਜਦੋਂ ਸਾਹਿਤ ਜਗਤ ਅੰਦਰ ਸਿੱਖ ਨੌਜਵਾਨਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ।



ਦੇਸ ਨਿਕਾਲਾ ਦੀ ਕਵਿਤਾ ਦਾ ਪਹਿਲਾ ਪ੍ਰਭਾਵ ਇਸ ਵਿਚੋਂ ਪ੍ਰੋ. ਮਹਿਬੂਬ ਅਤੇ ਪ੍ਰੋ. ਗਰੇਵਾਲ ਦੀ ਕਾਵਿ-ਸੁਰ ਦੇ ਝਲਕਾਰੇ ਹਨ। ਵਿਚਾਰ ਬਿੰਬ ਅਤੇ ਸ਼ਬਦ ਚੋਣ ਪੱਖੋਂ ਤਾਂ ਇਹ ਰਚਨਾ ਉਪਰੋਕਤ ਸ਼ਾਇਰਾਂ ਦੀ ਛਾਵੇਂ ਪਲਦੀ ਦਿਸਦੀ ਹੈ। ਬਿਰਹਾ, ਇਸ ਪੂਰੀ ਰਚਨਾ ਦਾ ਕੇਂਦਰ ਬਿੰਦੂ ਹੈ। ਖ਼ਾਲਸਈ ਸ਼ਾਨ ਨੂੰ ਲੱਗ ਰਹੇ ਖੋਰੇ, ਬਿਗਾਨੀਆਂ ਧਾੜਾਂ ਅਤੇ ਜਬਰ ਨੇ ਸ਼ਾਇਰ ਦੇ ਮਨ ਨੂੰ ਵਿੰਨ੍ਹਿਆ ਹੋਇਆ ਹੈ। ਖ਼ਾਸ ਕਰਕੇ ਸ਼ਾਇਰ ਜਦੋਂ ਆਪਣੇ ਭਾਵ ਨੂੰ ਮਾਂ ਦੀ ਯਾਦ ਨਾਲ ਜੋੜਦਾ ਹੈ ਤਾਂ ਉਸ ਦੀ ਪੇਸ਼ਕਾਰੀ ਵਧੀਕ ਤਾਕਤਵਰ ਹੋ ਜਾਂਦੀ ਹੈ:

ਭਟਕਣ, ਸਬਰ, ਰਿਜ਼ਕ ਦੀਆਂ ਲੋੜਾਂ
ਦੇਸ ਨਿਕਾਲ਼ੇ ਵੰਡੇ
ਮੁਲਕ ਬੇਗਾਨਾ ਹੋ ਗਿਆ ਅਸਲੋਂ
ਮਾਵਾਂ ਵੀ ਤੁਰ ਗਈਆਂ।

ਪ੍ਰਭਸ਼ਰਨਦੀਪ ਸਿੰਘ ਦੀ ਇਸ ਬੇਵਤਨੀ ਦੀ ਪੀੜ ਤੋਂ ਪ੍ਰੋ. ਮਹਿਬੂਬ ਦਾ ਕਾਵਿ ਟੋਟਾ ਯਾਦ ਆਉਂਦਾ ਹੈ:

ਤੂੰ ਬਹੁੜੀਂ ਕਲਗੀ ਵਾਲਿਆ
ਕੋਈ ਦੇਸ ਨਾ ਸਾਡਾ।

ਪ੍ਰਭਸ਼ਰਨਦੀਪ ਸਿੰਘ ਦੀ ਕਵਿਤਾ ਰੇਖਕੀ ਕਾਲ ਅਤੇ ਭੌਤਿਕਵਾਦੀ ਸਮਝ ਨੂੰ ਰੱਦ ਕਰਦੀ ਹੈ। ਸਿੱਖੀ ਨੂੰ ਬੀਤੇ ਦੀ ਗੱਲ ਅਤੇ ਸਿੱਖ ਪਰੰਪਰਾ ਨੂੰ ਪਿਛਾਂਹ-ਖਿੱਚੂ ਸਮਝਣ ਦੀ ਬਜਾਏ ਉਹ ਇਨ੍ਹਾਂ ਨੂੰ ਸੰਸਾਰ ਦੇ ਉੱਜਲ ਭਵਿੱਖ ਦੇ ਜਾਮਨ ਮੰਨਦਾ ਹੈ। ਉਸ ਅਨੁਸਾਰ 'ਗੁਰੂ' ਇਤਿਹਾਸ ਦੇ ਇਕ ਦੌਰ ਦਾ ਪਾਤਰ ਨਹੀਂ ਸਗੋਂ ਉਹ ਸਦ ਜਾਗਤ ਜੋਤਿ ਹੈ:

ਨੀਹਾਂ, ਗੜ੍ਹੀਆਂ, ਲੱਖੀ ਜੰਗਲ਼
ਤੇ ਸਤਿਗੁਰ ਦੀਆਂ ਨਜ਼ਰਾਂ,
ਰਣ ਵੀ ਓਹੀ, ਸੰਦ ਵੀ ਓਹੋ
ਸਿਦਕ ਗੁਰੂ ਅਜ਼ਮਾਵੇ।

ਸ਼ਾਇਰ ਨੇ ਦੇਸ਼ ਨਿਕਾਲੇ ਨੂੰ ਝੱਲਿਆ ਜ਼ਰੂਰ ਹੈ ਪਰ ਉਸ ਅੱਗੇ ਗੋਡੇ ਨਹੀਂ ਟੇਕੇ। ਦੂਰ ਪਰਦੇਸ ਵਿਚ ਬੈਠੇ ਸ਼ਾਇਰ ਦੇ ਸੁਪਨਿਆਂ ਤੇ ਹੇਕਿਆਂ ਵਿਚ ਪੰਜਾਬ ਦੇ ਫੁੱਲ, ਛਾਵਾਂ, ਖੇਤ, ਦਰਿਆ ਤੇ ਗੁਰੂ ਛੋਹ ਸਮਾਈ ਹੋਈ ਹੈ:

ਧਰਤ ਬਿਗਾਨੀ, ਬੋਲ ਬਿਗਾਨੇ,
ਦੇਹੀ ਰਹਿ ਗਈ ਮੇਰੀ
ਦੇਹੀ ਉੱਤੇ ਭਉਂਦੀਆਂ ਗਿਰਝਾਂ,
ਨੋਚ ਲੈਣ ਦੀ ਦੇਰੀ
ਕਦੋਂ ਗੀਤ ਪਰਦੇਸੀ ਹੋਏ,
ਕਦ ਭੁੱਲਿਆ ਨਾਂ ਤੇਰਾ।
ਜਦ ਵੀ ਸੁੱਚੀਆਂ ਆਹਾਂ ਉੱਠੀਆਂ,
ਬਾਤ ਤੁਰੇਗੀ ਤੇਰੀ।

ਸ਼ਾਇਰ ਦੇ ਵਰਤਮਾਨ ਵਿਚ ਪਰੰਪਰਾ ਦੀਆਂ ਯਾਦਾਂ ਧੜਕਦੀਆਂ ਹਨ:

ਦੇਸਾਂ ਦੇ ਜੋ ਗੀਤ ਵਿਸਰ ਗਏ,
ਵਿਚ ਸੁਪਨਿਆਂ ਬੁਣਦੇ।
ਯਾਦਾਂ ਵਿਚੋਂ ਟੋਲ੍ਹ ਆਵਾਜ਼ਾਂ,
ਨੀਂਦ ਭਲੀ ਵਿਚ ਸੁਣਦੇ।
ਬੋਲਾਂ ਦੇ ਵਿਚ ਸੁੱਤਾ ਆਪਾ,
ਜਾਗ ਖਲੋਂਦਾ ਸਾਹਵੇਂ,
ਬੀਤੇ ਦੀ ਰਸ-ਭਿੰਨੀ ਲੋਅ ਵਿਚ,
ਰਾਗ ਉਗਮਦੇ ਹੁਣ ਦੇ।

ਇਹ ਯਾਦਾਂ ਸਿਰਫ਼ ਬੀਤੇ ਦੇ ਹੇਰਵੇ ਵਜੋਂ ਨਹੀਂ ਸਗੋਂ ਪਤਝੜ ਪਿੱਛੋਂ ਆਉਣ ਵਾਲੀ ਬਸੰਤ ਦੀ ਆਸ ਵਾਂਗ ਪਰਗਟ ਹੁੰਦੀਆਂ ਹਨ। ਇਹ ਜੀਵਨ ਦੇ ਪਰਮ ਅਰਥ ਨੂੰ ਪ੍ਰਾਪਤ ਕਰਨ ਲਈ ਗੁਰੂ ਦੀ ਯਾਦ ਨਾਲ ਜੁੜਦੀ ਹੈ। ਇਸ ਲਈ ਗੁਰੂ ਦੀ ਯਾਦ ਬੀਤੇ ਦਾ ਸੋਗਮਈ ਪ੍ਰਸੰਗ ਨਹੀਂ ਸਗੋਂ ਜੀਵਨ ਦੀ ਉਮੰਗ ਹੈ, ਜਿਸ ਨੂੰ ਭਾਈ ਵੀਰ ਸਿੰਘ ਜੀ ਨੇ ਜੀਅਦਾਨ ਆਖਿਆ ਹੈ:

ਜਪੁਜੀ ਦੀ ਕੋਈ ਲੈਅ ਅਨੂਠੀ,
ਮਾਂ ਦੀ ਮਿੱਠੀ ਲੋਰੀ।
ਨੀਹਾਂ, ਕੱਚੀਆਂ ਗੜ੍ਹੀਆਂ ਵਿਚੋਂ,
ਉਂਗਲੀ ਫੜ ਜਿੰਦ ਤੋਰੀ।
ਤਾਰੀਖ਼ਾਂ ਮਾਵਾਂ ਦੇ ਸਬਰੀਂ,
ਜਿਉਣ ਸਿਦਕ ਲੜ ਲੱਗ ਕੇ,
ਬਾਣੀ ਦੇ ਸਰ ਤ੍ਰਿਖਾ ਬੁਝਾਵੇ,
ਗੁਰ ਯਾਦਾਂ ਦੀ ਡੋਰੀ।

ਕਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਵੰਨ-ਸੁਵੰਨਤਾ 'ਚ ਏਕਤਾ' ਦੇ ਸਿਧਾਂਤ ਨੂੰ ਜੀਵਨ ਦੇ ਹਰ ਪੱਖ ਵਿਚੋਂ ਭਾਲਦਾ ਹੈ। ਕਵੀ ਧਰਤੀ ਨੂੰ ਨਾਮ ਰੰਗ ਅਤੇ ਭਾਸ਼ਾ ਨੂੰ ਅਗੰਮੀ ਸਬਦ ਨਾਲ ਜੁੜ ਕੇ ਪਵਿੱਤਰ ਹੁੰਦਿਆਂ ਵੇਖਦਾ ਹੈ:

ਧਰਤੀ ਉੱਤੇ ਨਾਮ ਮੌਲਿਆ,
ਸਬਦ ਰਮੇ ਵਿਚ ਭਾਖਾ।
ਆਪਣੀ-ਆਪਣੀ ਫਿਜ਼ਾ 'ਚ ਝੂਮੇ,
ਹਰ ਵਣ ਦੀ ਹਰ ਸ਼ਾਖ਼ਾ।

ਕਵਿਤਾ ਪਾਠ ਕਰਦਿਆਂ ਕਿਤੇ ਕਿਤੇ ਲੈਅ ਟੁੱਟਦੀ ਹੈ, ਬਿੰਬ ਅਤੇ ਵਿਚਾਰ ਧੁੰਦਲੇ ਜਾਪਦੇ ਹਨ ਪਰ ਬਹੁਤਾ ਕਰਕੇ ਰਸ ਅਤੇ ਵਿਚਾਰ ਦਾ ਪ੍ਰਵਾਹ ਬਣਿਆ ਰਹਿੰਦਾ ਹੈ। ਲਗਪਗ ਇਕੋ ਆਕਾਰ ਦੀਆਂ ਸੌ ਕਵਿਤਾਵਾਂ ਇਕੋ ਮਾਲਾ ਦੇ ਸੌ ਮਣਕੇ ਜਾਪਦੀਆਂ ਹਨ। ਕਾਗਜ਼, ਛਪਾਈ ਤੇ ਜਿਲਦਬੰਦੀ ਸ਼ਾਨਦਾਰ ਅਤੇ ਪੁਸਤਕ ਦਾ ਖ਼ੂਬਸੂਰਤ ਸਰਵਰਕ ਖਿੱਚ ਪਾਉਂਦਾ ਹੈ। ਸਹਿਮਤੀ ਜਾਂ ਅਸਹਿਮਤੀ ਤੋਂ ਪਾਰ ਸਿੱਖੀ, ਪੰਜਾਬ ਤੇ ਪੰਜਾਬੀ ਨਾਲ ਜੁੜੇ ਹਰ ਪਾਠਕ ਲਈ ਇਹ ਪੁਸਤਕ ਪੜ੍ਹਨਯੋਗ ਹੈ। ਸ਼ਾਇਰ ਪ੍ਰਭਸ਼ਰਨਦੀਪ ਸਿੰਘ ਅਤੇ ਪ੍ਰਕਾਸ਼ਕ- ਸਿੰਘ ਬ੍ਰਦਰਜ਼, ਅੰਮ੍ਰਿਤਸਰ ਨੂੰ ਮੁਬਾਰਕਬਾਦ ਦਿੰਦਿਆਂ ਮੈਂ ਇਸ ਪੁਸਤਕ ਨੂੰ ਖ਼ੁਸ਼ਆਮਦੀਦ ਆਖਦਾਂ ਹਾਂ।

## ਕਸ਼ਮੀਰ ਵਿਚ ਪੱਤਰਕਾਰੀ 'ਤੇ ਸ਼ਿਕੰਜਾ-2

# ਅਖਬਾਰਾਂ ਲਈ ਇੰਝ ਆਉਂਦੇ ਹਨ ਸਰਕਾਰੀ ਹੁਕਮ...

***ਜੰਮੂ ਕਸ਼ਮੀਰ ਪ੍ਰਸ਼ਾਸਨ ਨੇ ਕਸ਼ਮੀਰੀ ਪੱਤਰਕਾਰ ਸ਼ਾਹਿਦ ਤਾਂਤਰੇ ਨੂੰ ਡਰਾਉਣ ਧਮਕਾਉਣ ਦਾ ਸਿਲਸਿਲਾ ਤੇਜ਼ ਕਰ ਦਿੱਤਾ ਹੈ। ਇਸ ਦਾ ਕਾਰਨ ਉਸ ਵੱਲੋਂ 'ਕਾਰਵਾਂ' ਮੈਗਜ਼ੀਨ ਲਈ ਤਿਆਰ ਕੀਤੀਆਂ ਰਿਪੋਰਟਾਂ ਹਨ। ਉਸ ਦੀ ਇਕ ਵਿਸਤਾਰਤ ਰਿਪੋਰਟ ਦਾ ਪੰਜਾਬੀ ਰੂਪ ਸਾਂਝਾ ਕੀਤਾ ਜਾ ਰਿਹਾ ਹੈ ਜਿਸ ਵਿਚ ਉਸ ਨੇ ਕਸ਼ਮੀਰ ਵਿਚ ਪੱਤਰਕਾਰੀ ਦੀ ਸਟੇਟ ਵੱਲੋਂ ਕੀਤੀ ਜਾ ਰਹੀ ਜ਼ਬਾਨਬੰਦੀ ਬਾਰੇ ਰੌਂਗਟੇ ਖੜ੍ਹੇ ਕਰਨ ਵਾਲੀ ਤਸਵੀਰ ਪੇਸ਼ ਕੀਤੀ ਸੀ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਪੇਸ਼ ਹੈ ਇਸ ਰਿਪੋਰਟ ਦੀ ਦੂਜੀ ਕਿਸ਼ਤ।***

ਇਕ ਪ੍ਰਮੁੱਖ ਉਰਦੂ ਅਖਬਾਰ ਦੇ ਮੁੱਖ ਸੰਪਾਦਕ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਪਹਿਲੀ ਸਤੰਬਰ 2021 ਦੀ ਸ਼ਾਮ ਨੂੰ ਉਸ ਦੇ ਦਫਤਰ ਵਿਚ ਹਲਚਲ ਸੀ। ਟੀਮ ਅਗਲੀ ਸਵੇਰ ਦੇ ਐਡੀਸ਼ਨ ਨੂੰ ਅੰਤਿਮ ਰੂਪ ਦੇ ਰਹੀ ਸੀ ਜਦੋਂ ਖਬਰ ਆਈ ਕਿ ਤਹਿਰੀਕ-ਏ-ਹੁਰੀਅਤ ਦੇ ਬਾਨੀ ਅਤੇ ਕਸ਼ਮੀਰ ਦੇ ਸਭ ਤੋਂ ਸੀਨੀਅਰ ਆਜ਼ਾਦੀ ਪੱਖੀ ਆਗੂ ਸਈਦ ਅਲੀ ਸ਼ਾਹ ਗਿਲਾਨੀ ਚਲਾਣਾ ਕਰ ਗਏ ਹਨ। ਇਸ ਨੂੰ ਲੈ ਕੇ ਬਹਿਸ ਛਿੜ ਗਈ ਕਿ ਖਬਰ ਨੂੰ ਪਹਿਲੇ ਪੰਨੇ 'ਤੇ ਜਗ੍ਹਾ ਦਿੱਤੀ ਜਾਵੇ ਜਾਂ ਅੰਦਰਲੇ ਪੰਨਿਆਂ 'ਤੇ। ਕਸ਼ਮੀਰ ਦੇ ਸਭ ਤੋਂ ਪ੍ਰਭਾਵਸਾਲੀ ਸ਼ਖਸ ਦਾ ਤੁਰ ਜਾਣਾ ਪਹਿਲੇ ਪੰਨੇ ਦੀ ਮੁੱਖ ਖਬਰ ਹੋਣੀ ਚਾਹੀਦੀ ਸੀ ਪਰ



**ਸ਼ਾਹਿਦ ਤਾਂਤਰੇ**

**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਮੀਡੀਆ ਉਪਰ ਪ੍ਰਸ਼ਾਸਨ ਦੀ ਸਖਤੀ ਦੇ ਮੱਦੇਨਜ਼ਰ ਗਿਲਾਨੀ ਦੀ ਕਵਰੇਜ ਨਾਲ ਫੌਜ, ਜੰਮੂ ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਅਤੇ ਦੂਰ ਦਿੱਲੀ ਦਰਬਾਰ ਤੱਕ ਨੇ ਨਾਰਾਜ਼ ਹੋ ਜਾਣਾ ਸੀ।

ਕੁਝ ਮਿੰਟਾਂ 'ਚ ਹੀ ਮੁੱਖ ਸੰਪਾਦਕ ਦੇ ਫੋਨ ਦੀ ਘੰਟੀ ਖੜਕੀ। ਫੋਨ ਲੈਫਟੀਨੈਂਟ ਗਵਰਨਰ ਦੇ ਸੀਨੀਅਰ ਮੀਡੀਆ ਸਲਾਹਕਾਰ ਯਤੀਸ਼ ਯਾਦਵ ਦਾ ਸੀ। ਉਸ ਦਾ ਫੋਨ ਆਉਣਾ ਕਦੇ ਵੀ ਸ਼ੁਭ ਸੰਕੇਤ ਨਹੀਂ ਮੰਨਿਆ ਜਾਂਦਾ। ਉਸ ਨੇ ਮੁੱਖ ਸੰਪਾਦਕ ਨੂੰ ਹੁਕਮ ਸੁਣਾਇਆ- "ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਵਿਗਾੜਨ" ਤੋਂ ਰੋਕਣ ਲਈ "ਗਿਲਾਨੀ ਦੀ ਮੌਤ ਨੂੰ ਬਹੁਤਾ ਨਾ ਪ੍ਰਚਾਰਿਆ ਜਾਵੇ ਜਾਂ ਬਹੁਤੀ ਕਵਰੇਜ ਨਾ ਕੀਤੀ ਜਾਵੇ"। ਮੀਡੀਆ ਸਲਾਹਕਾਰ ਨੇ ਚਿਤਾਵਨੀ ਦਿੱਤੀ ਕਿ ਜੇ ਖਬਰਾਂ ਦੀ ਕਵਰੇਜ ਕਾਰਨ ਸਥਿਤੀ ਵਿਗੜੀ ਤਾਂ "ਆਪ ਕੇ ਲੀਏ ਪ੍ਰਾਬਲਮ ਹੋਗਾ।"

ਮੁੱਖ ਸੰਪਾਦਕ ਨੂੰ ਇਹੀ ਹੁਕਮ ਆਪਣੀ ਟੀਮ ਨੂੰ ਦੇਣਾ ਪਿਆ। ਉਨ੍ਹਾਂ ਨੂੰ ਬੇਚੈਨੀ ਤਾਂ ਹੋਈ ਪਰ ਉਹ ਗੱਲ ਸਮਝ ਗਏ। ਉਨ੍ਹਾਂ ਨੇ ਮੰਨ ਲਿਆ ਕਿ ਹੋਰ ਅਖਬਾਰਾਂ ਨੂੰ ਵੀ ਇਸੇ ਤਰ੍ਹਾਂ ਦੇ ਫੋਨ ਆਏ ਹੋਣਗੇ। ਮੁੱਖ ਸੰਪਾਦਕ ਖੁਦ ਉਦਾਸ ਜਾਪਦਾ ਸੀ। ਉਸ ਨੇ ਦੱਸਿਆ, "ਗਿਲਾਨੀ ਦੀ ਮੌਤ ਦੀ ਖਬਰ ਜੰਮੂ ਕਸ਼ਮੀਰ ਦੇ ਲੋਕਾਂ ਲਈ ਸਦਮਾ ਸੀ। ਕਸ਼ਮੀਰ ਦੀ ਮੌਜੂਦਾ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਉਸ ਦੀ ਮੌਤ ਨੂੰ ਓਨੀ ਕਵਰੇਜ ਨਹੀਂ ਦੇ ਸਕੇ ਜਿਸ ਦਾ ਉਹ ਹੱਕਦਾਰ ਸੀ।"

ਉਸ ਰਾਤ ਜਦੋਂ ਪੱਤਰਕਾਰਾਂ ਨੇ ਗਿਲਾਨੀ ਦੀ ਮੌਤ ਦੀ ਕਵਰੇਜ ਕਰਨ ਦੀ ਸੋਚੀ ਤਾਂ ਉਹ ਉਸ ਦੇ ਘਰ ਨਹੀਂ ਜਾ ਸਕੇ ਕਿਉਂਕਿ ਪ੍ਰਸ਼ਾਸਨ ਨੇ ਪੂਰੇ ਸ਼ਹਿਰ ਵਿਚ ਸਖਤ ਪਾਬੰਦੀਆਂ ਲਗਾ ਦਿੱਤੀਆਂ ਸਨ। ਪੁਲਿਸ ਨੇ ਗਿਲਾਨੀ ਨੂੰ ਅੱਧੀ ਰਾਤ ਨੂੰ ਕਾਹਲੀ ਕਾਹਲੀ ਦਫਨਾ ਦਿੱਤਾ। ਉਸ ਦੇ ਪਰਿਵਾਰ ਨੂੰ ਵੀ ਅੰਤਮ ਰਸਮਾਂ 'ਚ ਸ਼ਾਮਿਲ ਨਹੀਂ ਹੋਣ ਦਿੱਤਾ ਗਿਆ।


ਗਿਲਾਨੀ ਨੂੰ ਪਹਿਲੇ ਪੰਨੇ 'ਤੇ ਜਗ੍ਹਾ ਦੇਣ 'ਚ ਨਾਕਾਮ ਰਹਿਣ ਦੇ ਬਾਵਜੂਦ ਮੁੱਖ ਸੰਪਾਦਕ ਨੇ ਮੈਨੂੰ ਕਿਹਾ, "ਮੈਨੂੰ ਯਕੀਨ ਸੀ ਕਿ ਸਥਾਨਕ ਲੋਕ ਥੋਕ ਵਿਚ ਅਖਬਾਰ ਖਰੀਦਣਗੇ। ਛਪਾਈ ਦਾ ਕੰਮ ਨਿੱਬੜ ਗਿਆ ਅਤੇ ਅਗਲੇ ਦਿਨ ਅਖਬਾਰ ਸਟੈਂਡ 'ਤੇ ਪਹੁੰਚਣ ਲਈ ਤਿਆਰ ਸਨ" ਪਰ ਸ੍ਰੀਨਗਰ ਤੋਂ ਫੌਜੀ ਹਵਾਈ ਅੱਡੇ ਦੇ ਰਸਤੇ ਉਤੇ ਵਸੇ ਰੰਗਰੇਟ ਇਲਾਕੇ (ਜਿੱਥੇ ਕਈ ਅਖਬਾਰਾਂ ਛਾਪਣ ਵਾਲੀਆਂ ਤਿੰਨ ਪ੍ਰੈਸਾਂ ਹਨ) ਪੁਲਿਸ ਅਤੇ ਨੀਮ-ਫੌਜੀ ਲਸ਼ਕਰਾਂ ਨੇ ਬੈਰੀਕੇਡ ਲਗਾ ਕੇ ਪੂਰੇ ਖੇਤਰ ਦੀ ਨਾਕਾਬੰਦੀ ਕਰ ਰੱਖੀ ਸੀ। 25 ਵੱਖ-ਵੱਖ ਸਥਾਨਕ ਅਖਬਾਰਾਂ ਲੈ ਕੇ ਜਾ ਰਹੀਆਂ ਗੱਡੀਆਂ ਦੇ ਡਰਾਈਵਰਾਂ ਨੂੰ ਨੀਮ-ਫੌਜੀ ਦਸਤਿਆਂ ਨੇ ਰੋਕ ਲਿਆ ਅਤੇ ਕਿਹਾ ਕਿ ਅੱਜ ਕੋਈ ਵੀ ਅਖਬਾਰ ਨਹੀਂ ਵੰਡਿਆ ਜਾਵੇਗਾ।

ਸ੍ਰੀਨਗਰ ਦੇ ਸਭ ਤੋਂ ਵੱਡੇ ਅਖਬਾਰ ਵਿਤਰਕ ਨੇ ਦੱਸਿਆ, "ਅਸੀਂ ਲੈਂਬਰਟ ਲੇਨ ਮੰਡੀ 'ਚ ਅਖਬਾਰਾਂ ਆਉਣ ਦੀ ਉਡੀਕ ਕਰ ਰਹੇ ਸੀ ਪਰ 'ਰਾਈਜ਼ਿੰਗ ਕਸ਼ਮੀਰ' ਵਰਗੇ ਕੁਝ ਅਖਬਾਰ ਹੀ ਪਹੁੰਚੇ। ਇਹ ਅਖਬਾਰਾਂ ਵੰਡਣ ਵਾਲੇ ਆਮ ਤੌਰ 'ਤੇ 43 ਵੱਖ-ਵੱਖ ਅਖਬਾਰ ਵੰਡਦੇ ਹਨ ਪਰ "ਉਸ ਦਿਨ ਜ਼ਿਆਦਾਤਰ ਅਖਬਾਰ ਛਪੇ ਹੀ ਨਹੀਂ ਸਨ; ਜਿਨ੍ਹਾਂ ਦੀ ਆਪਣੀ ਪ੍ਰਿੰਟਿੰਗ ਪ੍ਰੈੱਸ ਸੀ, ਉਨ੍ਹਾਂ ਨੇ ਵੀ ਅੰਕ ਨਹੀਂ ਛਾਪੇ। 'ਰਾਈਜ਼ਿੰਗ ਕਸ਼ਮੀਰ' ਨੂੰ ਛੱਡ ਕੇ ਸਾਡੇ ਕੋਲ ਜਿਹੜਾ ਵੀ ਅਖਬਾਰ ਪਹੁੰਚਿਆ, ਕਿਸੇ 'ਚ ਵੀ ਗਿਲਾਨੀ ਦੀ ਮੌਤ ਦੀ ਖਬਰ ਨਹੀਂ ਸੀ। ਸਿਰਫ 'ਰਾਈਜ਼ਿੰਗ ਕਸ਼ਮੀਰ' ਦੇ ਪਹਿਲੇ ਪੰਨੇ 'ਤੇ ਇਕ ਕਾਲਮ ਦੀ ਖਬਰ ਸੀ।"

ਡਿਸਟ੍ਰੀਬਿਊਟਰ ਨੇ ਦੱਸਿਆ ਕਿ ਉਸ ਦਿਨ ਉਸ ਨੇ ਮਿੱਥ ਲਿਆ ਕਿ ਜਿਨ੍ਹਾਂ ਕੋਲ ਕੋਈ ਹੋਰ ਅਖਬਾਰ ਜਾਂਦਾ ਹੈ, ਉਨ੍ਹਾਂ ਨੂੰ 'ਰਾਈਜ਼ਿੰਗ ਕਸ਼ਮੀਰ' ਦੀ ਮੁਫਤ ਕਾਪੀ ਜ਼ਰੂਰ ਦੇਵਾਂਗਾ। ਉਸ ਮੁਤਾਬਿਕ, "2016 ਤੋਂ ਮੈਂ ਦੱਖਣੀ ਕਸ਼ਮੀਰ ਦੇ ਦੂਰ-ਦਰਾਜ ਖੇਤਰਾਂ ਵਿਚ ਆਪਣੇ ਏਜੰਟਾਂ ਅਤੇ ਗਾਹਕਾਂ ਨੂੰ ਅਖਬਾਰ ਖੁਦ ਜਾ ਕੇ ਦਿੰਦਾ ਸੀ ਪਰ ਇਸ ਵਾਰ ਸਾਨੂੰ ਸ੍ਰੀਨਗਰ ਸ਼ਹਿਰ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਸੀ।"

'ਕਸ਼ਮੀਰ ਆਬਜ਼ਰਵਰ' ਦੇ ਮੁੱਖ ਸੰਪਾਦਕ ਸੱਜਾਦ ਹੈਦਰ ਨੇ ਦੱਸਿਆ, "ਅਸੀਂ ਗਿਲਾਨੀ ਦੀ ਮੌਤ ਦੀ ਰਿਪੋਰਟ ਉਸ ਦੇ ਕਰੀਅਰ ਅਤੇ ਵਿਚਾਰਧਾਰਾ ਦੇ ਆਧਾਰ 'ਤੇ ਬਣਾਈ ਸੀ। ਅਸੀਂ ਉਸ ਦੀ ਜ਼ਿੰਦਗੀ ਦਾ ਵਿਸਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ, ਇੱਥੇ ਲੋਕਾਂ ਦਾ ਉਸ ਬਾਰੇ ਨਜ਼ਰੀਆ ਜਾਨਣ ਦੀ ਕੋਸ਼ਿਸ਼ ਕੀਤੀ, ਅਸੀਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਉਹ ਲੋਕਾਂ ਦੀਆਂ ਨਜ਼ਰਾਂ 'ਚ ਕੀ ਸੀ।"

ਹੈਦਰ ਲਈ ਉਸ ਦੀ ਖਬਰ ਨਾ ਛਾਪਣ ਦਾ ਕੋਈ ਸਵਾਲ ਹੀ ਨਹੀਂ ਸੀ। ਉਸ ਨੇ ਕਿਹਾ, "ਉਸ ਦੀ ਮੌਤ ਦੀ ਖਬਰ ਨਾ ਦੇਣਾ ਅਤੇ ਇਸ ਨੂੰ ਸਿਰਫ ਐਸੀ ਖਬਰ ਵਜੋਂ ਰੱਦ ਕਰ ਦੇਣਾ ਕਿ ਕੋਈ ਮੌਤ ਹੋਈ ਹੈ, ਇਹ ਬੇਈਮਾਨੀ ਹੋਵੇਗੀ। ਜੇ ਉਹ ਅਸਾਧਾਰਨ ਸ਼ਖਸੀਅਤ ਨਾ ਹੁੰਦੇ ਤਾਂ ਉਸ ਨੂੰ ਰਾਤ ਦੇ ਘੁੱਪ ਹਨੇਰੇ 'ਚ ਨਾ ਦਫਨਾਇਆ ਜਾਂਦਾ।"





***ਸਈਦ ਅਲੀ ਸ਼ਾਹ ਗਿਲਾਨੀ (ਖੱਬੇ) ਦੀ ਮੌਤ ਵਾਲੀ ਰਾਤ ਨੀਮ-ਫੌਜੀ ਦਸਤਿਆਂ ਵੱਲੋਂ ਬੰਦ ਕੀਤੀ ਸੜਕ। ਪੁਲਿਸ ਨੇ ਗਿਲਾਨੀ ਨੂੰ ਅੱਧੀ ਰਾਤੀਂ ਦਫਨਾ ਦਿੱਤਾ ਅਤੇ ਅਖਬਾਰਾਂ ਉੱਪਰ ਉਸ ਦੀ ਮੌਤ ਦੀ ਖਬਰ ਨਾ ਛਾਪਣ ਲਈ ਦਬਾਓ ਪਾਇਆ।***

'ਕਸ਼ਮੀਰ ਆਬਜ਼ਰਵਰ' ਵੀ ਰੰਗਰੇਟ ਤੋਂ ਛਪਦਾ ਹੈ। ਅਗਲੇ ਦਿਨ ਇਸ ਦੀ ਇਕ ਵੀ ਕਾਪੀ ਪਾਠਕਾਂ ਤੱਕ ਨਹੀਂ ਗਈ। ਹੈਦਰ ਨੇ ਕਿਹਾ, "ਸਾਨੂੰ ਪਤਾ ਲੱਗਾ ਕਿ ਪੁਲਿਸ ਪ੍ਰੈੱਸ 'ਚ ਆਈ ਸੀ ਪਰ ਸਾਨੂੰ ਯਕੀਨ ਨਹੀਂ ਸੀ ਕਿ ਉਹ ਅਖਬਾਰਾਂ ਦੀ ਵੰਡ-ਵੰਡਾਈ ਹੀ ਰੋਕ ਦੇਣਗੇ। ਜਦੋਂ ਅਖਬਾਰ ਵੰਡੇ ਨਹੀਂ ਗਏ, ਸਾਨੂੰ ਉਦੋਂ ਪਤਾ ਲੱਗਿਆ। ਫਿਰ ਅਸੀਂ ਕੁਝ ਨਹੀਂ ਕਰ ਸਕਦੇ ਸੀ, ਦੇਰ ਹੋ ਚੁੱਕੀ ਸੀ। ਅਖਬਾਰਾਂ ਵੰਡਣ ਤੋਂ ਰੋਕਣ ਦੇ ਕੋਈ ਰਸਮੀ ਹੁਕਮ ਨਹੀਂ ਸਨ। ਉਹ ਸਾਡੇ ਪੈਸੇ ਬਚਾਉਣ ਲਈ ਸਾਨੂੰ ਛਾਪਣ ਤੋਂ ਰੋਕ ਸਕਦੇ ਸਨ। ਅਸੀਂ ਜੋ ਕਾਪੀਆਂ ਛਾਪੀਆਂ ਹਨ, ਉਸ ਦਾ ਭੁਗਤਾਨ ਤਾਂ ਸਾਨੂੰ ਕਰਨਾ ਹੀ ਪਵੇਗਾ।"

ਹੈਦਰ ਨੇ ਇਸ਼ਾਰਾ ਕੀਤਾ ਕਿ ਜਦੋਂ ਵੀ ਪੁਲਿਸ ਪ੍ਰੈੱਸ ਦੇ ਕੰਮਕਾਜ ਵਿਚ ਦਖਲ ਦਿੰਦੀ ਹੈ ਤਾਂ ਦੋਗਲੀ ਬੋਲੀ ਬੋਲਦੀ ਹੈ, "ਜਦੋਂ ਪੁਲਿਸ ਨੇ ਗਿਲਾਨੀ ਦੀ ਲਾਸ਼ ਘਰੋਂ ਬਾਹਰ ਕੱਢੀ ਤਾਂ ਉਨ੍ਹਾਂ ਨੇ ਕਿਹਾ ਕਿ ਉਹ 'ਦਫਨਾਉਣ ਦੇ ਇੰਤਜ਼ਾਮ' ਕਰ ਰਹੇ ਹਨ। ਇਸੇ ਤਰ੍ਹਾਂ ਉਨ੍ਹਾਂ ਨੇ ਕਿਹਾ ਕਿ ਪਾਬੰਦੀਆਂ ਲੱਗੀਆਂ ਹੋਈਆਂ ਹਨ, ਇਸ ਕਰਕੇ ਉਹ ਰੰਗਰੇਟ ਵਿਚ ਪ੍ਰੈੱਸ ਦੁਆਲੇ ਗਸ਼ਤ ਕਰ ਰਹੇ ਸਨ। ਉਹ ਇਸ ਨੂੰ ਰੁਟੀਨ ਗਸ਼ਤ ਦੱਸਦੇ ਹਨ ਅਤੇ ਇਸ ਨੂੰ ਛਾਪੇਮਾਰੀ ਨਹੀਂ ਕਹਿੰਦੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਪ੍ਰੈੱਸ ਮਾਲਕ 'ਤੇ ਨਿਰਭਰ ਹੈ ਕਿ ਉਨ੍ਹਾਂ ਨੂੰ ਇਜਾਜ਼ਤ ਦੇਣੀ ਹੈ ਜਾਂ ਰੋਕਣਾ ਹੈ।" ਹਕੀਕਤ ਇਹ ਸੀ ਕਿ ਅਤਿਅੰਤ ਫੌਜੀਕਰਨ ਵਾਲੇ ਕਸ਼ਮੀਰ ਵਿਚ ਇਹ ਸਾਫ ਧਮਕੀ ਸੀ।

ਹੈਦਰ ਨੇ ਕਿਹਾ ਕਿ ਉਸ ਨੇ ਅਧਿਕਾਰੀਆਂ ਅਤੇ ਪੁਲਿਸ ਤੋਂ ਜਵਾਬ ਮੰਗਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨੂੰ ਅਖਬਾਰ ਵੰਡਣ ਦੀ ਇਜਾਜ਼ਤ ਕਿਉਂ ਨਹੀਂ ਦਿੱਤੀ ਗਈ ਪਰ ਕੋਈ ਜਵਾਬ ਨਹੀਂ ਮਿਲਿਆ। ਜਦੋਂ ਮੈਂ ਉਸ ਨੂੰ ਪੁੱਛਿਆ ਕਿ ਕੀ ਉਹ ਇਹ ਮੁੱਦਾ ਕਿਸੇ ਪੱਤਰਕਾਰ ਸੰਸਥਾ ਕੋਲ ਉਠਾ ਸਕਦੇ ਹਨ ਤਾਂ ਉਸ ਨੇ ਹੱਥ ਖੜ੍ਹੇ ਕਰ ਦਿੱਤੇ। ਉਸ ਨੇ ਕਿਹਾ, "ਕਸ਼ਮੀਰ 'ਚ ਹਾਲਾਤ ਬਹੁਤ ਬੇਵਸੀ ਵਾਲੇ ਹਨ, ਅਸੀਂ ਇਸ ਮੁੱਦੇ ਨੂੰ ਕਿਸੇ ਅੱਗੇ ਨਹੀਂ ਉਠਾ ਸਕਦੇ। ਯਹਾਂ ਤੋ ਨਫਸਾ ਨਫਸੀ ਕਾ ਆਲਮ ਹੈ (ਹਰ ਕਿਸੇ ਨੂੰ ਆਪਣੀ ਚਿੰਤਾ ਹੈ)। ਜਬ ਆਪਕੇ ਵਕਤ ਕੇ ਹੁਕਮਰਾਨ ਔਰ ਤੁਰਮ ਖਾਨ ਖਾਮੋਸ਼ ਬੈਠੇ ਹੈਂ, ਤੋ ਸਾਹਾਫੀ (ਪੱਤਰਕਾਰ) ਕੀ ਕਯਾ ਹੈਸੀਅਤ ਹੈ।"

ਗਿਲਾਨੀ ਦੀ ਮੌਤ ਤੋਂ ਬਾਅਦ ਪੁਰਾਣੇ ਸ਼ਹਿਰ ਦੇ ਕੁਝ ਹਿੱਸਿਆਂ ਵਿਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਪੁਲਿਸ ਨੇ ਆਪਣੀ ਪੁਰਾਣੀ ਰਣਨੀਤੀ ਤਹਿਤ ਜਵਾਬੀ ਕਾਰਵਾਈ ਕੀਤੀ, ਪੈਲੇਟ ਗੰਨਾਂ ਚਲਾਈਆਂ ਅਤੇ ਹੰਝੂ ਗੈਸ ਦੇ ਗੋਲੇ ਦਾਗੇ। ਹਮੇਸ਼ਾ ਵਾਂਗ ਫੋਟੋ ਪੱਤਰਕਾਰਾਂ ਨੇ ਆਪਣੇ ਪ੍ਰਕਾਸ਼ਨਾਂ ਲਈ ਵਿਰੋਧ ਪ੍ਰਦਰਸ਼ਨ ਦੀ ਕਵਰੇਜ ਕੀਤੀ ਪਰ ਅਗਲੇ ਦਿਨ ਉਨ੍ਹਾਂ ਦੀ ਕੋਈ ਵੀ ਫੋਟੋ ਨਹੀਂ ਛਪੀ। ਇਕ ਰੋਜ਼ਾਨਾ ਉਰਦੂ ਅਖਬਾਰ ਦੇ ਮੁੱਖ ਸੰਪਾਦਕ ਨੇ ਦੱਸਿਆ ਕਿ ਮੀਡੀਆ ਸਲਾਹਕਾਰ ਯਾਦਵ ਨੇ ਉਨ੍ਹਾਂ ਨੂੰ ਪੈਲੇਟ ਗੰਨਾਂ ਨਾਲ ਜ਼ਖਮੀ ਹੋਏ ਕਿਸੇ ਵਿਅਕਤੀ ਦੀਆਂ ਤਸਵੀਰਾਂ ਨਾ ਛਾਪਣ ਦਾ ਹੁਕਮ ਦਿੱਤਾ ਸੀ- "ਤੁਸੀਂ ਇਹ ਜ਼ਿਕਰ ਤਾਂ ਕਰ ਸਕਦੇ ਹੋ ਕਿ ਪੈਲੇਟ ਗੰਨਾਂ ਨਾਲ ਚੋਟਾਂ ਆਈਆਂ ਹਨ ਜਾਂ ਵਿਰੋਧ ਪ੍ਰਦਰਸ਼ਨ ਹੋਏ ਪਰ ਫੋਟੋ ਨਾ ਛਾਪਿਓ।" ਮੁੱਖ ਸੰਪਾਦਕ ਅਨੁਸਾਰ- ਡਰ ਅਤੇ ਸਰਕਾਰ ਦੀ ਬਦਲਾਖੋਰੀ ਕਾਰਨ ਸਾਨੂੰ ਕਸ਼ਮੀਰ ਦੀਆਂ ਦੋ ਮੁੱਖ ਸਿਆਸੀ ਪਾਰਟੀਆਂ- ਨੈਸ਼ਨਲ ਕਾਨਫਰੰਸ ਤੇ ਪੀਪਲਜ ਡੈਮੋਕ੍ਰੇਟਿਕ ਪਾਰਟੀ, ਦੇ ਸਿਆਸੀ ਬਿਆਨ ਸੈਂਸਰ ਕਰਨੇ ਪਏ। ਨਿਗਰਾਨੀ ਕਰਨੀ ਪੈਂਦੀ ਹੈ ਕਿ ਬਿਆਨ ਸਰਕਾਰ ਦੇ ਵਿਰੁੱਧ ਤਾਂ ਨਹੀਂ। ਹੁਰੀਅਤ ਦੇ ਬਿਆਨ ਛਾਪਣ ਦਾ ਤਾਂ ਸਵਾਲ ਹੀ ਨਹੀਂ ਜੋ ਜ਼ਿਆਦਾ ਵਕਤ ਜੰਮੂ ਕਸ਼ਮੀਰ ਵਿਚ ਭਾਰਤੀ ਸਟੇਟ ਅਤੇ ਉਨ੍ਹਾਂ ਦੀਆਂ ਨੀਤੀਆਂ ਦੇ ਖਿਲਾਫ ਬੋਲਦੇ ਹਨ।


ਗਿਲਾਨੀ ਦੀ ਮੌਤ ਤੋਂ ਬਾਅਦ ਵੀ ਹੁਰੀਅਤ ਦੀਆਂ ਖਬਰਾਂ ਸੈਂਸਰ ਕਰਨ ਦਾ ਸਿਲਸਿਲਾ ਜਾਰੀ ਹੈ। 'ਕਸ਼ਮੀਰ ਇਮੇਜਿਜ' ਦੇ ਮੁੱਖ ਸੰਪਾਦਕ ਬਸ਼ੀਰ ਮੰਜ਼ਰ ਨੇ ਦੱਸਿਆ ਕਿ ਉਨ੍ਹਾਂ ਦਾ ਅਖਬਾਰ ਕਸ਼ਮੀਰ ਵਿਚ ਕਿਸੇ ਵੀ ਵੱਡੀ ਘਟਨਾ ਦੀ ਰਿਪੋਰਟਿੰਗ ਦੇ ਮਿਆਰ ਨਾਲ ਸਮਝੌਤਾ ਨਹੀਂ ਕਰ ਰਿਹਾ ਜਾਂ ਉਸ ਨੂੰ ਨਜ਼ਰਅੰਦਾਜ਼ ਨਹੀਂ ਕਰ ਰਿਹਾ। ਜਦੋਂ ਮੈਂ ਪੁੱਛਿਆ ਕਿ ਕੀ ਉਨ੍ਹਾਂ ਨੇ ਹੁਰੀਅਤ ਕਾਨਫਰੰਸ ਦੇ ਨਵੇਂ ਪ੍ਰਧਾਨ ਵਜੋਂ ਮਸਰਤ ਆਲਮ ਦੀ ਨਿਯੁਕਤੀ ਕਵਰ ਕੀਤੀ ਸੀ ਤਾਂ ਉਸ ਨੇ ਕਿਹਾ, "ਅਸੀਂ ਖਬਰਾਂ ਨੂੰ ਦਬਾਇਆ ਨਹੀਂ ਪਰ ਖਬਰ ਸਾਡੇ ਕੋਲੋਂ ਰਹਿ ਗਈ।" ਘਾਟੀ ਦੇ ਕਿਸੇ ਵੀ ਵੱਡੇ ਅਖਬਾਰ 'ਚ ਇਹ ਖਬਰ ਨਹੀਂ ਛਪੀ। ਜਿਨ੍ਹਾਂ ਜ਼ਿਆਦਾਤਰ ਸੰਪਾਦਕਾਂ ਨੇ ਮੇਰੇ ਨਾਲ ਆਨ-ਰਿਕਾਰਡ ਗੱਲ ਕੀਤੀ, ਸਾਰਿਆਂ ਦੀ ਭਾਸ਼ਾ ਇੱਕੋ ਜਿਹੀ ਕੂਟਨੀਤਕ ਸੀ।

ਸੰਪਾਦਕ ਨੇ ਮੈਨੂੰ ਦੱਸਿਆ, "ਕਸ਼ਮੀਰ ਦੀ ਹਾਲਤ ਬਹੁਤ ਵੱਖਰੀ ਹੈ, ਮੈਂ ਆਪਣੇ ਤੀਹ ਸਾਲਾਂ ਦੇ ਕਰੀਅਰ ਵਿਚ ਅਜਿਹੀ ਅਜੀਬ ਸਥਿਤੀ ਕਦੇ ਨਹੀਂ ਦੇਖੀ। ਸ਼ਾਸਨ ਵੱਲੋਂ ਮੀਡੀਆ ਦੀ ਜ਼ਬਾਨਬੰਦੀ ਕੀਤੇ ਜਾਣ ਦੀ ਕੋਈ ਜਵਾਬਦੇਹੀ ਨਹੀਂ ਅਤੇ ਮੀਡੀਆ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਸੁਣਨ ਵਾਲਾ ਕੋਈ ਨਹੀਂ।" ਉਨ੍ਹਾਂ ਕਿਹਾ ਕਿ ਕੀ ਛਾਪਣਾ ਹੈ ਅਤੇ ਕੀ ਨਹੀਂ ਛਾਪਣਾ, ਇਹ ਤੈਅ ਕਰਨਾ ਤਲਵਾਰ ਦੀ ਧਾਰ 'ਤੇ ਤੁਰਨ ਬਰਾਬਰ ਹੈ- "ਕਸ਼ਮੀਰ ਵਿਚ ਪੱਤਰਕਾਰੀ ਨੂੰ ਸੰਤੁਲਿਤ ਕਰਨਾ ਕਦੇ ਵੀ ਸੌਖਾ ਨਹੀਂ ਰਿਹਾ ਪਰ ਹੁਣ ਸਾਨੂੰ ਲੈਫਟੀਨੈਂਟ ਗਵਰਨਰ ਦੀਆਂ ਖਬਰਾਂ ਜਾਂ ਵਿਕਾਸ ਦੀਆਂ ਹੋਰ ਖਬਰਾਂ ਪਹਿਲੇ ਪੰਨੇ 'ਤੇ ਲਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ।"

ਮੁੱਖ ਸੰਪਾਦਕ ਨੇ ਕਿਹਾ ਕਿ ਲੈਫਟੀਨੈਂਟ ਗਵਰਨਰ ਦੇ ਦਫਤਰ, ਪੁਲਿਸ ਅਤੇ ਸੀ.ਆਈ.ਡੀ. ਤੋਂ ਫੋਨ ਆਉਣੇ ਆਮ ਹਨ- "ਪ੍ਰਸ਼ਾਸਨ ਨੇ ਸਾਨੂੰ ਵਿਰੋਧ ਪ੍ਰਦਰਸ਼ਨ ਅਤੇ ਪਥਰਾਓ ਵਰਗੀਆਂ ਹਿੰਸਾ ਨਾਲ ਸਬੰਧਤ ਗਤੀਵਿਧੀਆਂ ਨੂੰ ਕੋਈ ਜਗ੍ਹਾ ਨਾ ਦੇਣ ਦਾ ਨਿਰਦੇਸ਼ ਦਿੱਤਾ ਹੈ।" ਕਸ਼ਮੀਰ ਦੀਆਂ ਅੱਧੀਆਂ ਖਬਰਾਂ ਨਿਊਜ਼ ਰੂਮ ਤੱਕ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਜਾਂਦੀਆਂ ਹਨ। ਸ੍ਰੀਨਗਰ ਦੇ ਇਕ ਅੰਗਰੇਜ਼ੀ ਅਖਬਾਰ ਦੇ ਸੰਪਾਦਕ ਨੇ ਦੱਸਿਆ ਕਿ ਉਨ੍ਹਾਂ ਨੂੰ ਵੀ ਇਸ ਤਰ੍ਹਾਂ ਦੇ ਆਦੇਸ਼ ਮਿਲੇ ਸਨ- "ਸਾਨੂੰ ਸਪੱਸ਼ਟ ਹੁਕਮ ਦਿੱਤਾ ਗਿਆ ਕਿ ਨੈਸ਼ਨਲ ਕਾਨਫਰੰਸ ਅਤੇ ਪੀ.ਡੀ.ਪੀ. ਵਰਗੀਆਂ ਮੁੱਖਧਾਰਾ ਸਿਆਸੀ ਪਾਰਟੀਆਂ ਦਾ ਕੋਈ ਵੀ ਆਲੋਚਨਾਤਮਕ ਬਿਆਨ ਅਖਬਾਰ 'ਚ ਨਹੀਂ ਛਾਪਿਆ ਜਾਵੇਗਾ। ਸਾਨੂੰ ਉਨ੍ਹਾਂ ਸਿਆਸੀ ਪਾਰਟੀਆਂ ਦੇ ਬਿਆਨ ਨਾ ਲੈਣ ਲਈ ਕਿਹਾ ਗਿਆ ਜੋ ਐੱਲ.ਜੀ. ਸਿਨਹਾ, ਧਾਰਾ 370 ਜਾਂ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੀਆਂ ਨੀਤੀਆਂ ਦੇ ਵਿਰੁੱਧ ਹਨ।" ਵਿਰੋਧ ਪ੍ਰਦਰਸ਼ਨਾਂ ਅਤੇ ਪੁਲਿਸ ਦੀ ਬਦਲਾਖੋਰੀ ਜਾਂ ਰਾਜ ਦੀਆਂ ਸਿਆਸੀ ਪਾਰਟੀਆਂ ਦਾ ਹਵਾਲਾ ਦੇਣ ਤੋਂ ਵੀ ਅਸਮਰੱਥ ਅਖਬਾਰਾਂ ਨੂੰ ਆਪਣੇ ਪਹਿਲੇ ਪੰਨਿਆਂ ਉੱਪਰ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਦੁਆਰਾ ਸ਼ੁਰੂ ਕੀਤੇ ਵਿਕਾਸ ਪ੍ਰੋਜੈਕਟਾਂ ਬਾਰੇ ਬੇਤੁਕੀਆਂ ਖਬਰਾਂ ਨੂੰ ਜਗ੍ਹਾ ਦੇ ਕੇ ਵੱਡੇ ਪੱਧਰ 'ਤੇ ਕਵਰ ਕਰਨ ਲਈ ਮਜਬੂਰ ਕੀਤਾ ਗਿਆ। ਸੰਪਾਦਕ ਨੇ ਦੱਸਿਆ ਕਿ ਸਿਨਹਾ ਨੂੰ ਆਪਣੇ ਹਰ ਕੰਮ ਨੂੰ 'ਇਤਿਹਾਸਕ' ਦੱਸਦੇ ਹੋਏ ਪ੍ਰੈੱਸ ਨੋਟ ਭੇਜਣ ਦੀ ਆਦਤ ਹੈ; ਇਸ ਕਰਕੇ ਉਸ ਨੂੰ 'ਮੰਨਾ ਇਤਿਹਾਸ' ਕਿਹਾ ਜਾਂਦਾ ਹੈ (ਕਸ਼ਮੀਰੀਆਂ 'ਚ ਨਾਮ ਨੂੰ ਛੋਟਾ ਕਰਕੇ ਪਹਿਲੇ ਅੱਖਰਾਂ ਨੂੰ ਜੋੜ

***(ਬਾਕੀ ਅਗਲੇ ਸਫੇ 'ਤੇ)***





***ਹੁਰੀਅਤ ਆਗੂ ਸਈਦ ਅਲੀ ਸ਼ਾਹ ਗਿਲਾਨੀ ਦੀ ਮੌਤ ਤੋਂ ਬਾਅਦ ਸ੍ਰੀਨਗਰ ਦੇ ਪੁਰਾਣੇ ਇਲਾਕੇ ਵਿਚ ਰੋਸ ਪ੍ਰਦਰਸ਼ਨ ਕਰਦੇ ਹੋਏ ਲੋਕ। ਪ੍ਰਸ਼ਾਸਨ ਨੇ ਅਖਬਾਰਾਂ ਨੂੰ ਪੈਲੇਟ ਗੰਨ ਨਾਲ ਜ਼ਖਮੀ ਹੋਏ ਪ੍ਰਦਰਸ਼ਨਕਾਰੀਆਂ ਦੀਆਂ ਤਸਵੀਰਾਂ ਨਾ ਛਾਪਣ ਦੇ ਜ਼ਬਾਨੀ ਹੁਕਮ ਦਿੱਤੇ। (ਸੱਜੇ) ਲੈਫਟੀਨੈਂਟ ਗਵਰਨਰ ਮਨੋਜ ਸਿਨਹਾ।***

# ਸਾਮਰਾਜੀ ਸੰਕਟ, ਆਰਥਿਕ ਮੰਦੀ ਅਤੇ ਆਮ ਲੋਕ

ਸਾਮਰਾਜੀ ਪ੍ਰਬੰਧ 2007-08 ਦੀ ਆਰਥਿਕ ਸੰਕਟ ਵਿਚੋਂ ਅਜੇ ਉਭਰ ਨਹੀਂ ਸਕਿਆ ਸੀ ਕਿ ਹੁਣ ਇਹ ਇਕ ਹੋਰ ਭਿਆਨਕ ਆਰਥਿਕ ਸੰਕਟ ਵੱਲ ਵਧ ਰਿਹਾ ਹੈ। ਸਾਰੇ ਦੇਸ਼ਾਂ ਅੰਦਰ ਆਰਥਿਕ ਮੰਦੀ ਦੇ ਬੱਦਲ ਛਾਏ ਹੋਏ ਹਨ। ਉਂਝ, ਹੁਣ ਵਾਲਾ ਸੰਕਟ ਪਹਿਲਾਂ ਵਰਗੇ ਆਰਥਿਕ ਸੰਕਟਾਂ ਵਰਗਾ ਨਹੀਂ। 2007-08 ਦੀ ਮੰਦੀ ਵੇਲੇ ਅਮਰੀਕਾ ਅੰਦਰ ਮਹਿੰਗਾਈ ਅਤੇ ਵਿਆਜ ਦਰਾਂ ਘੱਟ ਸਨ, ਖਾਧ ਪਦਾਰਥਾਂ ਦਾ ਸੰਕਟ ਵੀ ਨਹੀਂ



ਸੀ; ਹੁਣ ਦੁਨੀਆ ਨੂੰ ਵੱਡਾ ਖਾਧ ਸੰਕਟ, ਜਲਵਾਯੂ ਸੰਕਟ, ਕੋਵਿਡ-19 ਦੀ ਮਹਾਮਾਰੀ ਆਦਿ ਗੰਭੀਰ ਵਰਤਾਰੇ ਦਰਪੇਸ਼ ਹਨ। ਇਸ ਤੋਂ ਇਲਾਵਾ ਇਕ ਪਾਸੇ

**ਮੋਹਨ ਸਿੰਘ (ਡਾ.)**
**ਫੋਨ: +91-78883-27695**

ਰੂਸ ਚੀਨ ਅਤੇ ਦੂਜੇ ਪਾਸੇ ਅਮਰੀਕਾ ਯੂਰਪ ਵਿਚਕਾਰ ਤੇਜ਼ ਵਿਰੋਧਤਾਈ ਹੈ। ਵਾਤਾਵਰਨ ਬਚਾਉਣ ਲਈ ਪੈਰਿਸ ਵਾਰਤਾ ਫੇਲ੍ਹ ਹੋ ਚੁੱਕੀ ਹੈ ਅਤੇ ਸੰਸਾਰ ਵਪਾਰ ਸੰਸਥਾ ਦੀ ਬੈਠਕ ਬਿਨਾ ਨਤੀਜੇ ਖਤਮ ਹੋ ਗਈ ਹੈ। ਸਾਮਰਾਜਵਾਦ ਦੀਆਂ ਨਵ-ਉਦਾਰਵਾਦੀ ਨੀਤੀਆਂ ਕਾਰਨ ਬ੍ਰਹਿਮੰਡ ਅਤੇ ਧਰਤੀ ਦੇ ਵਾਤਾਰਵਨ ਅੰਦਰ ਝੱਖੜ, ਮੀਂਹ, ਹਨੇਰੀਆਂ, ਤੂਫਾਨ, ਤਪਸ਼, ਠੰਢ, ਜੰਗਲਾਂ ਦੀ ਕਟਾਈ, ਹੜ੍ਹ, ਗਲੇਸ਼ੀਅਰ ਪਿਘਲਣ ਆਦਿ ਨਾਲ ਵੱਡੇ ਪੱਧਰ ’ਤੇ ਮੌਸਮੀ ਤਬਦੀਲੀਆਂ ਹੋ ਰਹੀਆਂ ਹਨ ਜਿਸ ਨਾਲ ਬ੍ਰਹਿਮੰਡ ਅਤੇ ਪ੍ਰਿਥਵੀ ਦੇ ਸੰਤੁਲਤ ਸਿਸਟਮ ’ਚ ਵਿਗਾੜ ਪੈਦਾ ਹੋ ਗਏ ਹਨ। ਵਾਤਾਵਰਨ ਤਬਦੀਲੀਆਂ ਨਾਲ ਵਿਕਸਤ ਦੇਸ਼ਾਂ ਅੰਦਰ ਵੀ ਜੰਗਲੀ ਅੱਗਾਂ ਲੱਗ ਰਹੀਆਂ ਹਨ; 50 ਦਰਜੇ ਤੱਕ ਦੀ ਤਪਸ਼ ਪੈਦਾ ਹੋ ਰਹੀ ਹੈ।

2007-08 ਦੇ ਸੰਸਾਰ ਵਿੱਤੀ ਸੰਕਟ ਤੋਂ ਬਾਅਦ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਅੰਦਰ ਖਾਧ ਪਦਾਰਥਾਂ ਦੀ ਕਮੀ ਹੋਣ ਕਾਰਨ ਖਾਧ ਪਦਾਰਥਾਂ ਦੀਆਂ ਕੀਮਤਾਂ ਵਿਚ ਬਹੁਤ ਵਾਧਾ ਹੋ ਗਿਆ ਅਤੇ ਬਹੁ-ਕੌਮੀ ਕੰਪਨੀਆਂ ਦੀ ਜ਼ਮੀਨਾਂ ’ਤੇ ਕਬਜ਼ੇ ਦੀ ਦੌੜ ਲੱਗ ਗਈ ਹੈ। ਸ਼ਹਿਰੀਕਰਨ ਦੇ ਵਧਦੇ ਅਸਰ ਨਾਲ ਫਸਲੀ ਉਪਜਾਊ ਜ਼ਮੀਨ ਘਟ ਰਹੀ ਹੈ ਅਤੇ ਪੂੰਜੀਵਾਦ ਦੀ ਮੁਨਾਫੇ ਲਈ ਹਵਸ ਨਾਲ ਕੁਦਰਤੀ ਸਰੋਤਾਂ ਦੀ ਅੰਨ੍ਹੀ ਲੁੱਟ ਤੇਜ਼ ਹੋ ਰਹੀ ਹੈ। ਜੰਗਲਾਂ ਦੀ ਤਬਾਹੀ ਹੋ ਰਹੀ ਹੈ। ਯੂਕਰੇਨ ਜੰਗ, ਹਿੰਦਪ੍ਰਸ਼ਾਂਤ ਮਹਾਸਾਗਰ ਅਤੇ ਤਾਈਵਾਨ ਵਿਚ ਸਾਮਰਾਜੀ ਦੇਸ਼ਾਂ ਵਿਚਕਾਰ ਵਧ ਰਹੇ ਤਣਾਅ ਨੇ ਇਸ ਨੂੰ ਹੋਰ ਭਿਆਨਕ ਬਣਾ ਦਿੱਤਾ ਹੈ। ਸੰਸਾਰ ਦੀ ਸਭ ਤੋਂ ਵੱਡੀ, ਅਮਰੀਕੀ ਆਰਥਿਕਤਾ ਦੀ ਪਹਿਲੀ ਤਿਮਾਹੀ ਦੀ ਕੁੱਲ ਘਰੇਲੂ ਪੈਦਾਵਾਰ ਮਨਫੀ 1.4 ਪ੍ਰਤੀਸ਼ਤ ਤੱਕ ਸੁੰਗੜ ਗਈ ਹੈ ਅਤੇ ਮਹਿੰਗਾਈ ਪਿਛਲੇ 40 ਸਾਲਾਂ ਵਿਚ ਸਭ ਤੋਂ ਵੱਧ 15 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ। ਮਹਿੰਗਾਈ ਕੰਟਰੋਲ ਕਰਨ ਲਈ ਅਮਰੀਕਾ ਨੂੰ ਵਿਆਜ ਦਰਾਂ ਵਧਾਉਣੀਆਂ ਪੈ ਰਹੀਆਂ ਹਨ ਜਿਸ ਨਾਲ ਨਿਵੇਸ਼ ਹੋਰ ਘਟ ਰਿਹਾ ਹੈ।



ਉਧਰ ਜਾਪਾਨ ਉਪਰ ਕਰਜ਼ਾ ਜੀ.ਡੀ.ਪੀ. ਦੇ ਨਿਸਬਤ 250 ਪ੍ਰਤੀਸ਼ਤ ਤੱਕ ਵਧ ਗਿਆ ਹੈ ਅਤੇ ਇਹ ਪਹਿਲੀ ਵਾਰ 7 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ। ਜਾਪਾਨ ਦੇ ਯੈੱਨ ਦੀ ਕੀਮਤ ਡਾਲਰ ਦੇ ਮੁਕਾਬਲੇ 12 ਪ੍ਰਤੀਸ਼ਤ ਡਿਗ ਗਈ ਹੈ। ਫਰਾਂਸ ਦਾ ਅਰਥਚਾਰਾ ਵੀ 2022 ਦੀ ਪਹਿਲੀ ਤਿਮਾਹੀ ਵਿਚ ਮਨਫੀ 0.1 ਪ੍ਰਤੀਸ਼ਤ ਗਿਰਾਵਟ ਵਿਚ ਚਲਾ ਗਿਆ ਹੈ। ਯੂਕਰੇਨ ਜੰਗ ਕਾਰਨ ਪੱਛਮੀ ਸਾਮਰਾਜੀ ਦੇਸ਼ਾਂ ਵੱਲੋਂ ਆਰਥਿਕ ਪਾਬੰਦੀਆਂ ਲਾਉਣ ਨਾਲ ਰੂਸ ਡਿਫਾਲਟਰ ਹੋ ਗਿਆ ਹੈ। 2007-08 ਵਿਚ ਜਦੋਂ ਅਮਰੀਕਾ ਦੀ ਆਰਥਿਕਤਾ ਮੰਦੀ ਵਿਚ ਫਸ ਗਈ ਸੀ ਤਾਂ ਅਮਰੀਕਾ ਦੀਆਂ ਧੜਵੈਲ ਬਹੁ-ਕੌਮੀ ਕੰਪਨੀਆਂ ਅਤੇ ਲਹਿਮਨ ਬ੍ਰਦਰਜ਼ ਵਰਗੀਆਂ ਵੱਡੀਆਂ ਬੈਂਕਾਂ ਤਬਾਹ ਹੋ ਗਈਆਂ ਸਨ ਅਤੇ ਅਮਰੀਕਾ ਦੀ 23 ਟ੍ਰਿਲੀਅਨ ਡਾਲਰ ਦੀ ਪੂੰਜੀ ਤਬਾਹ ਹੋ ਗਈ ਸੀ। ਹੁਣ ਪਾਕਿਸਤਾਨ, ਨੇਪਾਲ, ਬੰਗਲਾਦੇਸ਼, ਇੰਡੋਨੇਸ਼ੀਆ, ਵੈਨੇਜ਼ੁਵੇਲਾ, ਤੁਰਕੀ, ਬੇਲਾਰੂਸ, ਇਥੋਪੀਆ ਆਦਿ ਪਛੜੇ ਦੇਸ਼ ਪਹਿਲਾਂ ਹੀ ਆਰਥਿਕ ਸੰਕਟ ਵਿਚ ਹਨ। ਇਸ ਮੰਦੀ ਨੇ ਸ੍ਰੀਲੰਕਾ ਨੂੰ ਸਭ ਤੋਂ ਪਹਿਲਾਂ ਝਟਕ ਲਿਆ ਅਤੇ ਲੋਕਾਂ ਨੇ ਭੋਜਨ, ਪੈਟਰੋਲ ਅਤੇ ਡੀਜ਼ਲ ਦੀ ਕਿੱਲਤ ਕਾਰਨ ਰਾਸ਼ਟਰਪਤੀ ਦੇ ਮਹਿਲਾਂ ’ਤੇ ਕਬਜ਼ਾ ਕਰ ਲਿਆ ਹੈ। ਇਧਰ ਭਾਰਤ ਦਾ ਰੁਪਈਆ ਵੀ ਦਮ ਤੋੜ ਗਿਆ ਹੈ ਅਤੇ ਗਿਰ ਕੇ 80 ਰੁਪਏ ਪ੍ਰਤੀ ਡਾਲਰ ’ਤੇ ਪਹੁੰਚ ਗਿਆ ਹੈ। ਕੇਂਦਰ ਸਰਕਾਰ ਇਕ ਪਾਸੇ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵਧਾ ਕੇ ਅਤੇ ਆਟੇ, ਦਾਲ, ਦੁੱਧ, ਦਹੀਂ, ਪਨੀਰ ਵਰਗੀਆ ਜ਼ਰੂਰੀ ਵਸਤਾਂ ਉਪਰ ਜੀਐੱਸਟੀ ਹੋਰ ਵਧਾ ਕੇ ਆਰਥਿਕ ਸੰਕਟ ਦਾ ਭਾਰ ਲੋਕਾਂ ’ਤੇ ਸੁੱਟ ਰਹੀ ਹੈ; ਦੂਜੇ ਪਾਸੇ, ਜੋਟੀਦਾਰ ਧਨਾਢ ਨੂੰ ਇਜ਼ਰਾਈਲ ਅੰਦਰ ਇਕ ਹੋਰ ਬੰਦਰਗਾਹ ’ਤੇ ਕਬਜ਼ਾ ਕਰਾ ਕੇ ਮਾਲੋਮਾਲ ਕੀਤਾ ਜਾ ਰਿਹਾ ਹੈ ਅਤੇ ਨਾਲ ਹੀ ਆਈ.ਯੂ.ਯੂ.ਆਈ. (ਇੰਡੀਆ, ਯੂਨਾਈਟਿਡ ਅਰਬ ਅਮੀਰਾਤ ਅਤੇ ਯੂ.ਐੱਸ., ਇਜ਼ਰਾਈਲ ਗੱਠਜੋੜ ਬਣਾ ਕੇ) ਭਾਰਤ ਅੰਦਰ ਖਾਧ ਪਦਾਰਥਾਂ ਦੇ ਪੈਦਾ ਹੋ ਰਹੇ ਸੰਕਟ ਦੇ ਬਾਵਜੂਦ ਯੂਨਾਈਟਿਡ ਅਮੀਰਾਤ ਨੂੰ ਅੰਨ ਬਰਾਮਦ ਕੀਤਾ ਜਾ ਰਿਹਾ ਹੈ।

ਯੂਕਰੇਨ-ਰੂਸ ਜੰਗ ਲਮਕਣ ਕਾਰਨ ਦੁਨੀਆ ਦੇ ਵੱਡੇ ਸਾਮਰਾਜੀ ਮੁਲਕ ਇਸ ਵਿਚ ਬੁਰੀ ਤਰ੍ਹਾਂ ਉਲਝ ਗਏ ਹਨ। ਇਸ ਨੇ ਦੁਨੀਆ ਭਰ ਅੰਦਰ ਕਤਾਰਬੰਦੀ ਕਰ ਦਿੱਤੀ ਹੈ। ਰੂਸ ਉਪਰ ਆਰਥਿਕ ਪਾਬੰਦੀਆਂ ਅਤੇ ਰੂਸ ਦੇ ਮੋੜਵੇਂ ਜਵਾਬ ਵਿਚ ਯੂਰਪੀ ਦੇਸ਼ਾਂ ਨੂੰ ਗੈਸ-ਪੈਟਰੋਲ ਦੀ ਸਪਲਾਈ ’ਤੇ ਕਟੌਤੀ ਨਾਲ ਯੂਰਪੀ ਦੇਸ਼ਾਂ ਦਾ ਆਰਥਿਕ ਸੰਕਟ ਵਧ ਗਿਆ ਹੈ। ਇਸ ਨਾਲ ਬਰਲਿਨ ਦੀਵਾਰ ਢਹਿਣ ਤੋਂ ਬਾਅਦ ਯੂਰਪ ਦੀ ਸਭ ਤੋਂ ਵੱਡੀ ਆਰਥਿਕਤਾ, ਜਰਮਨੀ ਦੀ ਪੈਦਾਵਾਰ ਮਨਫੀ ਵਿਚ ਚਲੀ ਗਈ ਹੈ। ਅਮਰੀਕਾ ਵੱਲੋਂ ਮਹਿੰਗਾਈ ਕੰਟਰੋਲ ਕਰਨ ਲਈ ਵਧਾਈਆਂ ਵਿਆਜ ਦਰਾਂ ਕਾਰਨ ਡਾਲਰ ਦਾ ਵਹਾਅ ਅਮਰੀਕਾ ਵਿਚ ਇਕੱਤਰ ਹੋ ਰਹੇ ਹਨ ਅਤੇ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰਾਂ ਨੂੰ ਵੱਡੀ ਪੱਧਰ ’ਤੇ ਖੋਰਾ ਲੱਗ ਰਿਹਾ ਹੈ। ਭਾਰਤ ਅੰਦਰ ਆਉਂਦੇ ਇਕ ਸਾਲ ਅੰਦਰ ਸੌ ਅਰਬ ਡਾਲਰ ਬਾਹਰ ਨਿਕਲਣ ਦੇ ਅੰਦਾਜ਼ਾ ਹੈ; ਫਲਸਰੂਪ, ਭਾਰਤ ਅੰਦਰ ਸ਼ੇਅਰ ਬਾਜ਼ਾਰ ਗੋਤਾ ਖਾ ਰਹੇ ਹਨ ਤੇ ਮਹਿੰਗਾਈ ਰਿਕਾਰਡ ਤੋੜ ਰਹੀ ਹੈ। ਵਿਆਜ ਦਰਾਂ ਵਧਣ ਨਾਲ ਨਿਵੇਸ਼ ਘਟ ਰਿਹਾ ਹੈ ਅਤੇ ਖਾਧ ਪਦਾਰਥ ਮਹਿੰਗੇ ਹੋਣ ਨਾਲ ਮਿਹਨਤਕਸ਼ਾਂ ਦਾ ਜਿਊਣਾ ਮੁਸ਼ਕਿਲ ਹੋ ਰਿਹਾ ਹੈ। ਲੋਕਾਂ ਦੀ ਖਰੀਦ ਸ਼ਕਤੀ ਘਟ ਰਹੀ ਹੈ ਜਿਸ ਸਦਕਾ ਭਾਰਤੀ ਆਰਥਿਕਤਾ ਦਾ ਸੰਕਟ ਹੋਰ ਵਧ ਰਿਹਾ ਹੈ।

ਪੈਟਰੋਲ, ਡੀਜ਼ਲ, ਗੈਸ ਅਤੇ ਬਿਜਲੀ ਮਹਿੰਗੀ ਹੋਣ ਨਾਲ ਦੁਨੀਆ ਦੇ ਪਛੜੇ ਦੇਸ਼ਾਂ ਅੰਦਰ ਮਹਿੰਗਾਈ ਵਧੀ ਹੈ। ਕਈ ਦੇਸ਼ਾਂ ਵਿਚ ਵਧਦੀ ਮਹਿੰਗਾਈ ਖਿਲਾਫ ਅੰਦੋਲਨ ਸ਼ੁਰੂ ਹੋ ਗਏ ਹਨ। ਵਿਦੇਸ਼ੀ ਮੁਦਰਾ ਦੀ ਘਾਟ ਕਾਰਨ ਪਾਕਿਸਤਾਨ ਸਰਕਾਰ ਚਾਹ ਘੱਟ ਪੀਣ ਲਈ ਕਹਿ ਰਹੀ ਹੈ। ਇਥੋਪੀਆ ਅੰਦਰ ਪੈਟਰੋਲ ਕੀਮਤਾਂ ਵਧਣ ਕਾਰਨ ਲੋਕ ਪ੍ਰਦਰਸ਼ਨ ਕਰ ਰਹੇ ਹਨ। ਅਮਰੀਕਾ ਅੰਦਰ ਗੈਸੋਲੀਨ ਦੇ ਪ੍ਰਤੀ ਗੈਲਨ ਰੇਟ ਵਧ ਗਏ ਸਨ; ਹੁਣ ਮੱਧਕਾਲੀਨ ਚੋਣਾਂ ਦੇ ਸਨਮੁੱਖ ਰਾਸ਼ਟਰਪਤੀ ਜੋਅ ਬਾਈਡਨ ’ਤੇ ਰੇਟ ਘਟਾਉਣ ਲਈ ਦਬਾਅ ਹੈ। ਨਾਈਜੀਰੀਆ ਵਿਚ ਬਿਜਲੀ ਦੀ ਕਿੱਲਤ ਕਾਰਨ ਸੈਲੂਨਾਂ ਅੰਦਰ ਮੋਬਾਈਲ ਫੋਨ ਦੀ ਲਾਈਟ ਨਾਲ ਵਾਲ ਕੱਟਣੇ ਪੈ ਰਹੇ ਹਨ। ਹੰਗਰੀ ਨੇ ਕਾਰਾਂ ਵਿਚ ਪ੍ਰਤੀ ਦਿਨ 50 ਲਿਟਰ ਤੋਂ ਵੱਧ ਗੈਸ ਪਾਉਣ ’ਤੇ ਰੋਕ ਲਾ ਦਿੱਤੀ ਹੈ। ਘਾਨਾ ਵਿਚ ਮਹਿੰਗਾਈ ਵਿਰੋਧੀ ਪ੍ਰਦਰਸ਼ਨ ਠੱਲ੍ਹਣ ਲਈ ਹੰਝੂ ਗੈਸ ਵਰਤੀ ਜਾ ਰਹੀ ਹੈ। ਇਉਂ ਦੁਨੀਆ ਭਰ ਦੇ ਲੋਕਾਂ ਨੂੰ ਆਰਥਿਕ ਮੰਦੀ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪੂੰਜੀਵਾਦੀ ਸਾਮਰਾਜੀ ਪ੍ਰਬੰਧ ਲਗਾਤਾਰ ਏਕੀਕ੍ਰਿਤ ਬਣ ਰਿਹਾ ਹੈ; ਇਸ ਪ੍ਰਬੰਧ ਦੇ ਇਕ ਦੇਸ਼ ਦਾ ਘਟਨਾਕ੍ਰਮ ਸਮੁੱਚੇ ਪੂੰਜੀਵਾਦੀ ਪ੍ਰਬੰਧ ਨੂੰ ਪ੍ਰਭਾਵਿਤ ਕਰਦਾ ਹੈ। ਅੱਜਕਲ੍ਹ ਯੂਕਰੇਨ ਭਾਵੇਂ ਦੁਨੀਆ ਦਾ ਛੋਟਾ ਜਿਹਾ ਮੁਲਕ ਹੈ ਪਰ ਉਥੇ ਲੱਗੀ ਜੰਗ ਦੁਨੀਆ ’ਤੇ ਅਸਰ ਪਾ ਰਹੀ ਹੈ ਅਤੇ ਸੰਕਟ ਵਿਚ ਫਸੇ ਸੰਸਾਰ ਨੂੰ ਇਕ ਹੋਰ ਆਰਥਿਕ ਸੰਕਟ ਵੱਲ ਧੱਕ ਰਹੀ ਹੈ। ਯੂ.ਐੱਨ.ਓ., ਐੱਫ.ਏ.ਓ. ਅਤੇ ਸੰਸਾਰ ਸਿਹਤ ਸੰਸਥਾਵਾਂ ਪਹਿਲਾਂ ਹੀ ਜਲਵਾਯੂ ਤਬਦੀਲੀਆਂ ਨਾਲ ਅਣਕਿਆਸੀਆਂ ਸੁਨਾਮੀਆਂ, ਹੜ੍ਹ, ਸੋਕੇ ਅਤੇ ਬੇਮੌਸਮੇ ਮੀਂਹਾਂ ਕਾਰਨ ਖਾਧ ਸੰਕਟ ਬਾਰੇ ਚਿਤਾਵਨੀਆਂ ਦੇ ਰਹੀਆਂ ਸਨ। ਸਮੁੰਦਰ ਅੰਦਰ ਪਲਾਸਟਿਕ, ਗੰਦਗੀ ਅਤੇ ਕੂੜਾ ਸੁੱਟਣ ਨਾਲ ਪ੍ਰਦੂਸ਼ਣ ਫੈਲ ਰਿਹਾ ਹੈ ਜਿਸ ਨਾਲ ਵੱਡੇ ਪੱਧਰ ’ਤੇ ਮੱਛੀਆਂ ਮਰਨ ਨਾਲ ਭੋਜਨ ਸੰਕਟ ਵਧ ਰਿਹਾ ਹੈ ਅਤੇ ਮੱਛੀਆਂ ਫੜਨ ਲਈ ਵੱਖ ਵੱਖ ਦੇਸ਼ਾਂ ਵਿਚਕਾਰ ਤਣਾਅ ਵਧ ਰਿਹਾ ਹੈ। ਕੌਮਾਂਤਰੀ ਊਰਜਾ ਏਜੰਸੀ ਦਾ ਅਨੁਮਾਨ ਹੈ ਕਿ ਊਰਜਾ ਦੇ ਮੁੱਲ ਵਧੇਰੇ ਹੋਣ ਕਾਰਨ ਏਸ਼ੀਆ ਅਫਰੀਕਾ ਦੇ ਨੌਂ ਕਰੋੜ ਲੋਕਾਂ ਨੂੰ ਬਿਜਲੀ ਨਹੀਂ ਮਿਲੇਗੀ। ਮਹਿੰਗੀ ਊਰਜਾ ਅਤੇ ਖਾਧ ਪਦਾਰਥਾਂ ਦੀ ਘਾਟ ਨੂੰ ਨਜਿੱਠਣ ਲਈ ਅਰਬਾਂ ਰੁਪਏ ਦੀ ਜ਼ਰੂਰਤ ਹੈ ਪਰ ਇਸ ਰਕਮ ਦੀ ਪੂਰਤੀ ਲਈ ਕੋਈ ਵੀ ਦੇਸ਼ ਤਿਆਰ ਨਹੀਂ ਹੈ। ਅੰਤ ਇਸ ਆਰਥਿਕ ਮੰਦੀ ਵਿਚੋਂ ਪੈਦਾ ਹੁੰਦੀਆਂ ਮੁਸ਼ਕਿਲਾਂ ਗਰੀਬਾਂ ਨੂੰ ਹੀ ਝੱਲਣੀਆਂ ਪੈਣਗੀਆਂ।

# ਰੂਸ-ਯੂਕਰੇਨ ਜੰਗ ਅਤੇ ਬਰਬਾਦੀ

ਦੁਨੀਆ ਦੇ ਨਕਸ਼ੇ ‘ਤੇ ਯੂਕਰੇਨ ਦੇ ਨਕਸ਼ ਗਹਿਰੇ ਪੈ ਰਹੇ ਹਨ। ਜੇ ਰੂਸ ਨੂੰ ਨਾ ਗਿਣਿਆ ਜਾਵੇ ਤਾਂ ਯੂਕਰੇਨ ਯੂਰਪ ਦਾ ਸਭ ਤੋਂ ਵੱਡਾ ਮੁਲਕ ਹੈ ਅਤੇ ਖੇਤਰਫਲ ਦੇ ਲਿਹਾਜ਼ ਤੋਂ ਭਾਰਤ ਦਾ ਪੰਜਵਾਂ ਹਿੱਸਾ ਬਣਦਾ ਹੈ। ਉਂਝ, ਇਸ ਕਿਸਮ ਦੇ ਅੰਕੜੇ ਭਰਮ ਪੈਦਾ ਕਰ ਦਿੰਦੇ ਹਨ। ਇਸ ਦੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਭਾਰਤ ਦੀ ਜੀ.ਡੀ.ਪੀ. ਦੇ

**ਟੀ.ਐੱਨ. ਨੈਨਾਨ**

ਵੀਹਵੇਂ ਹਿੱਸੇ ਦੇ ਸਮਾਨ ਹੈ ਅਤੇ ਇਸ ਦੀ ਕੁੱਲ ਆਬਾਦੀ ਸ੍ਰੀਲੰਕਾ ਦੀ ਆਬਾਦੀ ਨਾਲੋਂ ਦੁੱਗਣੀ ਹੀ ਜ਼ਿਆਦਾ ਹੈ। ਇਸ ਕਿਸਮ ਦੇ ਮੁਲਕ ਨੂੰ ਰੂਸ ਵਰਗੀ ਮਹਾਂ ਸ਼ਕਤੀ (ਭਾਵੇਂ ਉਸ ਦੀ ਤਾਕਤ ਕਿੰਨੀ ਵੀ ਮਾਂਦ ਪੈ ਗਈ ਹੋਵੇ) ਨਾਲ ਟੱਕਰ ਲੈਣੀ ਨਹੀਂ ਬਣਦੀ ਸੀ। ਜੇ ਯੂਕਰੇਨ ਤੇਜ਼ੀ ਨਾਲ ਖੂੰਖਾਰ ਹੋ ਰਹੀ ਇਸ ਜੰਗ ਵਿਚ ਪੰਜ ਮਹੀਨਿਆਂ ਬਾਅਦ ਵੀ ਡਟਿਆ ਹੋਇਆ ਹੈ ਤੇ ਕੁਝ ਇਲਾਕੇ ਗੁਆ ਲੈਣ ਤੋਂ ਇਲਾਵਾ ਰੂਸ ਦੀ ਚੜ੍ਹਤ ਨੂੰ ਲਗਭਗ ਡੱਕੀ ਬੈਠਾ ਹੈ ਤਾਂ ਇਹ ਹਥਿਆਰਾਂ ਦੇ ਰੂਪ ਵਿਚ ਪੱਛਮੀ ਦੇਸ਼ਾਂ ਦੀ ਭਾਰੀ ਇਮਦਾਦ ਦੇ ਨਾਲੋ-ਨਾਲ ਯੂਕਰੇਨੀਆ ਦੇ ਲੜਾਕੂ ਜਜ਼ਬੇ ਅਤੇ ਸਦਾਕਤ ਦੀ ਮਿਸਾਲ ਵੀ ਬਣ ਗਈ ਹੈ।

ਸੰਸਾਰ ਬੈਂਕ ਦਾ ਅਨੁਮਾਨ ਹੈ ਕਿ ਯੂਕਰੇਨ ਦੀ ਜੀ.ਡੀ.ਪੀ. ਇਸ ਸਾਲ ਤੱਕ 45% ਸੁੰਗੜ ਜਾਵੇਗੀ। ਇਸ ਵਿਚ ਇਕ ਤਿਹਾਈ ਜਾਂ ਇਸ ਤੋਂ ਵੱਧ ਗਿਰਾਵਟ ਆਵੇਗੀ। ਮਨੁੱਖੀ ਜਾਨਾਂ ਦੇ ਹਰਜੇ ਦੇ ਦੂਜੇ ਅੰਕੜਿਆਂ ਦਾ ਕੋਈ ਲੇਖਾ ਜੋਖਾ ਨਹੀਂ ਲਾਇਆ ਜਾ ਸਕਦਾ। ਇਸ ਦੌਰਾਨ, ਲੜਾਈ ਵਿਚ ਜੂਝ ਰਹੇ ਦੇਸ਼ ਦੇ ਰਾਸ਼ਟਰਪਤੀ (ਜ਼ੇਲੈਂਸਕੀ) ਨੇ ਆਖਿਆ ਕਿ ਸ਼ਹਿਰੀ ਬੁਨਿਆਦੀ ਢਾਂਚੇ ਦੀ ਮੁੜ ਉਸਾਰੀ ਲਈ 750 ਅਰਬ ਡਾਲਰ ਦਾ ਖਰਚ ਆਵੇਗਾ। ਇਹ ਖਰਚਾ ਇਸ ਮੁਲਕ ਦੀ ਜੰਗ ਤੋਂ ਪਹਿਲਾਂ ਦੀ ਜੀ.ਡੀ.ਪੀ. ਨਾਲੋਂ ਪੰਜ ਗੁਣਾ ਜ਼ਿਆਦਾ ਹੈ; ਜਿਵੇਂ ਜਿਵੇਂ ਜੰਗ ਲੰਮੀ ਹੁੰਦੀ ਜਾਵੇਗੀ, ਇਹ ਖਰਚਾ ਵੀ ਵਧਦਾ ਜਾਵੇਗਾ। ਆਰਥਿਕ ਦਿੱਕਤਾਂ ਦਾ ਸਾਹਮਣਾ ਕਰ ਰਹੇ ਪੱਛਮੀ ਦੇਸ਼ਾਂ ‘ਚੋਂ ਕੋਈ ਵੀ ਦੇਸ਼ ਇਸ ਦੀ ਭਰਪਾਈ ਨਹੀਂ ਕਰ ਸਕਦਾ। ਜੰਗ ਵਿਚ ਜੋ ਵਾਪਰਦਾ ਹੈ, ਉਹੀ ਅਸੀਂ ਸਾਹਮਣੇ ਤੱਕ ਰਹੇ ਹਾਂ- ਇਰਾਕ ਤੇ ਸੀਰੀਆ ਵਾਂਗ ਕਾਰਜਸ਼ੀਲ ਸਟੇਟ/ਰਿਆਸਤ ਦੀ ਲਗਭਗ ਬਰਬਾਦੀ।

ਰੂਸ ਨੂੰ ਵੀ ਇਸ ਦੀ ਕੀਮਤ ਤਾਰਨੀ ਪਈ ਹੈ। ਇਸ ਸਾਲ ਇਸ ਦਾ ਅਰਥਚਾਰਾ 10 ਫੀਸਦ ਤੱਕ ਸੁੰਗੜ ਜਾਵੇਗਾ। ਇਸ ਦੀ ਕਰੰਸੀ ਵਿਚ ਤਿੱਖੇ ਉਤਰਾਅ ਚੜ੍ਹਾਅ ਆਏ ਹਨ, ਮਹਿੰਗਾਈ ਦੀ ਦਰ 15 ਫੀਸਦ ‘ਤੇ ਪਹੁੰਚ ਗਈ ਹੈ ਅਤੇ ਪੱਛਮੀ ਦੇਸ਼ਾਂ ਵਲੋਂ ਲਾਈਆਂ ਪਾਬੰਦੀਆਂ ਕਰ ਕੇ ਉਤਪਾਦਨ ਪ੍ਰਣਾਲੀਆਂ ਵਿਚ ਵਿਘਨ ਪੈ ਗਿਆ ਹੈ। ਫਿਰ ਵੀ ਵਲਾਦੀਮੀਰ ਪੂਤਿਨ ਪਿਛਲੇ ਦੋ ਦਹਾਕਿਆਂ ਤੋਂ ਅਰਥਚਾਰੇ ਨੂੰ ਚੰਗੀ ਤਰ੍ਹਾਂ ਸੰਭਾਲਦੇ ਰਹੇ ਹਨ ਤੇ ਇਸ ਦਾ ਕਰਜ਼ਾ ਵੀ ਜੀ.ਡੀ.ਪੀ. ਦਾ ਵੀਹ ਕੁ ਫੀਸਦ ਤੱਕ ਹੈ ਜਦਕਿ (ਭਾਰਤ ਸਿਰ ਕਰਜ਼ਾ ਇਸ ਦੀ ਜੀ.ਡੀ.ਪੀ. ਦੇ 85 ਫੀਸਦ ਹਿੱਸੇ ਤੱਕ ਅੱਪੜ ਚੁੱਕਿਆ ਹੈ) ਅਤੇ ਤੇਲ ਤੇ ਗੈਸ ਦੀਆਂ ਉੱਚੀਆਂ ਕੀਮਤਾਂ ਕਰ ਕੇ ਪੈਸੇ ਦੀ ਨਿਰੰਤਰ ਆਮਦ ਹੋ ਰਹੀ ਹੈ। ਯਕੀਨਨ, ਪਾਬੰਦੀਆਂ ਦਾ ਅਸਰ ਅਤੇ ਲਗਾਤਾਰ ਫੌਜੀ ਖਰਚਾ ਸਹਿ ਸਕਣ ਦੀ ਸਮੱਰਥਾ ਪੈਦਾ ਕਰਨ ਵਿਚ ਮੁਸ਼ਕਿਲ ਆਵੇਗੀ, ਫਿਰ ਵੀ ਰਾਸ਼ਟਰਪਤੀ ਪੂਤਿਨ ਨੇ ਬੇਫਿਕਰੀ ਦਾ ਇਜ਼ਹਾਰ ਕੀਤਾ ਹੈ। ਫਿਲਹਾਲ ਉਹ ਲੰਘੀ 24 ਫਰਵਰੀ ਨੂੰ ਵਿੱਢੇ ‘ਵਿਸ਼ੇਸ਼ ਫੌਜੀ ਅਪਰੇਸ਼ਨ’ ਦੇ ਆਪਣੇ ਉਦੇਸ਼ਾਂ ‘ਤੇ ਹੀ ਜ਼ੋਰ ਦੇ ਰਹੇ ਹਨ। ਜਦੋਂ ਜੰਗ ਦੇ ਬੁਨਿਆਦੀ ਕਾਰਨਾਂ ‘ਤੇ ਝਾਤ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਤਾੜੀ ਹਮੇਸ਼ਾ ਦੋਹਾਂ ਹੱਥਾਂ ਨਾਲ ਵੱਜਦੀ ਹੈ ਪਰ ਅਕਸਰ ਇਹ ਕਦੀਮੀ ਯੂਨਾਨੀ ਦੁਖਾਂਤ ਦੀ ਲਗਭਗ ਅਟੱਲਤਾ ਦੇ ਰੂਪ ਵਿਚ ਕਿਸੇ ਵੱਡੀ ਹਸਤੀ ਦੇ ਪਤਨ ਦੇ ਸਬੱਬ ਵੀ ਬਣਦੀ ਹੈ। ਇਸ ਕਰ ਕੇ ਇਹ ਕਹਾਣੀ ਯੂਕਰੇਨ ਤੋਂ ਪਾਰ ਜਾ ਕੇ ਸੋਵੀਅਤ ਸੰਘ ਦੇ ਪਤਨ ਅਤੇ ਇਸ ਤੋਂ ਬਾਅਦ ਦੇ ਸਫਰ ਤੱਕ ਚਲੀ ਜਾਂਦੀ ਹੈ। ਮੱਧ ਅਤੇ ਪੂਰਬੀ ਯੂਰਪ ਦੇ ਮੁਲਕਾਂ ਦੇ ਲੋਕਾਂ ਲਈ ਨਿਰੰਕੁਸ਼ਸ਼ਾਹੀ ਵੱਲ ਤੇਜ਼ੀ ਨਾਲ ਵਧ ਰਹੇ ਅਤੇ ਆਪਣੇ ਸਾਮਰਾਜੀ ਅਤੀਤ ਵਾਲੇ ਰੂਸ ਨਾਲੋਂ ਲੋਕਰਾਜੀ ਪੱਛਮ ਅਤੇ ਦੌਲਤਮੰਦ ਯੂਰਪੀ ਯੂਨੀਅਨ ਕਿਤੇ ਵੱਧ ਦਿਲਕਸ਼ ਹੈ ਪਰ ਜਿਵੇਂ ਜਿਵੇਂ ਯੂਰਪੀ ਯੂਨੀਅਨ ਪੂਰਬ ਵੱਲ ਪੈਰ ਪਸਾਰ ਰਹੀ ਹੈ ਤੇ ਇਸ ਦੇ ਪਿੱਛੇ ਪਿੱਛੇ ਨਾਟੋ (ਨੌਰਥ ਅਟਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ) ਵੀ ਜਾ ਰਹੀ ਹੈ ਤਾਂ ਰੂਸ ਨੂੰ ਆਪਣੀ ਘੇਰਾਬੰਦੀ ਮਹਿਸੂਸ ਹੋਣ ਲੱਗ ਪਈ। ਇਕ ਸਮੀਖਿਅਕ ਨੇ ਤਾਂ ਇਸ ਨੂੰ ਇੰਝ ਬਿਆਨ ਕੀਤਾ ਹੈ: ਪੱਛਮੀ ਤਾਕਤਾਂ ਨੇ ਰੂਸ ਨਾਲ ਜੰਗ ਦਾ ਐਲਾਨ ਕਰ ਦਿੱਤਾ ਤੇ ਫਿਰ ਰੂਸ ਨੇ ਯੂਕਰੇਨ ‘ਤੇ ਹਮਲਾ ਕਰ ਦਿੱਤਾ।

ਜਦੋਂ ਭਵਿੱਖ ਵੱਲ ਝਾਤ ਮਾਰੀ ਜਾਂਦੀ ਹੈ ਤਾਂ ਸਵਾਲ ਇਹ ਹੈ ਕਿ ਪੱਛਮੀ ਤਾਕਤਾਂ ਅਜਿਹੇ ਮੁਲਕ ਨੂੰ ਬਚਾਉਣਾ ਚਾਹੁੰਦੀਆਂ ਹਨ ਜੋ ਭਾਵੇਂ ਭੂਗੋਲਕ ਰੂਪ ਵਿਚ ਸੁੰਗੜ ਗਿਆ ਹੈ ਪਰ ਹਾਲੇ ਵੀ ਜਿਸ ਨੂੰ ਯੂਕਰੇਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਕੀ ਪੂਤਿਨ ਦਾ ਹਮਲਾ ਮਹਿਜ਼ ਪੱਛਮ ਦੀਆਂ ਭੜਕਾਹਟਾਂ ਦੀ ਪ੍ਰਤੀਕਿਰਿਆ ਹੈ? ਜੇ ਮਾਮਲਾ ਇਵੇਂ ਹੀ ਹੈ ਤਾਂ ਮੁੱਦਾ ਉਸ ਇਨਾਮ ਦੇ ਆਕਾਰ ਅਤੇ ਸ਼ਕਲ ਦਾ ਹੈ ਜਿਸ ਰਾਹੀਂ ਰੂਸ ਨੂੰ ਗੱਲਬਾਤ ਦੀ ਮੇਜ਼ ‘ਤੇ ਲਿਆ ਕੇ ਟਕਰਾਅ ਦਾ ਖਾਤਮਾ ਕੀਤਾ ਜਾ ਸਕੇ। ਉਂਝ, ਜੇ ਪੂਤਿਨ ਆਪਣੇ ਪੁਰਾਤਨ ਰੂਸੀ ਭੂਗੋਲਕ ਉਦੇਸ਼ਾਂ ਨੂੰ ਹੋਰ ਜ਼ਿਆਦਾ ਖਿੱਚਦੇ ਰਹਿੰਦੇ ਹਨ ਅਤੇ ਜੇ ਪੱਛਮ ਰੂਸੀ ਖਤਰੇ ਨੂੰ (ਇਸੇ ਨੂੰ ਹਕੀਕੀ ਉਦੇਸ਼ ਮਿੱਥ ਕੇ ਜੋ ਸ਼ਾਇਦ ਨਾ ਵੀ ਹੋਵੇ) ਇਕੋ ਹੱਲੇ ਨੇਸਤਨਾਬੂਦ ਕਰਨਾ ਚਾਹੁੰਦਾ ਹੈ ਤਾਂ ਇਹ ਜੰਗ ਜਾਰੀ ਰਹੇਗੀ ਅਤੇ ਕੋਈ ਵੀ ਜੇਤੂ ਹੋ ਕੇ ਨਹੀਂ ਨਿਕਲੇਗਾ। ਅਖੀਰ ਰੂਸ ‘ਤੇ ਲਾਈਆਂ ਲਾਮਿਸਾਲ ਪਾਬੰਦੀਆਂ ਦੋਵੀਂ ਪਾਸੀਂ ਮਾਰ ਕਰਨਗੀਆਂ। ਅਮਰੀਕਾ ਤੇ ਯੂਰਪ, ਦੋਵਾਂ ਨੂੰ ਆਰਥਿਕ ਕੀਮਤ ਤਾਰਨੀ ਪੈ ਰਹੀ ਹੈ ਹਾਲਾਂਕਿ ਅਮਰੀਕਾ ਦੇ ਮੁਕਾਬਲੇ ਯੂਰਪ ਲਈ ਇਹ ਕੀਮਤ ਜ਼ਿਆਦਾ ਹੈ। ਜਿਵੇਂ-ਜਿਵੇਂ ਗੈਸ ਦੀ ਕਿੱਲਤ ਦਾ ਖਤਰਾ ਵਧ ਰਿਹਾ ਹੈ, ਅਰਥਚਾਰੇ ਮੰਦੀ ਦੀ ਲਪੇਟ ਵਿਚ ਆ ਰਹੇ ਹਨ ਅਤੇ ਜਿਵੇਂ-ਜਿਵੇਂ ਮਹਿੰਗਾਈ ਦੀ ਦਹਾਕਿਆਂ ਬਾਅਦ ਉਚਤਮ ਪੱਧਰ ਛੂਹ ਰਹੀ ਹੈ ਤਾਂ ਲੋਕਰਾਜੀ ਮੁਲਕਾਂ ਦੇ ਸਿਆਸਤਦਾਨਾਂ ਨੂੰ ਵੋਟਰਾਂ ਦੇ ਗੁੱਸੇ ਦਾ ਖਮਿਆਜ਼ਾ ਭੁਗਤਣਾ ਪਵੇਗਾ। ਖਾਸ ਤੌਰ ‘ਤੇ ਯੂਰਪੀ ਮੁਲਕਾਂ ਦੇ ਆਗੂਆਂ ਲਈ ਤਾਂ ‘ਇਕ ਪਾਸੇ ਖੂਹ ਤੇ ਦੂਜੇ ਪਾਸੇ ਖਾਈ’ ਦੀ ਨੌਬਤ ਬਣੀ ਪਈ ਹੈ। ਉਨ੍ਹਾਂ ਨੂੰ ਊਰਜਾ ਦੀ ਸਪਲਾਈ ਦੇ ਭਰੋਸੇਮੰਦ ਸਰੋਤ ਤੋਂ ਹੀ ਹੱਥ ਨਹੀਂ ਧੋਣੇ ਪਏ ਸਗੋਂ ਆਪੋ-ਆਪਣੇ ਅਰਥਚਾਰਿਆਂ ‘ਤੇ ਫੌਜੀ ਖਰਚੇ ਦਾ ਬੋਝ ਵੀ ਲੱਦਣਾ ਪੈ ਰਿਹਾ ਹੈ। ਇਸ ਤੋਂ ਇਲਾਵਾ ਯੂਕਰੇਨ ਦੀ ਫੌਜੀ ਤੇ ਆਰਥਿਕ ਮਦਦ ਕਰਨ ਲਈ ਵੀ ਆਖਿਆ ਜਾ ਰਿਹਾ ਹੈ। ਕਿਸ ਪੜਾਅ ‘ਤੇ ਪਹੁੰਚ ਕੇ ਫੌਜੀ ਗੱਠਜੋੜ ਤਿੜਕੇਗਾ? ਜੇ ਇਵੇਂ ਨਾ ਹੋਇਆ ਤਾਂ ਇਸ ਦਾ ਕਾਰਨ ਇਹ ਹੋਵੇਗਾ ਕਿ ਅਸਲ ਮਨੋਰਥ ਰੂਸੀ ਖਤਰੇ ਦਾ ਹਮੇਸ਼ਾ ਲਈ ਖਾਤਮਾ ਕਰਨਾ ਹੈ ਤੇ ਯੂਕਰੇਨ ਲਈ ਬੱਸ ਇੰਨਾ ਹੀ ਕਿਹਾ ਜਾ ਸਕਦਾ ਹੈ ਕਿ ਰੱਬ ਖੈਰ ਕਰੇ।

# ਅਖਬਾਰਾਂ ਲਈ ਇੰਝ ਆਉਂਦੇ ਹਨ ਸਰਕਾਰੀ ਹੁਕਮ...

*(ਪਿਛਲੇ ਸਫੇ ਦੀ ਬਾਕੀ)*

ਕੇ ਬੋਲਣ ਦੀ ਰੁਚੀ ਹੈ)। ਸੰਪਾਦਕ ਨੇ ਅੱਗੇ ਕਿਹਾ, “ਅੱਜ ਕੱਲ੍ਹ ਮੰਨਾ ਇਤਿਹਾਸ ਨੂੰ ਮੁੱਖ ਜਗ੍ਹਾ ਦੇਣੀ ਪੈਂਦੀ ਹੈ। ਅਖਬਾਰਾਂ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੀਆਂ ਹਨ ਅਤੇ ਮਾਲਕਾਂ ਨੂੰ ਲੱਗਦਾ ਹੈ ਕਿ ਉਦਯੋਗ ਉਨ੍ਹਾਂ ਨੂੰ ਕਵਰੇਜ ਦੇਣ ਨਾਲ ਹੀ ਬਚ ਸਕੇਗਾ। ਇੱਧਰ ਪ੍ਰਸ਼ਾਸਨ ਨੂੰ ਲੱਗਦਾ ਹੈ ਕਿ ਕਸ਼ਮੀਰ ਵਿਚ ਪੱਤਰਕਾਰੀ ਕੁਚਲ ਕੇ ਉਹ ਬਿਰਤਾਂਤ ਨੂੰ ਬਦਲ ਦੇਣਗੇ।” ਸਿਨਹਾ ਅਤੇ ਉਸ ਦੇ ਮੀਡੀਆ ਸਲਾਹਕਾਰ ਯਤੀਸ਼ ਯਾਦਵ ਨੇ ਈਮੇਲ ਰਾਹੀਂ ਉਨ੍ਹਾਂ ਨੂੰ ਭੇਜੇ ਵਿਸਤਾਰੀ ਸਵਾਲਨਾਮੇ ਦਾ ਕੋਈ ਜਵਾਬ ਨਹੀਂ ਦਿੱਤਾ।

ਮੰਜ਼ਰ ਨੇ ਦੱਸਿਆ ਕਿ ਸਿਨਹਾ ਦਾ ਸਵੈ-ਪ੍ਰਚਾਰ ਕਸ਼ਮੀਰ ਵਿਚ ਪਿਛਲੀ ਸਰਕਾਰ ਦੇ ਮੁਖੀਆਂ ਨਾਲੋਂ ਬਹੁਤਾ ਵੱਖਰਾ ਨਹੀਂ- “ਪਹਿਲੀਆਂ ਸਰਕਾਰਾਂ ਵੀ ਪਹਿਲੇ ਪੰਨੇ ‘ਤੇ ਹੁੰਦੀਆਂ ਸਨ ਜਿਵੇਂ ਅੱਜ ਕੱਲ੍ਹ ਮਨੋਜ ਸਿਨਹਾ ਹਨ।” ਮੰਜ਼ਰ ਅਨੁਸਾਰ, ਨਵੀਂ ਗੱਲ ਇਹ ਹੈ ਕਿ ਕਸ਼ਮੀਰ ਦੀਆਂ ਸਥਾਨਕ ਖਬਰਾਂ ਉਸ ਦੇ ਪਾਠਕਾਂ ਦੀ ਪਹੁੰਚ ਤੋਂ ਪੂਰੀ ਤਰ੍ਹਾਂ ਬਾਹਰ ਹੋ ਰਹੀਆਂ ਹਨ- “ਮੈਂ ਤਾਂ ਕਹਾਂਗਾ ਕਿ 5 ਅਗਸਤ ਦੇ ਫੈਸਲੇ (ਧਾਰਾ 370 ਨੂੰ ਖਤਮ ਕੀਤੇ ਜਾਣ) ਦਾ ਪਹਿਲਾ ਨੁਕਸਾਨ ਸਥਾਨਕ ਮੀਡੀਆ ਨੂੰ ਹੋਇਆ ਸੀ। ਮੀਡੀਆ ਨੂੰ ਜਨਤਾ ਅਤੇ ਸੱਤਾਧਾਰੀਆਂ ਦਰਮਿਆਨ ਪੁਲ ਮੰਨਿਆ ਜਾਂਦਾ ਹੈ ਪਰ ਸਾਰੇ ਸੰਚਾਰ ਚੈਨਲ ਬੰਦ ਕਰ ਦਿੱਤੇ ਜਾਣ ਤੋਂ ਬਾਅਦ ਕਸ਼ਮੀਰ ਦਾ ਮੀਡੀਆ ਰਿਪੋਰਟਿੰਗ ਤੋਂ ਬੇਵੱਸ ਹੋ ਗਿਆ। ਪਹਿਲੇ ਤਿੰਨ ਮਹੀਨੇ ਅਸੀਂ ਆਪਣੇ ਪੱਤਰਕਾਰਾਂ ਨਾਲ ਵੀ ਸੰਪਰਕ ਨਹੀਂ ਕਰ ਸਕੇ। ਮੈਂ ਟੈਲੀਵਿਜ਼ਨ ਉੱਪਰ ਖਬਰਾਂ ਦੇਖਦਾ ਸੀ ਅਤੇ ਬਹੁਤ ਅਜੀਬ ਮਹਿਸੂਸ ਹੁੰਦਾ ਸੀ। ਮੈਂ ਨਿਊ ਯਾਰਕ ਵਰਗੇ ਦੂਰ ਦਰਾਜ ਥਾਵਾਂ ‘ਤੇ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਤਾਂ ਜਾਣ ਸਕਦਾ ਸੀ ਪਰ ਮੈਨੂੰ ਇਹ ਪਤਾ ਨਹੀਂ ਸੀ ਕਿ ਮੇਰੇ ਦਫਤਰ ਤੋਂ ਮਹਿਜ਼ ਸੱਠ ਕਿਲੋਮੀਟਰ ਦੂਰ ਸੋਪੋਰ ਵਿਚ ਕੀ ਹੋ ਰਿਹਾ ਹੈ।” *(ਚੱਲਦਾ)*

# ਆਤਮਿਕ ਆਜ਼ਾਦੀ ਦਾ ਪੈਰੋਕਾਰ ਕਾਰਲ ਮਾਰਕਸ

'ਮਾਦਾ ਮਨ ਦੀ ਉਪਜ ਨਹੀਂ ਸਗੋਂ ਖੁਦ ਮਨ ਮਾਦੇ ਦੀ ਸਿਰਮੌਰ ਸਿਰਜਣਾ ਹੈ। ਇਹੀ ਸੁਧ ਭੌਤਿਕਵਾਦ ਹੈ।'

(ਪੋਪ ਫਰਾਂਸਿਸ ਨੇ ਠੀਕ ਹੀ ਕਿਹਾ ਹੈ ਕਿ ਅਜੋਕਾ ਸੰਸਾਰ ਯੂਕਰੇਨ-ਰੂਸ ਜੰਗ ਦੇ ਰੂਪ ਵਿਚ ਤੀਜੀ ਸੰਸਾਰ ਜੰਗ ਵਿਚੋਂ ਲੰਘ ਰਿਹਾ ਹੈ। ਇਸ ਜੰਗ ਨੇ ਜਿਥੇ ਮਨੁੱਖਤਾ ਲਈ ਤਬਾਹੀ ਦਾ ਸਬੱਬ ਬਣਨਾ ਹੈ, ਉਥੇ ਇਕ ਵਾਰ ਫਿਰ ਦੁਨੀਆਂ ਭਰ ਦੇ ਲੋਕਾਂ ਲਈ ਇਨਕਲਾਬੀ ਹਾਲਤਾਂ ਪੈਦਾ ਕਰਨੀਆਂ ਹਨ। ਇਨ੍ਹਾਂ ਇਨਕਲਾਬੀ ਹਾਲਤਾਂ ਦਾ ਲਾਹਾ ਸਿਰਫ ਤਾਂ ਹੀ ਲਿਆ ਜਾ ਸਕੇਗਾ, ਜੇ ਅਸੀਂ ਕਾਰਲ ਮਾਰਕਸ ਦੇ ਇਨਕਲਾਬੀ ਸਿਧਾਂਤ ਨੂੰ ਬੁਲੰਦ ਕਰਨ ਦੇ ਯੋਗ ਹੋਵਾਂਗੇ।)



**ਗੁਰਬਚਨ ਸਿੰਘ**
ਫੋਨ: +91-98156-98451

'ਮੈਂ ਅਜਗਰ ਬੀਜੇ ਸਨ ਪਰ ਪਿਸੂ ਵਢੇ ਹਨ', ਇਹ 18ਵੀਂ ਸਦੀ ਦੇ ਮਹਾਨ ਫਿਲਾਸਫਰ ਕਾਰਲ ਮਾਰਕਸ ਦੇ ਅਕਾਲ ਚਲਾਣੇ ਤੋਂ ਪਹਿਲਾਂ ਦੇ ਆਪਣੇ ਸ਼ਬਦ ਹਨ। ਪੈਰਿਸ ਕਮਿਊਨ ਦੇ ਮੋਢੀ ਮੈਂਬਰਾਂ ਵਿਚੋਂ ਇਕ ਤੇ ਕਾਰਲ ਮਾਰਕਸ ਦੇ ਜਵਾਈ ਪਾਲ ਲਫਾਰਗ ਨੇ ਵੀ ਮਾਰਕਸ ਤੋਂ ਬਾਅਦ ਦੇ ਉਸ ਦੇ ਪੈਰੋਕਾਰਾਂ ਬਾਰੇ ਕੁਝ ਅਜਿਹੇ ਹੀ ਵਿਚਾਰ ਪ੍ਰਗਟ ਕੀਤੇ ਹਨ। ਮਾਰਕਸ ਦੇ ਲਗਭਗ ਬਹੁਤੇ ਪੈਰੋਕਾਰਾਂ ਨੇ ਸਭ ਤੋਂ ਵਡਾ ਗੁਨਾਹ ਇਹ ਕੀਤਾ ਹੈ ਕਿ ਉਨ੍ਹਾਂ ਨੇ ਉਸ ਦੀ ਫਿਲਾਸਫੀ ਨੂੰ ਆਰਥਿਕਵਾਦ ਤਕ ਸੁੰਗੇੜ ਦਿੱਤਾ ਹੈ। ਉਸ ਦੀ ਵਿਚਾਰਧਾਰਾ ਨੂੰ ਜਮਾਤੀ ਜੱਦੋ-ਜਹਿਦ ਦਾ ਨਾਂ ਦੇ ਕੇ ਉਸ ਨੂੰ ਆਰਥਿਕ ਸੰਘਰਸ਼ਾਂ ਤਕ ਸੀਮਤ ਕਰ ਦਿਤਾ ਹੈ। ਇਥੋਂ ਤਕ ਕਿ ਰੂਸ ਦੇ ਇਨਕਲਾਬ ਤੋਂ ਬਾਅਦ ਵੀ ਲੈਨਿਨ ਨੇ ਕਮਿਊਨਿਸਟ ਸਮਾਜ ਦੀ ਸਿਰਜਣਾ ਨੂੰ ਲੋਕਾਂ ਦੇ ਆਤਮਿਕ ਵਿਕਾਸ ਨਾਲ ਜੋੜਨ ਦੀ ਬਜਾਇ ਆਰਥਿਕ ਵਿਕਾਸ ਤਕ ਘਟਾ ਦਿਤਾ। ਇਨਕਲਾਬ ਤੋਂ ਬਾਅਦ ਘੜੀ ਗਈ ਨਵੀਂ ਆਰਥਿਕ ਨੀਤੀ (ਨਿਊ ਇਕਨੌਮਿਕ ਪਾਲਿਸੀ) ਇਸੇ ਦਿਸ਼ਾ ਵਲ ਪੁਟਿਆ ਗਿਆ ਪਹਿਲਾ ਕਦਮ ਸੀ। ਅਜੇ ਵੀ ਮਾਰਕਸ ਦੇ ਬਹੁਤੇ ਪੈਰੋਕਾਰ ਇਹ ਮੰਨਣ ਨੂੰ ਤਿਆਰ ਨਹੀਂ ਕਿ ਮਾਰਕਸ ਨੇ ਮਨੁੱਖ ਜਾਤੀ ਦੇ ਆਤਮਿਕ ਵਿਕਾਸ ਲਈ ਸਿਧਾਂਤਕ ਅਗਵਾਈ ਕੀਤੀ ਹੈ।

ਮਨੁੱਖੀ ਆਤਮਿਕ ਗਿਆਨ ਦੇ ਖੇਤਰ ਵਿਚ ਮਾਰਕਸ ਨੇ ਉਹ ਲਾਂਘਾ ਭੰਨਿਆ ਹੈ, ਜਿਹੜਾ ਉਸ ਤੋਂ ਪਹਿਲੇ ਫਿਲਾਸਫਰ ਹੀਗਲ ਅਤੇ ਫਿਊਰਬਾਖ ਨਹੀਂ ਸਨ ਭੰਨ ਸਕੇ। ਮਨੁੱਖ ਦੇ ਆਪਣੇ ਸਰੀਰੀ 'ਮਨ' ਦਾ ਕੁਦਰਤ ਨਾਲ ਅਨੁਭਵੀ ਰਿਸ਼ਤਾ ਹੈ, ਇਸ ਦੀ ਖੋਜ ਹੀਗਲ ਨੇ ਕਰ ਲਈ ਸੀ ਅਤੇ ਫਿਊਰਬਾਖ ਨੇ ਇਹ ਜਾਣਕਾਰੀ ਵੀ ਦੇ ਦਿੱਤੀ ਸੀ ਕਿ ਮਨੁੱਖ ਦੇ ਸਰੀਰ ਅੰਦਰਲਾ ਆਪਣਾ ਮਨ ਹੀ ਉਸ ਨੂੰ ਕੁਦਰਤ ਬਾਰੇ ਜਾਣਕਾਰੀ ਦੇਂਦਾ ਹੈ। ਉਸ ਨੇ ਇਹ ਜਾਣਕਾਰੀ ਵੀ ਦੇ ਦਿੱਤੀ ਸੀ ਕਿ ਸਾਰੇ ਧਰਮ ਹੋਰ ਕੁਝ ਨਹੀਂ ਸਗੋਂ ਮਨੁੱਖ ਦੇ ਆਪਣੇ ਹੀ ਇਨਸਾਨੀ ਗੁਣਾਂ ਦਾ ਅੰਤਰਮੁਖੀ ਪ੍ਰਗਟਾਵਾ ਹਨ। ਪਰ ਮਨੁੱਖੀ ਆਤਮਾ ਕੀ ਹੈ, ਇਸ ਬਾਰੇ ਨਾ ਹੀਗਲ ਸਪਸ਼ਟ ਕਰ ਸਕਿਆ ਸੀ ਅਤੇ ਨਾ ਹੀ ਫਿਊਰਬਾਖ ਨੇ ਇਸ ਦੀ ਕੋਈ ਜਾਣਕਾਰੀ ਦਿੱਤੀ ਸੀ।

ਮਨੁੱਖੀ 'ਆਤਮਾ' ਕੀ ਹੈ, ਇਸ ਦੀ ਖੋਜ ਮਾਰਕਸ ਦੇ ਹਿੱਸੇ ਆਈ ਅਤੇ ਇਸ ਖੋਜ ਤੋਂ ਹੀ ਉਸ ਨੇ ਆਪਣੀ ਫਿਲਾਸਫੀ ਦਾ ਮੁੱਢ ਬੰਨ੍ਹਿਆ। ਮਾਰਕਸ ਦੇ ਆਪਣੇ ਸ਼ਬਦਾਂ ਵਿਚ : 'ਭੌਤਿਕਵਾਦੀ ਫਿਲਾਸਫੀ ਮਨੁੱਖ ਦੀ ਸਵੈਚੇਤਨਾ (ਚੇਤੰਨ ਸੋਚ) ਨੂੰ ਉਸ ਦੀ ਉਚਤਮ ਦੈਵਿਤਾ (ਭਾਵ ਆਤਮਾ) ਵਜੋਂ ਪ੍ਰਵਾਨ ਕਰਦੀ ਹੈ।'

ਏਂਗਲਜ਼ ਨੇ ਇਸ ਸਮੁੱਚੇ ਵਰਤਾਰੇ ਨੂੰ ਪੂਰੀ ਤਰ੍ਹਾਂ ਸਪੱਸ਼ਟ ਕੀਤਾ ਹੈ : 'ਬਹੁਤ ਪੁਰਾਣੇ ਸਮਿਆਂ ਤੋਂ ਜਦੋਂ ਅਜੇ ਮਨੁੱਖ ਆਪਣੇ ਸਰੀਰਾਂ ਦੀ ਬਣਤਰ ਤੋਂ ਪੂਰੀ ਤਰ੍ਹਾਂ ਅਣਜਾਣ ਸਨ, ਸੁਪਨ ਤਰੰਗਾਂ ਦੇ ਪ੍ਰਭਾਵ ਅਧੀਨ, ਇਹ ਯਕੀਨ ਕਰਨ ਲੱਗੇ ਕਿ ਉਨ੍ਹਾਂ ਦੀ ਸੋਚ ਅਤੇ ਇੰਦ੍ਰਿਆਵੀ ਅਨੁਭਵ ਮਨੁੱਖੀ ਸਰੀਰਾਂ ਦੀ ਹਰਕਤ ਨਹੀਂ ਸਗੋਂ ਕਿਸੇ ਨਿਵੇਕਲੀ ਆਤਮਾ ਦੀ ਹਰਕਤ ਹੈ, ਜਿਹੜੀ ਸਰੀਰ ਵਿਚ ਰਹਿੰਦੀ ਹੈ ਅਤੇ ਮੌਤ ਤੋਂ ਬਾਅਦ ਸਰੀਰ ਨੂੰ ਛੱਡ ਜਾਂਦੀ ਹੈ। ਉਨ੍ਹਾਂ ਵੇਲਿਆਂ ਤੋਂ ਹੀ ਮਨੁੱਖ ਬਾਹਰੀ ਸੰਸਾਰ ਅਤੇ (ਆਪਣੇ ਸਰੀਰ ਅੰਦਰਲੀ) ਆਪਣੀ ਆਤਮਾ ਵਿਚਲੇ ਰਿਸ਼ਤੇ ਨੂੰ ਏਵੇਂ ਹੀ ਪ੍ਰਗਟ ਕਰਦੇ ਆ ਰਹੇ ਹਨ। ਮੌਤ ਤੋਂ ਬਾਅਦ ਜੇ ਆਤਮਾ ਸਰੀਰ ਨੂੰ ਛਡ ਜਾਂਦੀ ਹੈ ਤਾਂ ਉਸ ਨੂੰ ਇਕ ਹੋਰ ਵਖਰੀ ਮੌਤ ਮਾਰਨ ਦਾ ਕੋਈ ਰਾਹ ਨਹੀਂ ਸੀ। ਇਸ ਲਈ ਆਤਮਾ ਦੇ ਅਮਰ ਹੋਣ ਦਾ ਸੰਕਲਪ ਹੋਂਦ ਵਿਚ ਆਇਆ।....ਇਕ ਵਾਰ ਜੇ ਸਰੀਰ ਦੀ ਮੌਤ ਤੋਂ ਬਾਅਦ ਆਤਮਾ ਦੀ ਹੋਂਦ ਮੰਨ ਲਈ ਗਈ ਤਾਂ ਫਿਰ ਇਸ ਆਤਮਾ ਦਾ ਕੀ ਕੀਤਾ ਜਾਏ? ਇਹੀ ਉਲਝਣ ਸੀ, ਜਿਹੜੀ ਮਨੁੱਖੀ ਅਮਰਤਾ ਦੀਆਂ ਅਕੇਵੇਂ ਭਰੀਆਂ ਧਾਰਨਾਵਾਂ ਦਾ ਆਧਾਰ ਬਣੀ। ਐਨ ਇਸੇ ਤਰ੍ਹਾਂ ਕੁਦਰਤੀ ਸ਼ਕਤੀਆਂ ਦੇ ਮਾਨਵੀ ਰੂਪ ਵਜੋਂ ਮੁਢਲੇ ਦੇਵਤੇ ਹੋਂਦ ਵਿਚ ਆਏ ਅਤੇ ਧਰਮਾਂ ਦੇ ਅਗਲੇ ਵਿਕਾਸ ਦੌਰਾਨ ਇਹ ਦੇਵਤੇ ਪ੍ਰਾਲੌਕਿਕ ਰੂਪ ਧਾਰਨ ਕਰਦੇ ਗਏ...ਜਦੋਂ ਤਕ ਕਿ ਅੰਤਿਮ ਰੂਪ ਵਿਚ...ਮਨੁੱਖੀ ਮਨਾਂ ਅੰਦਰ ਇਕ ਰਬ ਨੂੰ ਮੰਨਣ ਵਾਲੇ ਧਰਮਾਂ ਵਿਚਲੇ ਇਕ ਨਿਵੇਕਲੇ ਰਬ ਦਾ ਸੰਕਲਪ ਹੋਂਦ ਵਿਚ ਨਹੀਂ ਆਇਆ।'

ਮਾਰਕਸ ਦਾ ਆਪਣਾ ਕਥਨ ਹੈ, 'ਸਿਰਫ ਹੁਣ ਹੀ ਸਮਾਂ ਆਇਆ ਹੈ ਕਿ ਜਦੋਂ ਐਪੀਕਿਊਰੀਅਨਾਂ, ਸਟੋਇਕਾਂ (ਸਹਿਜ ਮਤਿ) ਅਤੇ ਸੈਪਟਿਕਾਂ (ਸ਼ੰਕਾਵਾਦੀ ਮਤਿ) ਦੇ ਵਿਚਾਰ-ਪ੍ਰਬੰਧਾਂ ਨੂੰ ਸਮਝਿਆ ਜਾ ਸਕਦਾ ਹੈ ਕਿ ਉਹ ਸਵੈਚੇਤਨਾ (ਚੇਤੰਨ ਸੋਚ) ਦੇ ਫਿਲਾਸਫਰ ਹਨ।'

ਸਵੈਚੇਤਨਾ ਦੇ ਇਹ ਫਿਲਾਸਫਰ ਕੀ ਗਿਆਨ ਦੇਂਦੇ ਹਨ, ਇਸ ਦਾ ਵੇਰਵਾ ਮਾਰਕਸ ਨੇ ਆਪਣੀਆਂ 6 'ਨੋਟ ਬੁਕਾਂ' ਵਿਚ ਦਿਤਾ ਹੈ, ਜਿਹੜੀਆਂ (ਮਾਰਕਸ-ਏਂਗਲਜ਼ ਦੀਆਂ) ਸਮੂਹਿਕ ਲਿਖਤਾਂ ਦੀ ਪਹਿਲੀ ਜਿਲਦ ਵਿਚ ਛਪੀਆਂ ਹਨ।

ਇਸ ਗਿਆਨ ਦੀਆਂ ਕੁਝ ਕੁ ਮੁਖ ਧਾਰਨਾਵਾਂ ਹੇਠ ਲਿਖੀਆਂ ਹਨ :

1. 'ਇਹ ਕੁਦਰਤ (ਬ੍ਰਹਿਮੰਡ) ਹਮੇਸ਼ਾ ਇਸੇ ਤਰ੍ਹਾਂ ਸੀ ਤੇ ਹਮੇਸ਼ਾ ਇਸੇ ਤਰ੍ਹਾਂ ਹੀ ਰਹੇਗੀ।' ਯਥਾ ਕੁਦਰਤ ਦੀ ਹੋਂਦ ਸਦੀਵੀ ਹੈ।

2. 'ਐਪੀਕਿਊਰਸ ਲਈ ਫਿਲਾਸਫੀ ਦਾ ਕਾਰਜ ਇਹ ਸਾਬਤ ਕਰਨਾ ਹੈ ਕਿ ਇਹ ਸੰਸਾਰ ਯਥਾਰਥ (ਸਤਿ) ਹੈ ਅਤੇ ਮਨੁੱਖੀ ਸੋਚ ਸੋਚਣਯੋਗ ਅਤੇ ਸੰਭਵ ਹੈ।'

3. 'ਆਪਣੇ-ਆਪ ਨੂੰ ਇਸ ਸੱਚ ਦੇ ਧਾਰਨੀ ਬਣਾਓ ਕਿ ਮੌਤ ਸਾਡੇ ਲਈ ਕੋਈ ਮਾਇਨੇ ਨਹੀਂ ਰਖਦੀ। ਕਿਉਂਕਿ ਸਾਰਾ ਕੁਝ ਜੋ ਵੀ ਚੰਗਾ ਜਾਂ ਮਾੜਾ ਹੈ, ਉਸ ਦਾ ਆਧਾਰ ਚੇਤਨਾ (ਹੋਸ਼) ਹੈ ਅਤੇ ਮੌਤ ਚੇਤਨਾ ਦਾ ਖਾਤਮਾ ਹੈ।'

4. 'ਇਸ ਲਈ ਇਕ ਸਹੀ ਸਮਝ ਕਿ ਮੌਤ ਸਾਡੇ ਵਾਸਤੇ ਕੋਈ ਮਾਇਨੇ ਨਹੀਂ ਰਖਦੀ, ਸਾਡੇ ਸੀਮਤ (ਗੁਰਮਤਿ ਦੀ ਭਾਸ਼ਾ ਵਿਚ ਨਾਸਵੰਤ ਅਤੇ ਬੋਧੀ ਭਾਸ਼ਾ ਵਿਚ ਅਨਿਤ) ਜੀਵਨ ਨੂੰ ਰਹਿਣ ਯੋਗ ਬਣਾਉਂਦੀ ਹੈ। ਅਸੀਂ ਆਪਣੀ ਸੀਮਤ ਜ਼ਿੰਦਗੀ ਨੂੰ ਵਧਾ ਕੇ ਨਹੀਂ ਸਗੋਂ ਅਮਰਤਾ ਦੀ ਭਟਕਣਾ ਵਿਚੋਂ ਬਾਹਰ ਨਿਕਲ ਕੇ ਹੀ ਇਸ ਦਾ ਅਨੰਦ ਮਾਣ ਸਕਦੇ ਹਾਂ। ਉਹ ਮਨੁੱਖ ਮੌਤ ਦੀ ਦਹਿਸ਼ਤ ਤੋਂ ਸਦਾ ਲਈ ਛੁਟਕਾਰਾ ਪਾ ਲੈਂਦਾ ਹੈ, ਜੋ ਇਹ ਸਮਝ ਜਾਂਦਾ ਹੈ ਕਿ ਮੌਤ ਕੋਈ ਦਹਿਸ਼ਤ ਨਹੀਂ। ਇਸ ਲਈ ਉਹ ਮਨੁੱਖ ਮੂਰਖ ਹੈ, ਜਿਹੜਾ ਇਹ ਕਹਿੰਦਾ ਹੈ ਕਿ ਉਹ ਮੌਤ ਤੋਂ ਇਸ ਲਈ ਨਹੀਂ ਡਰਦਾ, ਕਿਉਂਕਿ ਜਦੋਂ ਮੌਤ ਆਉਂਦੀ ਹੈ ਤਾਂ ਇਹ ਦੁਖ ਦੇਂਦੀ ਹੈ ਸਗੋਂ ਉਹ ਮੌਤ ਤੋਂ ਇਸ ਲਈ ਡਰਦਾ ਹੈ, ਕਿਉਂਕਿ ਇਹ ਦੁਖ ਦਾ ਕਾਰਨ ਬਣਦੀ ਹੈ, ਜਦੋਂ ਕਿ ਇਹ ਅਜੇ ਆਉਣੀ ਹੈ।'


5. 'ਉਹ ਮਨੁੱਖ ਸਿਆਣਪ ਦਾ ਭੇਦ ਪਾ ਲੈਂਦਾ ਹੈ, ਜੋ ਮਰਨ ਵੇਲੇ ਵੀ ਓਨੀ ਹੀ ਸਹਿਜਤਾ ਨਾਲ ਮਰਦਾ ਹੈ, ਜਿਵੇਂ ਕਿ ਉਹ ਜੰਮਣ ਵੇਲੇ ਸੀ।'

6. 'ਉਹ ਜਿਹੜੇ ਨੌਜਵਾਨਾਂ ਨੂੰ ਤਾੜਦੇ ਹਨ ਕਿ ਸਵੈਮਾਣ ਨਾਲ ਜੀਓ ਅਤੇ ਬਜ਼ੁਰਗਾਂ ਨੂੰ ਕਹਿੰਦੇ ਹਨ ਕਿ ਸਵੈਮਾਣ ਨਾਲ ਮਰੋ, ਉਹ ਮੂਰਖ ਹਨ। ਨਾ ਸਿਰਫ ਇਸ ਲਈ, ਕਿਉਂਕਿ ਉਹ ਸਿਰਫ ਜੀਉਣ ਦੀ ਇਛਾ ਨੂੰ ਪ੍ਰਗਟ ਕਰਦੇ ਹਨ ਸਗੋਂ ਇਸ ਲਈ ਵੀ ਕਿਉਂਕਿ ਸਵੈਮਾਣ ਨਾਲ ਜਿਉਣਾ ਤੇ ਸਵੈਮਾਣ ਨਾਲ ਮਰਨਾ ਇਕੋ ਹੀ ਗੱਲ ਹੈ।'

7. 'ਤਰਕਸੰਗਤ, ਸਵੈਮਾਣ ਨਾਲ ਭਰਪੂਰ ਅਤੇ ਸੁਚੱਜਾ ਜੀਵਨ ਜੀਵੇ ਬਿਨਾ, ਅਨੰਦਮਈ ਜੀਵਨ ਜਿਉਣਾ ਅਸੰਭਵ ਹੈ ਅਤੇ ਅਨੰਦਮਈ ਜ਼ਿੰਦਗੀ ਜੀਵੇ ਬਿਨਾ, ਤਰਕਸੰਗਤ, ਸਵੈਮਾਣ ਨਾਲ ਭਰਪੂਰ ਤੇ ਸੁਚਜਾ ਜੀਵਨ ਜਿਉਣਾ ਅਸੰਭਵ ਹੈ।'

8. ...'ਪਾਪ (ਆਪਣੇ ਵਿਕਾਰਾਂ) ਦਾ ਗਿਆਨ ਮਨੁੱਖੀ ਮੁਕਤੀ ਦੀ ਸ਼ੁਰੂਆਤ ਹੈ।'

ਯਥਾ 'ਤਰਕਸੰਗਤ' 'ਸਵੈਮਾਣ ਨਾਲ ਭਰਪੂਰ' ਤੇ 'ਸੁਚੱਜਾ' ਜੀਵਨ ਜੀਵੇ ਬਿਨਾਂ ਅਨੰਦਮਈ ਜ਼ਿੰਦਗੀ ਜਿਉਣੀ ਅਸੰਭਵ ਹੈ ਅਤੇ ਅਨੰਦਮਈ ਜ਼ਿੰਦਗੀ ਜੀਵੇ ਬਿਨਾਂ, ਤਰਕਸੰਗਤ ਸਵੈਮਾਣ ਨਾਲ ਭਰਪੂਰ ਅਤੇ ਸੁਚੱਜਾ ਜੀਵਨ ਜਿਉਣਾ ਅਸੰਭਵ ਹੈ। ਭਾਵ ਅਨੰਦਮਈ ਜ਼ਿੰਦਗੀ ਦਾ ਤਰਕਸੰਗਤ, ਸਵੈਮਾਣ ਨਾਲ ਭਰਪੂਰ ਤੇ



ਸੁਚੱਜੇ ਜੀਵਨ ਨਾਲ ਅਟੁੱਟ ਰਿਸ਼ਤਾ ਹੈ।

ਅਨੰਦਮਈ ਜ਼ਿੰਦਗੀ ਦੀ ਇਸ ਮਾਰਕਸਵਾਦੀ ਧਾਰਨਾ ਅਨੁਸਾਰ, ਤਰਕਸੰਗਤ ਜ਼ਿੰਦਗੀ ਜਿਉਣ ਦਾ ਭਾਵ ਆਪਣੀਆਂ ਤਰਕਸੰਗਤ ਲੋੜਾਂ ਅਨੁਸਾਰ ਜ਼ਿੰਦਗੀ ਜਿਉਣਾ ਹੈ। ਭਾਵ ਸਾਮਰਾਜੀ ਖਪਤਕਾਰੀ ਦੀ ਵਹਿਸ਼ਤ ਦੇ ਸ਼ਿਕਾਰ ਹੋਣ ਤੋਂ ਸੁਚੇਤ ਰੂਪ ਵਿਚ ਬਚਣਾ ਹੈ। ਜਦੋਂ ਤਰਕਸੰਗਤ ਮਨੁੱਖੀ ਲੋੜਾਂ ਦੀ ਸੁਚੇਤ ਪਛਾਣ ਕਰ ਕੇ, ਅਣਮਨੁੱਖੀ ਇਛਾਵਾਂ ਭਾਵ ਤ੍ਰਿਸ਼ਨਾ ਤੋਂ ਮੁਕਤੀ ਮਿਲ ਜਾਏ, ਤਾਂ ਫਿਰ ਆਪਣੇ ਮਨੁੱਖੀ ਸਵੈਮਾਣ ਨੂੰ ਬਣਾਈ ਰੱਖਣ ਲਈ ਕਿਸੇ ਨਾਲ ਸਮਝੌਤਾ ਕਰਨ ਦੀ ਲੋੜ ਨਹੀਂ ਪੈਂਦੀ ਅਤੇ ਇਹ ਸਿਰਫ ਤਾਂ ਹੀ ਸੰਭਵ ਹੈ, ਜੇ ਮਨੁੱਖ ਸੁਚਜਾ ਜੀਵਨ ਜੀਵੇ। ਭਾਵ ਯਥਾਰਥ ਉਤੇ ਟੇਕ ਰੱਖ ਕੇ ਆਪਣੀ ਅਸਲੀ ਕੁਦਰਤੀ ਨਾਸਵੰਤ ਹੋਂਦ ਨੂੰ ਪਛਾਣੇ ਅਤੇ ਮੌਤ ਦੇ ਸਦੀਵੀ ਡਰ ਤੇ ਆਪਣੇ ਮਨ ਦੇ ਇਕਲਾਪੇ ਕਾਰਨ ਪੈਦਾ ਹੁੰਦੀ ਉਦਾਸੀ ਦੇ ਆਲਮ ਵਿਚੋਂ ਬਾਹਰ ਨਿਕਲੇ। ਭਾਵ ਮੌਤ ਦੀ ਅਟਲ ਸਚਾਈ ਨੂੰ ਪ੍ਰਵਾਨ ਕਰ ਕੇ ਆਪਣੀਆਂ ਤਰਕਸੰਗਤ ਲੋੜਾਂ ਦੀ ਪੂਰਤੀ ਕਰਦਿਆਂ ਪੂਰਨ ਸਮਾਜੀ ਰੂਪ ਵਿਚ ਵਿਚਰੇ। ਸਵੈਮਾਣ ਨਾਲ ਭਰਪੂਰ ਤਰਕਸੰਗਤ ਸੁਚਜਾ ਅਨੰਦਮਈ ਜੀਵਨ ਜਿਉਣ ਦਾ ਇਹੀ ਭਾਵਅਰਥ ਹੈ।

ਮਾਰਕਸ ਨੇ ਐਪੀਕਿਊਰਸ ਦੇ ਹਵਾਲੇ ਨਾਲ ਮਨੁੱਖ ਦੀਆਂ ਤਰਕਸੰਗਤ ਇਛਾਵਾਂ ਨੂੰ ਵੀ ਸਪਸ਼ਟ ਕੀਤਾ ਹੈ। ਮਨੁੱਖ ਦੀਆਂ 'ਕੁਝ ਇਛਾਵਾਂ ਕੁਦਰਤੀ ਹਨ, ਬਾਕੀ ਸਾਰੀਆਂ ਇਛਾਵਾਂ ਬੇਲੋੜੀਆਂ ਹਨ। ਕੁਦਰਤੀ ਇਛਾਵਾਂ ਵਿਚੋਂ ਕੁਝ ਲੋੜੀਂਦੀਆਂ ਹਨ, ਬਾਕੀ ਕੁਦਰਤੀ ਹਨ। ਲੋੜੀਂਦੀਆਂ ਇਛਾਵਾਂ ਵਿਚੋਂ ਕੁਝ ਖ਼ੁਸ਼ੀ ਲਈ ਲੋੜੀਂਦੀਆਂ ਹਨ, ਬਾਕੀ ਖੁਦ ਜ਼ਿੰਦਗੀ ਲਈ ਲੋੜੀਂਦੀਆਂ ਹਨ।

... ਇਨ੍ਹਾਂ ਇਛਾਵਾਂ ਦੀ ਸਹੀ ਸਮਝ (ਭਾਵ ਆਪਣੇ ਸਰੀਰ ਦੀਆਂ ਤਰਕਸੰਗਤ ਸੀਮਤ ਲੋੜਾਂ ਦੀ ਸੁਚੇਤ ਪਛਾਣ) ਸਰੀਰ ਨੂੰ ਤੰਦਰੁਸਤੀ ਅਤੇ ਆਤਮਾ ਨੂੰ ਸ਼ਾਂਤੀ ਬਖ਼ਸ਼ਦੀ ਹੈ। ਇਕ ਅਨੰਦਮਈ ਜ਼ਿੰਦਗੀ ਜਿਉਣ ਦਾ ਇਹੀ ਨਿਸ਼ਾਨਾ ਹੈ। ਕਿਉਂਕਿ ਸਾਰੇ ਮਨੁੱਖੀ ਕਾਰਜਾਂ ਦਾ ਮੰਤਵ ਪੀੜਾ ਤੋਂ ਮੁਕਤ ਤੇ ਉਲਝਣ ਰਹਿਤ ਜੀਵਨ ਜਿਉਣਾ ਹੈ।'

'ਜੇ ਤੁਸੀਂ ਕੁਦਰਤੀ ਲੋੜਾਂ ਅਨੁਸਾਰ ਜਿਉਂਦੇ ਹੋ ਤਾਂ ਤੁਸੀਂ ਕਦੀ ਵੀ ਗਰੀਬ ਨਹੀਂ ਹੋਵੋਗੇ। ਪਰ ਜੇ ਤੁਸੀਂ ਇਛਾਵਾਂ ਅਨੁਸਾਰ ਜਿਉਂਦੇ ਹੋ, ਤਾਂ ਤੁਸੀਂ ਕਦੀ ਵੀ ਅਮੀਰ ਨਹੀਂ ਹੋਵੋਗੇ। ਕੁਦਰਤੀ ਲੋੜਾਂ ਸੀਮਤ ਹਨ, ਜਦੋਂ ਕਿ ਇਛਾਵਾਂ ਦੀ ਮੰਗ ਅਸੀਮ ਹੈ।'

....'ਅਮੀਰੀ ਕੁਦਰਤੀ ਨੇਮਾਂ ਅਨੁਸਾਰ ਹੰਢਾਈ ਗਰੀਬੀ ਹੈ।'

'ਕੁਦਰਤ ਦੀ ਦੌਲਤ ਸੀਮਤ ਹੈ ਅਤੇ ਸੌਖੀ ਪ੍ਰਾਪਤ ਹੋ ਜਾਂਦੀ ਹੈ ਪਰ ਹਵਾਈ ਇਛਾਵਾਂ (ਤ੍ਰਿਸਨਾ) ਦੀ ਪੂਰਤੀ ਲਈ ਦੌਲਤ ਦੀ ਮੰਗ ਅਸੀਮ ਹੈ।'

ਕਮਿਊਨਿਸਟ ਤਰਜ਼ ਦੀ ਜ਼ਿੰਦਗੀ ਜਿਉਣ ਲਈ ਜਿਥੇ ਆਪਣੀਆਂ ਤਰਕਸੰਗਤ ਭਾਵ ਸੀਮਤ ਸਰੀਰੀ ਲੋੜਾਂ ਦੀ ਸੁਚੇਤ ਪਛਾਣ ਕਰਨੀ ਜ਼ਰੂਰੀ ਹੈ, ਉਥੇ ਸੁਚੇਤ ਰੂਪ ਵਿਚ ਆਪਣੇ ਵਿਕਾਰਾਂ ਉਤੇ ਕਾਬੂ ਪਾਉਣਾ ਵੀ ਜ਼ਰੂਰੀ ਹੈ। ਇਸੇ ਕਰਕੇ ਮਾਰਕਸ ਨੇ ਨੋਟ ਕੀਤਾ ਹੈ ਕਿ ਆਪਣੇ ਵਿਕਾਰਾਂ ਦਾ ਗਿਆਨ ਹੀ ਮਨੁੱਖੀ ਮੁਕਤੀ ਦੀ ਸ਼ੁਰੂਆਤ ਹੈ। ਜਦੋਂ ਮਨੁੱਖ ਨੂੰ ਆਪਣੇ ਵਿਕਾਰਾਂ ਦਾ ਗਿਆਨ ਹੁੰਦਾ ਹੈ, ਉਦੋਂ ਹੀ ਉਹ ਇਨ੍ਹਾਂ ਉਤੇ ਕਾਬੂ ਪਾਉਣ ਦੇ ਸੁਚੇਤ ਯਤਨ ਕਰਦਾ ਹੈ। ਉਦੋਂ ਹੀ ਪੜਚੋਲ ਸਵੈ-ਪੜਚੋਲ ਦਾ ਅੰਤਰਮੁਖੀ ਕਾਰਜ ਆਰੰਭ ਹੁੰਦਾ ਹੈ। ਇਹੀ ਅਨੰਦਮਈ ਜ਼ਿੰਦਗੀ ਦੀ ਸ਼ੁਰੂਆਤ ਹੈ। ਇਹੀ ਮਨ ਦੀ ਮੁਕਤੀ ਭਾਵ ਮਨੁੱਖ ਦੀ ਆਤਮਿਕ ਆਜ਼ਾਦੀ ਹੈ। ਇਹੀ ਕਮਿਊਨਿਜ਼ਮ ਦੀ ਚੇਤੰਨ ਸੋਚ ਹੈ।

ਮਾਰਕਸ ਦਾ ਕਥਨ, ਕਿ 'ਸਵੈ ਪ੍ਰਤੀ ਚੇਤੰਨ ਮਨ ਹੀ ਸਦਾਚਾਰ ਹੈ' ਦਾ ਭਾਵਅਰਥ ਵੀ ਇਹੀ ਹੈ ਕਿ ਕਮਿਊਨਿਸਟਾਂ ਨੇ ਆਪਣੇ ਮਨ ਨੂੰ ਚੇਤੰਨ ਕਰਦਿਆਂ ਹੋਇਆਂ ਸਦਾਚਾਰੀ ਬਣ ਕੇ, ਆਪਣੇ ਸਰੀਰ ਦੀਆਂ ਤਰਕਸੰਗਤ ਮਨੁੱਖੀ ਲੋੜਾਂ ਦੀ ਸੁਚੇਤ ਪਛਾਣ ਕਰਨੀ ਅਤੇ ਉਨ੍ਹਾਂ ਦੀ ਸਮੂਹਿਕ ਪੂਰਤੀ ਕਰਦਿਆਂ ਪਰਉਪਕਾਰੀ ਬਣ ਕੇ ਭਾਵ ਬਾਕੀ ਸਾਰੇ ਮਨੁੱਖੀ ਸਮਾਜ ਨਾਲ ਜੁੜ ਕੇ ਜਿਉਣਾ ਹੈ, ਤਾਂ ਕਿ ਸਾਰੇ ਰਲ-ਮਿਲ ਕੇ ਮਨੁੱਖੀ ਆਜ਼ਾਦੀ ਦਾ ਅਨੰਦ ਮਾਣ ਸਕਣ।

ਪਰ ਜਿੰਨਾ ਚਿਰ ਮਨੁੱਖ ਦਾ ਆਪਣਾ ਆਤਮਿਕ ਕਾਇਆ ਕਲਪ ਨਹੀਂ ਹੁੰਦਾ ਭਾਵ ਆਪਣੀ ਚੇਤੰਨ ਸੋਚ ਅਤੇ ਆਪਣੇ ਅਨੁਭਵੀ ਮਨ ਦੀ ਪੱਧਰ ਉਤੇ ਇਨਕਲਾਬ ਨਹੀਂ ਵਾਪਰਦਾ ਭਾਵ ਮਨੁੱਖ ਆਪਣਾ ਆਤਮਿਕ ਅਤੇ ਮਾਨਸਿਕ ਵਿਕਾਸ ਕਰ ਕੇ ਤੇ ਆਪਣੀਆਂ ਇੰਦ੍ਰੀਆਂ ਨੂੰ ਵਿਕਸਿਤ ਕਰ ਕੇ ਤਰਕਸੰਗਤ ਢੰਗ ਨਾਲ ਜ਼ਿੰਦਗੀ ਨਹੀਂ ਜਿਉਂਦਾ, ਉਦੋਂ ਤਕ ਸਮਾਜ ਵਿਚ ਬਾਹਰੀ ਤੌਰ ਉਤੇ ਉਹ ਕਿਸੇ ਸਥਾਈ ਤਬਦੀਲੀ ਦਾ ਆਧਾਰ ਨਹੀਂ ਬਣ ਸਕਦਾ। ਇਹੀ ਮਾਰਕਸਵਾਦੀ ਫਲਸਫੇ ਦਾ ਤੱਤ ਹੈ। ਜਦੋਂ ਮਾਰਕਸ ਇਹ ਕਹਿੰਦਾ ਹੈ ਕਿ ਹੁਣ ਤਕ ਸਾਰੇ ਫਿਲਾਸਫਰ ਇਸ ਸੰਸਾਰ ਦੀ ਸਿਰਫ ਵਿਆਖਿਆ ਹੀ ਕਰਦੇ ਆਏ ਹਨ ਪਰ ਨੁਕਤਾ ਇਸ ਨੂੰ ਬਦਲਣ ਦਾ ਹੈ, ਤਾਂ ਉਸ ਦਾ ਭਾਵਅਰਥ ਵੀ ਇਹੀ ਹੈ ਕਿ ਆਪਣੇ-ਆਪ ਨੂੰ ਬਦਲਦਿਆਂ ਹੋਇਆਂ ਸਾਰੇ ਸਮਾਜ ਨੂੰ ਬਦਲਣ ਦੇ ਰਾਹ ਪੈਣਾ।

ਮਾਰਕਸ ਦਾ ਆਪਣਾ ਕਥਨ ਹੈ, 'ਭੌਤਿਕਵਾਦੀ ਸਿਧਾਂਤ ਕਿ ਮਨੁੱਖ ਹਾਲਤਾਂ ਅਤੇ ਮੁਢਲੀ ਪਾਲਣ-ਪੋਸ਼ਣ ਦੀ ਪੈਦਾਵਾਰ ਹੈ ਅਤੇ ਇਸ ਲਈ ਬਦਲਿਆ ਮਨੁੱਖ ਬਦਲੀਆਂ ਹਾਲਤਾਂ ਅਤੇ ਬਦਲੇ ਪਾਲਣ-ਪੋਸ਼ਣ ਦੀ ਪੈਦਾਵਾਰ ਹੈ, ਇਹ ਭੁਲ ਜਾਂਦਾ ਹੈ ਕਿ ਖੁਦ ਮਨੁੱਖ ਹੀ ਹੈ, ਜਿਹੜਾ ਹਾਲਾਤ ਨੂੰ ਬਦਲਦਾ ਹੈ। ਇਸ ਲਈ ਸਿਖਾਉਣ ਵਾਲਾ ਪਹਿਲਾਂ ਖੁਦ ਸਿੱਖੇ ਭਾਵ ਤਾਲੀਮ ਦੇਣ ਵਾਲਾ ਪਹਿਲਾਂ ਖੁਦ ਤਾਲੀਮਯਾਫਤਾ ਹੋਵੇ।'

ਹੁਣ ਤਕ ਸਾਰੇ ਧਰਮ ਮਨੁੱਖੀ ਮਨ ਦੀ ਮੁਕਤੀ ਦੀ ਗੱਲ ਕਰਦੇ ਆ ਰਹੇ ਹਨ, ਪਰ ਆਪਣੇ ਮਨਾਂ ਦੀ ਇਹ ਮੁਕਤੀ ਕਿਵੇਂ ਪ੍ਰਾਪਤ ਕਰਨੀ ਹੈ, ਇਸ ਦਾ ਅਸਲੀ ਰਾਹ ਮਾਰਕਸ ਨੇ ਦੱਸਿਆ ਹੈ। ਪਰ ਮਾਰਕਸਵਾਦ ਅਨੁਸਾਰ ਇਹ ਮੁਕਤੀ ਨਿੱਜੀ ਤੌਰ ਉਤੇ ਓਨਾ ਚਿਰ ਨਹੀਂ ਮਾਣੀ ਜਾ ਸਕਦੀ, ਜਿੰਨਾ ਚਿਰ ਮਨੁੱਖ ਦੇ ਅਨੁਭਵੀ ਚੌਗਿਰਦੇ ਨੂੰ ਨਹੀਂ ਬਦਲਿਆ ਜਾਂਦਾ। ਭਾਵ ਜਿਸ ਆਲੇ-ਦੁਆਲੇ ਦੇ ਸਮਾਜ ਵਿਚੋਂ ਇਹ ਮਨ ਅਨੁਭਵੀ ਗਿਆਨ ਪ੍ਰਾਪਤ ਕਰਦਾ ਹੈ, ਉਸ ਨੂੰ ਨਹੀਂ ਬਦਲਿਆ ਜਾਂਦਾ। ਕਿਉਂਕਿ ਮਸਲਾ ਸਿਰਫ ਧਿਆਨ (ਖਿਆਲ) ਵਿਚ ਹੀ ਨਹੀਂ ਸਗੋਂ ਰੋਜ਼ਾਨਾ ਜੀਵਨ ਦੇ ਯਥਾਰਥ ਅਨੁਭਵ ਵਿਚ ਸਚ, ਸ਼ਿਵਮ ਅਤੇ ਸੁੰਦਰਮ ਦੇ ਸਨਮੁਖ ਹੋਣ ਦਾ ਹੈ। ਅਜੋਕੇ ਅਤਿ ਦੇ ਮਾਨਸਿਕ ਭੋਗੀ ਸਾਮਰਾਜੀ ਚੌਗਿਰਦੇ ਵਿਚ ਮਨ ਦੀ ਇਹ ਮੁਕਤੀ ਪ੍ਰਾਪਤ ਕਰਨਾ ਉਂਝ ਹੀ ਸੰਭਵ ਨਹੀਂ, ਕਿਉਂਕਿ ਇਹ ਚੌਗਿਰਦਾ ਲਗਾਤਾਰ ਮਨੁੱਖੀ ਮਨਾਂ ਨੂੰ ਭ੍ਰਿਸ਼ਟ ਕਰ ਰਿਹਾ ਹੈ।

ਰਾਜਸੀ ਤਾਕਤ ਉਤੇ ਕਬਜ਼ਾ ਕਰ ਕੇ ਆਪਣੇ ਆਲੇ-ਦੁਆਲੇ ਦੇ ਸਮਾਜ ਦੀ ਮਾਨਸਿਕਤਾ ਨੂੰ ਬਦਲਣਾ ਹੀ ਕਮਿਊਨਿਸਟ ਇਨਕਲਾਬ ਦਾ ਨਿਸ਼ਾਨਾ ਹੈ। ਏਂਗਲਜ਼ ਦਾ ਕਥਨ ਹੈ, 'ਆਪਣੇ ਸਾਰੇ ਗਿਆਨ, ਸੰਵੇਦਨਸ਼ੀਲਤਾ ਆਦਿ ਨੂੰ ਜੇ ਮਨੁੱਖ ਆਪਣੇ ਇੰਦ੍ਰਿਆਵੀ ਅਨੁਭਵ ਰਾਹੀਂ ਪ੍ਰਾਪਤ ਕਰਦਾ ਹੈ, ਤਾਂ ਮਨੁੱਖ ਦੇ ਅਨੁਭਵ ਵਿਚ ਆਉਣ ਵਾਲੇ ਸਾਰੇ ਸੰਸਾਰ ਨੂੰ ਇਸ ਤਰ੍ਹਾਂ ਦਾ ਬਣਾ ਦਿਤਾ ਜਾਣਾ ਚਾਹੀਦਾ ਹੈ ਕਿ ਉਸ ਵਿਚ ਜਿਉਂਦਿਆਂ ਹੋਇਆਂ ਮਨੁੱਖ ਓਹੀ ਕੁਝ ਅਨੁਭਵ ਕਰੇ ਅਤੇ ਉਸੇ ਦਾ ਆਦੀ ਹੋ ਜਾਏ, ਜੋ ਹਕੀਕਤ ਵਿਚ ਮਨੁੱਖੀ ਹੈ ਅਤੇ ਇਸ ਤਰ੍ਹਾਂ ਮਨੁੱਖ ਦੇ ਰੂਪ ਵਿਚ ਉਹ ਖੁਦ ਆਪਣੀ ਚੇਤਨਾ ਪ੍ਰਾਪਤ ਕਰ ਲਵੇ। ਸਹੀ-ਸਹੀ ਆਤਮਸਾਤ ਕੀਤਾ ਗਿਆ ਸੁਆਰਥ ਹੀ, ਜੇ ਸਮੁਚੀ ਨੈਤਿਕਤਾ (ਸਦਾਚਾਰ) ਦਾ ਮੌਲਿਕ ਸਿਧਾਂਤ ਹੈ, ਤਾਂ ਮਨੁੱਖ ਦੇ ਨਿਜੀ ਸੁਆਰਥ (ਹਿਤ) ਨੂੰ ਸਮੁਚੀ ਮਨੁੱਖ ਜਾਤੀ ਦੇ ਹਿਤਾਂ ਦੇ ਅਨੁਸਾਰੀ ਬਣਾ ਦਿਤਾ ਜਾਣਾ ਚਾਹੀਦਾ ਹੈ।'

ਵਿਦਿਆ ਦੇ ਮੰਤਵ ਨੂੰ ਸਪਸ਼ਟ ਕਰਦਿਆਂ ਹੋਇਆਂ ਮਾਰਕਸ ਦਾ ਕਹਿਣਾ ਹੈ, 'ਰਾਜ ਵਲੋਂ ਦਿਤੀ ਜਾਂਦੀ ਸਚੀ 'ਜਨਤਕ' ਵਿਦਿਆ, ਰਾਜ ਦੀ ਤਰਕਸੰਗਤ ਤੇ ਜਨਤਕ ਹੋਂਦ ਵਿਚ ਮੌਜੂਦ ਹੈ। ਰਾਜ ਖੁਦ ਲੋਕਾਂ ਨੂੰ ਆਪਣਾ ਅੰਗ ਬਣਾ ਕੇ, ਵਿਅਕਤੀ ਦੇ ਉਦੇਸ਼ਾਂ ਨੂੰ ਸਮੂਹ ਦੇ ਨਿਸ਼ਾਨਿਆਂ ਵਿਚ ਢਾਲ ਕੇ, ਮਨੁੱਖ ਦੀਆਂ ਉਜੱਡ ਬਿਰਤੀਆਂ (ਸਾਮਰਾਜੀ ਖਪਤਕਾਰੀ ਦੀ ਹਵਸ) ਨੂੰ ਸਦਾਚਾਰਕ ਬਿਰਤੀਆਂ (ਤਰਕਸੰਗਤ ਮਨੁੱਖੀ ਲੋੜਾਂ ਦੀਆਂ ਇਛਾਵਾਂ) ਵਿਚ ਬਦਲ ਕੇ, ਕੁਦਰਤੀ ਆਜ਼ਾਦੀ ਨੂੰ ਆਤਮਿਕ ਆਜ਼ਾਦੀ ਵਿਚ ਬਦਲ ਕੇ, ਇਸ ਤਰ੍ਹਾਂ ਸਿਖਿਅਤ ਕਰੇ ਕਿ ਹਰ ਵਿਅਕਤੀ ਆਪਣਾ ਭਲਾ ਸਰਬਤ ਦੇ ਭਲੇ ਵਿਚ ਲੋਚੇ ਅਤੇ ਸਰਬਤ ਨੂੰ ਆਪਣੇ ਨਿਜੀ ਮਨ ਦੇ ਚੌਖਟੇ ਵਿਚੋਂ ਪਛਾਣੇ।'

ਇਨਕਲਾਬ ਤੋਂ ਬਾਅਦ ਰੂਸ ਅਤੇ ਚੀਨ ਅੰਦਰ ਜੇ ਲੋਕਾਂ ਦੇ ਆਤਮਿਕ ਵਿਕਾਸ ਲਈ ਵਿਦਿਆ ਦੇ ਮਿੱਥੇ ਗਏ ਉਕਤ ਨਿਸ਼ਾਨਿਆਂ ਅਨੁਸਾਰ ਵਿਦਿਆ ਮੁਹੱਈਆ ਕਰਵਾਈ ਜਾਂਦੀ, ਤਾਂ ਯਕੀਨਨ ਹੀ ਇਨ੍ਹਾਂ ਦੇਸ਼ਾਂ ਦੇ ਬਹੁਗਿਣਤੀ ਲੋਕ ਆਪਣੇ ਇੰਦ੍ਰਿਆਵੀ ਅਤੇ ਮਾਨਸਿਕ ਵਿਕਾਸ

**(ਬਾਕੀ ਸਫਾ 30 ਤੇ)**

## ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-14

# ਪੁਲਿਸ ਦੀ ਸਿੱਖਿਆ ਅਤੇ ਸਿਖਲਾਈ 'ਤੇ ਸਵਾਲ

*ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ 143ਵੀਂ ਅਤੇ ਆਖਰੀ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।*




**ਵਿਭੂਤੀ ਨਰਾਇਣ ਰਾਏ**
**ਅਨੁਵਾਦ: ਤਰਸੇਮ ਲਾਲ**

ਪੁਲਿਸ ਵਿਚ ਸਿੱਖਿਆ ਅਤੇ ਸਿਖਲਾਈ ਕੋਈ ਗੁਪਤ ਗੱਲ ਨਹੀਂ ਹੈ। ਇਹ ਕੇਵਲ ਸਿਖਲਾਈ ਦੇ ਮਾਧਿਅਮ ਨਾਲ ਹੀ ਸੰਭਵ ਹੁੰਦਾ ਹੈ ਕਿ ਕੱਚੇ ਮਾਲ ਦੇ ਤੌਰ 'ਤੇ ਪ੍ਰਾਪਤ ਹੋਣ ਵਾਲਾ ਕੋਈ ਰੰਗਰੂਟ ਪੇਸ਼ੇਵਰ ਪੁਲਿਸ ਕਰਮਚਾਰੀ ਦੇ ਰੂਪ ਵਿਚ ਢਲਦਾ ਹੈ। 1859 ਵਿਚ ਵੈਲੋਰ (ਮਦਰਾਸ ਪ੍ਰੈਜੀਡੈਂਸੀ) ਵਿਚ ਸਿਪਾਹੀਆਂ ਦੇ ਲਈ ਖੁੱਲ੍ਹਣ ਵਾਲਾ ਪਹਿਲਾ ਸਿਖਲਾਈ ਸਕੂਲ, ਪੁਲਿਸ ਕਰਮਚਾਰੀਆਂ ਲਈ ਸੰਗਠਿਤ ਅਤੇ ਵਿਵਸਥਤ ਸਿਖਲਾਈ ਯੁੱਗ ਦੀ ਸ਼ੁਰੂਆਤ ਸੀ। ਭਾਰਤ ਦੀਆਂ ਨਾਗਰਿਕ ਸੇਵਾਵਾਂ ਵਿਚ ਪੁਲਿਸ ਉਹ ਪਹਿਲਾ ਸੰਗਠਨ ਸੀ ਜਿਸ ਨੇ ਸੰਸਥਾਗਤ ਸਿਖਲਾਈ ਦੀ ਸ਼ੁਰੂਆਤ ਕੀਤੀ ਲੇਕਿਨ ਬਾਅਦ ਦੇ ਸਾਲਾਂ ਵਿਚ ਸਿਖਲਾਈ ਦੇ ਖੇਤਰ ਵਿਚ ਸਭ ਤੋਂ ਵੱਧ ਨਜ਼ਰਅੰਦਾਜ਼ ਵੀ ਇਸੇ ਖੇਤਰ ਨੂੰ ਕੀਤਾ ਗਿਆ। ਪੁਲਿਸ ਵਿਚ ਸਿਖਲਾਈ ਨੂੰ ਨਾ ਸਿਰਫ ਦੂਜਾ ਦਰਜਾ ਮਿਲਿਆ, ਇਸ ਲਈ ਇਸ ਵਿਚ ਦਿੱਤੀ ਜਾਣ ਵਾਲੀ ਸਿੱਖਿਆ ਅਤੇ ਸਿਖਲਾਈ ਆਪਣੇ ਸਮੇਂ ਦੀਆਂ ਸੱਚਾਈਆਂ ਅਤੇ ਚੁਣੌਤੀਆਂ ਤੋਂ ਅੱਖਾਂ ਮੀਚਦੀ ਰਹੀ।

ਸਿੱਖਿਆ ਅਤੇ ਸਿਖਲਾਈ ਨੂੰ ਪੁਲਿਸ ਸੰਗਠਨ ਵਿਚ ਕਿੰਨਾ ਮਹੱਤਵ ਦਿੱਤਾ ਜਾਂਦਾ ਹੈ, ਇਹ ਇਸ ਤੱਥ ਤੋਂ ਸਮਝਿਆ ਜਾ ਸਕਦਾ ਹੈ। ਜ਼ਿਆਦਾਤਰ ਰਾਜ ਪੁਲਿਸ ਬਲਾਂ ਵਿਚ ਬੁਨਿਆਦੀ ਸਿਖਲਾਈ ਤੋਂ ਬਾਅਦ ਬਹੁਤੇ ਪੁਲਿਸ ਬਲਾਂ ਨੂੰ ਰਿਟਾਇਰਮੈਂਟ ਤੋਂ ਪਹਿਲਾਂ ਕਿਸੇ ਹੋਰ ਸਿਖਲਾਈ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ। ਇਹ ਗੱਲ ਭਰਤੀ ਦੇ ਸਾਰੇ ਪੜਾਵਾਂ ਜਿਵੇਂ ਸਿਪਾਹੀ, ਥਾਣੇਦਾਰ, ਡੀ.ਐੱਸ.ਪੀ. ਆਦਿ 'ਤੇ ਲਾਗੂ ਹੁੰਦੀ ਹੈ। ਸਿਪਾਹੀ ਜੋ 18-20 ਸਾਲ ਦੀ ਉਮਰ ਵਿਚ ਪੁਲਿਸ ਵਿਚ ਭਰਤੀ ਹੁੰਦਾ ਹੈ, ਆਪਣੀ ਸੇਵਾ ਦੇ ਅਗਲੇ 35-40 ਸਾਲ ਕਿਸੇ ਹੋਰ ਸਿੱਖਿਆ ਸਿਖਲਾਈ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਹੁੰਦਾ। ਭਾਰਤੀ ਪੁਲਿਸ ਦੇ ਵਿਚਕਾਰਲੇ ਅਤੇ ਸਿਖਰਲੇ ਪੜਾਅ ਵਿਚ ਅਗਵਾਈ ਦੇਣ ਵਾਲੇ ਅਫਸਰਾਂ ਬਾਰੇ ਵੀ ਸਥਿਤੀ ਅਜਿਹੀ ਹੀ ਹੈ। ਰਾਸ਼ਟਰੀ ਪੁਲਿਸ ਅਕੈਡਮੀ ਦਾ ਆਪਣਾ ਬੁਨਿਆਦੀ ਸਿਖਲਾਈ ਪ੍ਰੋਗਰਾਮ ਕਰਨ ਤੋਂ ਬਾਅਦ ਉਨ੍ਹਾਂ ਅਧਿਕਾਰੀਆਂ ਨੂੰ ਬਹੁਤ ਥੋੜ੍ਹੇ ਸਿਖਲਾਈ ਪ੍ਰੋਗਰਾਮਾਂ ਵਿਚੋਂ ਲੰਘਣਾ ਪੈਂਦਾ ਹੈ। ਬਹੁਤ ਸਾਰੇ ਅਧਿਕਾਰੀਆਂ ਦੇ ਮਾਮਲੇ ਵਿਚ ਸਥਿਤੀ ਅਜਿਹੀ ਹੀ ਹੈ ਕਿ ਉਨ੍ਹਾਂ ਨੇ ਰਾਸ਼ਟਰੀ ਪੁਲਿਸ ਅਕੈਡਮੀ ਦੀ ਸਿਖਲਾਈ ਪ੍ਰਾਪਤ ਕਰਨ ਤੋਂ ਬਾਅਦ ਕਿਸੇ ਵੀ ਸਿਖਲਾਈ ਪ੍ਰੋਗਰਾਮ ਵਿਚ ਭਾਗ ਨਹੀਂ ਲਿਆ (ਜੇ ਇਨ੍ਹਾਂ ਸਿਖਲਾਈ ਕੇਂਦਰਾਂ ਵਿਚ ਵੀ ਫਿਰਕੂ ਸਦਭਾਵ ਬਣਾਏ ਜਾਣ ਦੀ ਥਾਂ ਬਹੁਗਿਣਤੀ ਫਿਰਕੇ ਦੇ ਧਾਰਮਿਕ ਜਜ਼ਬਾਤ ਨੂੰ ਅਹਿਮੀਅਤ ਦੇਣ ਦੀ ਵਕਾਲਤ ਕੀਤੀ ਜਾਵੇ ਤਾਂ ਇਸ ਤੋਂ ਵੱਡਾ ਦੁਰਭਾਗ ਕੀ ਹੋਵੇਗਾ (ਜਿਵੇਂ ਨਵੰਬਰ 2021 ਨੂੰ ਅਜੀਤ ਡੋਵਾਲ ਸੁਰੱਖਿਆ ਸਲਾਹਕਾਰ ਭਾਰਤ ਸਰਕਾਰ ਨੇ, ਆਪਣੇ ਸੰਬੋਧਨ ਵਿਚ ਆਈ.ਪੀ.ਐੱਸ. ਅਫਸਰਾਂ ਨੂੰ ਕਿਹਾ ਕਿ ਕਾਨੂੰਨ ਲਾਗੂ ਕਰਨ ਵੇਲੇ ਸਿਵਲ ਸੁਸਾਇਟੀ ਸੰਗਠਨਾਂ ਦੀ ਬਹੁਤੀ ਪ੍ਰਵਾਹ ਕੀਤੇ ਬਿਨਾਂ ਬਣਾਏ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ)।

ਨਿਯਮਿਤ ਸਿਖਲਾਈ ਪ੍ਰੋਗਰਾਮਾਂ ਵਿਚ ਭਾਗ ਲੈਣ ਨਾਲ ਪੁਲਿਸ ਅਧਿਕਾਰੀਆਂ ਦੀ ਪੇਸ਼ੇਵਰ ਸਿਖਲਾਈ ਹੋਵੇਗੀ ਅਤੇ ਇਸ ਨਾਲ ਉਨ੍ਹਾਂ ਦੇ ਦਿਮਾਗ ਦੇ ਜਾਲੇ ਵੀ ਸਾਫ ਹੋਣਗੇ ਜੋ ਉਨ੍ਹਾਂ ਦੇ ਦੂਜੇ ਧਰਮ ਦੇ ਪੈਰੋਕਾਰਾਂ ਦੇ ਬਾਰੇ ਵੱਖ-ਵੱਖ ਤਰ੍ਹਾਂ ਦੀਆਂ ਗਲਤ ਧਾਰਨਾਵਾਂ ਅਤੇ ਮਾੜੇ ਪ੍ਰਭਾਵ ਕਾਇਮ ਕਰਨ ਵਿਚ ਸਹਾਇਤਾ ਕਰਦੇ ਹਨ। ਪੁਲਿਸ ਸਿਖਲਾਈ ਦੀ ਵਿਸਥਾਰਤ ਪੜਤਾਲ ਕਰਨ ਦੇ ਲਈ 'ਗੋਰੇ ਸੰਮਤੀ' ਨੇ ਜ਼ੋਰ ਦਿੱਤਾ ਸੀ ਕਿ "ਸਾਰੇ ਆਧੁਨਿਕ ਉਪਕਰਨਾਂ ਅਤੇ ਸਿਖਲਾਈ ਦੇ ਬਾਵਜੂਦ, ਜੇ ਪੁਲਿਸ ਕਰਮਚਾਰੀ ਦਾ ਦਿਮਾਗ ਜਾਤੀ, ਧਰਮ ਅਤੇ ਖੇਤਰੀਵਾਦ ਦੇ ਬੁਰੇ ਪ੍ਰਭਾਵਾਂ ਤੋਂ ਮੁਕਤ ਨਹੀਂ ਹੈ ਤਾਂ ਉਹ ਕੁਝ ਵੀ ਹਾਸਲ ਨਹੀਂ ਕਰ ਸਕਦੇ।" ਦਰਅਸਲ ਬੁਨਿਆਦੀ ਸਿਖਲਾਈ ਅਤੇ ਬਾਅਦ ਦੀ ਸਿਖਲਾਈ ਦਾ ਹਕੀਕੀ ਉਦੇਸ਼ ਹੀ ਪੁਲਿਸ ਕਰਮਚਾਰੀਆਂ ਦੇ ਦਿਮਾਗ ਨੂੰ ਇਨ੍ਹਾਂ ਬੁਰੇ ਪ੍ਰਭਾਵਾਂ ਤੋਂ ਆਜ਼ਾਦ ਕਰਨਾ ਹੈ।



ਇਹ ਵਾਜਿਬ ਹੋਵੇਗਾ ਕਿ ਹਰ ਪੰਜ-ਸੱਤ ਸਾਲਾਂ ਬਾਅਦ ਅਤੇ ਹਰ ਤਰੱਕੀ ਤੋਂ ਪਹਿਲਾਂ ਵੱਖ-ਵੱਖ ਸ਼੍ਰੇਣੀਆਂ ਦੇ ਪੁਲਿਸ ਅਧਿਕਾਰੀਆਂ ਦੇ ਨਵੇਂ ਸਿਖਲਾਈ ਪ੍ਰੋਗਰਾਮ ਬਣਾਏ ਜਾਣ। ਇਨ੍ਹਾਂ ਸਿਖਲਾਈ ਪ੍ਰੋਗਰਾਮਾਂ ਦਾ ਮੁੱਖ ਜ਼ੋਰ ਮਨੁੱਖੀ ਵਰਤਾਓ ਦੇ ਅਧਿਐਨ ਵੱਲ ਹੋਣਾ ਚਾਹੀਦਾ ਹੈ। ਇਨ੍ਹਾਂ ਨੂੰ ਇਸ ਤਰ੍ਹਾਂ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ ਕਿ ਇਸ ਰਾਹੀਂ ਇਕ ਆਮ ਪੁਲਿਸ ਕਰਮਚਾਰੀ ਨੂੰ ਦੂਜੇ ਧਰਮਾਂ ਦੇ ਬਾਰੇ ਬਿਹਤਰ ਸਮਝ ਵਿਕਸਿਤ ਕਰਨ ਵਿਚ ਮਦਦ ਮਿਲੇ। ਵਿਸ਼ੇਸ਼ ਰੂਪ ਵਿਚ ਬਣਾਏ ਗਏ ਸਿਖਲਾਈ ਪ੍ਰੋਗਰਾਮਾਂ ਦੇ ਰਾਹੀਂ ਜਾਤੀ, ਖੇਤਰੀ ਜਾਂ ਭਾਸ਼ਾ ਸਬੰਧੀ ਸਬੰਧਾਂ ਨੂੰ ਬਾਹਰਮੁਖੀ ਢੰਗ ਨਾਲ ਸਮਝਣ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇ।

ਸਿਖਲਾਈ ਦਾ ਮੁੱਖ ਉਦੇਸ਼ ਸਿੱਖਿਆਰਥੀ ਨੂੰ ਇਹ ਸਮਝਾਉਣਾ ਹੋਣਾ ਚਾਹੀਦਾ ਹੈ ਕਿ ਖਾਕੀ ਵਰਦੀ ਪਹਿਨਣ ਤੋਂ ਬਾਅਦ ਉਹ ਹਿੰਦੂ ਜਾਂ ਮੁਸਲਮਾਨ ਨਹੀਂ ਰਹਿ ਜਾਂਦਾ। ਉਸ ਦੀ ਪ੍ਰਤੀਬੱਧਤਾ ਸਿਰਫ ਸੰਵਿਧਾਨ ਅਤੇ ਦੇਸ਼ ਦੇ ਵੱਖ-ਵੱਖ ਕਾਨੂੰਨਾਂ ਪ੍ਰਤੀ ਹੋਣੀ ਚਾਹੀਦੀ ਹੈ। ਇਨ੍ਹਾਂ ਉਦੇਸ਼ਾਂ ਨੂੰ ਹਾਸਲ ਕਰਨ ਲਈ ਇਹ ਜ਼ਰੂਰੀ ਹੈ ਕਿ ਮੌਜੂਦਾ ਸਿਖਲਾਈ ਪ੍ਰੋਗਰਾਮ ਵਿਚ ਮੂਲ ਤਬਦੀਲੀਆਂ ਕੀਤੀਆਂ ਜਾਣ। ਮੇਰਾ ਸੁਝਾਅ ਹੈ ਕਿ ਇਸ ਤਰ੍ਹਾਂ ਦੇ ਸਿਖਲਾਈ ਪ੍ਰੋਗਰਾਮਾਂ ਨੂੰ ਵਿਕਸਿਤ ਕਰਨ ਦੇ ਲਈ ਪ੍ਰਸਿੱਧ ਸਮਾਜ ਸ਼ਾਸਤਰੀਆਂ, ਮਨੋਵਿਗਿਆਨੀਆਂ ਅਤੇ ਹੋਰ ਤਜਰਬੇਕਾਰ ਵਿਦਵਾਨਾਂ ਨੂੰ ਨਾਲ ਜੋੜਨਾ ਚਾਹੀਦਾ ਹੈ। ਧਰਮ ਨਿਰਪੱਖਤਾ, ਕੱਟੜਤਾ ਦੇ ਖਤਰੇ ਅਤੇ ਸਹਿਣਸ਼ਲਤਾ ਦੇ ਮਹੱਤਵ ਵਰਗੇ ਵਿਸ਼ਿਆਂ ਨੂੰ ਪੁਲਿਸ ਸਿਖਲਾਈ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਫਿਰਕੂ ਦੰਗਿਆਂ ਨਾਲ ਨਜਿੱਠਣ ਦੇ ਪੁਲਿਸ ਦੇ ਅਨੁਭਵ ਅਤੇ ਖਾਸ ਤੌਰ 'ਤੇ ਕੁਝ ਦੰਗਿਆਂ ਵਿਚ ਪੁਲਿਸ ਦੀ ਅਸਫਲਤਾ ਦੇ ਕਾਰਨਾਂ ਦੀ ਵਿਸਥਾਰਪੂਰਵਕ ਛਾਣਬੀਣ ਨੂੰ ਵੀ ਵੱਖ-ਵੱਖ ਪੱਧਰਾਂ ਦੇ ਪ੍ਰੋਗਰਾਮਾਂ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਸਾਰੇ ਧਰਮਾਂ ਦਾ ਸਾਰ ਅਤੇ ਉਨ੍ਹਾਂ ਵਿਚ ਮੌਜੂਦ ਚੰਗੀਆਂ ਗੱਲਾਂ ਵੀ ਪੁਲਿਸ ਕਰਮਚਾਰੀਆਂ ਨੂੰ ਪੜ੍ਹਾਈਆਂ ਜਾਣੀਆਂ ਚਾਹੀਦੀਆਂ ਹਨ। ਇਸ ਨਾਲ ਨਵੇਂ ਭਰਤੀ ਹੋਏ ਪੁਲਿਸ ਕਰਮਚਾਰੀਆਂ ਨੂੰ ਵੱਖ-ਵੱਖ ਧਰਮਾਂ ਨੂੰ ਸਮਝਣ ਵਿਚ ਮਦਦ ਮਿਲੇਗੀ। ਉਹ ਆਪਣੇ ਮਨਾਂ ਅੰਦਰ ਵੱਖ-ਵੱਖ ਧਰਮਾਂ ਬਾਰੇ ਬਣੇ ਮਾੜੇ ਪ੍ਰਭਾਵ ਵੀ ਛੱਡ ਸਕਣਗੇ ਜਿਨ੍ਹਾਂ ਨੂੰ ਪੁਲਿਸ ਵਿਚ ਭਰਤੀ ਹੋਣ ਤੋਂ ਪਹਿਲਾਂ ਸਮਾਜ ਨੇ ਉਨ੍ਹਾਂ ਦੇ ਮਨਾਂ ਅੰਦਰ ਭਰ ਦਿੱਤਾ ਸੀ। ਉੱਚ ਪੁਲਿਸ ਅਫਸਰਾਂ ਲਈ ਮਹੱਤਵਪੂਰਨ ਦੰਗਿਆਂ ਦਾ ਅਧਿਐਨ ਵਿਸਥਾਰ ਵਿਚ ਕਰਨਾ ਜ਼ਰੂਰੀ ਬਣਾਇਆ ਜਾਣਾ ਚਾਹੀਦਾ ਹੈ; ਖਾਸ ਤੌਰ 'ਤੇ ਉਨ੍ਹਾਂ ਦੰਗਿਆਂ ਦਾ ਜਿਨ੍ਹਾਂ ਵਿਚ ਪੁਲਿਸ ਦੀ ਕਾਰਜ ਪ੍ਰਣਾਲੀ ਦੀ ਵੱਖ-ਵੱਖ ਜੁਡੀਸ਼ਲ ਕਮਿਸ਼ਨਾਂ, ਮਨੁੱਖੀ ਅਧਿਕਾਰ ਸੰਗਠਨਾਂ ਜਾਂ ਮੀਡੀਆ ਵਲੋਂ ਆਲੋਚਨਾ ਕੀਤੀ ਗਈ ਸੀ। ਇਨ੍ਹਾਂ ਵਿਚ ਅਹਿਮਦਾਬਾਦ (1969), ਭਿਵੰਡੀ (1970), ਭਾਗਲਪੁਰ (1989) ਅਤੇ ਬਾਬਰੀ ਮਸਜਿਦ ਢਾਹੇ ਜਾਣ ਦੀ ਘਟਨਾ (1992) ਵਰਗੇ ਅਨੁਭਵ ਪ੍ਰਮੁੱਖਤਾ ਨਾਲ ਸ਼ਾਮਲ ਕੀਤੇ ਜਾਣ। ਜਾਤਪਾਤੀ ਅਤੇ ਨਸਲੀ ਦੰਗਿਆਂ ਨਾਲ ਨਜਿੱਠਣ ਲਈ ਅੰਗਰੇਜ਼ ਅਤੇ ਅਮਰੀਕੀ ਪੁਲਿਸ ਦੇ ਅਨੁਭਵ ਵੀ ਉੱਚ ਪੁਲਿਸ ਅਧਿਕਾਰੀਆਂ ਦੇ ਲਈ ਉਪਯੋਗੀ ਹੋ ਸਕਦੇ ਹਨ। ਇਕ ਨਮੂਨੇ ਦੇ ਸਿਖਲਾਈ ਪ੍ਰੋਗਰਾਮ ਬਣਾਉਣਾ ਕਾਫੀ ਮਿਹਨਤ ਅਤੇ ਸਮਾਂ ਲੈਣ ਵਾਲਾ ਪ੍ਰੋਗਰਾਮ ਹੈ। ਇਸ ਲਈ ਇਸ ਅਧਿਐਨ ਵਿਚ ਇਸ ਸਬੰਧੀ ਵਧੇਰੇ ਕੋਸ਼ਿਸ਼ਾਂ ਨਹੀਂ ਕੀਤੀਆਂ ਗਈਆਂ। ਇਸ ਸਬੰਧ ਵਿਚ ਵੱਖਰੀਆਂ ਕੋਸ਼ਿਸ਼ਾਂ ਕਰਨ ਦੀ ਜ਼ਰੂਰਤ ਹੈ।

### ਜਵਾਬਦੇਹੀ ਤੈਅ ਕਰਨਾ

ਪੁਲਿਸ ਅਤੇ ਜੁਡੀਸ਼ਲ ਪੜਤਾਲ ਵਲੋਂ ਵੱਡੇ ਅਫਸਰਾਂ ਦੀ ਜ਼ਿੰਮੇਵਾਰੀ ਤੈਅ ਕਰਨ ਬਾਰੇ ਭਾਵੇਂ ਬਹੁਤ ਕੁਝ ਕਿਹਾ ਗਿਆ ਹੈ ਪਰ ਅਸਲ ਵਿਚ ਸਾਨੂੰ ਅਜਿਹੇ ਉਦਾਹਰਨ ਬਹੁਤ ਘੱਟ ਮਿਲਦੇ ਹਨ ਜਦੋਂ ਕਿਸੇ ਫਿਰਕੂ ਦੰਗੇ ਵਿਚ ਅਸਫਲਤਾ ਦੇ ਲਈ ਉੱਚ ਪੁਲਿਸ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੋਵੇ ਜਾਂ ਸਜ਼ਾ ਦਿੱਤੀ ਗਈ ਹੋਵੇ। ਦੰਗਾ ਰੋਕਣ ਵਿਚ ਅਸਫਲ ਹੋਣ 'ਤੇ ਵੱਧ ਤੋਂ ਵੱਧ ਕੁਝ ਹੇਠਲੇ ਅਧਿਕਾਰੀਆਂ ਨੂੰ ਸਸਪੈਂਡ ਕਰ ਦਿੱਤਾ ਜਾਂਦਾ ਹੈ। ਇਹ ਸਜ਼ਾ ਵੀ ਅਸਲ ਦੋਸ਼ੀਆਂ ਦੀ ਪਛਾਣ ਕਰਕੇ ਦੇਣ ਦੀ ਥਾਂ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਰਗੀ ਹੀ ਹੁੰਦੀ ਹੈ। ਜ਼ਿਆਦਾਤਰ ਮਾਮਲਿਆਂ ਵਿਚ ਆਲੋਚਨਾ-ਪ੍ਰਤੀ ਆਲੋਚਨਾ ਰੁਕਣ ਤੋਂ ਥੋੜ੍ਹੇ ਸਮੇਂ ਬਾਅਦ ਮੁਅੱਤਲ ਅਧਿਕਾਰੀ ਨੂੰ ਬਹਾਲ ਕਰ ਦਿੱਤਾ ਜਾਂਦਾ ਹੈ ਅਤੇ ਕਈ ਵਾਰ ਤਰੱਕੀ ਵੀ ਕਰ ਦਿੱਤੀ ਜਾਂਦੀ ਹੈ। ਮੁਅੱਤਲੀ ਨੂੰ ਸਜ਼ਾ ਵੀ ਨਹੀਂ ਮੰਨਿਆ ਜਾਂਦਾ। ਇਸ ਲਈ ਇਹ ਨਤੀਜਾ ਅਸਾਨੀ ਨਾਲ ਕੱਢਿਆ ਜਾ ਸਕਦਾ ਹੈ ਕਿ ਜ਼ਿਆਦਾਤਰ ਮਾਮਲਿਆਂ ਵਿਚ ਦੋਸ਼ੀ ਅਧਿਕਾਰੀਆਂ ਨੂੰ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ।

*ਇਹ ਵਾਜਿਬ ਹੋਵੇਗਾ ਕਿ ਹਰ ਪੰਜ-ਸੱਤ ਸਾਲਾਂ ਬਾਅਦ ਅਤੇ ਹਰ ਤਰੱਕੀ ਤੋਂ ਪਹਿਲਾਂ ਵੱਖ-ਵੱਖ ਸ਼੍ਰੇਣੀਆਂ ਦੇ ਪੁਲਿਸ ਅਧਿਕਾਰੀਆਂ ਦੇ ਨਵੇਂ ਸਿਖਲਾਈ ਪ੍ਰੋਗਰਾਮ ਬਣਾਏ ਜਾਣ। ਇਨ੍ਹਾਂ ਸਿਖਲਾਈ ਪ੍ਰੋਗਰਾਮਾਂ ਦਾ ਮੁੱਖ ਜ਼ੋਰ ਮਨੁੱਖੀ ਵਰਤਾਓ ਦੇ ਅਧਿਐਨ ਵੱਲ ਹੋਣਾ ਚਾਹੀਦਾ ਹੈ। ਇਨ੍ਹਾਂ ਨੂੰ ਇਸ ਤਰ੍ਹਾਂ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ ਕਿ ਇਸ ਰਾਹੀਂ ਇਕ ਆਮ ਪੁਲਿਸ ਕਰਮਚਾਰੀ ਨੂੰ ਦੂਜੇ ਧਰਮਾਂ ਦੇ ਬਾਰੇ ਬੇਹਤਰ ਸਮਝ ਵਿਕਸਿਤ ਕਰਨ ਵਿਚ ਮਦਦ ਮਿਲੇ।*

ਫਿਰਕਾਪ੍ਰਸਤੀ 'ਤੇ ਬਣਾਈ ਕਮੇਟੀ ਵਲੋਂ ਤਿਆਰ ਕੀਤੇ ਅਤੇ ਰਾਸ਼ਟਰੀ ਏਕਤਾ ਪ੍ਰੀਸ਼ਦ ਦੇ 21 ਜੂਨ 1969 ਦੇ ਸੈਸ਼ਨ ਵਿਚ ਸਰਬ ਸੰਮਤੀ ਨਾਲ ਪਾਸ ਕੀਤੇ ਪ੍ਰਸਤਾਵ ਵਿਚ ਫਿਰਕੂ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਲਈ ਉੱਚ ਪੁਲਿਸ ਅਧਿਕਾਰੀਆਂ ਦੀਆਂ ਜ਼ਿੰਮੇਵਾਰੀਆਂ ਦਾ ਨਿਰਧਾਰਨ ਬੜੇ ਸਾਫ ਸ਼ਬਦਾਂ ਵਿਚ ਕੀਤਾ ਗਿਆ ਹੈ। ਇਸ ਦੇ ਕੁਝ ਸੁਝਾਅ ਇਸ ਪ੍ਰਕਾਰ ਹਨ।

1. ਫਿਰਕੂ ਦੰਗਿਆਂ ਨੂੰ ਰੋਕਣ ਲਈ ਅਸਰਦਾਰ ਕਾਰਵਾਈ ਨਾ ਕਰਨ ਲਈ ਜ਼ਿੰਮੇਵਾਰ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਐੱਸ.ਐੱਸ.ਪੀ. ਨੂੰ ਵਿਅਕਤੀਗਤ ਰੂਪ ਵਿਚ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ।

2. ਤੁਰੰਤ ਪ੍ਰਭਾਵੀ ਕਾਰਵਾਈ ਵਿਚ ਅਸਫਲ ਹੋਣ 'ਤੇ ਕਰਤੱਵ ਪਾਲਣ ਵਿਚ ਅਸਫਲਤਾ ਮੰਨੀ ਜਾਵੇ ਅਤੇ ਸਬੰਧਤ ਅਧਿਕਾਰੀਆਂ ਦੇ ਖਿਲਾਫ ਉਸ ਅਨੁਸਾਰ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਲੋੜ ਪੈਣ 'ਤੇ ਸੇਵਾ ਸ਼ਰਤਾਂ ਵਿਚ ਸੋਧ ਵੀ ਕਰ ਲੈਣੀ ਚਾਹੀਦੀ ਹੈ।

3. ਅਜਿਹੀ ਪ੍ਰਕਿਰਿਆ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਜਿਸ ਰਾਹੀਂ ਫਿਰਕੂ ਦੰਗਿਆਂ ਨੂੰ ਰੋਕਣ ਜਾਂ ਉਨ੍ਹਾਂ ਨਾਲ ਅਸਰਦਾਰ ਢੰਗ ਨਾਲ ਨਜਿੱਠਣ ਲਈ ਪੁਲਿਸ ਕਰਮਚਾਰੀਆਂ ਨੂੰ ਹੌਸਲਾ ਦਿੱਤਾ ਜਾਵੇ। ਦੋਸ਼ੀ ਅਧਿਕਾਰੀਆਂ ਨੂੰ ਸਜ਼ਾ ਨਾ ਮਿਲਣ ਦਾ ਇਕ ਕਾਰਨ ਜਾਂਚ ਕਮਿਸ਼ਨਾਂ ਵਲੋਂ ਆਪਣੀ ਜਾਂਚ ਰਿਪੋਰਟ ਪੇਸ਼ ਕਰਨ ਲਈ ਬਹੁਤ ਲੰਮਾ ਸਮਾਂ ਲੱਗ ਜਾਣਾ ਹੈ ਅਤੇ ਉਸ ਤੋਂ ਬਾਅਦ ਵੀ ਸਰਕਾਰ ਵਲੋਂ ਉਨ੍ਹਾਂ ਰਿਪੋਰਟਾਂ ਨੂੰ ਬਿਨਾ ਕਿਸੇ ਕਾਰਵਾਈ ਦੇ ਧੂੜ ਫੱਕਣ ਲਈ ਛੱਡ ਦਿੱਤਾ ਜਾਂਦਾ ਹੈ। ਜਾਂਚ ਕਮਿਸ਼ਨ ਆਪਣਾ ਕੰਮ ਖਤਮ ਹੋਣ ਲਈ ਔਸਤ ਪੰਜ-ਸੱਤ ਸਾਲ ਦਾ ਸਮਾਂ ਲੈਂਦਾ ਹੈ। ਇਸ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ। ਜਿਨ੍ਹਾਂ ਵਿੱਚੋਂ ਮੁੱਖ ਹਨ - ਕਮਿਸ਼ਨ ਨੂੰ ਜ਼ਰੂਰੀ ਸਹੂਲਤਾਂ ਪ੍ਰਦਾਨ ਕਰਨ ਵਿਚ ਸਰਕਾਰ ਦੀ ਬੇਰੁਖੀ, ਅਫਸਰਸ਼ਾਹੀ ਵਲੋਂ ਕਮਿਸ਼ਨ ਨਾਲ ਅਸਹਿਯੋਗ, ਕਮਿਸ਼ਨ ਅੱਗੇ ਗਵਾਹ ਅਤੇ ਦਸਤਾਵੇਜ਼ ਸਮੇਂ ਸਿਰ ਉਪਲਬਧ ਨਾ ਹੋਣਾ, ਵਕੀਲਾਂ ਵਲੋਂ ਕਾਰਵਾਈ ਨੂੰ ਲੰਮਾ ਖਿੱਚਣ ਦਾ ਯਤਨ ਅਤੇ ਸੇਵਾਮੁਕਤੀ ਤੋਂ ਬਾਅਦ ਜੱਜ ਸਾਹਿਬਾਨ ਵਲੋਂ ਕਮਿਸ਼ਨ ਦੇ ਮੈਂਬਰ ਦੇ ਤੌਰ 'ਤੇ ਸਹੂਲਤਾਂ ਨੂੰ ਲੰਮਾ ਸਮਾਂ ਭੋਗਣ ਦੀ ਇੱਛਾ। ਦੇਰੀ ਦੇ ਕਾਰਨ ਕੁਝ ਵੀ ਹੋਣ ਪਰ ਇਨ੍ਹਾਂ ਵਿਚ ਦੋਸ਼ੀ ਅਧਿਕਾਰੀਆਂ ਨੂੰ ਸਜ਼ਾ ਮਿਲਣ ਦੀਆਂ ਸੰਭਾਵਨਾਵਾਂ ਬਹੁਤੀ ਵਾਰੀ ਮਿੱਟੀ ਘੱਟੇ ਵਿਚ ਹੀ ਰੁਲ ਜਾਂਦੀਆਂ ਹਨ। ਇਹ ਮੰਦਭਾਗਾ ਤੱਥ ਹੈ ਕਿ ਜਾਂਚ ਕਮਿਸ਼ਨਾਂ ਵਿਚ ਲੋਕਾਂ ਦਾ ਵਿਸ਼ਵਾਸ ਹੌਲੀ-ਹੌਲੀ ਘਟ ਰਿਹਾ ਹੈ। ਕਿਸੇ ਫਿਰਕੂ ਦੰਗੇ ਦੇ ਸਬੰਧ ਵਿਚ ਜਾਂਚ ਕਮਿਸ਼ਨ ਦੀ ਨਿਯੁਕਤੀ ਦਾ ਐਲਾਨ, ਦੰਗਿਆਂ ਨਾਲ ਨਜਿੱਠਣ ਵਿਚ ਹੋਈ ਅਸਫਲਤਾ ਨੂੰ ਪੜਤਾਲ ਤੋਂ ਜ਼ਿਆਦਾ ਦੋਸ਼ੀ ਅਧਿਕਾਰੀਆਂ ਨੂੰ ਬਚਾਉਣ ਅਤੇ ਲੋਕਾਂ ਦਾ ਧਿਆਨ ਲਾਂਭੇ ਕਰਨ ਦੇ ਯਤਨ ਦੇ ਰੂਪ ਵਿਚ ਹੀ ਦੇਖਿਆ ਜਾਂਦਾ ਹੈ।

### ਵੱਡੀ ਵੰਗਾਰ

*ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।*

*-ਵਿਭੂਤੀ ਨਰਾਇਣ ਰਾਏ*

ਇਨ੍ਹਾਂ ਮਾਮਲਿਆਂ ਵਿਚ ਵੀ, ਜਿੱਥੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਗਈ ਹੈ, ਉੱਥੇ ਵੀ ਕਸੂਰ ਦੇ ਅਨੁਪਾਤ 'ਚ ਸਜ਼ਾ ਦੀ ਮਾਤਰਾ ਬਹੁਤ ਘੱਟ ਸੀ ਅਤੇ ਸਜ਼ਾ ਅਕਸਰ ਹੇਠਲੀ ਪੱਧਰ ਦੇ ਕਰਮਚਾਰੀਆਂ ਨੂੰ ਦਿੱਤੀ ਗਈ। ਇਸ ਤੱਥ ਨੂੰ ਸਮਝਣ ਲਈ ਦੋ ਉਦਾਹਰਨਾਂ ਹੀ ਕਾਫੀ ਹਨ। (1) ਭਾਗਲਪੁਰ (1980) ਲੋਗਾਏਂ ਪਿੰਡ ਦੇ ਇਕ ਥਾਂ 'ਤੇ 116 ਮੁਸਲਮਾਨਾਂ ਦੀ ਦਰਿੰਦਗੀ ਭਰੇ ਢੰਗ ਨਾਲ ਕੀਤੇ ਕਤਲਾਂ ਤੋਂ ਬਾਅਦ ਇਕ ਮਹੀਨੇ ਤੋਂ ਵੀ ਵੱਧ ਸਮੇਂ ਤੱਕ ਜ਼ਿਲ੍ਹਾ ਪ੍ਰਸ਼ਾਸਨ ਅਜਿਹੀ ਕਿਸੇ ਵੀ ਘਟਨਾ ਤੋਂ ਇਨਕਾਰ ਕਰਦਾ ਰਿਹਾ। ਅਜਿਹੇ ਦਰਿੰਦਗੀ ਭਰਪੂਰ ਕਾਰੇ ਲਈ ਜਿਸ ਸਭ ਤੋਂ ਵੱਡੇ ਪੁਲਿਸ ਅਧਿਕਾਰੀ ਨੂੰ ਸਜ਼ਾ ਦਿੱਤੀ ਗਈ ਉਹ ਇਕ ਏ.ਐੱਸ.ਆਈ. ਸੀ। ਕਿਸੇ ਉੱਚ ਪੁਲਿਸ ਅਫਸਰ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ। ਅਜਿਹਾ ਹੀ ਮੇਰਠ (1987) ਦੇ ਦੰਗਿਆਂ ਸਮੇਂ ਹੋਇਆ। ਹਾਸ਼ਿਮਪੁਰਾ ਮਲਿਆਨਾ-ਵਰਗੀਆਂ ਜ਼ਾਲਮਾਨਾ ਘਟਨਾਵਾਂ ਤੋਂ ਬਾਅਦ ਵੀ ਕਿਸੇ ਪੁਲਿਸ ਅਧਿਕਾਰੀ ਨੂੰ ਸਜ਼ਾ ਦੇਣ ਯੋਗ ਨਹੀਂ ਪਾਇਆ ਗਿਆ।

**ਮੇਰਾ ਸੁਝਾਅ ਹੈ ਕਿ:**

(1) ਰਾਸ਼ਟਰੀ ਏਕਤਾ ਪ੍ਰੀਸ਼ਦ ਦੀਆਂ ਸਿਫਾਰਸ਼ਾਂ ਨੂੰ ਉਨ੍ਹਾਂ ਦੀ ਸੱਚੀ ਭਾਵਨਾ ਨਾਲ ਲਾਗੂ ਕੀਤਾ ਜਾਵੇ।

(2) ਅਜਿਹੀ ਸੰਵਿਧਾਨਕ ਵਿਵਸਥਾ ਕੀਤੀ ਜਾਵੇ ਕਿ ਕਿਸੇ ਦੰਗੇ ਨੂੰ ਸ਼ਾਂਤ ਕਰਨ ਲਈ ਲਾਪ੍ਰਵਾਹੀ ਵਰਤਣ ਵਾਲੇ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਐੱਸ.ਐੱਸ.ਪੀ. ਨੂੰ ਲਾਜ਼ਮੀ ਤੌਰ 'ਤੇ ਸਜ਼ਾ ਮਿਲ ਸਕੇ।

(3) ਨੌਕਰਸ਼ਾਹੀ ਨੂੰ ਸਹੀ ਸੁਨੇਹਾ ਦੇਣ ਲਈ ਇਹ ਜ਼ਰੂਰੀ ਹੈ ਕਿ ਕਿਸੇ ਭੂਗੋਲਿਕ ਖੇਤਰ ਵਿਚ ਦੰਗਾ ਰੋਕਣ ਲਈ ਨਿਯੁਕਤ ਕੀਤੇ ਗਏ ਅਧਿਕਾਰੀਆਂ ਨੂੰ ਉਨ੍ਹਾਂ ਦੇ ਖੇਤਰ ਵਿਚ ਦੰਗਾ ਭੜਕਣ ਦੀ ਸਥਿਤੀ ਵਿਚ ਤੁਰੰਤ ਮੁਅੱਤਲ ਜਾਂ ਬਰਖਾਸਤ ਕਰ ਦਿੱਤਾ ਜਾਣਾ ਚਾਹੀਦਾ ਹੈ। ਇਹ ਅਧਿਕਾਰੀ ਐੱਸ.ਐੱਚ.ਓ. ਤੋਂ ਲੈ ਕੇ ਐੱਸ.ਐੱਸ.ਪੀ. ਤੱਕ ਅਤੇ ਤਹਿਸੀਲਦਾਰ ਤੋਂ ਲੈ ਕੇ ਡਿਪਟੀ ਕਮਿਸ਼ਨਰ ਤੱਕ ਹੋ ਸਕਦੇ ਹਨ।

(4) ਇਹ ਵੀ ਜ਼ਰੂਰੀ ਹੈ ਕਿ ਜਾਂਚ ਕਮਿਸ਼ਨ, ਰਾਜ ਦੀ ਸੀ.ਆਈ.ਡੀ. ਜਾਂ ਸੀ.ਬੀ.ਆਈ. ਨੂੰ ਸੌਂਪੀ ਗਈ ਜਾਂਚ ਸਮਾਂਬੱਧ ਹੋਵੇ। ਹਰ ਹਾਲ ਉਸ ਨੂੰ ਇਕ ਨਿਸ਼ਚਿਤ ਸਮਾਂ ਸੀਮਾ ਵਿਚ ਪੂਰਾ ਕੀਤਾ ਜਾਵੇ।

(5) ਇਨ੍ਹਾਂ ਸਾਰੀਆਂ ਸੰਸਥਾਵਾਂ ਦੀ ਜਾਂਚ ਰਿਪੋਰਟ ਸਕੱਤਰੇਤ ਦਫਤਰਾਂ ਵਿਚ ਮਿੱਟੀ-ਘੱਟੇ ਵਿਚ ਰੋਲਣ ਲਈ ਨਹੀਂ ਛੱਡੀ ਜਾਣੀ ਚਾਹੀਦੀ। ਉਨ੍ਹਾਂ 'ਤੇ ਇਮਾਨਦਾਰੀ ਨਾਲ ਕਾਰਵਾਈ ਹੋਣੀ ਚਾਹੀਦੀ ਹੈ। ***(ਸਮਾਪਤ)***

## ਏਅਰ ਇੰਡੀਆ ਬੰਬ ਧਮਾਕਾ-1985

# ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਦੇ ਨਾਂ ਖੁੱਲ੍ਹੀ ਚਿੱਠੀ

## ਕੈਨੇਡਾ ਵਿਚ ਰਿਪੁਦਮਨ ਸਿੰਘ ਮਲਿਕ ਦਾ ਕਤਲ ਅਤੇ ਭਾਰਤ

***1985 ਵਿਚ ਹੋਏ ਹਵਾਈ ਜਹਾਜ਼ ਬੰਬ ਕਾਂਡ ਵਾਲੇ ਕੇਸ ਨਾਲ ਜੁੜੇ ਰਹੇ ਰਿਪੁਦਮਨ ਸਿੰਘ ਮਲਿਕ ਦੇ ਕਤਲ ਤੋਂ ਬਾਅਦ ਕੈਨੇਡੀਅਨ ਅਤੇ ਭਾਰਤੀ ਮੀਡੀਆ ਅੰਦਰ ਤਿੱਖੀ ਚਰਚਾ ਛਿੜੀ ਹੋਈ ਹੈ। ਇਸ ਕੇਸ ਵਿਚ ਮਲਿਕ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ ਸੀ। ਕੈਨੇਡਾ ਵੱਸਦੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਇਸ ਪ੍ਰਸੰਗ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਚਿੱਠੀ ਲਿਖੀ ਹੈ ਜਿਸ ਵਿਚ ਇਸ ਕੇਸ ਨਾਲ ਜੁੜੇ ਤਾਰਾਂ ਬਾਰੇ ਚਰਚਾ ਕੀਤੀ ਗਈ ਹੈ। ਅੰਗਰੇਜ਼ੀ ਵਿਚ ਲਿਖੀ ਇਸ ਚਿੱਠੀ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਗੁਰਪ੍ਰੀਤ ਸਿੰਘ ਨੇ ਇਸ ਜਹਾਜ਼ ਕਾਂਡ ਦੇ ਪੀੜਤਾਂ ਬਾਰੇ ਕਿਤਾਬ 'ਫਾਈਟਿੰਗ ਹੇਟਰਡ ਵਿਦ ਲਵ' ਵੀ ਲਿਖੀ ਹੈ।***

ਸ੍ਰੀਮਾਨ ਟਰੂਡੋ ਜੀ,

ਮੈਂ ਭਾਰਤੀ ਮੂਲ ਦਾ ਕੈਨੇਡੀਅਨ ਨਾਗਰਿਕ ਹਾਂ ਜੋ 9/11 ਤੋਂ ਪਹਿਲਾਂ ਹਵਾਬਾਜ਼ੀ ਦਹਿਸ਼ਤਵਾਦ ਦੇ ਇਤਿਹਾਸ ਦੀ ਸਭ ਤੋਂ ਭੈੜੀ ਘਟਨਾ ਦੀਆਂ ਘਿਨਾਉਣੀਆਂ ਯਾਦਾਂ ਸੰਗ ਜਵਾਨ ਹੋਇਆ ਹਾਂ। ਮੈਂ ਸਿਰਫ ਪੰਦਰਾਂ ਸਾਲਾਂ ਦਾ ਸੀ ਜਦੋਂ 23 ਜੂਨ 1985 ਨੂੰ ਏਅਰ ਇੰਡੀਆ ਦੀ ਫਲਾਈਟ 182 ਨੂੰ ਆਇਰਿਸ਼ ਸਾਗਰ ਉੱਪਰ ਬੰਬ ਧਮਾਕੇ ਨਾਲ ਉਡਾ ਦਿੱਤਾ ਗਿਆ ਸੀ ਜਿਸ ਵਿਚ ਸਵਾਰ ਸਾਰੇ 329 ਲੋਕ ਮਾਰੇ ਗਏ ਸਨ। ਉਸੇ ਸਮੇਂ ਨਾਰਿਤਾ ਹਵਾਈ ਅੱਡੇ 'ਤੇ ਇਕ ਹੋਰ ਧਮਾਕੇ ਵਿਚ ਸਮਾਨ ਸੰਭਾਲਣ ਵਾਲੇ ਦੋ ਮੁਲਾਜ਼ਮ ਵੀ ਮਾਰੇ ਗਏ ਸਨ। ਕੁਲ ਮਿਲਾ ਕੇ ਬ੍ਰਿਟਿਸ਼ ਕੋਲੰਬੀਆ ਤੋਂ ਰੱਖੇ ਗਏ ਬੰਬਾਂ ਨਾਲ ਹੋਏ ਧਮਾਕਿਆਂ 'ਚ 331 ਨਿਰਦੋਸ਼ ਜਾਨਾਂ ਗਈਆਂ ਸਨ।



**ਗੁਰਪ੍ਰੀਤ ਸਿੰਘ ਕੈਨੇਡਾ**

**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਜਦੋਂ ਇਹ ਖਬਰ ਆਈ ਤਾਂ ਮੈਂ ਆਪਣੇ ਪਰਿਵਾਰ ਸਮੇਤ ਆਪਣੇ ਚਚੇਰੇ ਭਾਈ ਦੇ ਵਿਆਹ 'ਚ ਸ਼ਾਮਿਲ ਹੋਣ ਲਈ ਨਵੀਂ ਦਿੱਲੀ 'ਚ ਸੀ। ਸਮੁੰਦਰ ਦੇ ਤਲ ਉੱਪਰ ਤੈਰਦੇ ਮਲਬੇ ਦੀਆਂ ਟੀ.ਵੀ. ਉੱਪਰ ਦਿਖਾਈਆਂ ਦਿਲ ਕੰਬਾਊ ਤਸਵੀਰਾਂ ਅਜੇ ਵੀ ਮੇਰੇ ਚੇਤਿਆਂ 'ਚ ਹਨ।

ਇਸ ਘਟਨਾ ਤੋਂ ਸਾਲ ਪਹਿਲਾਂ ਹੀ ਭਾਰਤ ਦੀ ਕੌਮੀ ਰਾਜਧਾਨੀ ਦਿੱਲੀ, ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਉਸ ਦੇ ਬੌਡੀਗਾਰਡਾਂ ਵੱਲੋਂ ਕੀਤੇ ਕਤਲ ਦੇ ਪ੍ਰਤੀਕਰਮ ਵਜੋਂ ਸਿੱਖ ਵਿਰੋਧੀ ਕਤਲੇਆਮ ਨਾਲ ਝੰਜੋੜੀ ਗਈ ਸੀ ਜੋ ਜੂਨ 1984 'ਚ ਅੰਮ੍ਰਿਤਸਰ ਵਿਚ ਸਿੱਖਾਂ ਦੇ ਸਭ ਤੋਂ ਮੁਕੱਦਸ ਸਥਾਨ ਦਰਬਾਰ ਸਾਹਿਬ ਕੰਪਲੈਕਸ ਉੱਪਰ ਹੋਏ ਫੌਜੀ ਹਮਲੇ ਦਾ ਬਦਲਾ ਲੈਣਾ ਚਾਹੁੰਦੇ ਸਨ। ਅੰਮ੍ਰਿਤਸਰ ਘੱਲੂਘਾਰੇ ਦੀ ਤਬਾਹੀ ਦੇ ਜ਼ਖਮ ਵੀ ਮੇਰੇ ਚੇਤਿਆਂ 'ਚ ਸਦਾ ਲਈ ਉੱਕਰੇ ਹੋਏ ਹਨ। ਉਸ ਸ਼ਹਿਰ ਵਿਚ ਰਹਿੰਦੇ ਹੋਣ ਕਾਰਨ ਅਸੀਂ ਭਾਰਤੀ ਫੌਜ ਵੱਲੋਂ ਕੀਤੀ ਤਬਾਹੀ ਦੇ ਨਿਸ਼ਾਨ ਅੱਖੀਂ ਦੇਖੇ। ਸਰਕਾਰ ਦੀ ਇਸ ਅਣਮਨੁੱਖੀ ਕਾਰਵਾਈ ਨਾਲ ਮੇਰੇ ਸਿੱਖ ਪਰਿਵਾਰ ਦੇ ਹਿਰਦੇ ਵਲੂੰਧਰੇ ਗਏ ਸਨ। ਮੈਂ ਅਤੇ ਮੇਰੇ ਪਿਤਾ ਜੀ ਡੂੰਘੇ ਰੂਪ 'ਚ ਧਾਰਮਿਕ ਬਣ ਗਏ ਹਾਲਾਂਕਿ ਜਦੋਂ ਮੈਂ ਵੱਡਾ ਹੋਇਆ ਤਾਂ ਮੇਰੀ ਧਾਰਮਿਕ ਨਿਹਚਾ ਨਾ ਰਹੀ।

ਅਸੀਂ ਬਹੁਤ ਫਿਕਰਮੰਦ ਸੀ ਕਿਉਂਕਿ ਮੀਡੀਆ ਨੇ ਏਅਰ ਇੰਡੀਆ ਬੰਬ ਧਮਾਕਿਆਂ 'ਚ ਸਿੱਖ ਖਾੜਕੂਆਂ ਦਾ ਹੱਥ ਹੋਣ ਬਾਰੇ ਕਿਆਸ ਅਰਾਈਆਂ ਸ਼ੁਰੂ ਕਰ ਦਿੱਤੀਆਂ ਸਨ। ਦਰਅਸਲ, ਸਾਨੂੰ ਇਕ ਹੋਰ ਕਤਲੇਆਮ ਦਾ ਡਰ ਸੀ। ਭਾਵੇਂ ਉਦੋਂ ਕੁਝ ਵੀ ਅਣਸੁਖਾਵਾਂ ਨਹੀਂ ਹੋਇਆ, ਫਿਰ ਵੀ ਮੈਨੂੰ ਲੱਗਦਾ ਹੈ ਕਿ ਭਾਈਚਾਰਾ ਉੱਪਰ ਤਾੜਵੀਂ ਨਜ਼ਰ ਰੱਖੀ ਜਾ ਰਹੀ ਹੈ।

ਜਦੋਂ ਮੈਂ ਜਵਾਨ ਹੋ ਕੇ ਪੱਤਰਕਾਰੀ ਦਾ ਕਿੱਤਾ ਚੁਣਿਆ ਤਾਂ ਮੈਂ ਦਰਬਾਰ ਸਾਹਿਬ ਕੰਪਲੈਕਸ ਉੱਪਰ ਕੀਤੇ ਫੌਜੀ ਹਮਲੇ ਤੋਂ ਲੈ ਕੇ ਏਅਰ ਇੰਡੀਆ ਤ੍ਰਾਸਦੀ ਤੱਕ, ਘਟਨਾਵਾਂ ਦੀ ਲੜੀ ਦੇ ਜਵਾਬ ਲੱਭਣੇ ਸ਼ੁਰੂ ਕਰ ਦਿੱਤੇ। ਇਸ ਕਰਕੇ ਮੈਂ ਇਸ ਮੁੱਦੇ ਉੱਪਰ ਤਮਾਮ ਨਜ਼ਰੀਆਂ ਦਾ ਭੇਤੀ ਹਾਂ। ਮੈਂ ਸਾਰੇ ਵੱਖ-ਵੱਖ ਪੱਖਾਂ ਨੂੰ ਸੁਣਿਆ ਹੋਇਆ ਹੈ, ਅਤੇ ਹਿੰਸਾ ਦੇ ਦੋਵਾਂ ਪਾਸਿਆਂ ਦੇ ਪੀੜਤਾਂ ਦੇ ਦਰਦ ਨੂੰ ਮਹਿਸੂਸ ਕੀਤਾ ਹੈ। ਇਨ੍ਹਾਂ ਮੁੱਦਿਆਂ ਨੂੰ ਕਵਰ ਕਰਦੇ ਹੋਏ ਸਟੇਟ ਦੀ ਹਿੰਸਾ ਜਾਂ ਕੱਟੜਪੰਥੀਆਂ ਦੇ ਪੀੜਤਾਂ ਦੀਆਂ ਕਹਾਣੀਆਂ ਸੁਣਨ ਸਮੇਂ ਮੈਂ ਕਦੇ ਵੀ ਵਿਤਕਰਾ ਨਹੀਂ ਕੀਤਾ।

ਮੈਂ ਸਾਲ 2000 ਤੋਂ ਏਅਰ ਇੰਡੀਆ ਕੇਸ ਉੱਪਰ ਲਗਾਤਾਰ ਨਜ਼ਰ ਰੱਖ ਰਿਹਾ ਹਾਂ, ਜਦੋਂ ਇਕ ਸਾਬਕਾ ਸ਼ੱਕੀ ਰਿਪੁਦਮਨ ਸਿੰਘ ਮਲਿਕ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਮੈਂ ਪੰਜਾਬ ਵਿਚ 'ਦਿ ਟ੍ਰਿਬਿਊਨ' ਅਖਬਾਰ ਲਈ ਕੰਮ ਕਰਦਾ ਸੀ ਅਤੇ ਮੇਰੀ ਡਿਊਟੀ ਮਲਿਕ ਦੇ ਜ਼ੱਦੀ ਸ਼ਹਿਰ ਫਿਰੋਜ਼ਪੁਰ 'ਚ ਲੱਗੀ ਹੋਈ ਸੀ। ਮੈਨੂੰ ਉਸ ਦੇ ਪਰਿਵਾਰ 'ਚੋਂ ਰਿਸ਼ਤੇਦਾਰਾਂ ਅਤੇ ਉਸ ਦੇ ਪੁਰਾਣੇ ਹਮ-ਜਮਾਤੀਆਂ ਨੂੰ ਮਿਲਣ ਦਾ ਮੌਕਾ ਮਿਲਿਆ। ਮੈਨੂੰ ਉਨ੍ਹਾਂ ਤੋਂ ਪਤਾ ਲੱਗਾ ਕਿ ਉਹ ਦੁਨੀਆ ਭਰ ਦੇ ਹੋਰ ਸਿੱਖਾਂ ਵਾਂਗ 1984 ਦੀਆਂ ਘਟਨਾਵਾਂ ਤੋਂ ਦੁਖੀ ਸੀ। ਮੇਰੇ ਆਪਣੇ ਪਰਿਵਾਰਕ ਪਿਛੋਕੜ ਨੂੰ ਦੇਖਦੇ ਹੋਏ ਮਲਿਕ ਦਾ ਕੇਸ ਵਿਸ਼ੇਸ਼ ਨਹੀਂ ਸੀ।

ਉਪਰੋਕਤ ਦੇ ਮੱਦੇਨਜ਼ਰ ਦੋ ਉਡਾਣਾਂ 'ਤੇ ਸਵਾਰ ਨਿਰਦੋਸ਼ ਮੁਸਾਫਿਰਾਂ ਅਤੇ ਜਹਾਜ਼ ਦੇ ਅਮਲੇ ਨਾਲ ਇਹ ਕੁਝ ਨਹੀਂ ਹੋਣਾ ਚਾਹੀਦਾ ਸੀ। ਹੁਣ ਤੱਕ ਓਟਾਵਾ ਅਤੇ ਨਵੀਂ ਦਿੱਲੀ ਦੀਆਂ ਸਰਕਾਰਾਂ ਨੇ ਸਾਰਿਆਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਕਾਰਾ ਸਿੱਖ ਵੱਖਵਾਦੀਆਂ ਨੇ 1984 ਦਾ ਬਦਲਾ ਲੈਣ ਲਈ ਕੀਤਾ ਸੀ। ਬਾਅਦ ਵਿਚ ਮਲਿਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਰ ਸਬੂਤਾਂ ਦੀ ਘਾਟ ਕਾਰਨ 2005 'ਚ ਬਰੀ ਕਰ ਦਿੱਤਾ ਗਿਆ ਸੀ। ਫਿਰ ਵੀ ਅਦਾਲਤ ਨੇ 2012 'ਚ ਇਹ ਕਹਿੰਦੇ ਹੋਏ ਕਿ ਉਸ ਨੂੰ ਕੋਈ ਵੀ ਹਰਜਾਨਾ ਦੇਣ ਤੋਂ ਨਾਂਹ ਕਰ ਦਿੱਤੀ ਕਿ 'ਦੋਸ਼ੀ ਸਾਬਤ ਨਾ ਹੋਣ ਦਾ ਫੈਸਲਾ' ਉਸ ਦੇ ਨਿਰਦੋਸ਼ ਹੋਣ ਦਾ ਐਲਾਨ ਨਹੀਂ ਹੈ।



*ਏਅਰ ਇੰਡੀਆ ਬੰਬ ਧਮਾਕੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕਰ ਰਹੀ ਇਕ ਕੁੜੀ।*

ਕਈ ਹੋਰ ਮੀਡੀਆ ਵਾਲਿਆਂ ਵਾਂਗ ਮੇਰੇ ਕੋਲ ਮਲਿਕ ਅਤੇ ਉਸ ਨਾਲ ਜੁੜੇ ਹੋਰ ਵਿਅਕਤੀਆਂ ਦੀ ਮਿਲੀਭੁਗਤ 'ਤੇ ਸ਼ੱਕ ਕਰਨ ਦੇ ਕਾਰਨ ਸਨ। ਮੈਂ ਉਸ ਦੀ ਅਤੇ ਤਲਵਿੰਦਰ ਸਿੰਘ ਪਰਮਾਰ, ਅਜਾਇਬ ਸਿੰਘ ਬਾਗੜੀ ਤੇ ਇੰਦਰਜੀਤ ਸਿੰਘ ਰਿਆਤ ਵਰਗੇ ਹੋਰ ਸੰਭਾਵਿਤ ਸ਼ੱਕੀਆਂ ਦੀ ਆਲੋਚਨਾ ਕਰਦਾ ਰਿਹਾ। ਪਰਮਾਰ 1992 'ਚ ਭਾਰਤੀ ਪੁਲਿਸ ਹੱਥੋਂ ਮਾਰਿਆ ਗਿਆ ਸੀ ਅਤੇ ਮਲਿਕ ਤੇ ਬਾਗੜੀ ਨੂੰ ਬਰੀ ਕਰ ਦਿੱਤਾ ਗਿਆ ਸੀ। ਇਕੱਲੇ ਰਿਆਤ ਨੂੰ ਦੋਸ਼ੀ ਕਰਾਰ ਦਿੱਤਾ ਗਿਆ, ਭਾਵੇਂ ਜਾਂਚ ਚੱਲ ਰਹੀ ਹੈ ਅਤੇ ਅਜੇ ਕਿਸੇ ਸਿੱਟੇ 'ਤੇ ਨਹੀਂ ਪਹੁੰਚੀ ਹੈ। ਇਹ ਆਲੋਚਨਾ ਕਰਨ ਕਰਕੇ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ। ਸਿੱਖ ਵੱਖਵਾਦੀ ਲਹਿਰ ਦੇ ਹਮਾਇਤੀ ਕਹਿ ਰਹੇ ਸਨ ਕਿ ਏਅਰ ਇੰਡੀਆ ਨੂੰ ਅੰਜਾਮ ਭਾਰਤੀ ਖੁਫੀਆ ਏਜੰਸੀ 'ਰਾਅ' ਵੱਲੋਂ ਉਨ੍ਹਾਂ ਦੇ ਸੰਘਰਸ਼ ਨੂੰ ਬਦਨਾਮ ਕਰਨ ਅਤੇ ਵਿਦੇਸ਼ਾਂ 'ਚ ਵਸਦੇ ਸਿੱਖ ਕਾਰਕੁਨਾਂ ਨੂੰ ਭੰਡਣ ਲਈ ਦਿੱਤਾ ਗਿਆ ਸੀ।

ਮੇਰੀ ਇੱਕੋ-ਇਕ ਸ਼ਿਕਾਇਤ ਇਹ ਰਹੀ ਹੈ ਕਿ ਜਿਨ੍ਹਾਂ ਸਿੱਖ ਸ਼ੱਕੀਆਂ ਦੇ ਨਾਂ ਮੀਡੀਆ 'ਚ ਵਾਰ-ਵਾਰ ਸਾਹਮਣੇ ਆਏ ਹਨ, ਉਨ੍ਹਾਂ ਬਾਰੇ ਸਪੱਸ਼ਟ ਕਰਨਾ ਜ਼ਰੂਰੀ ਹੈ। ਜੇਕਰ ਉਹ ਸੱਚਮੁੱਚ ਹੀ ਨਿਰਦੋਸ਼ ਹਨ ਤਾਂ ਉਨ੍ਹਾਂ 'ਤੇ ਦੋਸ਼ ਕਿਵੇਂ ਲਗਾਏ ਗਏ? ਨਾਲ ਹੀ ਉਨ੍ਹਾਂ ਨੂੰ ਸਿੱਖ ਭਾਈਚਾਰੇ ਨੂੰ ਮਨੁੱਖੀ ਢਾਲ ਵਜੋਂ ਵਰਤਣ ਦਾ ਕੋਈ ਹੱਕ ਨਹੀਂ ਹੈ। ਇੰਨਾ ਹੀ ਨਹੀਂ, ਕੁਝ ਲੋਕਾਂ ਨੇ ਤਾਂ ਇਹ ਦਾਅਵਾ ਵੀ ਕੀਤਾ ਕਿ ਮਲਿਕ ਅਤੇ ਬਾਗੜੀ ਦੇ ਬਰੀ ਹੋਣ ਨਾਲ ਸਿੱਖਾਂ 'ਤੇ ਲੱਗਾ ਦਾਗ ਮਿਟ ਗਿਆ ਹੈ, ਜਿਵੇਂ ਉਹ ਪੂਰੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਦੇ ਹੋਣ। ਮੈਂ ਇਸ ਨੂੰ ਲੈ ਕੇ ਰੋਹ 'ਚ ਸੀ ਕਿ ਬੰਬ ਧਮਾਕਿਆਂ 'ਚ 80 ਬੱਚੇ ਮਾਰੇ ਗਏ ਸਨ। ਭਾਰਤੀ ਸਟੇਟ ਨੇ ਸਿੱਖਾਂ ਨਾਲ ਜੋ ਕੀਤਾ, ਉਸ ਨਾਲ ਉਨ੍ਹਾਂ ਨਿੱਕੀਆਂ-ਨਿੱਕੀਆਂ ਜਿੰਦਾਂ ਦਾ ਕੋਈ ਲੈਣਾ-ਦੇਣਾ ਨਹੀਂ ਸੀ। ਉਹ ਸਿਰਫ ਗਰਮੀਆਂ ਦੀਆਂ ਛੁੱਟੀਆਂ ਕੱਟਣ ਲਈ ਭਾਰਤ ਵਿਚ ਆਪਣੇ ਪਰਿਵਾਰਾਂ ਨੂੰ ਮਿਲਣ ਜਾ ਰਹੇ ਸਨ।

ਪੀੜਤਾਂ ਦੇ ਪਰਿਵਾਰਾਂ ਨੂੰ ਨਿਆਂ ਮਿਲਣਾ ਚਾਹੀਦਾ ਹੈ, ਇਸ ਮਨੋਰਥ ਨਾਲ ਮੈਂ ਬੰਬ ਧਮਾਕਿਆਂ ਦੀ 25ਵੀਂ ਵਰ੍ਹੇਗੰਢ 'ਚ ਸ਼ਾਮਿਲ ਹੋਣ ਲਈ ਆਇਰਲੈਂਡ ਗਿਆ ਅਤੇ ਉਨ੍ਹਾਂ ਬਹੁਤ ਸਾਰੇ ਲੋਕਾਂ ਨੂੰ ਮਿਲਿਆ ਜੋ ਆਪਣੇ ਪਿਆਰਿਆਂ ਨੂੰ ਚੇਤੇ ਕਰਨ ਲਈ ਉੱਥੇ ਇਕੱਠੇ ਹੋਏ ਸਨ। ਮੈਂ ਉਨ੍ਹਾਂ ਦੀਆਂ ਕਹਾਣੀਆਂ 'ਤੇ ਆਧਾਰਿਤ ਕਿਤਾਬ ਪ੍ਰਕਾਸ਼ਿਤ ਕੀਤੀ।

ਇਸ ਦੌਰਾਨ, ਬਹੁਤ ਸਾਰੀਆਂ ਸਾਜ਼ਿਸ਼ ਦੀਆਂ ਥਿਊਰੀਆਂ ਚੱਲਦੀਆਂ ਰਹੀਆਂ। 'ਸੌਫਟ ਟਾਰਗੇਟ' ਨਾਂ ਦੀ ਇਕ ਕਿਤਾਬ ਦਾ ਸਿੱਖਾਂ ਵੱਲੋਂ ਵਿਆਪਕ ਤੌਰ 'ਤੇ ਹਵਾਲਾ ਦਿੱਤਾ ਜਾਂਦਾ ਸੀ। ਇਸ ਅਨੁਸਾਰ, ਏਅਰ ਇੰਡੀਆ ਬੰਬ ਕਾਂਡ ਰਾਅ ਦਾ ਗੁਪਤ ਕਾਰਾ ਸੀ। ਸਾਫਟ ਟਾਰਗੇਟ ਨੇ ਸ਼ੱਕੀ ਵਿਅਕਤੀਆਂ ਦੇ ਭਾਰਤੀ ਏਜੰਸੀਆਂ ਦੇ ਬੰਦਿਆਂ ਨਾਲ ਸਬੰਧਾਂ ਦੇ ਬਹੁਤ ਸਾਰੇ ਵੇਰਵਿਆਂ ਦੀ ਜਾਂਚ ਕੀਤੀ। ਪੰਜਾਬ ਵਿਚ ਮਨੁੱਖੀ ਅਧਿਕਾਰ ਕਾਰਕੁਨਾਂ ਦਾ ਇਕ ਸਮੂਹ ਵੀ ਆਪਣੀ ਸੁਤੰਤਰ ਜਾਂਚ ਦੇ ਆਧਾਰ 'ਤੇ ਅਜਿਹੇ ਹੀ ਨਤੀਜੇ 'ਤੇ ਪੁੱਜਿਆ ਸੀ। ਮੈਂ ਇਸ ਦੀ ਰਿਪੋਰਟ ਵੀ ਕਰਦਾ ਰਿਹਾ ਹਾਂ, ਤੇ ਹਮੇਸ਼ਾ ਇਸ ਗੱਲ 'ਤੇ ਜ਼ੋਰ ਦਿੰਦਾ ਰਿਹਾ ਹਾਂ ਕਿ ਇਸ ਸਮੁੱਚੇ ਕਾਂਡ ਨੂੰ ਵਿਸ਼ਾਲ ਸੋਚ ਨਾਲ ਦੇਖਣ-ਪਰਖਣ ਦੀ ਲੋੜ ਹੈ। ਨਰਮਪੰਥੀ ਸਿੱਖਾਂ ਦੇ ਇਕ ਹਿੱਸੇ ਅਤੇ ਪੀੜਤਾਂ ਦੇ ਪਰਿਵਾਰਾਂ ਨੂੰ ਵੀ ਸ਼ੱਕ ਸੀ, ਤੇ ਉਨ੍ਹਾਂ ਨੇ ਵੀ ਇਸ ਪਿੱਛੇ ਭਾਰਤੀ ਏਜੰਸੀਆਂ ਦਾ ਹੱਥ ਹੋਣ ਦਾ ਸ਼ੱਕ ਪ੍ਰਗਟਾਇਆ ਜੋ ਖਾੜਕੂਆਂ 'ਚ ਘੁਸਪੈਠ ਕਰ ਚੁੱਕੀਆਂ ਸਨ।

ਇਸ ਸਭ ਕਾਸੇ ਨੂੰ ਪ੍ਰਚਾਰ ਕਹਿ ਕੇ ਸੌਖਿਆਂ ਹੀ ਖਾਰਜ ਕੀਤਾ ਜਾ ਸਕਦਾ ਹੈ ਪਰ ਤੱਥ ਮੂੰਹੋਂ ਬੋਲਦੇ ਹਨ। ਹਾਲੀਆ ਘਟਨਾਕ੍ਰਮ ਦੇ ਮੱਦੇਨਜ਼ਰ ਇਸ ਘੁਸਰ-ਮੁਸਰ ਨੂੰ ਹੋਰ ਵੀ ਬਾਹਰਮੁਖੀ ਅਤੇ ਆਲੋਚਨਾਤਮਕ ਤੌਰ 'ਤੇ ਮੁਖਾਤਿਬ ਹੋ ਕੇ ਸਮੁੱਚੇ ਮਾਮਲੇ 'ਤੇ ਮੁੜ ਵਿਚਾਰ ਕਰਨੀ ਚਾਹੀਦੀ ਹੈ।



*ਪ੍ਰਧਾਨ ਮੰਤਰੀ ਜਸਟਿਨ ਟਰੂਡੋ*

ਇਹ ਬਹੁਤ ਚਿਰ ਪਹਿਲਾਂ ਹੋ ਜਾਣਾ ਚਾਹੀਦਾ ਸੀ ਪਰ ਹੁਣ ਵੀ ਬਹੁਤੀ ਦੇਰ ਨਹੀਂ ਹੋਈ, ਖਾਸ ਕਰਕੇ 14 ਜੁਲਾਈ ਨੂੰ ਸਰੀ 'ਚ ਦਿਨ-ਦਿਹਾੜੇ ਮਲਿਕ ਦੇ ਰਹੱਸਮਈ ਕਤਲ ਤੋਂ ਬਾਅਦ। ਮਲਿਕ ਪਿੱਛੇ ਜਿਹੇ ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹਮਾਇਤੀ ਬਣ ਗਿਆ ਸੀ। ਇਸ ਤੋਂ ਪਹਿਲਾਂ, ਉਸ ਨੂੰ 2019 'ਚ ਭਾਰਤ ਸਰਕਾਰ ਵੱਲੋਂ ਆਪਣੇ ਜ਼ੱਦੀ ਮੁਲਕ 'ਚ ਜਾਣ ਲਈ ਵੀਜ਼ਾ ਦਿੱਤਾ ਗਿਆ ਸੀ, ਜਿੱਥੇ ਉਹ ਅਤੇ ਉਸਦੇ ਰਿਸ਼ਤੇਦਾਰ 'ਰਾਅ' ਦੇ ਮੁਖੀ ਨੂੰ ਮਿਲੇ ਸਨ। ਨਤੀਜੇ ਵਜੋਂ ਉਸ ਦਾ ਸਿੱਖ ਵੱਖਵਾਦੀਆਂ ਨਾਲ ਬਖੇੜਾ ਖੜ੍ਹਾ ਹੋ ਗਿਆ ਪਰ ਇਹ ਤਾਂ ਕਹਾਣੀ ਦਾ ਸਿਰਫ ਇਕ ਹਿੱਸਾ ਹੈ, ਕਿਉਂਕਿ ਭਾਰਤੀ ਖੁਫੀਆ ਤੰਤਰ, ਮੋਦੀ ਪੱਖੀ ਮੀਡੀਆ ਅਤੇ ਉਸ ਦੇ ਹਮਾਇਤੀਆਂ ਨੇ ਹੋਰ ਸੰਭਾਵਿਤ ਪੱਖਾਂ ਨੂੰ ਦੇਖੇ ਬਿਨਾ ਹੀ ਉਸ ਦੇ ਸਿੱਖ ਆਲੋਚਕਾਂ ਵੱਲ ਉਂਗਲ ਉਠਾਉਣੀ ਸ਼ੁਰੂ ਕਰ ਦਿੱਤੀ ਹੈ। ਇਹ ਇਸ ਤੱਥ ਦੇ ਬਾਵਜੂਦ ਹੈ ਕਿ ਉਸ ਦੇ ਕਤਲ ਦੇ ਸਬੰਧ 'ਚ ਦੋ ਗੈਰ-ਸਿੱਖ ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਹੈ, ਤੇ ਮਨੋਰਥ ਬਾਰੇ ਕੋਈ ਗੱਲ ਨਹੀਂ ਹੋ ਰਹੀ। ਹਾਲਾਤ ਦੱਸਦੇ ਹਨ ਕਿ ਸੰਭਵ ਹੈ, ਇਹ ਪੇਸ਼ੇਵਰ ਕਤਲ ਹੋਵੇ। ਇਸੇ ਲਈ ਤੁਹਾਨੂੰ ਚਿੱਠੀ ਲਿਖ ਰਿਹਾ ਹਾਂ।

ਆਮ ਸੂਝ ਇਹ ਮੰਗ ਕਰਦੀ ਹੈ ਕਿ ਜਾਂਚ ਕਰਤਾਵਾਂ ਨੂੰ ਸਾਰੀਆਂ ਸੰਭਾਵਨਾਵਾਂ ਦੀ ਘੋਖ ਕਰਨੀ ਚਾਹੀਦੀ ਹੈ ਅਤੇ ਕਿਸੇ ਵੀ ਗੱਲ ਨੂੰ ਰੱਦ ਨਹੀਂ ਕਰਨਾ ਚਾਹੀਦਾ। ਫਿਲਹਾਲ ਇਹ ਦੇਖਣਾ ਹੋਵੇਗਾ ਕਿ ਇਸ ਚਰਚਿਤ ਕਤਲ ਦਾ ਫਾਇਦਾ ਕਿਸ ਨੂੰ ਹੋ ਰਿਹਾ ਹੈ। ਸਿੱਖ ਵੱਖਵਾਦੀਆਂ ਉੱਪਰ ਇਲਜ਼ਾਮ ਲਗਾਉਣਾ ਸੌਖਾ ਹੈ। ਇਸ ਲਈ ਸਵਾਲ ਇਹ ਹੈ ਕਿ ਉਹ ਕਿਸੇ ਅਜਿਹੇ ਵਿਅਕਤੀ ਨੂੰ ਕਿਉਂ ਮਾਰਨਗੇ ਜਿਸ ਦੇ ਕਤਲ ਦਾ ਦੋਸ਼ ਉਨ੍ਹਾਂ ਉੱਪਰ ਸਹਿਜੇ ਹੀ ਲਗਾਇਆ ਜਾ ਸਕਦਾ ਹੈ? ਕੀ ਇਹ ਸੱਚਮੁੱਚ ਉਨ੍ਹਾਂ ਦੀ ਮਦਦ ਕਰਦਾ ਹੈ ਜਾਂ ਇਸ ਨਾਲ ਉਨ੍ਹਾਂ ਦਾ ਹੋਰ ਨੁਕਸਾਨ ਹੁੰਦਾ ਹੈ?

ਇਨ੍ਹਾਂ ਸਾਲਾਂ 'ਚ ਭਾਰਤੀ ਲਾਬੀ ਨੇ ਕੈਨੇਡਾ 'ਚ ਸਿੱਖ ਵੱਖਵਾਦੀਆਂ ਵਿਰੁੱਧ ਮੁਹਿੰਮ ਤੇਜ਼ ਕਰ ਦਿੱਤੀ ਹੈ, ਹਾਲਾਂਕਿ ਇਕ ਵੱਖਰੇ ਸਿੱਖ ਹੋਮਲੈਂਡ ਲਈ ਅੰਦੋਲਨ ਭਾਰਤ ਵਿਚ ਆਪਣੀ ਖਿੱਚ ਗੁਆ ਚੁੱਕਾ ਹੈ। ਕੈਨੇਡਾ ਵਿਚ ਉਨ੍ਹਾਂ ਸਿਰ ਮੜ੍ਹੀ ਕੋਈ ਵੀ ਹਿੰਸਕ ਕਾਰਵਾਈ ਸਿਰਫ ਹਿੰਦੂ ਬਹੁਗਿਣਤੀ ਦੀ ਪਾਲਾਬੰਦੀ ਕਰਨ, ਸਿੱਖ ਅਤਿਵਾਦ ਪ੍ਰਤੀ ਕੈਨੇਡਾ ਵੱਲੋਂ ਨਰਮਾਈ ਵਰਤਣ ਦੀ ਉਨ੍ਹਾਂ ਦੀ ਦਲੀਲ ਨੂੰ ਮਜ਼ਬੂਤ ਕਰਨ, ਅਤੇ ਮਨੁੱਖੀ ਹੱਕਾਂ ਦੇ ਘਾਣ ਦੀਆਂ ਕਹਾਣੀਆਂ ਤੇ 1984 ਬਾਬਤ ਇਨਸਾਫ ਦੀ ਲੜਾਈ ਦੇ ਸੰਦਰਭ ਵਿਚ ਸਿੱਖ ਅਸੰਤੋਖ ਦੀ ਕਿਸੇ ਵੀ ਆਵਾਜ਼ ਨੂੰ ਦਬਾਉਣ 'ਚ ਹੀ ਮਦਦ ਕਰਦੀ ਹੈ।

ਸੋ, ਕਾਲਪਨਿਕ ਦੋਸ਼ੀਆਂ ਦਾ ਪਿੱਛਾ ਕਰਦੇ ਰਹਿਣ ਦੀ ਬਜਾਇ ਕਿਉਂ ਨਾ ਅਸਲ ਦੋਸ਼ੀਆਂ ਦੀ ਭਾਲ ਕੀਤੀ ਜਾਵੇ?

ਆਓ ਦੇਖੀਏ ਕਿ ਕਾਹਲ ਕਰਨ ਦੀ ਕੋਸ਼ਿਸ਼ ਕੌਣ ਕਰ ਰਿਹਾ ਹੈ? ਇਨ੍ਹਾਂ ਵਿਚ ਹਿੰਦੂ ਅੰਧ-ਰਾਸ਼ਟਰਵਾਦੀ ਆਗੂ ਮੋਦੀ ਦੇ ਸੱਜੇ-ਪੱਖੀ ਹਮਾਇਤੀ ਹਨ ਜਿਨ੍ਹਾਂ ਨੇ ਸੋਸ਼ਲ ਮੀਡੀਆ ਉੱਪਰ ਕਿਹਾ ਹੈ ਕਿ ਮਲਿਕ ਦਾ ਕਤਲ ਸਿੱਖ ਕੱਟੜਪੰਥੀਆਂ ਵੱਲੋਂ ਪਾਕਿਸਤਾਨੀ ਏਜੰਸੀਆਂ ਦੀ ਮਿਲੀਭੁਗਤ ਨਾਲ ਕੀਤਾ ਗਿਆ ਹੈ ਕਿਉਂਕਿ ਉਸ ਨੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਉਸ ਦੀ ਹਮਾਇਤ ਕੀਤੀ ਸੀ। ਇਸ ਦੀ ਕੋਈ ਤੁਕ ਨਹੀਂ ਬਣਦੀ; ਕੈਨੇਡਾ ਵਿਚ ਜਾਂਚ 'ਚ ਕੋਈ ਪ੍ਰਗਤੀ ਨਹੀਂ ਹੋਈ ਹੈ, ਜਦੋਂ ਕਿ ਜਿਨ੍ਹਾਂ ਕਈ ਹਿੰਦੂ ਅਤੇ ਸਿੱਖ ਆਗੂਆਂ ਨੇ 2015 'ਚ ਮੋਦੀ ਦੀ ਵੈਨਕੂਵਰ ਫੇਰੀ ਦੌਰਾਨ ਉਸ ਦਾ ਖੁੱਲ੍ਹੇਆਮ ਸਵਾਗਤ ਕੀਤਾ ਸੀ, ਉਨ੍ਹਾਂ 'ਚੋਂ ਕਿਸੇ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਫਿਰ ਅਸੀਂ ਇਸ ਉੱਪਰ ਯਕੀਨ ਕਿਵੇਂ ਕਰ ਸਕਦੇ ਹਾਂ?

ਗ਼ੌਰਤਲਬ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਲੋਕਾਂ ਨੇ ਇਸ ਗੱਲ ਨੂੰ ਅੱਖੋਂ-ਪਰੋਖੇ ਕਰ ਦਿੱਤਾ ਕਿ ਕਿਵੇਂ 2012 'ਚ ਅਦਾਲਤ ਵੱਲੋਂ ਮਲਿਕ ਨੂੰ ਬੇਕਸੂਰ ਕਹਿਣ ਤੋਂ ਨਾਂਹ ਕਰ ਦਿੱਤੀ ਗਈ ਸੀ ਅਤੇ ਉਨ੍ਹਾਂ ਨੇ ਮੋਦੀ ਸਰਕਾਰ ਵੱਲੋਂ ਮਲਿਕ ਨੂੰ ਵੀਜਾ ਦੇਣ ਦੀ ਸਿਆਣਪ ਅਤੇ ਰਾਅ ਦੇ ਮੁਖੀ ਤੱਕ ਉਸ ਦੀ ਪਹੁੰਚ ਉੱਪਰ ਕਦੇ ਕੋਈ ਸਵਾਲ ਨਹੀਂ ਉਠਾਇਆ। ਬਦਕਿਸਮਤੀ ਨਾਲ, ਕਈ ਸਿੱਖ ਜਥੇਬੰਦੀਆਂ ਵੱਲੋਂ ਮੰਗ ਕੀਤੇ ਦੇ ਬਾਵਜੂਦ ਹੁਣ ਤੱਕ ਏਅਰ ਇੰਡੀਆ ਕਾਂਡ ਦੀਆਂ ਜਾਂਚਾਂ ਜਾਂ ਤਾਂ ਇਸ ਨਜ਼ਰੀਏ ਤੋਂ ਕੇਸ ਨੂੰ ਦੇਖਣ 'ਚ ਪੂਰੀ ਤਰ੍ਹਾਂ ਅਸਫਲ ਰਹੀਆਂ ਹਨ, ਜਾਂ ਇਸ ਨੂੰ ਬਹੁਤ ਹੀ ਦੋਚਿੱਤੀ ਨਾਲ ਛੂਹਿਆ ਗਿਆ ਹੈ। ਇਸ ਨਾਲ ਸਿਰਫ ਇਸ ਵਿਸ਼ਵਾਸ ਨੂੰ ਮਜ਼ਬੂਤੀ ਮਿਲਦੀ ਹੈ ਕਿ ਕੈਨੇਡਾ ਭਾਰਤ ਸਰਕਾਰ ਦੇ ਦਬਾਅ ਹੇਠ ਹੈ।

ਮਲਿਕ ਦੀ ਮੌਤ ਨਾਲ ਤੁਹਾਡੀ ਸਰਕਾਰ ਲਈ ਇਹ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਇਸ ਸੰਭਾਵਨਾ ਦੀ ਤੁਰੰਤ ਗੰਭੀਰਤਾ ਨਾਲ ਜਾਂਚ ਕਰਾਈ ਜਾਵੇ। ਤੁਹਾਡੀ ਪੁਲਿਸ ਪਹਿਲਾਂ ਹੀ ਸਧਾਰਨ ਸ਼ੱਕੀ ਲੋਕਾਂ ਉੱਪਰ ਆਪਣੀ ਤਾਕਤ ਅਤੇ ਵਸੀਲੇ ਅਜਾਈਂ ਗੁਆ ਚੁੱਕੀ ਹੈ। ਮਲਿਕ ਵਰਗੇ ਸਿੱਖ ਸ਼ਖਸਾਂ ਦੀ ਪਹਿਲਾਂ ਹੀ ਜਾਂਚ ਕੀਤੀ ਜਾ ਚੁੱਕੀ ਹੈ। ਜੋ ਅਸੀਂ ਪਹਿਲਾਂ ਹੀ ਜਾਣਦੇ ਹਾਂ ਹੁਣ ਵਧੇਰੇ ਖਾਸ ਜਾਂਚ ਉਸ ਤੋਂ ਅੱਗੇ ਲੈ ਕੇ ਜਾਣ ਦਾ ਸਮਾਂ ਆ ਗਿਆ ਹੈ। ਭਾਰਤ ਦੀ ਬੇਕਿਰਕ ਸਰਕਾਰ ਤਾਂ 1984 'ਚ ਆਪਣੇ ਹੀ ਲੋਕਾਂ ਦੇ ਕਤਲ ਕਰਾਉਣ 'ਚ ਕਾਮਯਾਬ ਹੋ ਗਈ ਸੀ, ਉਹ 331 ਮਨੁੱਖੀ ਜਾਨਾਂ ਲੈਣ ਵਾਲੇ ਅਜਿਹੇ ਅਨਸਰਾਂ ਦੀਆਂ ਸੇਵਾਵਾਂ ਲੈਣ ਸਮੇਂ ਬਹੁਤਾ ਨਹੀਂ ਸੋਚੇਗੀ, ਜੇ ਇਹ ਉਸ ਨੂੰ ਰਾਸ ਆਉਂਦਾ ਹੈ। ਆਖਿਰਕਾਰ, ਏਅਰ ਇੰਡੀਆ ਬੰਬ ਕਾਂਡ ਨੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਦਾ ਨਿਆਂ ਹਾਸਲ ਕਰਨ ਦਾ ਕਾਜ ਹੀ ਬੇਅਸਰ ਬਣਾ ਦਿੱਤਾ ਸੀ।

ਇਹ ਗੱਲ ਪਹਿਲਾਂ ਹੀ ਸਥਾਪਿਤ ਹੋ ਚੁੱਕੀ ਹੈ ਕਿ ਪਰਮਾਰ ਵਰਗੇ ਬੰਦਿਆਂ ਵੱਲੋਂ ਦਿੱਤੀਆਂ ਧਮਕੀਆਂ ਦੇ ਮੱਦੇਨਜ਼ਰ ਏਅਰ ਇੰਡੀਆ ਬੰਬ ਕਾਂਡ ਨੂੰ ਰੋਕਿਆ ਜਾ ਸਕਦਾ ਸੀ। ਘੱਟੋ-ਘੱਟ ਏਅਰ ਇੰਡੀਆ ਜਾਂ ਭਾਰਤ ਸਰਕਾਰ ਕੁਝ ਚਿਰ ਲਈ ਉਡਾਣਾਂ ਰੱਦ ਕਰ ਸਕਦੀ ਸੀ ਪਰ ਅਜਿਹਾ ਕਦੇ ਨਹੀਂ ਕੀਤਾ ਗਿਆ। ਇਸ ਦੀ ਬਜਾਏ ਸਗੋਂ ਹਮਲਾਵਰਾਂ ਨੂੰ ਸਾਜ਼ਿਸ਼ ਘੜਨ ਅਤੇ ਆਪਣੀਆਂ ਯੋਜਨਾਵਾਂ ਨੂੰ ਅੰਜਾਮ ਦੇਣ ਲਈ ਕਾਫੀ ਸਮਾਂ ਦਿੱਤਾ ਗਿਆ। ਮਗਰੋਂ ਜਦੋਂ ਪਰਮਾਰ 1992 'ਚ ਭਾਰਤੀ ਪੁਲਿਸ ਦੇ ਜਾਲ 'ਚ ਫਸ ਗਿਆ ਤਾਂ ਉਨ੍ਹਾਂ ਨੇ ਉਸ ਨੂੰ ਖਤਮ ਕਰ ਦਿੱਤਾ। ਇਸ ਤੋਂ ਸਿਰਫ ਇਹੀ ਪਤਾ ਲੱਗਦਾ ਹੈ ਕਿ ਇਹ ਕਿਸੇ ਵਧੇਰੇ ਘਿਨਾਉਣੇ ਕਾਰੇ ਉੱਪਰ ਪਰਦਾ ਪਾਉਣ ਦੀ ਕੋਸ਼ਿਸ਼ ਸੀ।

ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਤੁਹਾਡੀ ਸਰਕਾਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ। ਕਿਰਪਾ ਕਰਕੇ ਸੱਚ ਖਾਤਰ ਕੈਨੇਡੀਅਨ ਸੁਰੱਖਿਆ ਤੇ ਖੁਫੀਆ ਅਧਿਕਾਰੀਆਂ ਨੂੰ ਇਹ ਜ਼ਰੂਰ ਕਹੋ ਕਿ ਉਹ ਮਰ ਚੁੱਕੇ ਤੇ ਜਿਊਂਦੇ, ਦੋਵੇਂ ਤਰ੍ਹਾਂ ਦੇ ਸ਼ੱਕੀ ਵਿਅਕਤੀਆਂ ਅਤੇ ਕੈਨੇਡਾ 'ਚ ਭਾਰਤੀ ਏਜੰਟਾਂ ਦੇ ਸਬੰਧਾਂ ਬਾਰੇ ਹੋਰ ਜਾਣਕਾਰੀ ਹਾਸਲ ਕਰਨ। ਇਸ ਸਮੇਂ, ਭਾਰਤ ਦਾ ਮੀਡੀਆ ਅਤੇ ਖੁਫੀਆ ਏਜੰਸੀਆਂ ਮਲਿਕ ਦੇ ਕਤਲ ਬਾਰੇ ਬਹੁਤ ਜ਼ਿਆਦਾ ਬੇਲੋੜਾ ਹੋ-ਹੱਲਾ ਮਚਾ ਰਹੀਆਂ ਹਨ ਤੇ ਵੈਨਕੂਵਰ ਵਿਚ ਸਿੱਖ ਕਾਰਕੁਨਾਂ ਨੂੰ ਭੰਡਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਹ ਜ਼ਰੂਰੀ ਹੈ ਕਿ ਕੈਨੇਡਾ ਉਨ੍ਹਾਂ ਦੀਆਂ ਨਾਕਾਮੀਆਂ ਅਤੇ ਸਾਡੇ ਮੁਲਕ ਦੇ ਸਮਾਜੀ-ਸਿਆਸੀ ਮਾਹੌਲ ਨੂੰ ਵਿਗਾੜਨ ਲਈ ਉਨ੍ਹਾਂ ਵੱਲੋਂ ਖੇਡੀਆਂ ਜਾ ਰਹੀਆਂ ਚਾਲਾਂ ਲਈ ਉਨ੍ਹਾਂ ਨੂੰ ਜਵਾਬਦੇਹ ਬਣਾਵੇ। ਉਮੀਦ ਹੈ, ਤੁਸੀਂ ਭਾਈਚਾਰੇ ਦੇ ਉਸ ਵਿਅਕਤੀ ਦੀ ਆਵਾਜ਼ ਜ਼ਰੂਰ ਸੁਣੋਗੇ ਜਿਸ ਦੀ ਹਰ ਖਬਰ ਉੱਪਰ ਤਿੱਖੀ ਨਜ਼ਰ ਹੈ।

# ਖੇਤੀ ਸੰਕਟ ਨਜਿੱਠਣ ਵਿਚ ਖੋਜ ਪ੍ਰਸਾਰ ਦਾ ਰੋਲ

ਪੰਜਾਬ ਦੀ ਖੇਤੀ ਡੂੰਘੇ ਸੰਕਟ ਦਾ ਸ਼ਿਕਾਰ ਹੈ। ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਖੇਤੀ ਦਾ ਲਾਹੇਵੰਦ ਨਾ ਰਹਿਣਾ, ਇਨ੍ਹਾਂ ਦਾ ਕਰਜ਼ੇ ਦੀ ਦਲਦਲ ਵਿਚ ਫਸਣਾ ਅਤੇ ਇਨ੍ਹਾਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਆਤਮ-ਹੱਤਿਆਵਾਂ ਦਾ ਲਗਾਤਾਰ ਜਾਰੀ ਰਹਿਣਾ ਇਸ ਸੰਕਟ ਦਾ ਪ੍ਰਤੱਖ ਪ੍ਰਗਟਾਵਾ ਹਨ। ਇਸ ਸੰਕਟ ਦੇ ਪੈਦਾ ਹੋਣ ਅਤੇ ਜਾਰੀ ਰਹਿਣ ਵਿਚ ਮੁੱਖ ਫਸਲਾਂ ਦੇ ਪ੍ਰਤੀ ਏਕੜ ਝਾੜ ਵਿਚ ਖੜੋਤ, ਪ੍ਰਤੀ ਏਕੜ ਲਾਗਤਾਂ ਵਧਣਾ, ਮਸ਼ੀਨੀਕਰਨ ਨਾਲ ਰੁਜ਼ਗਾਰ ਸੁੰਗੜ ਜਾਣਾ, ਫਸਲਾਂ ਦੇ ਭਾਅ ਵਿਚ ਲਾਗਤਾਂ ਅਨੁਸਾਰ ਵਾਧਾ ਨਾ ਹੋਣਾ, ਪੀੜ੍ਹੀ ਦਰ ਪੀੜ੍ਹੀ ਜ਼ਮੀਨ ਦੀ ਵੰਡ ਕਾਰਨ ਜੋਤਾਂ ਦੇ ਆਕਾਰ ਦਾ ਛੋਟੇ ਹੋਣਾ, ਜ਼ਮੀਨ ਹੇਠਲੇ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਨੀਵਾਂ ਹੁੰਦਾ ਜਾਣਾ, ਜ਼ਮੀਨ ਦੀ ਉਪਜਾਊ ਸ਼ਕਤੀ ਦਾ ਘਟਣਾ ਅਤੇ ਇਸ ਦਾ



**ਸੁੱਚਾ ਸਿੰਘ ਗਿੱਲ**
ਫੋਨ: +91-98550-82857

ਜ਼ਹਿਰਾਂ ਨਾਲ ਪਲੀਤ ਹੋਣਾ ਅਤੇ ਨਵੀਆਂ ਫਸਲਾਂ ਦੇ ਮੰਡੀਕਰਨ ਨਾਲ ਜੁੜੀਆਂ ਸਮੱਸਿਆਵਾਂ ਹਨ। ਇਨ੍ਹਾਂ ਦੇ ਹੱਲ ਲੱਭ ਕੇ ਕਿਸਾਨੀ ਸੰਕਟ ਨੂੰ ਸੁਲਝਾਉਣ ਵੱਲ ਕਦਮ ਪੁੱਟੇ ਜਾ ਸਕਦੇ ਹਨ। ਇਸ ਵਾਸਤੇ ਬਹੁ-ਪਰਤੀ ਕਦਮ ਚੁੱਕਣ ਦੀ ਜ਼ਰੂਰਤ ਹੈ। ਕੁਝ ਕਦਮ ਸੂਬਾ ਸਰਕਾਰ ਨੂੰ ਚੁੱਕਣੇ ਪੈਣੇ ਹਨ ਅਤੇ ਕੁਝ ਕਦਮ ਕੇਂਦਰ ਸਰਕਾਰ ਨੇ ਉਠਾਉਣੇ ਹਨ। ਇਸ ਤੋਂ ਇਲਾਵਾ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਨੇ ਇਸ ਵਿਚ ਗੰਭੀਰ ਯੋਗਦਾਨ ਪਾਉਣਾ ਹੈ।

ਪਾਣੀ ਅਤੇ ਵਾਤਾਵਰਨ ਬਚਾਉਣ ਵਾਸਤੇ ਕਿਸਾਨ ਜਥੇਬੰਦੀਆਂ ਦੀਆਂ ਸਰਗਰਮੀਆਂ ਸ਼ਲਾਘਾਯੋਗ ਹਨ। ਇਨ੍ਹਾਂ ਵਲੋਂ ਸਰਕਾਰ ਕੋਲੋਂ ਸਾਰੀਆਂ ਫਸਲਾਂ ਦਾ ਲਾਗਤਾਂ ਅਨੁਸਾਰ ਭਾਅ ਨਿਸ਼ਚਿਤ ਕਰਨ ਅਤੇ ਇਨ੍ਹਾਂ ਦੀ ਖਰੀਦ ਨੂੰ ਯਕੀਨੀ ਬਣਾਉਣ ਦੀ ਕਾਨੂੰਨੀ ਮੰਗ ਖੇਤੀ ਸੰਕਟ ਦੇ ਹੱਲ ਵਿਚ ਸਹਾਈ ਹੋ ਸਕਦੇ ਹਨ। ਇਹ ਮਸਲੇ ਵੱਡੇ ਸੰਘਰਸ਼ ਨਾਲ ਹੀ ਸੁਲਝਣ ਦੀ ਸੰਭਾਵਨਾ ਹੈ। ਇਸ ਵਾਸਤੇ ਕਿਸਾਨ ਜਥੇਬੰਦੀਆਂ ਨੂੰ ਸਾਲ 2020-21 ਦੀ ਤਰਜ਼ 'ਤੇ ਦੇਸ਼ ਪੱਧਰ 'ਤੇ ਕਿਸਾਨ ਅੰਦੋਲਨ ਉਸਾਰਨਾ ਪਵੇਗਾ।

ਕੁਝ ਕੋਸ਼ਿਸ਼ਾਂ ਸੂਬਾ ਪੱਧਰ 'ਤੇ ਵੀ ਕੀਤੀਆਂ ਜਾ ਸਕਦੀਆਂ ਹਨ। ਖੇਤੀ ਦਾ ਮੁੱਦਾ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਖੇਤੀ ਨੂੰ ਵਿਅਕਤੀਗਤ ਪੱਧਰ 'ਤੇ ਚਲਾਉਣਾ ਹੈ ਜਾਂ ਇਸ ਨੂੰ ਸਮੂਹਿਕ/ਗਰੁੱਪ ਪੱਧਰ 'ਤੇ ਕਰਨਾ ਹੈ, ਇਹ ਸੂਬਿਆਂ ਦਾ ਮਸਲਾ ਹੈ। ਸਮੂਹਿਕ/ਗਰੁੱਪ ਖੇਤੀ ਕੋਆਪਰੇਟਿਵ ਮਾਡਲ ਨਾਲ ਕਰਨੀ ਹੈ ਜਾਂ ਕਿਸਾਨਾਂ/ਫਾਰਮਰਜ਼ ਉਤਪਾਦਨ ਕੰਪਨੀਆਂ ਰਾਹੀਂ ਉਤਸ਼ਾਹਿਤ ਕਰਨੀ ਹੈ, ਇਹ ਵੀ ਸੂਬਾ ਸਰਕਾਰ ਨੇ ਫੈਸਲਾ ਕਰਨਾ ਹੈ। ਇਸ ਤੋਂ ਇਲਾਵਾ ਫਸਲਾਂ ਦਾ ਪ੍ਰਤੀ ਏਕੜ ਝਾੜ ਵਧਾਉਣ ਅਤੇ ਬਦਲਵੀਆਂ ਫ਼ਸਲਾਂ ਪੈਦਾ ਕਰਨ ਲਈ ਖੋਜ ਕਰਵਾਉਣਾ, ਪ੍ਰਸਾਰ ਰਾਹੀਂ ਨਵੀਆਂ ਫਸਲਾਂ ਕਿਸਾਨਾਂ ਦੇ ਧਿਆਨ ਵਿਚ ਲਿਆਉਣੀਆਂ ਅਤੇ ਉਨ੍ਹਾਂ ਦੇ ਮੰਡੀਕਰਨ ਦਾ ਪ੍ਰਬੰਧ ਕਰਨਾ ਵੀ ਸੂਬਾ ਸਰਕਾਰ 'ਤੇ ਨਿਰਭਰ ਕਰਦਾ ਹੈ।

ਸੂਬਾ ਸਰਕਾਰ ਮੌਜੂਦਾ ਫਸਲਾਂ ਦਾ ਝਾੜ ਵਧਾਉਣ, ਬਦਲਵੀਆਂ ਫਸਲਾਂ ਦੀਆਂ ਵੱਧ ਝਾੜ ਵਾਲੀਆਂ ਨਵੀਆਂ ਕਿਸਮਾਂ ਈਜਾਦ ਕਰਨ ਅਤੇ ਇਨ੍ਹਾਂ ਦੇ ਮੰਡੀਕਰਨ ਦਾ ਪ੍ਰਬੰਧ ਕਰਨ ਵਾਸਤੇ ਮੁੱਖ ਭੂਮਿਕਾ ਨਿਭਾਅ ਸਕਦੀ ਹੈ। ਇਹ ਕਾਰਜ ਪੂਰਾ ਕਰਨ ਲਈ ਦੋ ਕੰਮ ਜ਼ਰੂਰੀ ਹਨ। ਸਭ ਤੋਂ ਪਹਿਲਾਂ ਖੇਤੀ ਖੋਜ ਦਾ ਕੰਮ ਮੁੜ ਲੀਹਾਂ ਉਤੇ ਪਾਉਣ ਦੀ ਜ਼ਰੂਰਤ ਹੈ। ਇਸ ਕਾਰਜ ਵਿਚ ਪਿਛਲੇ 25-30 ਸਾਲਾਂ ਤੋਂ ਸੂਬਾ ਪਛੜ ਰਿਹਾ ਹੈ। ਇਹ ਕਾਰਜ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਨੇ ਸੰਭਾਲਣਾ ਹੈ। ਇਹ ਰੋਲ ਨਿਭਾਉਣ ਵਾਸਤੇ ਯੂਨੀਵਰਸਿਟੀ ਨੂੰ ਲੋੜੀਂਦੀ ਮਾਤਰਾ ਵਿਚ ਫੰਡ ਅਤੇ ਸਟਾਫ/ਖੋਜਾਰਥੀ ਚਾਹੀਦੇ ਹਨ। ਪਿਛਲੇ ਸਾਲਾਂ ਵਿਚ ਯੂਨੀਵਰਸਿਟੀ ਨੂੰ ਲੋੜੀਂਦੇ ਫੰਡ ਨਾ ਮਿਲਣ ਕਾਰਨ ਕਾਫੀ ਗਿਣਤੀ ਵਿਚ ਖੋਜਾਰਥੀਆਂ ਦੀਆਂ ਅਸਾਮੀਆਂ ਖਾਲੀ ਹਨ ਜਾਂ ਖਤਮ ਕਰ ਦਿੱਤੀਆਂ ਹਨ। ਇਸ ਨਾਲ ਖੇਤੀਬਾੜੀ ਨਾਲ ਸਬੰਧਿਤ ਸਿੱਖਿਆ ਅਤੇ ਖੋਜ ਦੇ ਕੰਮ ਵਿਚ ਢਿੱਲ ਆਈ ਹੈ। ਕਈ ਵਾਰੀ ਖੋਜਾਰਥੀ ਹੁੰਦੇ ਹਨ ਪਰ ਖੋਜ ਵਾਸਤੇ ਫੰਡਾਂ ਦੀ ਘਾਟ ਕਾਰਨ ਉਹ ਸਾਰਥਕ ਨਤੀਜੇ ਸਾਹਮਣੇ ਨਹੀਂ ਲਿਆ ਸਕਦੇ। ਇਸੇ ਕਰਕੇ ਵਾਈਸ ਚਾਂਸਲਰ ਡਾਕਟਰ ਜੀ.ਐਸ. ਕਾਲਕਟ ਨੇ ਆਪਣੇ ਅਹੁਦੇ ਦੀ ਮਿਆਦ ਪੂਰੀ ਹੋਣ ਤੋਂ ਸਾਲ ਪਹਿਲਾਂ ਹੀ ਅਸਤੀਫਾ ਦੇ ਦਿੱਤਾ ਸੀ। ਵੈਸੇ ਵੀ ਖੋਜ ਦਾ ਕੰਮ ਸਮਾਂ ਮੰਗਦਾ ਹੈ। ਜਦੋਂ ਵੀ ਕੋਈ ਖੋਜਾਰਥੀ ਨਵੀ ਕਿਸਮ ਦਾ ਬੀਜ ਲੱਭ ਲੈਂਦਾ ਹੈ ਤਾਂ ਉਹ ਕਿਸਾਨਾਂ ਨੂੰ ਸਿਫ਼ਾਰਿਸ਼ ਕਰਨ ਤੋਂ ਪਹਿਲਾਂ ਤਿੰਨ ਸਾਲ ਉਸ ਉਪਰ ਫੀਲਡ ਤਜਰਬੇ ਕਰਦਾ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕਿਸਾਨਾਂ ਨੂੰ ਉਸ ਬੀਜ ਦਾ ਲਾਭ ਮਿਲ ਸਕੇ।

ਇਸ ਤੋਂ ਬਾਅਦ ਦੂਜਾ ਕਾਰਜ ਸ਼ੁਰੂ ਹੁੰਦਾ ਹੈ ਨਵੇਂ ਬੀਜ ਦੀ ਜਾਣਕਾਰੀ ਕਿਸਾਨਾਂ ਤੱਕ ਪਹੁੰਚਾਉਣ ਦਾ। ਇਹ ਜਾਣਕਾਰੀ ਪਬਲਿਕ ਸੰਚਾਰ ਪ੍ਰਬੰਧ ਨਾਲ ਪਿੰਡ ਪਿੰਡ ਪਹੁੰਚਾਈ ਜਾਂਦੀ ਹੈ। ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਵੀ ਸਮਾਂ ਲਗਦਾ ਹੈ। ਕਈ ਵਾਰ ਇਹ ਸਮਾਂ ਇਕ ਤੋਂ ਵੱਧ ਸਾਲ ਦਾ ਹੋ ਸਕਦਾ ਹੈ। ਪੰਜਾਬ ਦੀਆਂ ਸਰਕਾਰਾਂ ਨੇ 1997 ਤੋਂ ਬਾਅਦ ਜਿਵੇਂ ਖੇਤੀ ਨਾਲ ਸਬੰਧਿਤ ਸਿੱਖਿਆ ਅਤੇ ਖੋਜ ਦੇ ਕੰਮ ਵਿਚ ਲੱਗੇ ਖੋਜਾਰਥੀਆਂ ਦੀ ਗਿਣਤੀ ਅਤੇ ਖੋਜ ਕਾਰਜ ਘਟਾਉਣ ਲਈ ਖੇਤੀਬਾੜੀ ਯੂਨੀਵਰਸਿਟੀ ਤੇ ਵਿੱਤੀ ਸਾਧਨਾਂ ਦੀ ਕਟੌਤੀ ਨਾਲ ਦਬਾਅ ਪਾਇਆ ਹੈ, ਉਸੇ ਤਰ੍ਹਾਂ ਖੇਤੀ ਖੋਜ ਦੇ ਪਸਾਰ ਵਿਚ ਲੱਗੇ ਸਰਕਾਰੀ ਅਮਲੇ ਦੀ ਭਰਤੀ ਵੀ ਬੰਦ ਕਰ ਦਿੱਤੀ ਸੀ। ਇਸ ਸਮੇਂ ਖੇਤੀ ਮਹਿਕਮੇ ਵਿਚ 50% ਤੋਂ ਵੀ ਵੱਧ ਅਸਾਮੀਆਂ ਖਾਲੀ ਹਨ। ਨਤੀਜਾ ਇਹ ਨਿਕਲਿਆ



ਕਿ ਖੇਤੀ ਲੈਬ ਦੀ ਖੋਜ ਅਤੇ ਖੇਤਾਂ ਵਿਚ ਪਰਖ ਵਿਚਕਾਰ ਫਾਸਲਾ ਕਾਫੀ ਵਧ ਗਿਆ ਹੈ। ਇਹ ਸਰਕਾਰੀ ਦਲੀਲ ਕਿ ਹੁਣ ਖੇਤੀ ਖੋਜ ਅਤੇ ਪ੍ਰਸਾਰ ਦਾ ਕੰਮ ਪ੍ਰਾਈਵੇਟ ਕੰਪਨੀਆਂ ਕਰਨਗੀਆਂ, ਫੇਲ੍ਹ ਹੋ ਗਿਆ ਹੈ। ਇਨ੍ਹਾਂ ਕੰਪਨੀਆਂ ਨੇ ਨਾ ਤਾਂ ਪੰਜਾਬ ਵਿਚ ਖੇਤੀ ਖੋਜ ਕੇਂਦਰ ਬਣਾਏ ਹਨ ਅਤੇ ਨਾ ਹੀ ਖੇਤੀ ਖੋਜ ਦੇ ਪ੍ਰਸਾਰ ਵਾਸਤੇ ਕੋਈ ਖਾਸ ਯਤਨ ਕੀਤੇ ਹਨ। ਇਹੋ ਕਾਰਨ ਹੈ ਕਿ ਪ੍ਰਾਈਵੇਟ ਕੰਪਨੀਆਂ/ਡੀਲਰਾਂ ਵੱਲੋਂ ਨਕਲੀ ਬੀਜਾਂ, ਕੀਟਨਾਸ਼ਕਾਂ ਅਤੇ ਖਾਦਾਂ ਦੀ ਸਪਲਾਈ ਹੋਣ ਲੱਗ ਪਈ ਹਨ। ਇਸ ਨੂੰ ਸਰਕਾਰ ਸਮੇਂ ਸਿਰ ਰੋਕਣ ਤੋਂ ਅਸਮਰਥ ਹੈ। ਕਿਸਾਨ ਰੋਸ ਪ੍ਰਦਰਸ਼ਨ ਕਰ ਰਹੇ ਹਨ। ਇਸ ਕਰਕੇ ਜ਼ਰੂਰੀ ਹੈ ਕਿ ਸੂਬਾ ਸਰਕਾਰ ਖੇਤੀ ਵਿਦਿਆ, ਖੋਜ ਅਤੇ ਪ੍ਰਸਾਰ ਦਾ ਕੰਮ ਮੁੜ ਲੀਹ 'ਤੇ ਲਿਆਉਣ ਨੂੰ ਤਰਜੀਹ ਦੇਵੇ। ਇਸ ਨਾਲ ਕੁਝ ਨਵੀਆਂ ਫ਼ਸਲਾਂ, ਬੀਜ ਅਤੇ ਤਕਨੀਕ ਸੂਬੇ ਦੀ ਖੇਤੀ ਨੂੰ ਕੁਝ ਸਮੇਂ ਲਈ ਰਾਹਤ ਦੇ ਸਕਦੇ ਹਨ; ਜਿਵੇਂ ਹਰੀ ਕ੍ਰਾਂਤੀ ਦੇ ਸ਼ੁਰੂਆਤੀ ਸਮੇਂ (1966-75) ਵਿਚ ਕਿਸਾਨਾਂ ਦੀ ਆਮਦਨ ਵਧੀ ਸੀ ਅਤੇ ਖੇਤ ਮਜ਼ਦੂਰਾਂ ਵਾਸਤੇ ਰੁਜ਼ਗਾਰ ਵੀ ਵਧਿਆ ਸੀ। ਖੇਤੀ ਵਿਦਿਆ, ਖੋਜ ਅਤੇ ਪ੍ਰਸਾਰ ਨੂੰ ਮਜ਼ਬੂਤ ਕਰਨ ਨਾਲ ਖੇਤੀ ਸੰਕਟ ਨੂੰ ਘਟਾਉਣ ਅਤੇ ਵਾਤਾਵਰਨ ਨੂੰ ਬਚਾਉਣ ਵਿਚ ਮਦਦ ਮਿਲ ਸਕਦੀ ਹੈ।

ਖੇਤੀ ਵਿਦਿਆ, ਖੋਜ ਅਤੇ ਸੰਚਾਰ ਨੂੰ ਮੁੜ ਲੀਹਾਂ 'ਤੇ ਲਿਆਉਣ ਵਾਸਤੇ ਪੰਜਾਬ ਖੇਤੀ ਯੂਨੀਵਰਸਿਟੀ ਦੀ ਹਮੇਸ਼ਾ ਅਹਿਮ ਜ਼ਿੰਮੇਵਾਰੀ ਅਤੇ ਭੂਮਿਕਾ ਰਹੀ ਹੈ। ਇਹ ਕਾਰਜ ਠੀਕ ਢੰਗ ਨਾਲ ਨਿਭਾਉਣ ਦੀ ਜ਼ਿੰਮੇਵਾਰੀ ਵਾਈਸ ਚਾਂਸਲਰ ਦੀ ਅਗਵਾਈ ਉਪਰ ਨਿਰਭਰ ਕਰਦੀ ਹੈ। ਵਾਈਸ ਚਾਂਸਲਰ ਯੂਨੀਵਰਸਿਟੀ ਦਾ ਨਾ ਸਿਰਫ ਮੁੱਖ ਅਧਿਕਾਰੀ ਹੁੰਦਾ ਹੈ ਸਗੋਂ ਅਕਾਦਮਿਕ ਆਗੂ ਵੀ ਮੰਨਿਆ ਜਾਂਦਾ ਹੈ। ਇਸ ਪਦ ਲਈ ਚੋਣ ਮੌਕੇ ਸਰਕਾਰੀ ਹਲਕਿਆਂ ਵਿਚ ਨੇਤਾ ਨਾਲੋਂ ਉਸ ਦੀ ਅਕਾਦਮਿਕ ਅਤੇ ਪ੍ਰਸ਼ਾਸਨਿਕ ਯੋਗਤਾ ਨੂੰ ਤਰਜੀਹ ਦੇਣ ਦੀ ਜ਼ਿਆਦਾ ਜ਼ਰੂਰਤ ਹੈ। ਜਿਹੜਾ ਤਰੀਕਾ ਇਸ ਪਦਵੀ ਨੂੰ ਇਸ਼ਤਿਹਾਰ ਦੇ ਕੇ ਭਰਨ ਵਾਲਾ ਅਪਣਾਇਆ ਜਾ ਰਿਹਾ ਹੈ, ਉਹ ਠੀਕ ਨਹੀਂ। ਇਸ ਨੌਕਰੀ ਲਈ ਯੋਗ ਲੀਡਰਸ਼ਿਪ ਦੇਣ ਵਾਲੇ ਸ਼ਖ਼ਸ ਆਮ ਤੌਰ 'ਤੇ ਦਰਖਾਸਤ ਦਿੰਦੇ ਹੀ ਨਹੀਂ। ਐਸੇ ਯੋਗ ਸ਼ਖ਼ਸ ਦੀ ਨਿਸ਼ਾਨਦੇਹੀ ਕਰਕੇ ਉਸ ਨੂੰ ਇਹ ਜ਼ਿੰਮੇਵਾਰੀ ਲੈਣ ਵਾਸਤੇ ਮਨਾਉਣਾ ਪੈਂਦਾ ਹੈ ਅਤੇ ਸਰਕਾਰ/ਮੁੱਖ ਮੰਤਰੀ ਨੂੰ ਵਿਸ਼ਵਾਸ ਦੇਣਾ ਪੈਂਦਾ ਹੈ ਕਿ ਉਸ ਨੂੰ ਆਪਣਾ ਕੰਮਕਾਜ ਠੀਕ ਤਰ੍ਹਾਂ ਚਲਾਉਣ ਵਿਚ ਖ਼ੁਦਮੁਖ਼ਤਾਰੀ ਹੋਵੇਗੀ। ਪਿਛਲੇ ਸਮੇਂ ਦੌਰਾਨ ਇਸ ਰੁਤਬੇ ਨੂੰ ਘਟਾ ਕੇ ਦੇਖਿਆ ਗਿਆ ਹੈ ਅਤੇ ਅਹੁਦੇ ਦੀ ਅਹਿਮੀਅਤ ਘਟਾ ਦਿੱਤੀ ਹੈ। ਇਸ ਨੂੰ ਆਮ ਸਰਕਾਰੀ/ਅਰਧ-ਸਰਕਾਰੀ ਪਦਵੀ ਤੋਂ ਅਲੱਗ ਨਜ਼ਰ ਨਾਲ ਦੇਖਣਾ ਚਾਹੀਦਾ ਹੈ। ਅਫਸੋਸ, ਇਹ ਅਹੁਦਾ ਛੇ ਮਹੀਨਿਆਂ ਤੋਂ ਖਾਲੀ ਹੈ ਅਤੇ ਇਸ ਨੂੰ ਭਰਨ ਸਬੰਧੀ ਆਈਆਂ ਦਰਖਾਸਤਾਂ ਵੀ ਨਜ਼ਰਅੰਦਾਜ਼ ਕਰ ਦਿੱਤੀਆਂ ਗਈਆਂ। ਖੇਤੀ ਸਿੱਖਿਆ, ਖੋਜ ਤੇ ਪ੍ਰਸਾਰ ਨੂੰ ਠੀਕ ਕਰਨ ਵਾਸਤੇ ਇਸ ਪਦਵੀ 'ਤੇ ਕਿਸੇ ਯੋਗ ਸ਼ਖ਼ਸ ਨੂੰ ਤੁਰੰਤ ਨਿਯੁਕਤ ਕੀਤਾ ਜਾਵੇ। ਇਸ ਦੇ ਨਾਲ ਹੀ ਸਰਕਾਰ ਦੇ ਖੇਤੀਬਾੜੀ ਵਿਭਾਗ ਵਿਚ ਖੇਤੀ ਪ੍ਰਸਾਰ ਲਈ ਖਾਲੀ ਪਈਆਂ ਅਸਾਮੀਆਂ ਭਰਨ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਕੀਤੀ ਜਾਵੇ। ਮੌਜੂਦਾ ਡੰਗ ਟਪਾਊ ਨੀਤੀ ਛੱਡ ਕੇ ਲੋੜੀਂਦੀ ਸੁਚਾਰੂ ਨੀਤੀ ਅਪਣਾਉਣੀ ਪਵੇਗੀ। ਕਿਸਾਨ ਜਥੇਬੰਦੀਆਂ, ਪੰਜਾਬ ਖੇਤੀ ਯੂਨੀਵਰਸਿਟੀ ਦੀ ਅਧਿਆਪਕ ਐਸੋਸੀਏਸ਼ਨ ਅਤੇ ਪੰਜਾਬ ਦੇ ਚੇਤਨ ਵਿਦਵਾਨਾਂ ਨੂੰ ਇਸ ਬਾਰੇ ਸਰਕਾਰ ਨੂੰ ਸੁਚੇਤ ਕਰਨਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਖੇਤੀ ਸੰਕਟ ਨੂੰ ਹੱਲ ਕਰਨ ਅਤੇ ਵਾਤਾਵਰਨ ਨੂੰ ਬਚਾਉਣ ਵਿਚ ਬਣਦਾ ਯੋਗਦਾਨ ਪਾਇਆ ਜਾ ਸਕੇ।

# ਕੱਟੜਪੰਥੀ ਅਤੇ ਵਿਰੋਧੀ ਧਿਰ ਦਾ ਏਕਾ

ਪਾਰਲੀਮੈਂਟ ਅਤੇ ਕਈ ਪ੍ਰਾਂਤਕ ਅਸੈਂਬਲੀਆਂ ਵਿਚ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੀ ਸ਼ਕਤੀ ਦੇ ਮੱਦੇਨਜ਼ਰ ਰਾਸ਼ਟਰਪਤੀ ਦੀ ਚੋਣ ਦਾ ਨਤੀਜਾ ਵੋਟਾਂ ਤੋਂ ਪਹਿਲਾਂ ਹੀ ਤੈਅ ਹੋ ਗਿਆ ਸੀ। ਇਸ ਚੋਣ ਨਾਲ ਵਿਰੋਧੀ ਧਿਰ ਅਤੇ ਕਾਂਗਰਸ ਦੇ ਇਤਿਹਾਸ ਵਿਚ ਇਕ ਹੋਰ ਅਫ਼ਸੋਸਨਾਕ ਪੰਨਾ ਜੁੜ ਗਿਆ ਹੈ। ਇਸ ਚੋਣ ਦੇ ਬਹੁਤ ਸਾਰੇ ਮਾਇਨੇ ਹਨ। 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਜਿੱਥੇ ਇਸ ਨਾਲ ਜ਼ਾਹਰਾ

**ਰਸ਼ੀਦ ਕਿਦਵਈ**

ਤੌਰ 'ਤੇ ਦਿਲ ਢਾਹੂ ਅਸਰ ਪਿਆ ਹੈ, ਉੱਥੇ ਇਹ ਵੀ ਜਾਪਦਾ ਹੈ ਕਿ ਵਿਰੋਧੀ ਧਿਰ ਵਿਚ ਪਾਟੋਧਾੜ ਦੀ ਸਥਿਤੀ ਬਣੀ ਰਹੇਗੀ ਤੇ ਇਹ ਸਵੈ-ਟਕਰਾਵੇਂ ਮਨੋਰਥਾਂ ਵਿਚ ਰੁੱਝੀ ਰਹੇਗੀ। ਦੂਜੇ ਪਾਸੇ, ਸੱਤਾਧਾਰੀ ਐਨ.ਡੀ.ਏ. ਚੁਣਾਵੀ ਲਾਭ ਹਾਸਲ ਕਰਨ ਲਈ ਦ੍ਰਿੜ ਜਾਪਦਾ ਹੈ ਅਤੇ ਇਸ ਨੇ ਉੜੀਸਾ, ਝਾਰਖੰਡ, ਛੱਤੀਸਗੜ੍ਹ, ਗੁਜਰਾਤ, ਮੱਧ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ ਅਤੇ ਹੋਰਨਾਂ ਸੂਬਿਆਂ ਵਿਚ ਫੈਲੇ ਆਦਿਵਾਸੀ ਵੋਟਰਾਂ ਤੱਕ ਪਹੁੰਚ ਬਣਾ ਲਈ ਹੈ।

ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਤੋਂ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਪੁੱਛ ਪੜਤਾਲ ਕਰ ਕੇ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਆਪਣੇ ਅੰਦਰੂਨੀ ਕਲੇਸ਼ ਵਿਚ ਉਲਝੀ ਹੋਈ ਹੈ। ਰਾਸ਼ਟਰਪਤੀ ਦੀ ਚੋਣ ਲਈ ਕਾਂਗਰਸ ਨਾ ਤਾਂ ਆਪਣਾ ਕੋਈ ਉਮੀਦਵਾਰ ਖੜ੍ਹਾ ਕਰ ਸਕੀ ਤੇ ਨਾ ਹੀ ਵਿਰੋਧੀ ਧਿਰ ਦੇ ਸਰਬ ਸਾਂਝੇ ਉਮੀਦਵਾਰ ਦੀ ਚੋਣ ਵਿਚ ਕੋਈ ਅਗਵਾਈ ਦੇ ਸਕੀ। ਪਾਰਟੀ ਕਈ ਹੋਰ ਪੱਖਾਂ ਤੋਂ ਵੀ ਉਕ ਗਈ। ਨੈਸ਼ਨਲਿਸਟ ਕਾਂਗਰਸ ਪਾਰਟੀ (ਐਨ.ਸੀ.ਪੀ.) ਦੇ ਸੁਪਰੀਮੋ ਸ਼ਰਦ ਪਵਾਰ ਜੋ ਰਾਸ਼ਟਰਪਤੀ ਦੀ ਚੋਣ ਲਈ ਕਰੀਬ 49 ਫ਼ੀਸਦ ਗੈਰ-ਐਨ.ਡੀ.ਏ. ਵੋਟਾਂ ਨੂੰ ਇਕਜੁੱਟ ਕਰਨ ਦੀ ਸਮਰੱਥਾ ਰੱਖਦੇ ਸਨ, ਜਲਦੀ ਹੀ ਲਾਂਭੇ ਹੋ ਗਏ। ਇਕ ਹੋਰ ਸੀਨੀਅਰ ਸਿਆਸਤਦਾਨ ਅਤੇ ਨੈਸ਼ਨਲ ਕਾਨਫਰੰਸ ਦੇ ਆਗੂ ਫਾਰੂਕ ਅਬਦੁੱਲਾ ਵੀ ਪਾਸਾ ਵੱਟ ਗਏ।

ਕਾਂਗਰਸ ਦੇ ਅਸਤਬਲ ਵਿਚ ਗੁਲਾਮ ਨਬੀ ਆਜ਼ਾਦ ਵਰਗੇ ਕਈ ਆਗੂ ਸਨ ਜੋ ਇਸ ਚੋਣ ਨੂੰ ਉਤਲੇ ਮੁਕਾਮ 'ਤੇ ਲਿਜਾ ਸਕਦੇ ਸਨ ਪਰ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੇ ਇਸ ਮਾਮਲੇ ਵਿਚ ਕੋਈ ਪਹਿਲ ਕਰਨ ਵਿਚ ਕੋਈ ਖਾਸ ਦਿਲਚਸਪੀ ਨਾ ਦਿਖਾਈ। ਇਹ ਰਿਪੋਰਟਾਂ ਵੀ ਮਿਲੀਆਂ ਹਨ ਕਿ ਸਾਬਕਾ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ ਦੀ ਉਮੀਦਵਾਰੀ ਨੂੰ ਲੈ ਕੇ ਪਰਦੇ ਦੇ ਪਿੱਛੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਸ਼ਰਦ ਪਵਾਰ ਵਿਚਕਾਰ ਅਣਬਣ ਹੋ ਗਈ ਸੀ।

ਵੋਟਾਂ ਵਾਲਾ ਦਿਨ ਆਉਣ ਤੱਕ ਯਸ਼ਵੰਤ ਸਿਨਹਾ ਦੀ ਨਾਮਜ਼ਦਗੀ ਦੀ ਹਮਾਇਤ ਕਰਨ ਵਾਲਿਆਂ ਦੋ ਪਾਰਟੀਆ ਪਾਸਾ ਬਦਲ ਚੁੱਕੀਆਂ ਸਨ। ਊਧਵ ਠਾਕਰੇ ਅਤੇ ਹੇਮੰਤ ਸੋਰੇਨ ਦੀ ਤਾਂ ਐਨ.ਡੀ.ਏ. ਉਮੀਦਵਾਰ ਦਰੋਪਦੀ ਮੁਰਮੂ ਦੀ ਹਮਾਇਤ ਕਰਨ ਦੀ ਮਜਬੂਰੀ ਸਮਝ ਵਿਚ ਪੈਂਦੀ ਹੈ ਪਰ ਕਾਂਗਰਸ ਵੀ ਪੈਰ ਪੈਰ 'ਤੇ ਪ੍ਰੇਸ਼ਾਨ ਨਜ਼ਰ ਆਈ ਹੈ। ਕਾਂਗਰਸ ਝਾਰਖੰਡ ਵਿਚ ਹੇਮੰਤ ਸੋਰੇਨ ਸਰਕਾਰ ਦਾ ਹਿੱਸਾ ਹੈ ਪਰ 10 ਮਾਰਚ (ਜਦੋਂ ਉੱਤਰ ਪ੍ਰਦੇਸ਼, ਪੰਜਾਬ, ਗੋਆ ਤੇ ਮਨੀਪੁਰ ਦੀਆਂ ਵਿਧਾਨ ਸਭਾਈ ਚੋਣਾਂ ਦੇ ਨਤੀਜਿਆਂ ਦਾ ਐਲਾਨ ਹੋਇਆ ਸੀ) ਤੋਂ ਬਾਅਦ ਇਸ ਨੇ ਝਾਰਖੰਡ ਮੁਕਤੀ ਮੋਰਚਾ ਨਾਲ ਸਬੰਧ ਵਿਗਾੜ ਲਏ। ਹੇਮੰਤ ਸੋਰੇਨ ਨੇ ਹਾਲ ਹੀ ਵਿਚ ਹੋਈਆਂ ਰਾਜ ਸਭਾ ਚੋਣਾਂ ਵਿਚ ਕਾਂਗਰਸ ਦੇ ਸਰੋਕਾਰ ਸੁਣਨ ਤੋਂ ਵੀ ਇਨਕਾਰ ਕਰ ਦਿੱਤਾ, ਫਿਰ ਵੀ ਕਾਂਗਰਸ ਨੇ ਇਸ ਵੱਲ ਕੰਨ ਨਹੀਂ ਧਰਿਆ।

ਇਸੇ ਤਰ੍ਹਾਂ ਊਧਵ ਠਾਕਰੇ ਦੀ ਸ਼ਿਵ ਸੈਨਾ ਨਾਲ ਵੀ ਕਾਂਗਰਸ ਦੇ ਸਬੰਧ ਜਟਿਲ ਬਣੇ ਹੋਏ ਹਨ। ਮਹਾ ਵਿਕਾਸ ਅਗਾੜੀ ਸਰਕਾਰ ਡਿੱਗਣ ਅਤੇ ਸ਼ਿਵ ਸੈਨਾ ਵਿਚ ਫੁੱਟ ਪੈਣ ਤੋਂ ਬਾਅਦ ਕਾਂਗਰਸ ਇਸ ਨਾਲ ਸਬੰਧ ਤੋੜਨ ਦੇ ਸਵਾਲ 'ਤੇ ਦੋਚਿਤੀ ਵਿਚ ਪਈ ਹੈ। ਨਵੰਬਰ 2019 ਵਿਚ ਕਾਂਗਰਸ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਦੀ ਅਗਵਾਈ ਵਾਲੀ ਸਰਕਾਰ ਵਿਚ ਸ਼ਾਮਲ ਹੋਈ ਸੀ। ਇਸ ਫ਼ੈਸਲੇ 'ਤੇ ਕਾਂਗਰਸ ਦੇ ਕੇਰਲ ਤੇ ਤਾਮਿਲ ਨਾਡੂ ਇਕਾਈਆਂ ਵਿਚ ਕਾਫੀ ਰੋਹ ਦੇ ਸੁਰ ਉੱਠੇ ਸਨ ਪਰ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਵਿਚ ਸਿਰੇ ਦੇ ਵਿਚਾਰਧਾਰਕ ਸਟੈਂਡ ਕਦੇ ਕਦਾਈਂ ਹੀ ਲਏ ਜਾਂਦੇ ਹਨ; ਜਿਵੇਂ ਸਮੁੱਚੀ ਰਾਸ਼ਟਰਪਤੀ ਚੋਣ ਤੋਂ ਸਾਫ਼ ਹੋ ਗਿਆ ਹੈ ਕਿ ਇਸ ਵੇਲੇ ਵਿਰੋਧੀ ਧਿਰ ਦੀ ਏਕਤਾ ਆਪਣੇ ਨਿਮਨਤਮ ਮੁਕਾਮ 'ਤੇ ਹੈ।

ਬਹੁਤ ਸਾਰੇ ਨਿਸ਼ਚਿਆਂ ਅਤੇ ਮੰਗਾਂ ਦੇ ਬਾਵਜੂਦ ਕਾਂਗਰਸ (ਭਾਵ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ) ਫਿਲਹਾਲ ਸੰਯੁਕਤ ਪ੍ਰਗਤੀਸ਼ੀਲ ਮੋਰਚੇ (ਯੂ.ਪੀ.ਏ.) ਨੂੰ ਸੁਰਜੀਤ ਕਰਨ ਅਤੇ ਇਸ ਦਾ ਕਨਵੀਨਰ ਥਾਪਣ ਦੀ ਕਿਸੇ ਕਾਹਲ ਵਿਚ ਦਿਖਾਈ ਨਹੀਂ ਦੇ ਰਹੀ ਹੈ। ਅਹਿਮਦ ਪਟੇਲ ਦੀ ਮੌਤ ਨੂੰ 18 ਮਹੀਨਿਆਂ ਤੋਂ ਉਪਰ ਸਮਾਂ ਹੋ ਗਿਆ ਹੈ ਪਰ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਅਜੇ ਤੱਕ ਵਿਰੋਧੀ ਪਾਰਟੀਆਂ ਤੱਕ ਪਹੁੰਚ ਕਰਨ ਲਈ ਕੋਈ ਅਸਰਦਾਰ ਸਿਆਸੀ ਪ੍ਰਬੰਧਕ ਸਾਹਮਣੇ ਨਹੀਂ ਲਿਆ ਸਕੇ ਜੋ ਉਨ੍ਹਾਂ ਨਾਲ ਗੱਲਬਾਤ ਕਰ ਕੇ ਏਕਤਾ ਦਾ ਮਹਿਜ਼ ਭਰਮ ਹੀ ਸਿਰਜ ਸਕੇ।

ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਜਾਂ ਐਨ.ਸੀ.ਪੀ. ਦੇ ਸੁਪਰੀਮੋ ਸ਼ਰਦ ਪਵਾਰ ਵਿਚੋਂ ਕਿਸੇ ਇਕ ਨੂੰ ਯੂ.ਪੀ.ਏ. ਦਾ ਕਨਵੀਨਰ ਲਾਉਣ ਦੀ ਮੰਗ ਦਾ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਹੁੰਗਾਰਾ ਨਹੀਂ ਭਰ ਰਹੇ। ਜਿੱਥੋਂ ਤੱਕ ਪਾਰਟੀ ਦੀ ਲੀਡਰਸ਼ਿਪ ਦਾ ਸਵਾਲ ਹੈ ਤਾਂ ਸੋਨੀਆ ਅਤੇ ਰਾਹੁਲ ਨੂੰ ਅਸੁਰੱਖਿਅਤ ਮਹਿਸੂਸ ਕਰਨ ਦਾ ਕੋਈ ਕਾਰਨ ਨਹੀਂ ਹੈ ਕਿਉਂਕਿ ਪਾਰਟੀ ਪੂਰੀ ਤਰ੍ਹਾਂ ਉਨ੍ਹਾਂ ਦੇ ਨਾਲ ਹੈ। ਜੇ ਮਮਤਾ ਬੈਨਰਜੀ 'ਤੇ ਆਪਣੀ ਵਾਹ ਵਾਹ ਕਰਵਾਉਣ ਅਤੇ ਖ਼ਾਹਸ਼ਾਂ ਨੂੰ ਪੱਠੇ ਪਾਉਣ ਦਾ ਦੋਸ਼ ਲਾਇਆ ਜਾਂਦਾ ਹੈ ਤਾਂ ਕਾਂਗਰਸ ਨੂੰ ਵੀ ਹਰ ਕਿਸਮ ਦੀ 'ਮਹਾਨਤਾ' ਦੀ ਧਾਰਨਾ ਦਾ ਤਿਰਸਕਾਰ ਕਰਨਾ ਪੈਣਾ ਹੈ। ਆਖਿਰਕਾਰ, ਦਿੱਲੀ 2015 ਤੇ 2020 ਅਤੇ ਆਂਧਰਾ ਪ੍ਰਦੇਸ਼ 2019 ਤੋਂ ਬਾਅਦ ਪੱਛਮੀ ਬੰਗਾਲ ਤੀਜਾ ਅਜਿਹਾ ਸੂਬਾ ਹੈ ਜਿੱਥੇ ਹਾਲੀਆ ਸਾਲਾਂ ਵਿਚ ਹੋਈਆਂ ਵਿਧਾਨ ਸਭਾਈ ਚੋਣਾਂ ਵਿਚ ਕਾਂਗਰਸ ਪਾਰਟੀ ਦਾ ਖਾਤਾ ਨਹੀਂ ਖੁੱਲ੍ਹਿਆ ਸੀ।

ਜੇ ਯੂ.ਪੀ.ਏ. ਕਨਵੀਨਰ ਲਈ ਮਮਤਾ ਬੈਨਰਜੀ ਦੀ ਚੋਣ ਨੂੰ ਸੋਨੀਆ ਗਾਂਧੀ ਨੇ ਹਰੀ ਝੰਡੀ ਦੇ ਦਿੱਤੀ ਤਾਂ ਰਾਹੁਲ ਗਾਂਧੀ ਨੂੰ ਬਹੁਤਾ ਧਿਆਨ ਸੰਸਦੀ ਅਤੇ ਜਥੇਬੰਦਕ ਮਾਮਲਿਆਂ 'ਤੇ ਲਾਉਣਾ ਪਵੇਗਾ ਜਦਕਿ ਪ੍ਰਿਅੰਕਾ ਗਾਂਧੀ ਮੁਹਿੰਮ ਸੰਚਾਲਕ (ਕੰਪੇਨਰ) ਦੀ ਭੂਮਿਕਾ ਵਿਚ ਆ ਸਕਦੇ ਹਨ।

ਸਭ ਲੋਕ ਜਾਣਦੇ ਹਨ ਕਿ ਯੂ.ਪੀ.ਏ. ਨੂੰ 2014 ਤੋਂ ਠੰਢੇ ਬਸਤੇ ਵਿਚ ਪਾਇਆ ਹੋਇਆ ਹੈ। 2004 ਵਿਚ ਕਾਂਗਰਸ ਦੀ ਅਗਵਾਈ ਹੇਠ ਜਦੋਂ ਗੱਠਜੋੜ ਕਾਇਮ ਹੋਇਆ ਸੀ ਤਾਂ ਯੂ.ਪੀ.ਏ. ਦਾ ਜਨਮ ਹੋਇਆ ਸੀ। ਇਹ ਸਤਰੰਗੀ ਕੁਲੀਸ਼ਨ ਮਈ 2014 ਦੀਆਂ ਆਮ ਚੋਣਾਂ ਤੱਕ ਕਾਇਮ ਰਿਹਾ ਜਦੋਂ ਮਨਮੋਹਨ ਸਿੰਘ ਸਰਕਾਰ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਇਸ ਹਾਰ ਦਾ ਅਸਰ ਇੰਨਾ ਘਾਤਕ ਸੀ ਕਿ ਯੂ.ਪੀ.ਏ. ਵੀ ਬਿਖਰ ਕੇ ਰਹਿ ਗਿਆ। ਉਦੋਂ ਤੋਂ ਲੈ ਕੇ ਹੁਣ ਤੱਕ ਇਸ ਦੀ ਕੋਈ ਬੈਠਕ ਨਹੀਂ ਬੁਲਾਈ ਗਈ। ਬਹਰਹਾਲ, ਬਿਹਾਰ, ਉੱਤਰ ਪ੍ਰਦੇਸ਼, ਝਾਰਖੰਡ, ਤਾਮਿਲ ਨਾਡੂ, ਪੱਛਮੀ ਬੰਗਾਲ ਆਦਿ ਦੀਆਂ ਵਿਧਾਨ ਸਭਾਈ ਚੋਣਾਂ ਵਿਚ ਅਕਸਰ ਗੈਰ-ਐਨ.ਡੀ.ਏ. ਪਾਰਟੀਆਂ ਇਕਜੁੱਟ ਹੁੰਦੀਆਂ ਆਈਆਂ ਹਨ। ਇਤਿਹਾਸਕ ਤੌਰ 'ਤੇ ਦੇਖਿਆ ਜਾਵੇ ਤਾਂ ਕੇਰਲ, ਤਾਮਿਲ ਨਾਡੂ ਅਤੇ ਜੰਮੂ ਕਸ਼ਮੀਰ ਵਿਚ ਕਾਂਗਰਸ ਨੇ ਆਪਣੀਆਂ ਭਾਈਵਾਲ ਪਾਰਟੀਆਂ ਨਾਲ ਗੱਠਜੋੜ ਬਣਾਏ ਹਨ।

ਸਾਫ਼ ਜ਼ਾਹਰ ਹੈ ਕਿ ਵਿਰੋਧੀ ਪਾਰਟੀਆਂ ਦੇ ਸਾਂਝੇ ਗੱਠਜੋੜ ਦੇ ਵਿਚਾਰ ਨੂੰ ਸੁਰਜੀਤ ਨਹੀਂ ਕੀਤਾ ਜਾ ਸਕਿਆ। ਇਸ ਦਾ ਦੋਸ਼ ਕਾਂਗਰਸ ਸਿਰ ਆਉਂਦਾ ਹੈ ਜਦਕਿ ਭਾਜਪਾ ਨੇ ਬੁਰੀ ਤਰ੍ਹਾਂ ਵੰਡੀ ਹੋਈ ਵਿਰੋਧੀ ਧਿਰ ਦੇ ਪੇਸ਼ੇਨਜ਼ਰ ਆਪਣੇ ਚੁਣਾਵੀ ਲਾਹਾ ਹਾਸਲ ਕਰਨ ਦੀਆਂ ਉਮੀਦਾਂ ਲਾਈਆਂ ਹੋਈਆਂ ਹਨ।

ਕਹਾਣੀ

# ਕਸ਼ਮੀਰ ਘਾਟੀ

**ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਕਹਾਣੀਆਂ ਵਿਚ ਵੀ ਸਾਫ ਝਲਕਦਾ ਹੈ। ਕਹਾਣੀ 'ਕਸ਼ਮੀਰ ਘਾਟੀ ਵਿਚ ਉਸ ਨੇ ਕਸ਼ਮੀਰ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਬਾਖੂਬੀ ਪੇਸ਼ ਕੀਤ ਹੈ।**

ਕਸ਼ਮੀਰ ਘਾਟੀ ਵਿਚ ਸ਼ਾਂਤੀ ਨਹੀਂ ਹੋ ਰਹੀ ਸੀ। ਨਿਰਦੋਸ਼ੇ ਅਤੇ ਗਰੀਬ ਲੋਕ ਪ੍ਰੇਸ਼ਾਨੀ ਦੀ ਦੂਹਰੀ ਚੱਕੀ ਵਿਚ ਪੀਸੇ ਜਾ ਰਹੇ ਸਨ। ਕਰਫਿਊ ਦੀ ਸਖ਼ਤੀ ਦੇ ਦਿਨਾਂ ਵਿਚ ਕਈ-ਕਈ ਦਿਨ ਬੇਜ਼ੁਬਾਨੇ ਪਸ਼ੂ ਖੁਰਲੀਆਂ 'ਤੇ ਭੁੱਖੇ ਖੜ੍ਹੇ, ਬੇਈਮਾਨ ਸਰਕਾਰਾਂ ਦੀ ਜਾਨ ਨੂੰ ਰੋਂਦੇ, ਅੜਿੰਗੀ ਜਾਂਦੇ। ਅਚਾਨਕ ਕਰਫਿਊ ਲੱਗਣ ਕਾਰਨ ਮਾਲਕ ਉਨ੍ਹਾਂ ਲਈ ਪੱਠੇ ਜਾਂ ਚਾਰਾ ਲੈਣ ਲਈ ਬਾਹਰ ਨਹੀਂ ਜਾ ਸਕਦੇ ਸਨ। ਬੇਫਿਕਰ ਅਤੇ ਤਮਾਸ਼ਬੀਨ ਸਰਕਾਰਾਂ ਉਨ੍ਹਾਂ ਦੇ ਕਰਮਾਂ ਵਿਚ 'ਭੁੱਖੇ ਮਰਨਾ' ਹੀ ਲਿਖ ਦਿੰਦੀਆਂ।

ਗੇਂਦੂ ਦਾ ਛੇ ਸਾਲ ਦਾ ਬੱਚਾ ਧੰਨੂ ਬਾਹਰ ਖੇਡਣ ਗਿਆ ਵਾਪਸ ਘਰ ਨਹੀਂ ਆਇਆ ਸੀ। ਸ਼ਾਇਦ ਕਰਫਿਊ ਵਿਚ ਕਿਤੇ ਫਸ ਗਿਆ ਸੀ। ਗੇਂਦੂ ਦਾ ਦੋ ਕਮਰਿਆਂ ਦਾ ਇੱਕ ਅਧੋਤ




ਸ਼ਿਵਚਰਨ ਜੱਗੀ ਕੁੱਸਾ
ਫੋਨ: 44 78533-17891


ਜਿਹਾ ਘਰ ਸੀ, ਜਿਸ ਵਿਚ ਇੱਕ ਪਾਸੇ ਉਸ ਦਾ ਟੱਬਰ ਸੌਂ ਜਾਂਦਾ ਅਤੇ ਦੂਜੇ ਪਾਸੇ ਉਸ ਦੀ ਲਵੇਰੀ ਗਊ ਅਤੇ ਵੱਛਾ ਬੰਨ੍ਹੇ ਹੁੰਦੇ। ਗੇਂਦੂ ਦਾ ਪਰਿਵਾਰ ਨਿੱਤ ਕਿਰਤ ਕਰ ਕੇ ਖਾਣ ਵਾਲਾ ਬੜਾ ਗਰੀਬ ਪਰਿਵਾਰ ਸੀ। ਗੇਂਦੂ ਰੇੜ੍ਹੀ ਉਪਰ ਫਲ ਅਤੇ ਸਬਜ਼ੀ ਵੇਚਦਾ ਅਤੇ ਉਸ ਦੀ ਘਰਵਾਲੀ ਬੰਨੋਂ, ਲੋਕਾਂ ਦੇ ਘਰ ਦਾ ਕੰਮ ਕਰ ਕੇ ਚਾਰ ਪੈਸੇ ਕਮਾ ਲੈਂਦੀ।

ਪਰ ਹੁਣ ਸਖ਼ਤ ਕਰਫਿਊ ਲੱਗਣ ਕਾਰਨ ਉਨ੍ਹਾਂ ਦਾ ਸਾਰਾ ਢਾਂਚਾ ਹੀ ਖੜ੍ਹ ਗਿਆ ਸੀ।

'ਗੰਦੀ ਔਲਾਦ ਵੀ ਨਾ ਜੰਮੇ ਕਿਸੇ ਦੇ, ਕਿੰਨੀ ਵਾਰੀ ਪਿੱਟੀ ਆਂ ਮੈਂ, ਬਈ ਬਾਹਰ ਨਾ ਜਾਇਆ ਕਰੋ, ਔਗ ਲੱਗਣੇ 'ਕਲਫੂ' ਦਾ ਕੋਈ ਪਤਾ ਨੀ ਬਈ ਕਦੋਂ ਲੱਗਜੇ, ਪਰ ਕਾਹਨੂੰ ਸੁਣਦੇ ਐ? ਲਹੂ ਪੀਂਦੇ ਐ ਜਣਦਿਆਂ ਨੂੰ ਰੋਣੇ...!' ਬੰਨੋਂ ਦੀਆਂ ਅੱਖਾਂ ਕਿਸੇ ਟੱਪ ਵਾਂਗ ਚੋਅ ਰਹੀਆਂ ਸਨ।

ਉਹ ਦੁਹੱਥੜ ਮਾਰ ਕੇ ਪਿੱਟਣ ਵਾਲੀ ਹੋਈ ਪਈ ਸੀ।

ਮਾਂ ਦੀ ਮਮਤਾ ਉਸ ਅੰਦਰ ਵੈਣ ਪਾਈ ਜਾ ਰਹੀ ਸੀ।

'ਜਾਹ ਬਾਹਰ ਜਾ ਕੇ ਕਿਤੇ ਪਤਾ ਕਰ'ਲਾ ਧੰਨੂ ਦੇ ਬਾਪੂ...! ਪਤਾ ਨੀ ਕਿੱਥੇ ਫਸਿਆ ਬੈਠਾ ਹੋਣੈ ਜੁਆਕ...?'

'ਬਾਹਰ ਤਾਂ ਪਤੰਦਰ 'ਕਲਫੂ' ਠੋਕੀ ਬੈਠੇ ਐ, ਜਾਵਾਂ ਕਿਹੜੇ ਪਾਸੇ...? ਜਦੋਂ ਬਾਹਰ ਨਿਕਲੀਦੈ, ਗੋਲੀ ਮਾਰਨ ਆਉਂਦੇ ਐ ਬੁੱਚੜ..!' ਗੇਂਦੂ ਨੇ ਆਪਣਾ ਡਰ ਦੱਸਿਆ। ਕਰਫਿਊ ਦੌਰਾਨ ਸਬਜ਼ੀ ਵੇਚਦਾ ਉਹ ਕਈ ਵਾਰ ਪੁਲੀਸ ਅਤੇ ਸੀ.ਆਰ.ਪੀ. ਦੀ ਕੁੱਟ ਖਾ ਚੁੱਕਾ ਸੀ। ਬੰਨੋਂ ਨਿਰਾਸ਼ਾ ਵਿਚ ਲੰਮਾ ਸਾਹ ਖਿੱਚ ਕੇ ਬੈਠ ਗਈ ਅਤੇ ਉਸ ਦਾ ਮੁੜ ਬੇਵੱਸੀ ਵਿਚ ਰੋਣ ਨਿਕਲ ਗਿਆ। ਉਸ ਦਾ ਦਿਲ ਪੁੱਤ ਕੋਲ ਉੱਡ ਕੇ ਚਲੀ ਜਾਣ ਨੂੰ ਕਰਦਾ ਸੀ, ਘੁੱਟ ਕੇ ਹਿੱਕ ਨਾਲ ਲਾਉਣ ਨੂੰ ਕਰਦਾ ਸੀ। ਉਸ ਦੀ ਆਤਮਾ ਅੰਦਰੋਂ ਲਹੂ ਲੁਹਾਣ ਹੋਈ, ਕੁਰਲਾਈ ਜਾ ਰਹੀ ਸੀ।

ਸ਼ਾਮ ਹੋਈ ਤਾਂ ਭੁੱਖਾ ਤਿਹਾਇਆ ਗਾਂ ਦਾ ਵੱਛਾ ਵੀ ਸੰਗਲੀ ਤੁੜਾ ਕੇ ਬਾਹਰ ਨਿਕਲ ਗਿਆ। ਕਰਫਿਊ ਲੱਗਿਆ ਹੋਣ ਕਾਰਨ ਵੱਛਾ ਫੜਿਆ ਨਾ ਜਾ ਸਕਿਆ। ਮੋਹ-ਮਮਤਾ ਵਿਚ ਗਾਂ ਨੇ ਵੀ ਕਿੱਲੇ 'ਤੇ ਗੇੜਾ ਬੰਨ੍ਹ ਲਿਆ। ਕੀ ਹੋ ਗਿਆ ਉਹ ਪਸ਼ੂ ਸੀ, ਸੀ ਤਾਂ ਅਕਸਰ 'ਮਾਂ' ਹੀ!

ਮੂੰਹ ਹਨ੍ਹੇਰਾ ਜਿਹਾ ਹੋਇਆ ਤਾਂ ਗੇਂਦੂ ਨੇ ਔਖੋਰਾਣਾ ਲੱਕੜ ਦਾ ਛੋਟਾ ਜਿਹਾ ਦਰਵਾਜ਼ਾ ਖੋਲ੍ਹ ਕੇ ਬਾਹਰ ਦੇਖਿਆ।

ਦੂਰ-ਦੂਰ ਤੱਕ ਸੁੰਨ-ਮਸਾਣ ਪਸਰੀ ਪਈ ਸੀ। ਹਥਿਆਰਬੰਦ ਸੀ.ਆਰ.ਪੀ. ਗਸ਼ਤ ਕਰ ਰਹੀ ਸੀ। ਸਰਕਾਰੀ ਬੂਟਾਂ ਦੀ 'ਟੱਪ-ਟੱਪ' ਸੁਣ ਕੇ ਕਾਲਜਾ ਨਿਕਲਦਾ ਸੀ। ਗੇਂਦੂ ਦਾ ਦਿਲ ਧੜਕਿਆ ਅਤੇ ਉਸ ਨੇ ਦਰਵਾਜ਼ਾ ਬੰਦ ਕਰ ਲਿਆ। ਟੇਕ ਤਾਂ ਉਸ ਨੂੰ ਵੀ ਨਹੀਂ ਆ ਰਹੀ ਸੀ। ਉਸ ਦੇ ਦਿਲ ਦਾ ਟੁਕੜਾ ਪਤਾ ਨਹੀਂ ਕਿੱਥੇ ਅਤੇ ਕਿਸ ਹਾਲਤ ਵਿਚ ਸੀ?

ਆਟਾ ਉਨ੍ਹਾਂ ਘਰ ਹੈ ਨਹੀਂ ਸੀ। ਰਾਤ ਨੂੰ ਬੰਨੋਂ ਨੇ ਦੂਜੇ ਜੁਆਕਾਂ ਨੂੰ ਫਲ ਕੱਟ ਕੇ ਦੇ ਦਿੱਤੇ। ਗੇਂਦੂ ਅਤੇ ਬੰਨੋਂ ਨੇ ਵੀ 'ਕਾਲਜਾ ਧਾਫੜ' ਲਿਆ। ਸੁੱਖੀ ਲੱਧਾ ਪੁੱਤ ਬੰਨੋਂ ਦੇ ਦਿਲ ਤੋਂ ਨਹੀਂ ਉੱਤਰ ਰਿਹਾ ਸੀ। ਉਸ ਦੇ ਹੌਲ ਪੈਣ ਵਾਲਾ ਹੋਇਆ ਪਿਆ ਸੀ।

'ਪਤਾ ਨੀ ਧੰਨੂ ਨੇ ਕੁਛ ਖਾਧਾ ਹੋਊ ਕਿ ਨਹੀਂ...?' ਸੋਚ ਦੀ ਫਾੜੀ ਬੰਨੋਂ ਦੇ ਮੂੰਹ ਵਿਚ 'ਅੱਕ' ਬਣ ਗਈ ਅਤੇ ਉਸ ਨੇ ਬਾਹਰ ਥੁੱਕ ਦਿੱਤੀ। ਵੱਛੇ ਦੇ ਵਿਯੋਗ ਵਿਚ ਗਾਂ ਕਿੱਲੇ 'ਤੇ ਗੇੜੇ ਦੇ-ਦੇ ਕੇ ਥੱਕ ਗਈ ਸੀ। ਖੁਰਲੀ ਵਿਚ ਪਏ ਪੱਠਿਆਂ ਵੱਲ ਉਸ ਨੇ ਸਾਰਾ ਦਿਨ ਨੱਕ ਨਾ ਕੀਤਾ ਅਤੇ ਥੱਕ ਹਾਰ ਕੇ ਖੁਰਲੀ ਕੋਲ ਬੈਠੀ ਨਹੀਂ, ਇੱਕ ਤਰ੍ਹਾਂ ਨਾਲ ਡਿੱਗ ਪਈ ਸੀ। ਉਹ ਅੱਖਾਂ ਪੁੱਠੀਆਂ ਕਰੀ, ਖੁਰਲੀ ਨਾਲ ਢੋਅ ਲਾ ਕੇ, ਬੇਹੱਦ ਉਦਾਸ ਬੈਠੀ ਸੀ।

ਸਾਰੀ ਰਾਤ ਲੰਘ ਗਈ।


ਜਦ ਦਰਵਾਜੇ ਵੱਲ ਮਾੜਾ ਜਿਹਾ ਵੀ ਖੜਕਾ ਹੁੰਦਾ, ਤਾਂ ਗਾਂ ਨਾਸਾਂ ਫੈਲਾਅ ਅਤੇ ਕੰਨ ਚੁੱਕ ਕੇ ਬੜੀ ਉਤਸੁਕਤਾ ਅਤੇ ਆਸ ਨਾਲ ਉਧਰ ਦੇਖਦੀ। ਇਹੀ ਹਾਲ ਬੰਨੋਂ ਦਾ ਸੀ। ਉਹ ਵੀ ਮੰਜੇ 'ਤੇ ਪਈ ਵਾਰ-ਵਾਰ ਸਿਰ ਚੁੱਕ ਕੇ ਦਰਵਾਜੇ ਵੱਲ ਤੱਕਦੀ। ਉਸ ਦੇ ਕੰਨ ਵੀ ਦਰਵਾਜੇ ਵੱਲ ਲੱਗੇ ਹੋਏ ਸਨ। ਨਿਆਣੇ ਪੁੱਤ ਕਰ ਕੇ ਗੇਂਦੂ ਅਤੇ ਬੰਨੋਂ ਦੀ ਸੁਰਤ ਮਾਰੀ ਪਈ ਸੀ।

ਅਗਲਾ ਸਾਰਾ ਦਿਨ ਲੰਘ ਗਿਆ ਅਤੇ ਮੁੜ ਸ਼ਾਮ ਹੋ ਗਈ।

ਪੁੱਤ ਦੀ ਸੋਚ ਵਿਚ ਬੌਂਦਲੇ ਗੇਂਦੂ ਨੂੰ ਅਚਾਨਕ ਭੁੱਖੀ-ਤਿਹਾਈ ਗਾਂ ਦਾ ਚੇਤਾ ਆਇਆ।

ਤਰਸ ਨਾਲ ਉਸ ਦਾ ਸਾਰਾ ਸਰੀਰ ਮੋਮਬੱਤੀ ਵਾਂਗ ਪਿਘਲ ਗਿਆ।

'ਇਹਦਾ ਵਿਚਾਰੀ ਗਊ ਦੀ ਜਾਈ ਦਾ ਕੀ ਕਸੂਰ ਐ..? ਇਹ ਤਾਂ ਆਪ ਆਬਦੇ ਵੱਛੇ ਕਰ



ਕੇ ਅੱਕਲਕਾਣ ਹੋਈ ਬੈਠੀ ਐ...!' ਉਸ ਨੇ ਵੰਡ ਵਿਚੋਂ ਭਿਉਂਤੀ ਖਲ ਕੱਢ ਕੇ ਗਾਂ ਲਈ ਸੰਨ੍ਹੀ ਰਲਾਈ। ਪਰ ਗਾਂ ਨੇ ਨੱਕ ਨਾ ਕੀਤਾ। ਸੰਨ੍ਹੀ ਨਾ ਖਾਂਦੀ ਦੇਖ ਕੇ ਉਸ ਨੇ ਸਾਂਝੀ ਕੰਧ ਉਪਰੋਂ ਗੁਆਂਢੀਆਂ ਤੋਂ ਇੱਕ ਟੋਕਰਾ ਹਰੇ ਪੱਠਿਆਂ ਦਾ ਉਧਾਰਾ ਫੜ ਲਿਆ। ਉਸ ਦਾ ਗੁਆਂਢੀ ਆਪਣੀ ਮੱਝ ਵਾਸਤੇ ਦੋ ਦਿਨ ਪਹਿਲਾਂ ਚਾਰ ਭਰੀਆਂ ਹਰਾ ਖਰੀਦ ਕੇ ਲਿਆਇਆ ਸੀ।

ਗੇਂਦੂ ਨੇ ਗਾਂ ਨੂੰ ਪੱਠੇ ਪਾ ਦਿੱਤੇ, ਪਰ ਗਾਂ ਨੇ ਅੱਖ ਪੱਟ ਕੇ ਵੀ ਨਾ ਦੇਖਿਆ। ਗੇਂਦੂ ਨੇ ਦੋ ਵਾਰ ਬੱਠਲ ਵਿਚ ਪਾਣੀ ਪਾ ਕੇ ਗਾਂ ਅੱਗੇ ਰੱਖਿਆ, ਪਰ ਗਾਂ ਨੇ ਪਾਣੀ ਪੀਣਾ ਤਾਂ ਕੀ ਸੀ, ਸੁੰਘਿਆ ਤੱਕ ਨਹੀਂ! ਇੱਕ ਵਾਰ ਦੇਖ ਕੇ ਮੂੰਹ ਪਰ੍ਹੇ ਕਰ ਲਿਆ। ਉਹ ਸਿਰ ਸੁੱਟੀ, ਘੋਰ ਉਦਾਸ ਖੁਰਲੀ ਨਾਲ ਸਿਰ ਲਾਈ ਬੈਠੀ ਸੀ। ਬੰਨੋਂ ਨੇ ਵੀ ਕੁਛ ਖਾਧਾ ਪੀਤਾ ਨਹੀਂ ਸੀ। ਦੋਵਾਂ ਮਾਵਾਂ ਦੀਆਂ ਅੱਖਾਂ ਵਿਚ ਨਮੀ ਸੀ।

'ਆਹ ਟੁੱਟ ਪੈਣਾ 'ਕਲਫੂ' ਪਤਾ ਨੀ ਕਦੋਂ ਚੱਕਣਗੇ ਔਤਾਂ ਦੇ ਜਾਣੇ...! ਸਰਕਾਰਾਂ ਵੀ ਬੁੱਕਾਂ ਨਾਲ ਲਹੂ ਪੀਂਦੀਐਂ ਆਬਦੀ ਜਨਤਾ ਦਾ..!' ਬੇਵੱਸ ਬੰਨੋਂ ਦਾ ਫਿਰ ਰੋਣ ਨਿਕਲ ਗਿਆ।

'ਗਾਂ ਨੂੰ ਪੱਠੇ ਪਾ ਦੇ...!' ਉਸ ਨੇ ਢੇਰੀ ਜਿਹੀ ਢਾਹੀ ਬੈਠੇ ਪਤੀ ਦੇਵ ਨੂੰ ਕਿਹਾ।

'ਪਾਏ ਸੀ, ਪਰ ਖਾਂਦੀ ਨੀ...!' ਵੱਛੇ ਦਾ ਇਹ ਵੀ ਬਾਹਲਾ ਦਰੇਗ ਕਰਗੀ, ਪਰਸੋਂ ਦੀ ਨੇ ਕੁਛ ਨੀ ਮੂੰਹ 'ਤੇ ਧਰਿਆ..!'

'ਫੇਰ ਵੀ ਮਾਂ ਐਂ ਨ੍ਹਾਂ...?' ਬੰਨੋਂ ਨੇ ਆਪਣੇ ਆਪ ਨਾਲ ਗੱਲ ਕੀਤੀ।

ਪਰ ਮੂੰਹੋਂ ਉਹ ਚੁੱਪ ਸੀ।

ਤੀਜਾ ਦਿਨ ਆ ਗਿਆ ਸੀ।

ਦਿਨ ਵੀ ਢਲ ਗਿਆ ਸੀ। ਪਰ ਕਰਫਿਊ ਨਾ ਚੁੱਕਿਆ ਗਿਆ। ਬੰਨੋਂ ਚੁੱਲ੍ਹੇ ਕੋਲ ਅਤੇ ਗਾਂ ਖੁਰਲੀ ਕੋਲ ਭੁੱਖੀਆਂ-ਤਿਹਾਈਆਂ ਬੁੱਤ ਬਣੀਆਂ ਬੈਠੀਆਂ ਸੀ। ਗੇਂਦੂ ਅਲਾਣੀ ਮੰਜੀ 'ਤੇ ਮੁਰਕਣੀ ਜਿਹੀ ਮਾਰੀ ਬੈਠਾ ਸੀ। ਬੱਚੇ ਬਾਟੀਆਂ ਵਿਚ ਚਾਹ ਪੀ ਰਹੇ ਸਨ। ਗੇਂਦੂ, ਬੰਨੋਂ ਅਤੇ ਗਾਂ, ਤਿੰਨਾਂ ਦੀ ਭੁੱਖ-ਪਿਆਸ ਮਰੀ ਪਈ ਸੀ। ਸੋਚਾਂ ਸੋਚਦਿਆਂ ਅਤੇ ਉਡੀਕਦਿਆਂ ਸੂਰਜ ਛੁਪ ਗਿਆ। ਨਾ ਕਰਫਿਊ ਹੀ ਚੁੱਕਿਆ ਗਿਆ ਅਤੇ ਨਾ ਹੀ ਉਨ੍ਹਾਂ ਦੇ ਬੱਚੇ ਜਾਂ ਵੱਛੇ ਦੀ ਕੋਈ ਉੱਘ-ਸੁੱਘ ਨਿਕਲੀ।

ਇੱਕ ਦਮ ਜਿਵੇਂ ਰਾਤ ਪੈ ਗਈ ਸੀ।

ਹਨ੍ਹੇਰਾ ਅਸਮਾਨੋਂ ਛਾਲਾਂ ਮਾਰਦਾ ਧਰਤੀ 'ਤੇ ਆ ਉਤਰਿਆ।

ਸਾਰੇ ਘਰ ਵਿਚ ਸੋਗ ਦਾ ਮਾਹੌਲ ਸੀ। ਸਾਰੇ ਚੁੱਪ-ਚਾਪ, ਸੁੰਨ ਹੋਏ ਬੈਠੇ ਸਨ। ਗਾਂ ਵੀ ਧਰਤੀ 'ਤੇ ਥੂਥ ਰੱਖੀ, ਬੁਝੀਆਂ ਅੱਖਾਂ ਨਾਲ ਸੁੰਨੇ ਵਿਹੜੇ ਵੱਲ ਝਾਕ ਰਹੀ ਸੀ, ਉਸ ਨੂੰ ਆਪਣੀਆਂ ਅੱਖਾਂ ਦਾ ਤਾਰਾ ਨਹੀਂ ਦਿਸ ਰਿਹਾ ਸੀ। ਕਿਸੇ ਨੇ ਕੁਝ ਨਹੀਂ ਖਾਧਾ ਸੀ। ਬੱਸ, ਸਿਰਫ਼ ਬੰਨੋਂ ਨੇ ਆਪਣੇ ਦੋ ਬੱਚਿਆਂ ਨੂੰ ਘਰੇ ਪਏ ਫਲ ਜ਼ਰੂਰ ਕੱਟ ਕੇ ਖੁਆ ਦਿੱਤੇ ਸਨ।

ਅਚਾਨਕ ਗਾਂ ਨੂੰ ਬਾਹਰੋਂ ਵੱਛੇ ਦੇ ਰੰਭਣ ਦੀ ਮੱਧਮ ਜਿਹੀ ਅਵਾਜ਼ ਸੁਣਾਈ ਦਿੱਤੀ।

ਉਸ ਨੇ ਕਨਸੋਅ ਲੈਣ ਲਈ ਕੰਨ ਚੁੱਕ ਲਏ। ਨਾਸਾਂ ਫੈਲਾਅ ਲਈਆਂ। ਦੂਰ ਕਿਤੇ ਵੱਛਾ ਫਿਰ ਰੰਭਿਆ। ਅਪਣੱਤ ਭਰੀ ਅਵਾਜ਼ ਸੁਣ ਕੇ ਗਾਂ ਬਰਾਬਰ ਜ਼ੋਰ ਦੀ ਰੰਭੀ ਅਤੇ ਬੜੀ ਫੁਰਤੀ ਨਾਲ ਧੁਰਲੀ ਮਾਰ ਕੇ ਉਠੀ, ਜਿਵੇਂ ਉਸ ਅੰਦਰ ਨਵੇਂ-ਨਰੋਏ ਖ਼ੂਨ ਦਾ ਸੰਚਾਰ ਹੋ ਗਿਆ ਸੀ। ਮੁੜ ਵੱਛਾ ਰੰਭਿਆ ਤਾਂ ਗਾਂ ਨੇ ਪੂਰਾ ਜ਼ੋਰ ਮਾਰ ਕੇ ਰੱਸਾ ਤੁੜਾ ਲਿਆ ਅਤੇ ਤਖ਼ਤਿਆਂ ਵਿਚ ਜਾ ਢੁੱਡ ਮਾਰੀ। ਤਖ਼ਤੇ ਫਾਕਟਾਂ ਬਣ ਖਿੱਲਰ ਗਏ ਅਤੇ ਲਗਾਤਾਰ ਮੋਹ ਨਾਲ ਰੰਭਦੀ ਗਾਂ ਵਾਹੋ-ਦਾਹੀ ਬਾਹਰ ਨਿਕਲ ਗਈ। ਉਸ ਨੂੰ ਕਿਸੇ ਕਰਫਿਊ ਦੀ ਕੋਈ ਪ੍ਰਵਾਹ ਨਹੀਂ ਸੀ।

ਮੰਜੇ ਕੋਲ ਖੜ੍ਹੀ ਬੰਨੋਂ ਸੋਚ ਰਹੀ ਸੀ ਕਿ ਕਾਸ਼ ਮੈਂ ਵੀ ਗਾਂ ਹੁੰਦੀ!!

ਆਪਣੇ ਪੁੱਤਰ ਨੂੰ ਤਾਂ ਲੱਭ ਕੇ ਲੈ ਆਉਂਦੀ?

# ਤੇਰੇ ਬਿਨਾਂ


* ਮੂਲ : ਵਿਭਾ ਨਾਇਕ
* ਅਨੁ : ਪ੍ਰੋ. ਨਵ ਸੰਗੀਤ ਸਿੰਘ


"ਸਵੇਰ ਦੇ ਅੱਠ ਵੱਜ ਗਏ ਅਤੇ ਹੁਣ ਤਕ ਇਕ ਪਿਆਲੀ ਚਾਹ ਤਕ ਨਸੀਬ ਨਹੀਂ ਹੋਈ!" ਮਿੱਠੀ ਨੀਂਦ 'ਚੋਂ ਜਾਗੇ ਰਾਮਨਾਥ ਅਚਾਨਕ ਖਿਝ ਗਏ। "ਸੁਣ ਬਈ, ਸੁਣਦੀ ਹੈਂ! ਇੱਥੇ ਹੀ ਹੈਂ ਕਿ ਪੇਕੇ ਚਲੀ ਗਈ!"

ਕੋਈ ਜੁਆਬ ਨਾ ਸੁਣ ਕੇ ਰਾਮਨਾਥ ਹੋਰ ਬੌਖਲਾ ਗਏ। ਰਸੋਈ ਵੱਲ ਵਧਦੇ ਹੋਏ ਉਹ ਲਗਾਤਾਰ ਬੁੜਬੁੜ ਕਰ ਰਹੇ ਸਨ, "ਮੇਰੀ ਕੋਈ ਅਹਿਮੀਅਤ ਹੀ ਨਹੀਂ ਇਸ ਘਰ ਵਿਚ!"

"ਹੈਂ, ਇੱਥੇ ਵੀ ਨਹੀਂ। ਪਤਾ ਨਹੀਂ ਕਿੱਥੇ ਚਲੀ ਗਈ ਦੇਵੀ ਜੀ! ਪਤੀ ਪਰਮੇਸ਼ਰ ਇੱਥੇ ਚਾਹ ਨੂੰ ਤਰਸ ਰਹੇ ਨੇ ਅਤੇ ਇਨ੍ਹਾਂ ਦੀ ਭਗਤੀ ਚੱਲ ਰਹੀ ਹੈ..."

ਬੁੜਬੁੜ ਕਰਦੇ ਰਾਮਨਾਥ ਪੂਜਾ ਵਾਲੇ ਕਮਰੇ ਵੱਲ ਵਧੇ ਹੀ ਸਨ ਕਿ ਗੈਸ 'ਤੇ ਰੱਖੇ ਕਾਗਜ਼ 'ਤੇ ਨਜ਼ਰ ਪੈ ਗਈ। ਰਾਮਨਾਥ ਠਿਠਕ ਗਏ। ਨੀਂਦ ਭਰੀਆਂ ਅੱਖਾਂ ਵਿਚ ਬਿਜਲੀ ਜਿਹੀ ਚਮਕ ਉੱਠੀ। ਮੁੜੇ ਹੋਏ ਕਾਗਜ਼ 'ਤੇ ਸਭ ਤੋਂ ਉੱਤੇ ਲਿਖਿਆ ਸੀ- 'ਮੈਂ ਜਾ ਰਹੀ ਹਾਂ।'

ਰਾਮਨਾਥ ਪਰਚੀ ਚੁੱਕ ਕੇ ਕਮਰੇ ਵੱਲ ਦੌੜੇ। ਐਨਕ ਉੱਥੇ ਹੀ ਪਈ ਸੀ, ਬਿਸਤਰੇ ਦੇ ਨੇੜੇ। ਪਰ ਇਹ ਕੀ! ਐਨਕ ਤਾਂ ਇੱਥੇ ਹੀ ਰੱਖੀ ਸੀ ਰਾਤੀਂ। ਕਿੱਥੇ ਗਈ? ਰਾਮਨਾਥ ਇਹ ਸੋਚਦਿਆਂ ਜਿਉਂ ਹੀ ਮੰਜੇ 'ਤੇ ਬੈਠਣ ਲੱਗੇ ਕਿ ਪੈਰ ਦੇ ਅੰਗੂਠੇ ਵਿਚ ਇੰਨੀ ਜ਼ੋਰ ਦੀ ਟੇਬਲ ਦਾ ਪਾਵਾ ਵੱਜਿਆ ਕਿ ਚੀਕ ਨਿਕਲ ਗਈ- "ਹਾਏ ਰੱਬਾ!"

ਰਾਮਨਾਥ ਤਿਲਮਿਲਾਉਂਦੇ ਹੋਏ ਅੰਗੂਠਾ ਫੜ ਕੇ ਮੰਜੇ 'ਤੇ ਬਹਿ ਗਏ। ਚਿੱਠੀ ਹੱਥੋਂ ਛੁੱਟ ਕੇ ਪਤਾ ਨਹੀਂ ਕਿੱਥੇ ਡਿੱਗ ਪਈ। ਏਧਰ ਨਹੁੰ ਵਿਚ ਛਿਲਤਰ ਚੁੱਭ ਗਈ ਸੀ। ਪਰ ਬਿਨਾਂ ਐਨਕ ਤੋਂ ਕੁਝ ਨਜ਼ਰ ਆਵੇ ਤਾਂ ਕੁਝ ਕਰਨ। ਅਜੀਬ ਆਫ਼ਤ ਹੈ.. ਰਾਮਨਾਥ ਸੋਚ ਰਹੇ ਸਨ ਕਿ ਪੈਂਤੀ ਸਾਲਾਂ ਵਿਚ ਅੱਜ ਤਕ ਤਾਂ ਚਿੱਠੀ ਲਿਖੀ ਨਹੀਂ ਦੇਵੀ ਜੀ ਨੇ! ਜਦੋਂ ਪਿਆਰ-ਮੁਹੱਬਤ ਦੇ ਦਿਨ ਸਨ, ਉਦੋਂ ਵੀ ਯਾਦ ਨਹੀਂ ਪੈਂਦਾ ਕਿ 'ਹਟੋ ਜੀ', 'ਜਾਓ ਜੀ' ਤੋਂ ਬਿਨਾਂ ਇਕ ਸ਼ਬਦ ਵੀ ਕਿਹਾ ਹੋਵੇ। ਪੇਕੇ ਜਾਂਦੀ ਸੀ ਤਾਂ ਵੀ ਤਾਂ ਨਹੀਂ ਲਿਖੀ... ਰਾਮਨਾਥ ਦੇ ਚਿਹਰੇ 'ਤੇ ਅਚਾਨਕ ਮੁਸਕਰਾਹਟ ਫੈਲ ਗਈ। ਪੇਕੇ ਵਿਚ ਅਸੀਂ ਛੱਡਿਆ ਹੀ ਕਿੱਥੇ! ਰੋਜ਼ ਹੀ ਮਿਲਣ ਪਹੁੰਚ ਜਾਂਦੇ ਸਾਂ, ਖੂਹ ਦੇ ਪਿਛਲੇ ਖੇਤ ਵਿਚ... 'ਆਹਾ, ਕੈਸੇ ਦਿਨ ਸਨ...'ਕੁਝ ਚਿਰ ਲਈ ਰਾਮਨਾਥ ਫਿਰ ਤੋਂ ਜਵਾਨ ਹੋ ਗਏ ਸਨ। ਦੁੱਖ-ਦਰਦ ਸਭ ਭੁੱਲ ਗਏ। ਉਦੋਂ ਹੀ ਬਾਲਕੋਨੀ ਵਿਚ ਕੁਝ ਡਿੱਗਣ ਦੀ ਆਵਾਜ਼ ਆਈ। ਰਾਮਨਾਥ ਤ੍ਰਭਕੇ ਅਤੇ ਲੰਗੜਾਉਂਦੇ ਹੋਏ ਬਾਲਕੋਨੀ ਵਲ ਦੌੜੇ। ਥਾਲੀ ਵਿੱਚ ਦਾਲ ਪਈ ਸੀ। ਬਿੱਲੀ ਨੇ ਸਾਰੀ ਡੇਗ ਦਿੱਤੀ ਸੀ। ਸਤਿਆਨਾਸ! ਕਿਹੋ ਜਿਹਾ ਦਿਨ ਚੜ੍ਹਿਆ ਹੈ ਅੱਜ ਰੱਬਾ! ਹੁਣ ਇਹ ਵੀ ਮੈਂ ਹੀ ਕਰਾਂ! ਇਹ ਦੇਵੀ ਜੀ ਗਈ ਕਿੱਥੇ?

ਰੋਜ਼ ਹੀ ਤਾਂ ਮੈਂ ਕਿਸੇ ਨਾ ਕਿਸੇ ਗੱਲ 'ਤੇ ਕੁਝ ਨਾ ਕੁਝ ਕਹਿੰਦਾ ਰਹਿੰਦਾ ਹਾਂ। ਕਿਤੇ ਗੁੱਸੇ ਹੋ ਕੇ ਪੇਕੇ ਤਾਂ ਨਹੀਂ ਚਲੀ ਗਈ? ਥਾਲੀ ਵਿਚ ਦਾਲ ਦੇ ਦਾਣੇ ਚੁਗਦਿਆਂ ਰਾਮਨਾਥ ਦੇ ਹੱਥ ਇਹ ਸੋਚ ਕੇ ਕੰਬ ਉੱਠੇ।

ਨਹੀਂ, ਇਉਂ ਕਿਵੇਂ ਚਲੀ ਜਾਏਗੀ? ਆਖਰ ਕਿਸ ਪਤੀ-ਪਤਨੀ ਵਿਚ ਝਗੜਾ ਨਹੀਂ ਹੁੰਦਾ! ਅਤੇ ਫਿਰ ਇਹ ਝਗੜਾ ਕਿੱਥੇ ਹੈ! ਛੋਟੀ-ਮੋਟੀ ਨੋਕ-ਝੋਕ ਹੈ। ਉਹ ਵੀ ਨਾ ਹੋਵੇ ਤਾਂ ਘਰ ਵਿਚ ਦੋ ਜਣਿਆਂ ਦਾ ਰਹਿਣਾ ਦੁੱਭਰ ਹੋ ਜਾਵੇ। ਸੋਚਦੇ-ਸੋਚਦੇ ਥੋੜ੍ਹੀ- ਬਹੁਤ ਦਾਲ ਇਕੱਠੀ ਕਰ ਲਈ। ਰਾਮਨਾਥ ਨੇ ਥਾਲੀ ਚੁੱਕੀ ਅਤੇ ਵਾਪਸ ਰਸੋਈ ਵਿਚ ਆ ਗਏ। ਥਾਲੀ ਨੂੰ ਇਕ ਪਾਸੇ ਰੱਖ ਕੇ ਸੋਚਿਆ, ਚਾਹ ਹੀ ਬਣਾ ਲੈਣ। ਬਿਜਲੀ ਦਾ ਸਵਿੱਚ ਫਰਿੱਜ ਦੇ ਪਿੱਛੇ ਕੰਧ 'ਤੇ ਸੀ। ਜਿਉਂ ਹੀ ਸਵਿੱਚ ਆਨ ਕਰਨ ਲਈ ਰਾਮਨਾਥ ਨੇ ਹੱਥ ਵਧਾਇਆ, ਖੜਾਕ ਨਾਲ ਕੁਝ ਡਿੱਗਣ ਦੀ ਆਵਾਜ਼ ਆਈ। ਬਿਜਲੀ ਜਗ ਪਈ ਸੀ। ਇਸ ਲਈ ਨਜ਼ਰ ਆਇਆ ਕਿ ਗਲਾਸ ਵਿਚ ਪਈ ਸਾਰੀ ਦੀ ਸਾਰੀ ਦਹੀਂ ਡਿੱਗ ਕੇ ਡੁੱਲ੍ਹ ਗਈ ਸੀ।

ਰਾਮਨਾਥ ਖਿਝ ਉੱਠੇ। ਹੁਣ ਇਹ ਕੋਈ ਦਹੀਂ ਰੱਖਣ ਦੀ ਥਾਂ ਹੈ! ਫਰਿੱਜ ਦਾ ਇਕ ਪਾਸਾ ਦਹੀਂ ਨਾਲ ਲਿੱਬੜ ਗਿਆ ਸੀ ਅਤੇ ਰਾਮਨਾਥ ਦਾ ਪਜਾਮਾ ਵੀ ਦਹੀਂ ਨਾਲ ਗਿੱਲਾ ਹੋ ਗਿਆ ਸੀ। ਕੁਝ ਸਮਝ ਨਾ ਆਉਣ 'ਤੇ ਰਾਮਨਾਥ ਨੇ ਪਜਾਮਾ ਲਾਹਿਆ ਅਤੇ ਉਸੇ ਨਾਲ ਫਰਿੱਜ ਅਤੇ ਫਰਸ਼ ਸਾਫ ਕਰ ਦਿੱਤਾ। ਪਜਾਮਾ ਵੀ ਉੱਥੇ ਹੀ ਸਿੰਕ ਵਿਚ ਰੱਖ ਦਿੱਤਾ। ਚਾਹ ਪੀਣ ਦਾ ਸਾਰਾ ਮੂਡ ਖਰਾਬ ਹੋ ਗਿਆ ਸੀ।

ਰਾਮਨਾਥ ਮੂੰਹ ਲਟਕਾਈ ਆਏ ਅਤੇ ਸੋਫੇ 'ਤੇ ਬਹਿ ਗਏ। ਉਹ ਮਨੋਂ-ਮਨੀਂ ਸੋਚ ਰਹੇ ਸਨ ਕਿ 'ਪਤਨੀ ਤੋਂ ਬਿਨਾਂ ਜੀਵਨ ਕਿੰਨਾ ਅਧੂਰਾ ਹੈ। ਥੋੜ੍ਹੀ ਜਿਹੀ ਗੱਲ 'ਤੇ ਕੀ-ਕੁਝ ਕਹਿ ਦਿੰਦਾ ਹਾਂ। ਆਦਤ ਹੀ ਪੈ ਗਈ ਹੈ ਮੈਨੂੰ ਲੜਨ ਦੀ। ਹੁਣ ਕੁਝ ਨਹੀਂ ਕਹਾਂਗਾ।' ਰਾਮਨਾਥ ਦੀਆਂ ਪਲਕਾਂ ਭਿੱਜ ਗਈਆਂ ਅਤੇ ਬੁੱਲ੍ਹ ਕੰਬਣ ਲੱਗੇ।

ਇੰਨੇ ਵਿਚ ਘੰਟੀ ਵੱਜੀ। ਰਾਮਨਾਥ ਨੇ ਦਰਵਾਜ਼ਾ ਖੋਲ੍ਹਿਆ। ਸਾਹਮਣੇ ਹੈਰਾਨ ਅੱਖਾਂ ਨਾਲ ਉਨ੍ਹਾਂ ਨੂੰ ਵੇਖਦੀ ਪਤਨੀ ਖੜ੍ਹੀ ਸੀ। ਰਾਮਨਾਥ ਨੂੰ ਜਿਵੇਂ ਗੁਆਚੀ ਪੂੰਜੀ ਲੱਭ ਗਈ ਹੋਵੇ! ਕੁਝ ਕਹਿੰਦੇ, ਇਸ ਤੋਂ ਪਹਿਲਾਂ ਹੀ ਪਤਨੀ ਬੋਲੀ- "ਇਹ ਕੀ ਬਣ ਕੇ ਘੁੰਮ ਰਹੇ ਹੋ? ਬੁਨੈਣ 'ਤੇ ਦਹੀਂ ਕਿੱਥੋਂ ਲੱਗ ਗਈ ਤੇ ਪਜਾਮਾ ਕਿੱਥੇ ਹੈ ਤੁਹਾਡਾ? ਤੇ ਇਉਂ ਕਿਉਂ ਖੜ੍ਹੇ ਹੋ? ਪੈਰ ਵਿਚ ਕੀ ਵੱਜ ਗਿਆ? ਚਾਹ ਪੀ ਲਈ ਸੀ? ਉੱਥੇ ਹੀ ਥਰਮਸ ਵਿਚ ਰੱਖ ਦਿੱਤੀ ਸੀ। ਕਾਗਜ਼ 'ਤੇ ਲਿਖ ਕੇ ਰੱਖ ਗਈ ਸਾਂ। ਰਾਤੀਂ ਲੜ ਕੇ ਸੁੱਤੇ ਸੀ ਕਿ ਜਗਾਈਂ ਨਾ। ਇਸੇ ਲਈ ਨਹੀਂ ਜਗਾਇਆ। ਸਵੇਰੇ ਸਵੇਰੇ ਬ੍ਰਿਜ ਦਾ ਫੋਨ ਆਇਆ ਸੀ ਕਿ ਰਤਨਾ, ਉਹਦੀ ਪਤਨੀ, ਦੀ ਤਬੀਅਤ ਖਰਾਬ ਹੋ ਗਈ ਸੀ, ਤਾਂ ਜਾਣਾ ਪਿਆ।' ਪਤਨੀ ਨੂੰ ਅਜਿਹੀ ਚੁੱਪ ਦੀ ਆਦਤ ਨਹੀਂ ਸੀ। ਭਾਸ਼ਣ ਖ਼ਤਮ ਹੋਣ 'ਤੇ ਵੀ ਜਵਾਬ ਨਾ ਸੁਣ ਕੇ ਉਹ ਬੜੇ ਗੌਰ ਨਾਲ ਪਤੀ ਨੂੰ ਵੇਖ ਰਹੀ ਸੀ। ਉੱਧਰ ਪਤੀਦੇਵ ਚੋਰੀ ਫੜੇ ਜਾਣ ਦੇ ਡਰ ਨਾਲ ਘਬਰਾਏ ਬੱਚੇ ਵਾਂਗ ਮਨੋਂ-ਮਨ ਪਰਮਾਤਮਾ ਦਾ ਸ਼ੁਕਰ ਮਨਾ ਰਹੇ ਸਨ ਕਿ ਪਤਨੀ ਨੇ ਅਜੇ ਘਰ ਦਾ ਮੁਆਇਨਾ ਨਹੀਂ ਕੀਤਾ ਹੈ...।

# ਜੇਲ੍ਹਾਂ 'ਚ ਕੈਦੀਆਂ ਨਾਲੋਂ ਵਿਚਾਰਅਧੀਨ ਕੈਦੀਆਂ ਦੀ ਚੌਗੁਣੀ ਗਿਣਤੀ ਚਿੰਤਾਜਨਕ

ਭਾਰਤ ਦੀਆਂ ਜੇਲ੍ਹਾਂ ਵਿਚ ਇਸ ਵੇਲੇ ਛੇ ਲੱਖ ਦਸ ਹਜ਼ਾਰ ਕੈਦੀ ਹਨ, ਜਿਨ੍ਹਾਂ ਵਿਚੋਂ ਲਗਭਗ 80 ਫ਼ੀਸਦੀ ਵਿਚਾਰਅਧੀਨ ਹਨ। ਭਾਵ ਇਹ ਕੈਦੀ ਜਾਂ ਤਾਂ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿਚ ਹਨ ਜਾਂ ਉਨ੍ਹਾਂ ਉਤੇ ਲੰਮੀ ਕਾਨੂੰਨੀ ਪ੍ਰਕਿਰਿਆ ਅਧੀਨ ਮੁਕੱਦਮੇ ਚੱਲ ਰਹੇ ਹਨ। ਦੁਨੀਆ ਦੀਆਂ ਜੇਲ੍ਹਾਂ 'ਚ ਵਿਚਾਰਅਧੀਨ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਕੈਦੀਆਂ ਦੀ ਗਿਣਤੀ 18 ਤੋਂ 20 ਫ਼ੀਸਦੀ ਹੈ ਜਦਕਿ ਭਾਰਤ ਵਿਚ 4 ਕੈਦੀਆਂ ਵਿਚੋਂ 3 ਵਿਚਾਰਅਧੀਨ ਹਨ ਅਤੇ ਅਦਾਲਤਾਂ ਦੇ ਫ਼ੈਸਲੇ ਉਡੀਕ ਰਹੇ ਹਨ।

ਇਕ ਰਿਪੋਰਟ ਅਨੁਸਾਰ ਅਦਾਲਤਾਂ 'ਚ ਲੰਮੇ ਸਮੇਂ ਤੱਕ ਫ਼ੈਸਲੇ ਖਿੱਚੇ ਜਾਣ ਕਾਰਨ ਜੇਲ੍ਹ ਵਿਚ ਇਕ ਸਾਲ ਤੋਂ ਜ਼ਿਆਦਾ, ਤਿੰਨ ਸਾਲ ਤੋਂ ਜ਼ਿਆਦਾ ਅਤੇ ਪੰਜ ਸਾਲ ਤੋਂ ਜ਼ਿਆਦਾ ਵਿਚਾਰਅਧੀਨ ਕੈਦੀਆਂ ਦੀ ਗਿਣਤੀ 'ਚ ਵਾਧਾ ਹੋਇਆ ਹੈ। ਯੂ.ਪੀ. 'ਚ ਸਭ ਤੋਂ ਵੱਧ 80557 ਵਿਚਾਰਅਧੀਨ ਕੈਦੀ ਹਨ।

ਪੁਲਿਸ ਬਹੁਤੀ ਵੇਰ, ਹੜਬੜੀ 'ਚ ਬਿਨਾਂ ਸੋਚੇ ਸਮਝੇ ਗ੍ਰਿਫ਼ਤਾਰੀਆਂ ਕਰਦੀ ਹੈ, ਐਫ.ਆਰ.ਆਈ ਦਰਜ ਕਰਦੀ ਹੈ ਅਤੇ ਕਥਿਤ ਦੋਸ਼ੀ ਨੂੰ ਜੇਲ੍ਹ ਅੰਦਰ ਡੱਕ ਦਿੰਦੀ ਹੈ। ਕੇਸਾਂ ਵਿਚ ਜ਼ਮਾਨਤ ਲੈਣ ਤਕ ਇਨ੍ਹਾਂ ਵਿਚਾਰਅਧੀਨ ਮਾਮਲਿਆਂ 'ਚ ਲੰਮਾ ਸਮਾਂ ਜੇਲ੍ਹ ਜਾਣ ਦੀ ਪ੍ਰਕਿਰਿਆ ਹੈ। ਸਬ-ਡਿਵੀਜ਼ਨ ਪੱਧਰ 'ਤੇ ਜੇਕਰ ਜ਼ਮਾਨਤ ਨਹੀਂ ਹੁੰਦੀ, ਤਾਂ ਜ਼ਿਲ੍ਹਾ ਅਦਾਲਤਾਂ 'ਚ ਜ਼ਮਾਨਤ ਲੱਗਦੀ ਹੈ, ਇਥੇ ਵੀ ਜ਼ਮਾਨਤ ਨਹੀਂ ਹੁੰਦੀ ਤਾਂ ਸੂਬਿਆਂ ਦੀਆਂ ਹਾਈ ਕੋਰਟਾਂ 'ਚ ਵਿਚਾਰਅਧੀਨ ਕੈਦੀ ਪਹੁੰਚਦਾ ਹੈ ਤੇ ਜੇਕਰ ਇਥੇ ਵੀ ਕੁਝ ਪੱਲੇ ਨਹੀਂ ਪੈਂਦਾ ਤਾਂ ਦੇਸ਼ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਂਦਾ ਹੈ। ਸਾਧਾਰਨ ਆਦਮੀ ਤਾਂ ਵੱਡੀ ਅਦਾਲਤ ਤਕ ਪੁੱਜਣ ਦੀ ਸਮਰੱਥਾ ਨਹੀਂ ਰੱਖਦਾ, ਜਿਹੜੇ ਸਮਰੱਥਾ ਵੀ ਰੱਖਦੇ ਹਨ, ਉਹ ਸੁਪਰੀਮ ਕੋਰਟ ਤਕ ਪੁੱਜਦੇ ਉਵੇਂ ਹੀ ਹੰਭ ਜਾਂਦੇ ਹਨ ਤੇ ਜੇਲ੍ਹਾਂ 'ਚ ਰਹਿਣ ਲਈ ਮਜਬੂਰ ਹੋ ਜਾਂਦੇ ਹਨ। ਕਿਉਂਕਿ ਦੇਸ਼ ਭਾਰਤ ਦੀ ਨਿਆਇਕ ਪ੍ਰਣਾਲੀ ਬਹੁਤ ਹੀ ਗੁੰਝਲਦਾਰ ਹੈ।

ਦੇਸ਼ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਐਨ.ਬੀ. ਰਮਨਾ ਕਹਿੰਦੇ ਹਨ, 'ਸਾਡੀ ਅਪਰਾਧਕ ਨਿਆਂ ਪ੍ਰਣਾਲੀ ਵਿਚ ਪ੍ਰਕਿਰਿਆ ਸਜ਼ਾ ਬਣ ਚੁੱਕੀ ਹੈ। ਜੇਲ੍ਹਾਂ ਵਿਚ ਬੰਦ ਕੈਦੀਆਂ ਨੂੰ ਨਿਆਂਇਕ ਪ੍ਰਣਾਲੀ ਪ੍ਰਕਿਰਿਆ ਵਿਚ ਵੱਡਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ ਅਤੇ ਇਸ ਪ੍ਰਕਿਰਿਆ ਕਾਰਨ ਹੀ ਬਿਨਾਂ ਮੁਕੱਦਮਾ ਚਲਾਏ ਲੰਮੇ ਸਮੇਂ ਤਕ ਕਥਿਤ ਦੋਸ਼ੀ ਕੈਦ ਵਿਚ ਰੱਖਿਆ ਜਾਂਦਾ ਹੈ, ਇਸ ਉਤੇ ਤੁਰੰਤ ਧਿਆਨ ਦੇਣ ਦੀ ਲੋੜ ਹੈ'।

ਆਰੋਪ ਝੂਠੇ ਹਨ ਜਾਂ ਸਹੀ, ਇਸ ਦਾ ਫ਼ੈਸਲਾ ਅਦਾਲਤ ਨੇ ਕਰਨਾ ਹੁੰਦਾ ਹੈ ਪਰ ਮੁੱਦਾ ਤਾਂ ਇਹ ਹੈ ਕਿ ਆਰੋਪੀਆਂ ਨੂੰ ਜ਼ਮਾਨਤ ਕਿਉਂ ਨਹੀਂ ਦਿੱਤੀ ਜਾਂਦੀ? ਜਾਂਚ ਦੇ ਦੌਰਾਨ ਆਰੋਪੀ, ਦੋਸ਼ੀ ਨਹੀਂ ਹੁੰਦੇ, ਉਨ੍ਹਾਂ 'ਤੇ ਦੋਸ਼ ਵਿਚਾਰਅਧੀਨ ਹੁੰਦੇ ਹਨ। ਪਰ ਜਦੋਂ ਅਦਾਲਤ ਆਰੋਪ ਤੈਅ ਕਰ ਦਿੰਦੀ ਹੈ ਤਾਂ ਉਹ ਵਿਚਾਰਅਧੀਨ ਕੈਦੀ ਹੋ ਜਾਂਦੇ ਹਨ। ਬਹੁਤੀ ਵੇਰ ਇਸ ਪ੍ਰਕਿਰਿਆ ਵਿਚ ਸਾਲਾਂਬੱਧੀ ਸਮਾਂ ਲੱਗਦਾ ਹੈ। ਵਕੀਲਾਂ ਦੀ ਬਹਿਸ ਵੀ ਚਲਦੀ ਹੈ। ਤਾਰੀਖ ਦਰ ਤਾਰੀਖ ਮੁਕੱਦਮੇ ਚੱਲਦੇ ਹਨ। ਸਵਾਲ ਇਹ ਹੈ ਕਿ ਜਦ ਤਕ ਸੁਣਵਾਈ ਪੂਰੀ ਨਾ ਹੋ ਜਾਵੇ ਤਦ ਤਕ ਆਰੋਪੀ ਨੂੰ ਕੀ ਜੇਲ੍ਹ ਵਿਚ ਰੱਖਿਆ ਜਾਣਾ ਚਾਹੀਦਾ ਹੈ? ਕੀ ਦੇਸ਼ ਦਾ ਕਾਨੂੰਨ ਇਹੀ ਹੈ?

ਜੇ ਸੱਚਮੁੱਚ ਦੇਸ਼ ਦਾ ਕਾਨੂੰਨ ਇਹੋ ਹੀ ਹੈ ਤਾਂ ਇਸ ਦੀ ਸਮੀਖਿਆ ਜਾਂ ਵਿਆਖਿਆ ਦੀ ਵੱਡੀ ਲੋੜ ਹੈ। ਇਸ ਕਰਕੇ ਵੀ ਕਿ ਕਈ ਵੇਰ ਆਰੋਪੀ ਮੁਕੱਦਮੇ 'ਚੋਂ ਬਰੀ ਹੋ ਜਾਂਦਾ ਹੈ ਪਰ ਕਈ ਵੇਰ ਬਿਨਾਂ ਵਜ੍ਹਾ ਕੈਦੀ ਬਣਿਆ ਰਹਿੰਦਾ ਹੈ ਜਾਂ ਕਈ ਵੇਰ ਮੁਕੱਦਮਾ ਇਤਨਾ ਸਮਾਂ ਚੱਲਦਾ ਹੈ ਕਿ ਮੁਕੱਦਮੇ 'ਚ ਕੈਦ ਉਸਨੂੰ ਕੈਦ ਥੋੜ੍ਹੇ ਸਮੇਂ ਲਈ ਹੁੰਦੀ ਹੈ, ਪਰ ਉਹ ਕੈਦ ਉਸ ਤੋਂ ਵੱਧ ਸਮਾਂ ਕੱਟ ਚੁੱਕਾ ਹੁੰਦਾ ਹੈ। ਇਹ ਕਈ ਹਾਲਤਾਂ ਵਿਚ ਉਦੋਂ ਹੁੰਦਾ ਹੈ ਜਦੋਂ ਸਾਧਾਰਨ ਵਿਅਕਤੀ ਦੀ ਮੁਕੱਦਮਾ ਲੜਨ ਦੀ ਪਹੁੰਚ ਹੀ ਨਹੀਂ ਹੁੰਦੀ।



ਚਾਲੀ ਸਾਲ ਪਹਿਲਾਂ ਗੁਰਬਖਸ਼ ਸਿੰਘ ਸਿਬੀਆ ਮਾਮਲੇ (1980) 'ਚ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੇ ਕਿਹਾ ਸੀ ਕਿ ਅਪਰਾਧਕ ਮਾਮਲਿਆਂ ਦੀ ਕਈ ਕਾਨੂੰਨੀ ਧਾਰਾਵਾਂ ਅਧੀਨ ਜ਼ਮਾਨਤ ਦੇਣਾ ਨਿਯਮ ਹੈ ਅਤੇ ਇਸ ਤੋਂ ਇਨਕਾਰ ਕਰਨਾ ਬੇਇਨਸਾਫ਼ੀ ਹੈ। ਸਾਲ 2014 ਵਿਚ ਅਰਨੇਸ਼ ਕੁਮਾਰ ਦੇ ਮਾਮਲੇ 'ਚ ਅਦਾਲਤ ਨੇ ਕਿਹਾ ਸੀ ਕਿ ਗ੍ਰਿਫ਼ਤਾਰ ਕਰਨ ਦੀ ਸ਼ਕਤੀ ਦੇ ਅਧਿਕਾਰ ਨੂੰ ਕੁੱਲ ਮਿਲਾ ਕੇ ਉਤਪੀੜਨ, ਦਮਨ ਦੇ ਰੂਪ ਵਿਚ ਨਹੀਂ ਦੇਖਿਆ ਜਾ ਸਕਦਾ ਅਤੇ ਨਾ ਹੀ ਇਸ ਨੂੰ ਨਿਸ਼ਚਤ ਰੂਪ 'ਚ ਜਨਤਾ ਪ੍ਰਤੀ ਦੋਸਤਾਨਾ ਰੂਪ 'ਚ ਦੇਖਿਆ ਜਾਂਦਾ ਹੈ। 29 ਜਨਵਰੀ 2020 ਵਿਚ ਇਕ ਹੋਰ ਸੰਵਿਧਾਨਕ ਬੈਂਚ ਨੇ ਸੁਸ਼ੀਲ ਅਗਰਵਾਲ ਦੇ ਇਨ੍ਹਾਂ ਸਾਰੇ ਭਰਮਾਂ ਨੂੰ ਦੂਰ ਕਰਦਿਆਂ ਕਿਹਾ ਸੀ ਕਿ ਆਪਣੇ ਆਪ ਨੂੰ ਇਹ ਯਾਦ ਦੁਆਉਣਾ ਲਾਭਦਾਇਕ ਹੋਵੇਗਾ ਕਿ ਨਾਗਰਿਕ ਜਿਨ੍ਹਾਂ ਅਧਿਕਾਰਾਂ ਨੂੰ ਗਹਿਰਾਈ ਨਾਲ ਅਨੁਭਵ ਕਰਦੇ ਹਨ, ਉਹ ਮੌਲਿਕ ਅਧਿਕਾਰ ਹੈ ਨਾ ਕਿ ਪ੍ਰਤੀਬੰਧਤ ਮੌਲਿਕ ਅਧਿਕਾਰ। 2022 ਵਿਚ ਮੁਹੰਮਦ ਜ਼ੁਬੈਰ ਮਾਮਲੇ 'ਚ ਨਿਰਣਾਇਕ ਫ਼ੈਸਲਾ ਦੇ ਕੇ ਮੁਹੰਮਦ ਜ਼ੁਬੈਰ ਨੂੰ ਰਿਹਾਅ ਕਰ ਦਿੱਤਾ ਗਿਆ। ਇਹ ਸੁਪਰੀਮ ਕੋਰਟ ਦਾ ਧਮਾਕੇਦਾਰ ਫ਼ੈਸਲਾ ਹੈ ਜੋ ਭਾਰਤੀ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰਾਖੀ ਕਰਨ ਵਾਲਾ ਮੰਨਿਆ ਜਾ ਰਿਹਾ ਹੈ।

ਇਨ੍ਹਾਂ ਸਾਰੇ ਫ਼ੈਸਲਿਆਂ ਦੇ ਬਾਵਜੂਦ ਦੇਸ਼ ਭਰ 'ਚ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਜਾਰੀ ਹੈ। ਭੀਮਾ ਕੋਰੇਗਾਓਂ ਮਾਮਲੇ 'ਚ ਆਰੋਪੀ, ਛਰਜੀਲ ਇਮਾਮ, ਉਮਰ ਖਾਲਿਦ, ਸਿਦੀਕੀ ਕਪਨ ਅਤੇ ਇਹੋ ਜਿਹੇ ਹੀ ਹਜ਼ਾਰਾਂ ਲੋਕ ਬਿਨਾਂ ਦੋਸ਼ ਸਿੱਧ ਹੋਣ ਦੇ ਵੀ ਜੇਲ੍ਹਾਂ 'ਚ ਬੰਦ ਹਨ। ਇਸ ਸਮੇਂ ਉਨ੍ਹਾਂ ਸੋਲਾਂ ਆਰੋਪੀਆਂ ਤੋਂ ਵੱਧ ਸਦਮਾ ਪਹੁੰਚਾਉਣ ਵਾਲੀ ਕੋਈ ਕਹਾਣੀ ਹੋ ਹੀ ਨਹੀਂ ਸਕਦੀ। ਇਸ ਮਾਮਲੇ ਨੂੰ ਭੀਮਾ ਕੋਰੇਗਾਓਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਕ ਜਨਵਰੀ 2018 ਨੂੰ ਹਰ ਸਾਲ ਵਾਂਗ ਭੀਮਾ ਕੋਰੇਗਾਓਂ ਵਿਚ ਕੁਝ ਲੋਕ ਜਿਨ੍ਹਾਂ ਵਿਚ ਦਲਿਤ ਸਮਾਜ ਨਾਲ ਬਹੁਤੇ ਸਬੰਧਤ ਸਨ ਇਸ ਪਿੰਡ ਦੇ ਸੰਘਰਸ਼ ਦੀ 200ਵੀਂ ਵਰ੍ਹੇਗੰਢ ਮੌਕੇ ਜਮ੍ਹਾਂ ਹੋਏ। ਉਨ੍ਹਾਂ ਉਤੇ ਭੀੜ ਨੇ ਹਿੰਸਾ ਅਤੇ ਪੱਥਰਬਾਜ਼ੀ ਕੀਤੀ। ਦੋਸ਼ ਲੱਗਦਾ ਹੈ ਕਿ ਉਨ੍ਹਾਂ ਨੇ ਕੱਟੜ ਲੋਕਾਂ ਨੂੰ ਉਕਸਾਇਆ ਸੀ। ਇਸ ਵਿਚ ਇਕ ਵਿਅਕਤੀ ਮਾਰਿਆ ਗਿਆ ਅਤੇ ਪੰਜ ਜ਼ਖ਼ਮੀ ਹੋਏ। ਭਾਜਪਾ ਸੂਬਾ ਸਰਕਾਰ ਨੇ ਜਾਂਚ ਕਰਵਾਈ। ਇਸ ਜਾਂਚ ਨੇ ਅਜੀਬ ਮੋੜ ਲੈ ਲਿਆ। 6 ਜਨਵਰੀ 2018 ਨੂੰ ਪੰਜ ਵਿਅਕਤੀਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਇਹ ਸਾਰੇ ਦਲਿਤ ਵਰਗ ਨਾਲ ਹਮਦਰਦੀ ਰੱਖਣ ਵਾਲੇ ਲੋਕ ਸਨ ਅਤੇ ਖੱਬੇ ਪੱਖੀ ਵਿਚਾਰਧਾਰਾ ਵਾਲੇ ਸਨ।

ਅਗਲੇ ਮਹੀਨਿਆਂ 'ਚ ਹੋਰ ਗ੍ਰਿਫ਼ਤਾਰੀਆਂ ਹੋਈਆਂ। ਗ੍ਰਿਫ਼ਤਾਰ ਕੀਤੇ ਜਾਣ ਵਾਲਿਆਂ 'ਚ ਇਕ ਵਕੀਲ, ਇਕ ਕਵੀ, ਇਕ ਪਾਦਰੀ ਲੇਖਕ, ਪ੍ਰੋਫੈਸਰ ਅਤੇ ਮਾਨਵੀ ਹੱਕਾਂ ਦੇ ਰਾਖੇ ਸ਼ਾਮਲ ਸਨ। ਆਰੋਪੀਆਂ ਵਲੋਂ ਜ਼ਮਾਨਤਾਂ ਲਈ ਅਰਜ਼ੀਆਂ ਦਿੱਤੀਆਂ ਗਈਆਂ। ਇਸ ਦੌਰਾਨ 84 ਸਾਲਾ ਪਾਦਰੀ ਸਟੇਨ ਸਵਾਮੀ ਦੀ 5 ਜੁਲਾਈ 2021 ਨੂੰ ਮੌਤ ਹੋ ਗਈ। 82 ਸਾਲ ਦੇ ਮਸ਼ਹੂਰ ਕਵੀ ਬਾਰਬਰਾ ਰਾਓ ਨੂੰ 2 ਸਤੰਬਰ 2021 ਨੂੰ ਸਿਹਤ ਦੀ ਖਰਾਬੀ ਦੇ ਮੱਦੇਨਜ਼ਰ ਮਸਾਂ ਜ਼ਮਾਨਤ ਮਿਲੀ।

ਇਥੇ ਹੀ ਬਸ ਨਹੀਂ ਕਈ ਹੋਰ ਉਦਾਹਰਨਾਂ ਹਨ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੇ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰਨ ਦੀਆਂ। ਕੇਰਲਾ, ਉਤਰ ਪ੍ਰਦੇਸ਼ ਵਿਚ ਵੀ ਇਹੋ ਜਿਹੀਆਂ ਗ੍ਰਿਫ਼ਤਾਰੀਆਂ ਹੋਈਆਂ। ਕੇਰਲ ਦੇ ਪੱਤਰਕਾਰ ਕੱਪਨ ਸਿਦੀਕੀ ਨੂੰ ਉਸ ਵੇਲੇ ਗ੍ਰਿਫ਼ਤਾਰ ਕੀਤਾ ਗਿਆ ਜਦੋਂ ਉਹ ਉਤਰ ਪ੍ਰਦੇਸ਼ ਦੇ ਹਾਥਰਸ ਕਾਂਡ ਦੀ ਰਿਪੋਰਟਿੰਗ ਕਰ ਰਹੇ ਸਨ। ਉਹ 5 ਅਕਤੂਬਰ 2020 ਤੋਂ ਜੇਲ੍ਹ ਵਿਚ ਹਨ, ਉਨ੍ਹਾਂ ਨੂੰ ਵੀ ਜ਼ਮਾਨਤ ਨਹੀਂ ਮਿਲੀ। ਦੇਸ਼ 'ਚ ਕਈ ਹੋਰ ਪੱਤਰਕਾਰ ਜੇਲ੍ਹਾਂ 'ਚ ਹਨ।

ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕਰ ਕੇ ਦਰਜਨਾਂ ਸਿਆਸੀ ਕਾਰਕੁਨਾਂ, ਨੇਤਾਵਾਂ ਨੂੰ ਜੇਲ੍ਹੀਂ ਡੱਕਿਆ ਗਿਆ ਹੈ, ਹਾਲਾਂਕਿ ਦੇਸ਼ ਦੀ ਸਰਬ ਉੱਚ ਅਦਾਲਤ ਨੇ ਇਸ ਧਾਰਾ ਅਧੀਨ ਸੂਬਾ ਸਰਕਾਰਾਂ ਨੂੰ ਕਿਸੇ 'ਤੇ ਵੀ ਮੁਕੱਦਮਾ ਦਰਜ ਨਾ ਕਰਨ ਤੋਂ ਵਰਜਿਆ ਹੈ।

ਅਸਲ ਵਿਚ ਸਰਕਾਰਾਂ ਵਲੋਂ ਬੋਲਣ ਦੀ ਆਜ਼ਾਦੀ ਨੂੰ ਜ਼ੰਜੀਰਾਂ ਨਾਲ ਬੰਨ੍ਹਿਆ ਜਾ ਰਿਹਾ ਹੈ, ਭਾਵ ਵਿਅਕਤੀ ਦੀ ਜ਼ੁਬਾਨ ਨੂੰ ਜ਼ੰਜੀਰਾਂ ਨਾਲ ਬੰਨ੍ਹਿਆ ਜਾ ਰਿਹਾ ਹੈ। ਇਨ੍ਹਾਂ ਗ੍ਰਿਫ਼ਤਾਰੀਆਂ ਦਾ ਇਕ ਪੱਖ ਇਹ ਵੀ ਹੈ ਕਿ ਜੋ ਵਿਅਕਤੀ ਸਰਕਾਰ ਦੀਆਂ ਨੀਤੀਆਂ ਵਿਰੁੱਧ ਬੋਲਦਾ ਹੈ, ਉਸਨੂੰ ਗ੍ਰਿਫ਼ਤਾਰ ਕਰਨ ਜਾਂ ਉਨ੍ਹਾਂ ਦੇ ਘਰਾਂ 'ਤੇ ਛਾਪੇ ਪਵਾਉਣ ਤੋਂ ਇਲਾਵਾ ਇਕ ਹੋਰ ਹਥਿਆਰ ਦੀ ਵਰਤੋਂ ਕੀਤੀ ਜਾ ਰਹੀ ਹੈ। ਉਹ ਹੈ ਬਦਨਾਮੀ। ਜਿਸ ਵਿਚ ਕਿਸੇ ਵੀ ਵਿਅਕਤੀ ਉਤੇ ਦੋਸ਼ ਮੜ੍ਹ ਕੇ ਗੋਦੀ ਪੱਤਰਕਾਰਾਂ ਦੇ ਟੋਲਿਆਂ ਨਾਲ ਰਲ ਕੇ ਭਾਜਪਾ ਆਈ.ਟੀ.ਸੈਲ ਉਨ੍ਹਾਂ ਨੂੰ ਬਦਨਾਮ ਕਰਦੀ ਹੈ। ਉਹ ਵਿਅਕਤੀ ਕਿਸ ਕਿਸ ਅੱਗੇ ਸਫਾਈਆਂ ਦਿੰਦਾ ਫਿਰੇਗਾ? ਬਹੁਤ ਸਾਰੇ ਸਿਆਸੀ ਨੇਤਾਵਾਂ ਉਤੇ ਗਬਨ ਦੇ ਮੁਕੱਦਮੇ ਹਨ, ਆਈ.ਡੀ, ਸੀ ਬੀ ਆਈ ਦੇ ਛਾਪੇ ਹਨ, ਪਰ ਕਿਸੇ ਭਾਜਪਾ ਨੇਤਾ ਉਤੇ ਕੋਈ ਛਾਪਾ ਨਹੀਂ, ਕੋਈ ਮੁਕੱਦਮਾ ਨਹੀਂ, ਕੀ ਉਹ ਸਾਰੇ ਇਮਾਨਦਾਰ ਹਨ?

ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿਚ ਕੈਦੀਆਂ ਨੂੰ ਰੱਖਣਾ ਉਨ੍ਹਾਂ ਦੇ ਮਾਨਵ ਅਧਿਕਾਰਾਂ ਦਾ ਸਿੱਧਾ ਹਨਨ ਹੈ। ਇਸ ਸਬੰਧ ਵਿਚ ਇਹ ਧਿਆਨ ਕਰਨਾ ਬਣਦਾ ਹੈ ਕਿ ਅੰਤਰਰਾਸ਼ਟਰੀ ਮੰਚ ਉਤੇ ਮਾਨਵ ਅਧਿਕਾਰਾਂ ਦੀ ਉਲੰਘਣਾ ਕਾਰਨ ਭਾਰਤ ਦੀ ਵੱਡੀ ਬਦਨਾਮੀ ਹੋਈ ਹੈ ਅਤੇ ਇਹ ਦੇਸ਼ ਭਰ 'ਚ ਲੋਕਾਂ ਨੂੰ ਫ਼ਿਰਕੂ ਆਧਾਰ 'ਤੇ ਵੰਡ ਕੇ ਵੋਟਾਂ ਲੈਣ ਦੀ ਸਿਆਸਤ ਕਾਰਨ ਚਰਮ ਸੀਮਾ ਉਤੇ ਹੈ।

ਹੈਰਾਨੀ ਵਾਲੀ ਗੱਲ ਤਾਂ ਇਹ ਵੀ ਹੈ ਕਿ ਪਿਛਲੇ ਦੋ ਸਾਲਾਂ ਦੇ ਸਮੇਂ ਦੌਰਾਨ ਭਾਰਤ ਦੀਆਂ 1378 ਜੇਲ੍ਹਾਂ ਵਿਚ ਕੈਦੀਆਂ/ਵਿਚਾਰਅਧੀਨ ਕੈਦੀਆਂ ਦੀ ਗਿਣਤੀ 'ਚ 30 ਫ਼ੀਸਦੀ ਦਾ ਵਾਧਾ ਹੋਇਆ ਹੈ। ਇਨ੍ਹਾਂ ਜੇਲ੍ਹਾਂ ਵਿਚ 4,03,739 ਵਿਅਕਤੀ ਰੱਖੇ ਜਾਣ ਦੀ ਸਮਰੱਥਾ ਹੈ ਜਦਕਿ 17 ਜੁਲਾਈ, 2022 ਤਕ ਉਤਨੀ ਥਾਂ ਵਿਚ 6,22,585 ਕੈਦੀ ਤੁੜ ਕੇ ਰੱਖੇ ਹੋਏ ਹਨ।

ਭਾਵੇਂ ਇਹ ਦਰਸਾਉਣਾ ਇਸ ਲੇਖ ਦਾ ਵਿਸ਼ਾ ਨਹੀਂ ਹੈ, ਪਰ ਕੈਦੀਆਂ ਨੂੰ ਦਿੱਤਾ ਜਾਣ ਵਾਲਾ ਖਾਣਾ, ਮੈਡੀਕਲ ਸਹੂਲਤਾਂ ਜੇਲ੍ਹਾਂ ਵਿਚ ਇੰਨੀਆਂ ਘੱਟ ਹਨ ਕਿ ਕੈਦੀਆਂ ਦਾ ਜੀਵਨ ਅਤਿ ਦਰਜੇ ਦਾ ਦੁਖਦਾਇਕ ਹੈ। ਭਾਵੇਂ ਕਿ ਕਈ ਜੇਲ੍ਹਾਂ ਵਿਚ ਨਸ਼ਿਆਂ ਦਾ ਕਾਰੋਬਾਰ, ਅਧਿਕਾਰੀਆਂ, ਸਿਆਸਤਦਾਨਾਂ ਦੀ ਸਰਪ੍ਰਸਤੀ ਹੇਠ ਹੁੰਦਾ ਹੈ। ਔਰਤ ਕੈਦੀਆਂ ਦੀ ਹਾਲਤ ਕਈ ਜੇਲ੍ਹਾਂ ਵਿਚ ਬਹੁਤ ਦਰਦਨਾਕ ਹੈ, ਇਕ ਕਮਰੇ ਵਿਚ 45 ਔਰਤਾਂ ਨੂੰ ਰੱਖਣਾ ਅਤੇ ਕਮਰੇ ਵਿਚ ਇਕ ਬਲਬ ਅਤੇ ਸਿਰਫ਼ ਇਕ ਪੱਖੇ ਦਾ ਹੋਣਾ, ਜੇਲ੍ਹਾਂ 'ਚ ਕੈਦੀਆਂ ਨਾਲ ਅਭੱਦਰ ਵਰਤਾਓ ਦੀ ਉਦਾਹਰਨ ਹੈ। ਅਪਰਾਜਿਤਾ ਬੋਸ ਨਾਂ ਦੀ (ਕਾਲਪਨਿਕ ਨਾਂ) ਇਕ ਔਰਤ ਸਾਲ 2000 ਤੋਂ 2013 ਤਕ ਆਪਣੇ ਪਤੀ ਦੇ ਕਤਲ ਦੇ ਦੋਸ਼ 'ਚ ਜੇਲ੍ਹ 'ਚ ਸੜਦੀ ਰਹੀ, ਜਿਸਨੂੰ ਕਲਕੱਤਾ ਹਾਈ ਕੋਰਟ ਤੇ ਫਿਰ ਸੁਪਰੀਮ ਕੋਰਟ ਨੇ ਬਰੀ ਕਰ ਦਿੱਤਾ ਸੀ।

ਇਕ ਪਾਸੇ ਦੋਸ਼, ਦੂਜੇ ਪਾਸੇ ਪਰਿਵਾਰ ਦਾ ਤ੍ਰਿਸਕਾਰ ਅਤੇ ਫਿਰ ਅਦਾਲਤੀ ਕਾਰਵਾਈਆਂ 'ਚ ਦੇਰੀ, ਪੈਸੇ ਦੀ ਬਰਬਾਦੀ, ਵੱਡੀ ਗਿਣਤੀ 'ਚ ਵਿਚਾਰਅਧੀਨ ਕੈਦੀਆਂ ਨਾਲ ਹੋ ਰਹੀ ਤ੍ਰਾਸਦੀ ਦੀ ਤਸਵੀਰ ਹੈ।

ਉਨ੍ਹਾਂ ਵਿਅਕਤੀਆਂ ਦੇ ਵਿਚਾਰਅਧੀਨ ਕੈਦੀ ਵਜੋਂ ਕੱਟੀ ਗਈ ਕੈਦ ਦਾ ਹਿਸਾਬ ਕੌਣ ਕਰੇਗਾ, ਕੌਣ ਉਨ੍ਹਾਂ ਦੀ ਆਰਥਿਕ ਹਾਲਤ ਦੀ ਭਰਪਾਈ ਕਰੇਗਾ, ਜਦੋਂ ਉਹ ਕੇਸ ਤੋਂ ਬਰੀ ਹੋ ਕੇ ਵਰ੍ਹਿਆਂ ਬੱਧੀ ਇਕੱਲ ਗੁਜ਼ਾਰ ਕੇ ਮੁੜ ਘਰ ਆਏਗਾ? ਇਕ ਸਰਵੇਖਣ ਅਨੁਸਾਰ ਭਾਰਤੀ ਅਦਾਲਤਾਂ 'ਚ ਦੋਸ਼ੀ ਕਰਾਰ ਦਿੱਤੇ ਜਾਣ ਦੀ ਦਰ 'ਚ 15 ਫ਼ੀਸਦੀ ਦੀ ਕਮੀ ਆਈ ਹੈ।

# ਪਾਪਾ

**ਲਘੂ ਕਥਾ**

**ਬਲਵਿੰਦਰ ਬਾਲਮ**
**ਫੋਨ: 98156-25409**

ਪਿਤਾ ਅਤੇ ਪੁੱਤਰ ਖਾਣੇ ਵਾਲੇ ਟੇਬਲ 'ਤੇ ਬੈਠੇ ਰਾਤ ਦਾ ਖਾਣਾ (ਭੋਜਨ) ਖਾ ਰਹੇ ਸਨ। ਦੋਵੇਂ ਆਪਸ ਵਿਚ ਕਈ ਤਰ੍ਹਾਂ ਦੀਆਂ ਗੱਲਾਂ-ਬਾਤਾਂ ਕਰ ਰਹੇ ਸਨ। ਪੁੱਤਰ ਕਹਿ ਰਿਹਾ ਸੀ, 'ਪਾਪਾ, ਕੋਈ ਹੋਰ ਵਧੀਆ ਜਿਹੀ ਗੱਲ ਸੁਣਾਓ'। ਪਿਤਾ ਭੋਜਨ ਖਾਣ ਦੇ ਨਾਲ-ਨਾਲ ਉਸ ਨੂੰ ਕਈ ਹਲਕੇ-ਫੁਲਕੇ ਹਾਸ ਠਿਠੋਲੀ ਵਾਲੇ ਚੁਟਕਲੇ ਵੀ ਸੁਣਾ ਰਿਹਾ ਸੀ। ਭੋਜਨ ਖਾਣ ਤੋਂ ਬਾਅਦ ਅਚਾਨਕ ਹੀ ਪੁੱਤਰ ਨੇ ਪ੍ਰਸੰਨ ਚਿੱਤ ਮੁਦਰਾ ਵਿਚ ਕਿਹਾ, 'ਪਾਪਾ, ਜਦੋਂ ਮੈਂ ਅਠਾਰ੍ਹਾਂ (18) ਸਾਲਾਂ ਦਾ ਹੋ ਜਾਵਾਂਗਾ, ਫਿਰ ਮੈਂ ਕਾਰ ਚਲਾ ਸਕਦਾ ਹਾਂ। ਫਿਰ ਮੈਂ ਡਰਾਈਵਿੰਗ ਦਾ ਰਿਟਨ ਟੈਸਟ ਕਲੀਅਰ ਕਰ ਕੇ, ਡਰਾਈਵਿੰਗ ਟੈਸਟ ਦੇ ਦੇਵਾਂਗਾ'। ਪਾਪਾ, ਜਦੋਂ ਮੈਂ ਅਠਾਰ੍ਹਾਂ ਸਾਲਾਂ ਦਾ ਹੋ ਜਾਵਾਂਗਾ, ਤੁਸੀਂ ਮੈਨੂੰ ਮੇਰੇ ਜਨਮ ਦਿਨ 'ਤੇ ਕੀ ਗਿਫ਼ਟ ਦੇਵੋਗੇ'? ਪਿਤਾ ਨੇ ਨਿਮਰਤਾ ਪੂਰਵਕ ਮੋਹ ਵਿਚ ਉਤਰਦੇ ਹੋਏ ਕਿਹਾ, 'ਬੇਟੇ, ਜਦੋਂ ਤੁਸੀਂ ਅਠਾਰ੍ਹਾਂ (18) ਸਾਲ ਦੇ ਹੋਵੋਗੇ ਫਿਰ ਵੇਖਾਂਗੇ, ਕਿਹੜੀ ਗਿਫ਼ਟ ਦੇਣੀ ਹੈ'। ''ਪਰ, ਪਾਪਾ, ਤੁਸੀਂ ਮੇਰੀ ਮਨ ਪਸੰਦ, ਕੋਈ ਖ਼ੂਬਸੂਰਤ ਜਿਹੀ, ਕੋਈ ਵੱਡੀ ਗਿਫ਼ਟ ਦੇਵੋਗੇ ਨਾ?'' ''ਹਾਂ, ਪੁੱਤਰ, ਬਹੁਤ ਵੱਡੀ, ਖ਼ੂਬਸੂਰਤ ਗਿਫ਼ਟ ਦੇਵਾਂਗੇ, ਪੁੱਤਰ।'' ਪੁੱਤਰ ਅੰਤਰਾਤਮਾ ਤੋਂ ਖੁਸ਼ ਹੋ ਗਿਆ। ਇਕ ਜਗਿਆਜਾ ਦੀ ਲਾਲਸਾ ਉਸ ਦੇ ਦਿਲ-ਦਿਮਾਗ ਵਿਚ ਤੈਰਨ ਲੱਗੀ।

ਸਮਾਂ ਰੁਝੇਵਿਆਂ ਭਰੀ ਜ਼ਿੰਦਗੀ ਦੇ ਨਾਲ-ਨਾਲ ਪੁਲਾਂਘਾਂ ਪੁੱਟਦਾ ਚਲਾ ਗਿਆ। ਪੁੱਤਰ ਹੁਣ ਲਗਭਗ ਅਠਾਰ੍ਹਾਂ ਸਾਲਾਂ ਦਾ ਹੋਣ ਵਾਲਾ ਸੀ। ਕੁਝ ਦਿਨਾਂ ਦੇ ਬਾਅਦ ਉਸ ਦਾ ਜਨਮ ਦਿਨ ਮਨਾਇਆ ਜਾਵੇਗਾ। ਪਰ, ਅਚਾਨਕ ਹੀ ਪੁੱਤਰ ਨੂੰ ਹਾਰਟ ਅਟੈਕ ਹੋ ਜਾਂਦਾ ਹੈ। ਉਸ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਸਾਰਾ ਪਰਿਵਾਰ ਸ਼ੋਕ ਵਿਚ। ਰਿਸ਼ਤੇਦਾਰ, ਯਾਰ, ਦੋਸਤ, ਸਨੇਹੀ, ਗੁਆਂਢੀ ਸਭ ਉਸ ਦੀ ਸਿਹਤਯਾਬੀ-ਤੰਦਰੁਸਤੀ ਲਈ ਪ੍ਰਮਾਤਮਾ ਅੱਗੇ ਅਰਦਾਸਾਂ, ਕਾਮਨਾ ਕਰਨ ਲੱਗੇ। ਡਾਕਟਰਾਂ ਨੇ ਗੰਭੀਰਤਾ ਅਤੇ ਬਚਾਓ ਢੰਗਾਂ ਲਈ ਕੁਝ ਕੀਮਤੀ-ਗੰਭੀਰ ਪ੍ਰਸਤਾਵ ਵੀ ਰੱਖੇ ਜੋ ਸਭ ਕਬੂਲ ਕਰ ਲਏ ਗਏ। ਪੁੱਤਰ ਦਾ ਅਪਰੇਸ਼ਨ ਕਾਮਯਾਬ ਹੋ ਗਿਆ ਸੀ। ਉਸ ਦਾ ਦਿਲ ਬਦਲ ਦਿੱਤਾ ਗਿਆ ਸੀ, ਨਵਾਂ ਦਿਲ ਪਾ ਦਿੱਤਾ ਗਿਆ ਸੀ। ਕੁਝ ਦਿਨਾਂ ਬਾਅਦ ਉਸ ਦਾ ਜਨਮ ਦਿਨ ਸੀ। ਪੁੱਤਰ, ਤੰਦਰੁਸਤ ਹੋ ਕੇ ਠੀਕ-ਠਾਕ ਘਰ ਆ ਗਿਆ ਸੀ। ਉਸ ਨੇ ਘਰ ਆਉਂਦੇ ਹੀ ਆਪਣੀ ਮਾਂ ਨੂੰ ਜਗਿਆਸਾ ਅਤੇ ਲਲਕ ਵਿਚ ਕਿਹਾ, 'ਮੰਮੀ, ਪਾਪਾ ਕਿੱਥੇ ਹਨ'? ਤਾਂ ਮਾਂ ਨੇ ਸੰਜਮ ਅਤੇ ਸੰਤੋਖ ਵਿਚ ਰਹਿੰਦੇ ਹੋਏ ਇਕ ਕਾਗਜ਼ ਉਸ ਦੇ ਹੱਥਾਂ ਵਿਚ ਫੜਾ ਦਿੱਤਾ। ਪੁੱਤਰ ਹੈਰਾਨੀ ਨਾਲ ਜਦ ਉਸ ਕਾਗਜ਼ ਨੂੰ ਪੜ੍ਹਨ ਲੱਗਿਆ ਤਾਂ ਉਸ ਵਿਚ ਲਿਖਿਆ ਹੋਇਆ ਸੀ, ਮੇਰੇ ਪਿਆਰੇ ਲਾਡਲੇ ਪੁੱਤਰ, ਮੇਰੀ ਜਾਨ, ਤੂੰ ਹੀ ਸਾਡਾ ਸਵਰਗ ਏਂ, ਸਾਡੀ ਪੀੜ੍ਹੀਆਂ ਦੀ ਹੋਂਦ ਏਂ, ਤੂੰ ਹੌਸਲਾ ਨਾ ਹਾਰੀਂ, ਧੀਰਜ ਰੱਖਣਾ, ਪਰਮਾਤਮਾ ਉਤੇ ਭਰੋਸਾ ਰੱਖਣ ਵਿਚ ਹੀ ਜੀਵਨ ਹੈ, ਇਹ ਸਭ ਕਿਸਮਤਾਂ ਦਾ ਖੇਲ ਹੈ ਬੇਟਾ, ਆਪਣੇ ਮਨ ਨੂੰ ਮਜ਼ਬੂਤੀ ਨਾਲ ਸੰਭਾਲ ਲਵੀਂ। ਆਪਣੀ ਮਾਂ ਅਤੇ ਭੈਣ ਨੂੰ ਤਸੱਲੀ ਦੇਵੀਂ, ਮੇਰੇ ਪਿਆਰੇ ਪੁੱਤਰ, ਤੂੰ ਖ਼ੂਬ ਤਰੱਕੀ ਕਰੀਂ। ਸਾਰੇ ਪਰਿਵਾਰ ਦਾ ਨਾਮ ਰੌਸ਼ਨ ਕਰੇਗਾ। ਪੁੱਤਰ, ਮੇਰੇ ਪਿਆਰੇ ਬੇਟੇ ਤੂੰ ਕਹਿੰਦਾ ਸੀ ਨਾ, ਪਾਪਾ ਮੇਰੇ ਜਨਮ ਦਿਨ 'ਤੇ ਖ਼ੂਬਸੂਰਤ ਵੱਡੀ ਗਿਫ਼ਟ ਦੇਵੋਗੇ, ਤੇ ਉਹ ਫਰਜ਼ ਅੱਜ ਮੈਂ ਪੂਰਾ ਕਰ ਚੱਲਿਆ ਹਾਂ। ਯੁਗ-ਯੁਗ ਜੀਵੋ ਮੇਰੇ ਲਾਲ, ਮੇਰਾ ਲਾਡਲਾ ਪੁੱਤਰ। ਇਕ ਸਪਨਾ ਬਣ ਚੁੱਕੇ-ਤੇਰੇ ਪਾਪਾ'।

ਸਿਹਤਨਾਮਾ

# ਕੀ 50 ਸਾਲਾਂ ਦੀ ਉਮਰ ਤੋਂ ਬਾਅਦ ਦਿਮਾਗ਼ ਤੇ ਸਰੀਰ ਜਵਾਨ ਕੀਤਾ ਜਾ ਸਕਦਾ ਹੈ?

ਜਿਵੇਂ-ਜਿਵੇਂ ਉਮਰ ਵਧਦੀ ਹੈ, ਦਿਮਾਗ਼ ਦਾ ਸੁੰਗੜਨਾ ਵਧਦਾ ਜਾਂਦਾ ਹੈ। ਇਸੇ ਲਈ ਯਾਦਾਸ਼ਤ ਦੀ ਕਮੀ ਵੀ ਦਿਸਣ ਲੱਗ ਪੈਂਦੀ ਹੈ। ਕਈ ਕਿਸਮਾਂ ਦੇ ਹਾਰਮੋਨ ਅਤੇ ਰਸ ਵੀ ਘਟ ਜਾਂਦੇ ਹਨ।

ਖੋਜਾਂ ਸਾਬਤ ਕਰ ਚੁੱਕੀਆਂ ਹਨ ਕਿ ਰੈਗੂਲਰ ਕਸਰਤ ਅਤੇ ਸੰਤੁਲਿਤ ਖ਼ੁਰਾਕ ਦਿਮਾਗ਼ ਨੂੰ ਲੰਮੇ ਸਮੇਂ ਤੱਕ ਚੁਸਤ-ਦਰੁਸਤ ਰੱਖ ਸਕਦੇ ਹਨ ਕਿਉਂਕਿ ਦਿਮਾਗ਼ ਵੱਲ ਜਾਂਦਾ ਲਹੂ ਰਵਾਂ ਹੋ ਜਾਂਦਾ ਹੈ।

40 ਸਾਲਾਂ ਦੀ ਉਮਰ ਤੋਂ ਬਾਅਦ ਹਰ ਦਸ ਸਾਲਾਂ ਵਿਚ 5 ਫੀਸਦੀ ਦਿਮਾਗ਼ ਸੁੰਗੜ ਜਾਂਦਾ ਹੈ। ਇਸੇ ਲਈ ਸੱਤਰਿਆ-ਬਹੱਤਰਿਆ ਸ਼ਬਦ ਵਰਤਿਆ ਜਾਂਦਾ ਹੈ। ਮਜ਼ੇਦਾਰ ਤੱਥ ਇਹ ਹੈ ਕਿ

**ਡਾ. ਹਰਸ਼ਿੰਦਰ ਕੌਰ, ਐੱਮ.ਡੀ.**
**ਫੋਨ: 0175-2216783**

ਆਦਮੀ ਅਤੇ ਔਰਤ ਦੇ ਦਿਮਾਗ਼ ਦੇ ਵੱਖੋ-ਵੱਖ ਹਿੱਸੇ ਉਮਰ ਨਾਲ ਸੁੰਗੜਦੇ ਹਨ। ਦਿਮਾਗ਼ ਦੇ ਅਗਲੇ ਸਿਰੇ (ਫਰੰਟਲ ਅਤੇ ਟੈਂਪੋਰਲ) ਦਾ ਬੰਦਿਆਂ ਵਿਚ ਘਟਣਾ ਅਤੇ ਔਰਤਾਂ ਵਿਚ ਪਾਸੇ ਦਾ ਹਿੱਸਾ (ਪੈਰਾਈਟਲ) ਘਟਦਾ ਵੇਖਿਆ ਗਿਆ ਹੈ।

ਇਸੇ ਲਈ ਇੱਕੋ ਜਿੰਨੇ ਲਾਇਕ ਔਰਤ ਅਤੇ ਮਰਦ ਹੋਣ ਤਾਂ ਵਧਦੀ ਉਮਰ ਨਾਲ ਬੌਧਿਕ ਵਿਕਾਸ ਵਿਚ ਘਾਟਾ ਬੰਦਿਆਂ ਵਿਚ ਵੱਧ ਦਿਸਣ ਲੱਗ ਪੈਂਦਾ ਹੈ। ਇਸ ਵਾਸਤੇ ਸਿਰਫ਼ 140 ਜਣਿਆਂ ਉੱਤੇ ਲੰਮੇ ਸਮੇਂ ਤੱਕ ਖੋਜ ਕੀਤੀ ਗਈ ਸੀ, ਜੋ 50 ਤੋਂ 81 ਵਰ੍ਹਿਆਂ ਦੇ ਸਨ।

ਵਹਿੰਦੀ ਕਲਾ ਦਾ ਬਹੁਤ ਅਹਿਮ ਰੋਲ ਲੱਭਿਆ ਗਿਆ, ਜਿਸ ਨਾਲ ਦਿਮਾਗ਼ ਦਾ ਸੁੰਗੜਨਾ ਵਕਤ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ। ਨਿੱਕੀਆਂ-ਨਿੱਕੀਆਂ ਗੱਲਾਂ ਭੁੱਲਣੀਆਂ, ਨਾਂ ਭੁੱਲ ਜਾਣੇ, ਚੀਜ਼ ਰੱਖ ਕੇ ਭੁੱਲ ਜਾਣੀ, ਜਿੱਥੇ ਗਏ ਹੋਵੇ, ਉੱਥੇ ਕੁੱਝ ਛੱਡ ਆਉਣਾ ਆਦਿ ਆਮ ਹੀ ਲੋੜੋਂ ਵੱਧ ਦਿਮਾਗ਼ ਉੱਤੇ ਬੋਝ, ਤਣਾਓ ਜਾਂ ਵਹਿੰਦੀ ਕਲਾ ਵਿਚ ਦਿਸਣ ਲੱਗ ਪੈਂਦਾ ਹੈ।

ਇਹ ਵੀ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਵਧਦੀ ਉਮਰ ਨਾਲ ਆਵਾਜ਼ ਦੀ ਗੜਕ ਵਿਚ ਫ਼ਰਕ ਪੈ ਜਾਂਦਾ ਹੈ। ਕਈ ਵਾਰ ਲੋਕਾਂ ਜਾਂ ਸ਼ਹਿਰਾਂ ਦੇ ਨਾਂ ਵੀ ਚੇਤੇ ਵਿਚੋਂ ਵਿਸਰ ਜਾਂਦੇ ਹਨ। ਕੁੱਝ ਬਹੁਤ ਹੌਲੀ ਬੋਲਣ ਲੱਗ ਪੈਂਦੇ ਹਨ। ਇਹ ਸਭ ਕੁੱਝ ਦਿਮਾਗ਼ ਵੱਲ ਜਾਂਦੇ ਲਹੂ ਦਾ ਘਟਣਾ, ਦਿਮਾਗ਼ ਦੀਆਂ ਨਾੜੀਆਂ ਦਾ ਭੀੜੀਆਂ ਹੋਣਾ, ਲਹੂ ਦੇ ਛੱਪੇ ਜੰਮਣੇ, ਬੋਲਣ ਵਾਲੇ ਜੰਤਰ ਦਾ ਸੁੰਗੜ ਜਾਣਾ, ਗਲੇ ਦੇ ਪੱਠਿਆਂ ਦੀ ਕਮਜ਼ੋਰੀ ਆਦਿ, ਅਨੇਕ ਕਾਰਨਾਂ ਕਰ ਕੇ ਉੱਚੀ ਆਵਾਜ਼ ਨਾ ਨਿਕਲਣੀ ਅਤੇ ਤੇਜ਼ੀ ਨਾਲ ਨਾ ਬੋਲ ਸਕਣਾ ਆਮ ਹੀ ਦਿਸਦੇ ਹਨ। ਜੇ ਪਾਰਕਿਨਸਨ ਰੋਗ ਹੋ ਜਾਵੇ ਜਾਂ ਦਿਮਾਗ਼ੀ ਸੱਟ ਵੱਜੀ ਹੋਵੇ ਤਾਂ ਹਾਲਾਤ ਹੋਰ ਵੀ ਬਦਤਰ ਹੋ ਸਕਦੇ ਹਨ।

ਕਈ ਵਾਰ ਬੋਲਣ ਵੇਲੇ ਮੂੰਹ ਦਾ ਕਾਂਬਾ ਜਾਂ ਰਲਗੱਡ ਜਿਹੇ ਬੋਲ ਵੀ ਸੁਣੇ ਜਾ ਸਕਦੇ ਹਨ। ਇਹ ਮੂੰਹ, ਗਲੇ ਅਤੇ ਚਿਹਰੇ ਦੇ ਪੱਠਿਆਂ ਦੀ ਲੋੜੋਂ ਵੱਧ ਕਮਜ਼ੋਰੀ ਕਾਰਨ ਹੋ ਜਾਂਦਾ ਹੈ ਕਿਉਂਕਿ ਪ੍ਰੋਟੀਨ ਦੀ ਘਾਟ ਨਾਲ ਪੱਠੇ ਵੀ ਬਹੁਤੇ ਕਮਜ਼ੋਰ ਹੋ ਜਾਂਦੇ ਹਨ।

ਜੇ ਦਿਮਾਗ਼ ਨੂੰ ਲਗਾਤਾਰ ਰਵਾਂ ਨਾ ਕੀਤਾ ਜਾ ਰਿਹਾ ਹੋਵੇ, ਯਾਨੀ ਇਕੱਲੇ ਬਹਿ ਜਾਣਾ ਜਾਂ ਘਰ ਅੰਦਰ ਹੀ ਤੜੇ ਜਾਣਾ ਅਤੇ ਕੁੱਝ ਵੀ ਨਵਾਂ ਨਾ ਲਿਖਣਾ ਜਾਂ ਪੜ੍ਹਨਾ, ਤਾਂ 50 ਵਰ੍ਹਿਆਂ ਦੀ ਉਮਰ ਤੋਂ ਪਹਿਲਾਂ ਹੀ ਦਿਮਾਗ਼ ਲੋੜੋਂ ਵੱਧ ਸੁੰਗੜ ਜਾਂਦਾ ਹੈ। ਇਸੇ ਲਈ ਬੁਝਾਰਤਾਂ ਬੁੱਝਣੀਆਂ, ਨਵੀਂ ਜ਼ਬਾਨ ਸਿੱਖਣੀ, ਨੱਚਣਾ, ਤੇਜ਼ ਤੁਰਨਾ, ਸਵੈਟਰ ਬੁਣਨਾ, ਗੀਤ ਗਾਉਣੇ, ਗਿੱਧਾ ਪਾਉਣਾ, ਖੇਤੀ ਕਰਨੀ, ਗੋਡੀ ਕਰਨੀ, ਨਵੀਂ ਚੀਜ਼ ਬਣਾ ਕੇ ਖਾਣੀ, ਤਾਸ਼ ਖੇਡਣੀ, ਅਖ਼ਬਾਰ ਜਾਂ ਨਾਵਲ ਪੜ੍ਹਨੇ, ਸੰਗੀਤ ਸਿਰਜਣਾ ਜਾਂ ਸੁਣਨਾ ਆਦਿ, ਵਰਗੇ ਕੰਮ ਦਿਮਾਗ਼ ਨੂੰ ਚੁਸਤ ਰੱਖਣ ਲਈ ਜ਼ਰੂਰ ਕਰਨੇ ਚਾਹੀਦੇ ਹਨ। ਦਿਮਾਗ਼ ਵਿਹਲਾ ਹੁੰਦੇ ਸਾਰ ਸੁਸਤ ਪੈ ਕੇ ਵਾਧੂ ਚੀਜ਼ਾਂ ਬਾਹਰ ਕੱਢ ਦਿੰਦਾ ਹੈ।

ਖੋਜਾਂ ਤਾਂ ਇੱਥੋਂ ਤੱਕ ਸਾਬਤ ਕਰ ਚੁੱਕੀਆਂ ਹਨ ਕਿ ਵਿਹਲੇ ਸਮੇਂ ਤਾਸ਼ ਖੇਡਣ ਜਾਂ ਅਖ਼ਬਾਰ ਪੜ੍ਹਨ ਨਾਲ ਵੀ ਬੌਧਿਕ ਵਿਕਾਸ ਵਾਲਾ ਸੈਂਟਰ ਰਵਾਂ ਹੁੰਦਾ ਰਹਿੰਦਾ ਹੈ ਤੇ ਸੁੰਗੜਦਾ ਨਹੀਂ। ਇੰਜ ਹੀ ਨਵੇਂ ਲੋਕਾਂ ਨੂੰ ਮਿਲਣ ਗਿਲਣ ਜਾਂ ਵੈਸੇ ਹੀ ਖਲੋਅ ਕੇ ਉਨ੍ਹਾਂ ਨਾਲ ਗੱਲ ਕਰਨ ਨਾਲ ਵੀ ਦਿਮਾਗ਼ ਵੱਲ ਜਾਂਦਾ ਲਹੂ ਰਵਾਂ ਹੁੰਦਾ ਰਹਿੰਦਾ ਹੈ।

ਇਸ ਦੇ ਨਾਲੋ ਨਾਲ ਸਵੇਰ ਵੇਲੇ ਦੀ ਲੰਮੀ ਸੈਰ ਅਤੇ ਹਰੀਆਂ ਸਬਜ਼ੀਆਂ ਤੇ ਫਲ ਖਾਂਦੇ ਰਹਿਣਾ ਅਧੇੜ ਉਮਰ ਤੱਕ ਦਿਮਾਗ਼ੀ ਤੰਦਰੁਸਤੀ ਦਾ ਰਾਜ਼ ਮੰਨੇ ਗਏ ਹਨ।

ਨੈਸ਼ਨਲ ਰਿਸਰਚ ਕਾਊਂਸਲ ਨੇ ਸੰਨ 2000 ਵਿਚ ਤੇ ਫਿਰ 2003 ਵਿਚ ਇਹ ਸਪੱਸ਼ਟ



ਕੀਤਾ ਸੀ ਕਿ ਕੋਈ ਵੀ ਨਵੀਂ ਖੋਜ ਪੜ੍ਹਦੇ ਰਹਿਣ ਨਾਲ ਵੀ ਵਡੇਰੀ ਉਮਰ ਤੱਕ ਯਾਦਾਸ਼ਤ ਦਾ ਸੈਂਟਰ ਤਾਜ਼ਾ ਰੱਖਿਆ ਜਾ ਸਕਦਾ ਹੈ। ਇਹ ਵੀ ਅਣਗਿਣਤ ਲੋਕਾਂ ਉੱਤੇ ਖੋਜ ਕੀਤੀ ਜਾ ਚੁੱਕੀ ਹੈ ਕਿ ਦੋਸਤਾਂ ਮਿੱਤਰਾਂ ਜਾਂ ਆਂਢੀਆਂ ਗੁਆਂਢੀਆਂ ਨਾਲ ਗੱਲਬਾਤ ਕਰਦੇ ਰਹਿਣ ਵਾਲੇ ਲੰਮੀ ਉਮਰ ਭੋਗਦੇ ਹਨ।

ਇਸ ਦੇ ਸਬੂਤ ਵੀ ਮਿਲ ਚੁੱਕੇ ਹਨ ਕਿ ਪੋਤਰੇ-ਦੋਹਤਰਿਆਂ ਨਾਲ ਸਾਂਝ ਗੰਢਣ ਵਾਲੇ ਬਜ਼ੁਰਗਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਜ਼ਿਆਦਾ ਦੇਰ ਤੱਕ ਠੀਕ ਰਹਿੰਦੀ ਹੈ। ਯੋਗ ਅਤੇ ਹਲਕੀ ਫੁਲਕੀ ਕਸਰਤ ਤਾਂ 95 ਸਾਲ ਦੇ ਬਜ਼ੁਰਗਾਂ ਨੂੰ ਵੀ ਤੰਦਰੁਸਤ ਰੱਖਦੀ ਹੈ। ਇਸ ਨਾਲ ਉਮਰ ਵੀ ਲੰਮੀ ਭੋਗੀ ਜਾ ਸਕਦੀ ਹੈ।

ਜਾਨਵਰ ਵੀ ਜੇ ਇਕੱਲੇ ਰੱਖ ਕੇ ਪਾਲੇ ਜਾਣ ਤਾਂ ਉਨ੍ਹਾਂ ਦੇ ਦਿਮਾਗ਼ ਦਾ ਸੁੰਗੜਨਾ ਵੇਖਿਆ ਗਿਆ ਹੈ। ਇੰਜ ਹੀ ਇਕੱਲਾ ਰਹਿ ਗਿਆ ਬਜ਼ੁਰਗ ਆਪਣੇ ਆਪ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਇਸ ਚੁੱਪ ਅਤੇ ਜ਼ਿੰਦਗੀ ਵਿਚਲੇ ਖੋਖਲੇਪਨ ਨੂੰ ਭਰਨ ਲਈ ਬਜ਼ੁਰਗ ਘਰ ਅਤੇ ਬਜ਼ੁਰਗਾਂ ਲਈ ਕਈ ਪ੍ਰੋਗਰਾਮ ਉਲੀਕੇ ਜਾਂਦੇ ਹਨ ਤਾਂ ਜੋ ਵਡੇਰੀ ਉਮਰ ਵਿਚ ਵੀ ਬਜ਼ੁਰਗ ਕਿਸੇ ਉੱਤੇ ਆਸ਼ਰਿਤ ਮਹਿਸੂਸ ਨਾ ਕਰਨ। ਇੰਜ ਹੀ ਵਿਸ਼ਵ ਪੱਧਰ ਉੱਤੇ ਬਜ਼ੁਰਗਾਂ ਦੀਆਂ ਖੇਡਾਂ ਪ੍ਰਚੱਲਿਤ ਕੀਤੀਆਂ ਗਈਆਂ ਹਨ। ਵਹਿੰਦੀ ਕਲਾ ਵਡੇਰੀ ਉਮਰ ਵਿਚ ਆਮ ਹੀ ਆ ਦਬੋਚਦੀ ਹੈ। ਕਾਰਨ-ਮੌਤ ਦਾ ਭੈਅ, ਪੈਸੇ ਦੀ ਘਾਟ, ਆਪਣਿਆਂ ਵੱਲੋਂ ਬੇਕਦਰੀ, ਜੀਵਨ ਸਾਥੀ ਦਾ ਤੁਰ ਜਾਣਾ ਆਦਿ।

ਇਸੇ ਲਈ ਰੈਗੂਲਰ ਸਿਹਤ ਦਾ ਚੈੱਕਅੱਪ ਅਤੇ ਵੇਲੇ ਸਿਰ ਬੀਮਾਰੀਆਂ ਦਾ ਇਲਾਜ ਕਰਨ ਦੀ ਲੋੜ ਹੁੰਦੀ ਹੈ। ਇਸ ਦੇ ਨਾਲ ਹੀ ਮਨੋਰੋਗ ਸਪੈਸ਼ਲਿਸਟ ਵੱਲੋਂ ਚੈੱਕਅੱਪ ਜ਼ਰੂਰੀ ਹੁੰਦਾ ਹੈ।

ਮਨੋਰੋਗਾਂ ਤੋਂ ਬਚਾਓ ਲਈ ਬਜ਼ੁਰਗਾਂ ਨੂੰ ਬੈਂਕ, ਸੈਰ ਸਪਾਟਾ ਜਾਂ ਬਜ਼ਾਰ ਵਿਚ ਖਰੀਦੋ ਫਰੋਖ਼ਤ ਲਈ ਜਾਣ ਵਾਸਤੇ ਪ੍ਰੋਤਸਾਹਿਤ ਕੀਤਾ ਜਾਂਦਾ ਹੈ।

ਨਵੀਂ ਜ਼ਬਾਨ ਸਿੱਖਣ, ਨਵੀਆਂ ਗੱਲਾਂ ਸੁਣਨ ਅਤੇ ਨਵੀਆਂ ਚੀਜ਼ਾਂ ਵੇਖਣ ਨਾਲ ਦਿਮਾਗ਼ ਦੇ ਵੱਖੋ-ਵੱਖ ਹਿੱਸਿਆਂ ਵੱਲ ਜਾਂਦੀਆਂ ਤਰੰਗਾਂ ਦਿਮਾਗ਼ ਦੇ ਸਾਰੇ ਹਿੱਸਿਆਂ ਨੂੰ ਚੁਸਤ ਕਰ ਦਿੰਦੀਆਂ ਹਨ। ਹਰ ਨਵੇਂ ਸਿੱਖੇ ਸ਼ਬਦ ਨੂੰ ਬੱਚਿਆਂ ਵਾਂਗ ਪੰਜ ਜਾਂ ਛੇ ਵਾਰ ਦੁਹਰਾਉਣਾ ਚਾਹੀਦਾ ਹੈ। ਬਿਲਕੁਲ ਇੰਜ ਹੀ ਨੱਚਣ ਨਾਲ ਜਿੱਥੇ ਵੱਖੋ-ਵੱਖ ਜੋੜ ਅਤੇ ਪੱਠੇ ਠੀਕ ਰਹਿੰਦੇ ਹਨ, ਉੱਥੇ ਦਿਮਾਗ਼ ਵੀ ਪੂਰਾ ਚੁਸਤ ਹੋ ਜਾਂਦਾ ਹੈ।

ਚੰਗੇ ਸਪੈਸ਼ਲਿਸਟ ਡਾਕਟਰਾਂ ਅਨੁਸਾਰ ਹਰ ਇੰਦਰੀ ਨੂੰ ਰੋਜ਼ ਚੁਸਤ ਕਰਨ ਲਈ ਵੇਖਣ, ਸੁਣਨ, ਛੋਹਣ, ਸੁਆਦ ਅਤੇ ਸੁੰਘਣ ਦੀਆਂ ਤੰਤੀਆਂ ਨੂੰ ਵਰਤਣ ਦੀ ਲੋੜ ਹੁੰਦੀ ਹੈ। ਨਵੇਂ ਹੋਟਲ ਵਿਚ ਰੋਟੀ ਖਾਣੀ, ਬਾਗ਼ ਵਿਚ ਸੈਰ ਕਰਨੀ, ਨਵੀਂ ਪਰਫਿਊਮ ਲਾਉਣੀ, ਨਵੀਂ ਚਾਦਰ ਵਿਛਾਉਣੀ, ਨਵੇਂ ਫੁੱਲ ਲਾਉਣੇ, ਪਾਲਤੂ ਜਾਨਵਰ ਰੱਖਣਾ ਆਦਿ, ਹਰ ਗੱਲ ਨੂੰ ਵਾਰੀ-ਵਾਰੀ ਕਰ ਕੇ ਅਜਿਹਾ ਕੀਤਾ ਜਾ ਸਕਦਾ ਹੈ।

ਜੇ ਬਜ਼ੁਰਗ ਆਪ ਕਾਰ ਚਲਾ ਸਕਦੇ ਹੋਣ ਜਾਂ ਸਾਈਕਲ ਚਲਾ ਰਹੇ ਹੋਣ ਤਾਂ ਬਹੁਤ ਵਧੀਆ ਹੈ। ਜੇ ਨਾ ਕਰ ਸਕਦੇ ਹੋਣ ਤਾਂ ਕਿਸੇ ਹੋਰ ਨੂੰ ਨਵੀਂ ਚੀਜ਼ ਚਲਾਉਣੀ ਜਾਂ ਬਣਾਉਣੀ ਸਿਖਾਈ ਜਾ ਸਕਦੀ ਹੈ। ਇੰਜ ਹੀ ਗੋਲਫ਼, ਘੁੜਸਵਾਰੀ, ਤੈਰਨਾ ਆਦਿ ਕੁੱਝ ਵੀ ਕਰਨ ਜਾਂ ਕਿਸੇ ਨੂੰ ਸਿਖਾਉਣ ਨਾਲ ਦਿਮਾਗ਼ ਰਵਾਂ ਕੀਤਾ ਜਾ ਸਕਦਾ ਹੈ। ਸਿਤਾਰ, ਗਿਟਾਰ, ਢੋਲ, ਪਿਆਨੋ, ਵਾਜਾ ਜਾਂ ਬੰਸਰੀ ਵਜਾਉਣੀ ਏਨੀ ਫ਼ਾਇਦੇਮੰਦ ਸਾਬਤ ਹੋ ਚੁੱਕੀ ਹੈ ਕਿ ਸੰਨ 2017 ਵਿਚ ਕੀਤੀ ਖੋਜ ਅਨੁਸਾਰ ਜਿਹੜੇ ਸੰਗੀਤ ਨਾਲ ਜੁੜੇ ਰਹੇ, ਉਨ੍ਹਾਂ ਵਿਚ ਵਹਿੰਦੀ ਕਲਾ ਕਾਫੂਰ ਹੋ ਗਈ ਤੇ ਦਿਮਾਗ ਬਾਕੀਆਂ ਨਾਲੋਂ ਵੱਧ ਚੁਸਤ ਹੋ ਗਏ।

> ***ਮੌਤ ਦਾ ਭੈਅ ਅਤੇ ਇਕੱਲੇ ਰਹਿ ਜਾਣ ਦਾ ਡਰ ਇਸ ਉਮਰ ਵਿਚ ਹਰ ਕਿਸੇ ਨੂੰ ਹੁੰਦਾ ਹੈ। ਇਸੇ ਲਈ ਦੋ ਗੱਲਾਂ ਜ਼ਰੂਰ ਚੇਤੇ ਰੱਖਣੀਆਂ ਚਾਹੀਦੀਆਂ ਹਨ। ਪਹਿਲੀ, ਇਸ ਦੁਨੀਆ ਦਾ ਭਾਰ ਸਿਰਫ਼ ਮੇਰੇ ਸਿਰ ਉੱਤੇ ਨਹੀਂ ਹੈ। ਦੂਜੀ, ਇਸ ਸੰਸਾਰ ਵਿਚ ਕਿਸੇ ਧਰਮ ਦਾ ਰੱਬ, ਕੋਈ ਜਾਨਵਰ, ਪੰਛੀ, ਕੀੜਾ, ਮਕੌੜਾ ਜਾਂ ਬੂਟਾ ਤੱਕ ਵੀ ਸਦੀਵੀ ਨਹੀਂ ਹੈ। ਸਭ ਨੇ ਮਰ ਮੁੱਕ ਜਾਣਾ ਹੁੰਦਾ ਹੈ। ਇਸੇ ਲਈ ਅੰਤ ਬਾਰੇ ਸੋਚਦੇ ਰਹਿਣ ਨਾਲੋਂ ਇਸ ਜ਼ਿੰਦਗੀ ਦੇ ਆਖ਼ਰੀ ਸਫ਼ਰ ਵਿਚਲਾ ਰਸਤਾ ਜ਼ਰੂਰ ਰੱਜ ਕੇ ਜੀਅ ਲੈਣਾ ਚਾਹੀਦਾ ਹੈ।***

ਜੇ ਹਰ ਰੋਜ਼ ਸੈਰ ਕਰਨ ਲੱਗਿਆਂ ਵੱਖ ਰਾਹ ਲੈ ਲਿਆ ਜਾਵੇ ਤਾਂ ਏਨੇ ਨਾਲ ਹੀ ਮਾਨਸਿਕ ਅਤੇ ਸਰੀਰਕ ਤਬਦੀਲੀ ਵੇਖੀ ਜਾ ਸਕਦੀ ਹੈ।

ਹਰ ਰੋਜ਼ ਕੁੱਝ ਚਿਰ ਲਈ ਧਿਆਨ ਲਾਉਣਾ, ਯੋਗ ਕਰਨਾ ਜਾਂ ਭਗਤੀ ਕਰਨ ਨਾਲ ਵੀ ਇਕਾਗਰਤਾ ਵਿਚ ਵਾਧਾ ਹੋ ਜਾਂਦਾ ਹੈ।

ਜਿਹੜੇ ਬਜ਼ੁਰਗ ਦੋ ਜਾਂ ਤਿੰਨ ਜ਼ਬਾਨਾਂ ਬੋਲ ਸਕਦੇ ਹੋਣ, ਉਨ੍ਹਾਂ ਦੇ ਦਿਮਾਗ਼ ਨੂੰ ਬੁਢੇਪਾ ਛੇਤੀ ਚੰਬੜਦਾ ਨਹੀਂ, ਯਾਦਾਸ਼ਤ ਦੇਰ ਤਕ ਦਰੁਸਤ ਰਹਿੰਦੀ ਹੈ ਅਤੇ ਚੀਜ਼ਾਂ ਵੀ ਛੇਤੀ ਭੁੱਲਦੇ ਨਹੀਂ।

ਹਲਕਾ ਭਾਰ ਚੁੱਕ ਕੇ ਤੁਰਨ ਨਾਲ ਪੱਠਿਆਂ ਦੀ ਮਜ਼ਬੂਤੀ ਬਣੀ ਰਹਿੰਦੀ ਹੈ ਅਤੇ ਕਮਜ਼ੋਰੀ ਘੱਟ ਮਹਿਸੂਸ ਹੁੰਦੀ ਹੈ। ਇੰਜ ਪੱਠੇ ਅਤੇ ਮਾਸ ਲਟਕਿਆ ਨਹੀਂ ਦਿਸਦਾ।

ਜਦੋਂ ਬਜ਼ੁਰਗ ਬਾਹਰ ਸੈਰ ਕਰਨ ਨਿਕਲਣ ਤਾਂ ਸਿਰ ਝੁਕਾ ਕੇ ਤੁਰਨ ਨਾਲੋਂ ਸਾਹਮਣੇ ਲੰਘਦੇ ਬੰਦਿਆਂ ਅਤੇ ਤੀਵੀਆਂ ਦੇ ਕੱਪੜਿਆਂ ਦੇ ਰੰਗ, ਜੁੱਤੀਆਂ, ਵਾਲ, ਐਨਕ, ਟੋਪੀ, ਦਾੜ੍ਹੀ, ਮੁੱਛਾਂ ਆਦਿ ਵੱਲ ਗਹੁ ਨਾਲ ਤੱਕਦੇ ਰਹਿਣ ਤਾਂ ਦਿਮਾਗ਼ ਨੂੰ ਵੰਨ-ਸੁਵੰਨੇ ਸੁਨੇਹੇ ਪਹੁੰਚਦੇ ਹਨ ਜਿਸ ਨਾਲ ਯਾਦਾਸ਼ਤ ਦਾ ਸੈਂਟਰ ਰਵਾਂ ਹੁੰਦਾ ਰਹਿੰਦਾ ਹੈ ਅਤੇ ਨਵੀਆਂ ਚੀਜ਼ਾਂ ਦੇ ਨਾਵਾਂ ਵਿਚ ਵਾਧਾ ਹੁੰਦਾ ਰਹਿੰਦਾ ਹੈ।

ਲੰਮੀ ਉਮਰ ਦਰਅਸਲ ਜ਼ਿਆਦਾਤਰ ਜੀਨ ਆਧਾਰਿਤ ਹੁੰਦੀ ਹੈ ਕਿ ਮਾਪੇ ਜਾਂ ਵੱਡੇ ਵਡੇਰੇ ਕਿੰਨੀ ਲੰਮੀ ਉਮਰ ਭੋਗ ਕੇ ਗਏ। ਇਸ ਦੇ ਨਾਲ ਹੀ ਜੀਨ ਆਧਾਰਤ ਬੀਮਾਰੀਆਂ ਉਮਰ ਉੱਤੇ ਅਸਰ ਪਾਉਂਦੀਆਂ ਹਨ। ਜੇ 60 ਵਰ੍ਹਿਆਂ ਦੀ ਉਮਰ ਟੱਪ ਚੁੱਕੇ ਹੋਵੋ ਤਾਂ ਰੁਟੀਨ ਬੰਨ੍ਹਣਾ ਬਹੁਤ ਜ਼ਰੂਰੀ ਹੁੰਦਾ ਹੈ। ਸਵੇਰ ਦੇ ਨਾਸ਼ਤੇ ਦਾ, ਦੁਪਹਿਰ ਦੇ ਖਾਣੇ ਦਾ, ਸ਼ਾਮ ਦੀ ਚਾਹ ਦਾ, ਰਾਤ ਦੇ ਖਾਣੇ ਦਾ, ਸੌਣ ਦਾ ਅਤੇ ਸਵਖਤੇ ਉੱਠਣ ਦਾ! ਜੇ ਰਾਤ ਨੀਂਦਰ ਨਾ ਵੀ ਆਈ ਹੋਵੇ, ਤਾਂ ਵੀ ਸਵੇਰ ਵੇਲੇ ਉੱਠ ਕੇ, ਨਹਾ ਧੋ ਕੇ, ਤਿਆਰ ਹੋ ਕੇ, ਨਾਸ਼ਤਾ ਕਰ ਕੇ, ਬਾਅਦ ਵਿਚ ਕੁੱਝ ਚਿਰ ਸੁੱਤਾ ਜਾ ਸਕਦਾ ਹੈ।

**ਖ਼ੁਰਾਕ ਵਿਚ ਤਬਦੀਲੀ ਕੀ ਹੋਵੇ?**

50 ਸਾਲਾਂ ਦੀ ਉਮਰ ਤੋਂ ਬਾਅਦ ਰੈਗੂਲਰ ਤਕੜੀ ਕਸਰਤ ਦੇ ਨਾਲੋ ਨਾਲ ਖ਼ੁਰਾਕ ਦੀ ਬਹੁਤ ਅਹਿਮੀਅਤ ਹੈ। ਘੱਟ ਥਿੰਦਾ, ਵੱਧ ਸਬਜ਼ੀਆਂ, ਦਾਲਾਂ ਤੇ ਪ੍ਰੋਟੀਨ ਭਰਪੂਰ ਖ਼ੁਰਾਕ ਜ਼ਰੂਰੀ ਹੈ। ਜੇ 50 ਸਾਲਾਂ ਤੋਂ ਬਾਅਦ ਖ਼ੁਰਾਕ ਦਾ ਸਹੀ ਖ਼ਿਆਲ ਰੱਖ ਲਿਆ ਜਾਵੇ ਤਾਂ ਘੱਟੋ-ਘੱਟ 10 ਤੋਂ 15 ਸਾਲ ਦੀ ਉਮਰ ਵਧ ਜਾਂਦੀ ਹੈ। ਇਸ ਵਿਚ ਸਿਗਰਟ ਬੀੜੀ ਤੋਂ ਪੂਰਨ ਰੂਪ ਵਿਚ ਤੌਬਾ ਕਰਨੀ ਪੈਂਦੀ ਹੈ। ਕਦੇ ਕਦਾਈਂ ਬਹੁਤ ਘੱਟ ਸ਼ਰਾਬ ਲਈ ਜਾ ਸਕਦੀ ਹੈ, ਯਾਨੀ ਬਸ ਵਾਈਨ ਦੇ ਇੱਕ ਜਾਂ ਦੋ ਗਿਲਾਸ!

ਬਰਿਟਿਸ਼ ਮੈਡੀਕਲ ਜਰਨਲ ਵਿਚ ਛਪੀ ਖੋਜ ਅਨੁਸਾਰ ਜਿਹੜੇ ਜਣੇ 50 ਸਾਲ ਦੀ ਉਮਰ ਤੋਂ ਬਾਅਦ ਸਹੀ ਖ਼ੁਰਾਕ ਖਾਂਦੇ ਰਹੇ ਉਨ੍ਹਾਂ ਵਿਚ ਸ਼ੱਕਰ ਰੋਗ, ਕੈਂਸਰ ਜਾਂ ਦਿਲ ਦੇ ਰੋਗ ਘੱਟ ਹੋਏ ਅਤੇ ਉਹ ਬਾਕੀਆਂ ਨਾਲੋਂ ਲਗਭਗ 8 ਜਾਂ 10 ਸਾਲ ਵੱਧ ਜੀਅ ਸਕੇ। ਇਸ ਖੋਜ ਵਿਚ 73,196 ਔਰਤਾਂ ਅਤੇ 38,366 ਆਦਮੀ ਸ਼ਾਮਲ ਕੀਤੇ ਗਏ ਸਨ। ਸਭ ਨੂੰ ਰੋਜ਼ 40 ਮਿੰਟ ਤਕੜੀ ਕਸਰਤ ਵੀ ਕਰਵਾਈ ਗਈ ਸੀ।

**ਕਿਹੜੀ ਚੀਜ਼ ਖਾਧੀ ਜਾਵੇ:**

ਭਾਰ ਕਾਬੂ ਵਿਚ ਰੱਖਣ ਅਤੇ ਸਾਰੇ ਅੰਗਾਂ ਦਾ ਕੰਮ ਕਾਰ ਸਹੀ ਰੱਖਣ ਲਈ ਢੇਰ ਸਾਰੀਆਂ ਵੰਨ-ਸੁਵੰਨੀਆਂ ਸਬਜ਼ੀਆਂ, ਫਲ, ਛਾਣਬੂਰੇ ਵਾਲਾ ਆਟਾ, ਘਟ ਥਿੰਦੇ ਵਾਲਾ ਦੁੱਧ, ਦਹੀਂ, ਪਨੀਰ, ਚਿਕਨ, ਮੱਛੀ, ਅੰਡੇ ਅਤੇ ਸੁੱਕੇ ਮੇਵੇ ਰੋਜ਼ ਜ਼ਰੂਰ ਖਾਂਦੇ ਰਹਿਣਾ ਚਾਹੀਦਾ ਹੈ।

ਇਨ੍ਹਾਂ ਰਾਹੀਂ ਲੋੜੀਂਦੇ ਕੈਲਸ਼ੀਅਮ, ਪ੍ਰੋਟੀਨ, ਮਿਨਰਲ ਤੱਤ ਅਤੇ ਵਿਟਾਮਿਨ ਬੀ 12 ਸਰੀਰ ਅੰਦਰ ਪਹੁੰਚ ਜਾਂਦੇ ਹਨ।

**ਕਿੰਨੀ ਨੀਂਦਰ ਹੋਵੇ ?**

ਰੋਜ਼ 7 ਤੋਂ 8 ਘੰਟੇ ਦੀ ਨੀਂਦਰ ਲੈਣੀ ਜ਼ਰੂਰੀ ਹੈ।

**ਫ਼ਿਕਰ ਕਰਨਾ ਕਿਵੇਂ ਛੱਡਿਆ ਜਾਵੇ?**

ਮੰਨੀ ਪ੍ਰਮੰਨੀ ਗੱਲ ਹੈ ਕਿ ਲੋਕ ਮਰ ਮੁੱਕ ਜਾਂਦੇ ਹਨ ਪਰ ਕੰਮ ਨਹੀਂ ਮੁੱਕਦੇ। ਇਸ ਲਈ ਬਚੇ ਹੋਏ ਕੰਮਾਂ ਦੀ ਫ਼ਿਕਰ ਛੱਡ ਦੇਣੀ ਚਾਹੀਦੀ ਹੈ।

ਇੰਜ ਹੀ ਅੱਜ ਤੱਕ ਕਿਸੇ ਨੂੰ ਕਦੇ ਮੁਕੰਮਲ ਜਹਾਨ ਹਾਸਲ ਨਹੀਂ ਹੋਇਆ। ਸਾਨੂੰ ਤਾਂ ਜ਼ਿੰਦਗੀ ਨਾਲ ਸ਼ਿਕਾਇਤਾਂ ਕਰਨ ਦੀ ਥਾਂ ਉਦਾਸੀਆਂ ਦੇ ਓਹਲੇ ਲੁਕੀਆਂ ਖ਼ੁਸ਼ੀਆਂ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਜ਼ਿੰਦਗੀ ਅਤੇ ਸਮੇਂ ਨੂੰ ਬੰਨ੍ਹਿਆ ਜਾ ਹੀ ਨਹੀਂ ਸਕਦਾ। ਇਸੇ ਲਈ ਹੋਰਨਾਂ ਨੂੰ ਠੀਕ ਕਰਨ ਦੀ ਥਾਂ ਆਪਣੇ ਆਪ ਨੂੰ ਤਬਦੀਲ ਕਰਨਾ ਹੀ ਠੀਕ ਰਹਿੰਦਾ ਹੈ।

ਹੱਸਣਾ ਅਤੇ ਗਾਉਣਾ ਜਾਂ ਗੁਣਗੁਣਾਉਣਾ ਤਣਾਓ ਘਟਾਉਣ ਵਿਚ ਬਹੁਤ ਫ਼ਾਇਦੇਮੰਦ ਸਾਬਤ ਹੋ ਚੁੱਕਿਆ ਹੈ।

ਪਿਛਾਂਹ ਲੰਘ ਚੁੱਕੀ ਜ਼ਿੰਦਗੀ ਵਿਚ ਵਾਰ-ਵਾਰ ਝਾਤ ਮਾਰ ਕੇ ਕਿਸੇ ਹੋਰ ਨਾਲ ਮੇਚ ਕੇ ਸਿਵਾਏ ਵਹਿੰਦੀ ਕਲਾ ਦੇ, ਕੁੱਝ ਵੀ ਹਾਸਲ ਨਹੀਂ ਹੁੰਦਾ। ਇਸੇ ਲਈ ਅੱਗੋਂ ਆਉਣ ਵਾਲੇ ਸਮੇਂ ਬਾਰੇ ਵਿਚਾਰ ਕਰਨ ਦੀ ਲੋੜ ਹੁੰਦੀ ਹੈ ਕਿ ਹੁਣ ਕਿਵੇਂ ਇਹ ਸਮਾਂ ਵਧੀਆ ਗੁਜ਼ਾਰਿਆ ਜਾਵੇ।

ਜਿਹੜੀਆਂ ਤਮੰਨਾਵਾਂ ਪਹਿਲਾਂ ਘਰੇਲੂ ਕੰਮਾਂ ਦੇ ਪੂਰਾ ਕਰਨ ਵਿਚ ਦਫ਼ਨ ਹੋ ਚੁੱਕੀਆਂ ਹੋਣ, ਉਨ੍ਹਾਂ ਨੂੰ ਪੂਰਾ ਕਰਨ ਦਾ ਇਸ ਤੋਂ ਬਿਹਤਰ ਸਮਾਂ ਹੋਰ ਹੋ ਹੀ ਨਹੀਂ ਸਕਦਾ।

ਨਵੀਆਂ ਦੋਸਤੀਆਂ ਗੰਢਣ, ਨਵੀਂ ਖੇਡ ਸਿੱਖਣ, ਨਵੀਂ ਕਸਰਤ ਸਿੱਖਣ, ਨਵੀਂ ਚੀਜ਼ ਬਣਾਉਣ ਜਾਂ ਖਾਣ ਦੀ ਨਵੀਂ ਚੀਜ਼ ਤਿਆਰ ਕਰਨ ਵਰਗੇ ਨਿੱਕੇ-ਨਿੱਕੇ ਕੰਮ ਤਣਾਓ ਨੂੰ ਝੱਟ ਕਾਫ਼ੂਰ ਕਰ ਦਿੰਦੇ ਹਨ।

ਮੌਤ ਦਾ ਭੈਅ ਅਤੇ ਇਕੱਲੇ ਰਹਿ ਜਾਣ ਦਾ ਡਰ ਇਸ ਉਮਰ ਵਿਚ ਹਰ ਕਿਸੇ ਨੂੰ ਹੁੰਦਾ ਹੈ। ਇਸੇ ਲਈ ਦੋ ਗੱਲਾਂ ਜ਼ਰੂਰ ਚੇਤੇ ਰੱਖਣੀਆਂ ਚਾਹੀਦੀਆਂ ਹਨ। ਪਹਿਲੀ, ਇਸ ਦੁਨੀਆ ਦਾ ਭਾਰ ਸਿਰਫ਼ ਮੇਰੇ ਸਿਰ ਉੱਤੇ ਨਹੀਂ ਹੈ। ਦੂਜੀ, ਇਸ ਸੰਸਾਰ ਵਿਚ ਕਿਸੇ ਧਰਮ ਦਾ ਰੱਬ, ਕੋਈ ਜਾਨਵਰ, ਪੰਛੀ, ਕੀੜਾ, ਮਕੌੜਾ ਜਾਂ ਬੂਟਾ ਤੱਕ ਵੀ ਸਦੀਵੀ ਨਹੀਂ ਹੈ। ਸਭ ਨੇ ਮਰ ਮੁੱਕ ਜਾਣਾ ਹੁੰਦਾ ਹੈ। ਇਸੇ ਲਈ ਅੰਤ ਬਾਰੇ ਸੋਚਦੇ ਰਹਿਣ ਨਾਲੋਂ ਇਸ ਜ਼ਿੰਦਗੀ ਦੇ ਆਖ਼ਰੀ ਸਫ਼ਰ ਵਿਚਲਾ ਰਸਤਾ ਜ਼ਰੂਰ ਰੱਜ ਕੇ ਜੀਅ ਲੈਣਾ ਚਾਹੀਦਾ ਹੈ।

ਅਖ਼ੀਰ ਵਿਚ ਸਿਰਫ਼ ਇਹੋ ਕਹਿਣਾ ਹੈ ਕਿ ਪੈਸਾ ਕਈ ਕਿਸਮਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਹੁੰਦਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਪੈਸਾ ਹੀ ਵਧੀਆ ਜ਼ਿੰਦਗੀ ਜਿਊਣ ਦਾ ਆਧਾਰ ਹੋਵੇ! ਸੋ ਇਹ ਉਮਰ ਫ਼ਿਕਰਾਂ ਨੂੰ ਛੰਡ ਕੇ ਜ਼ਿੰਦਗੀ ਦੀ ਹਰ ਖ਼ੁਸ਼ੀ ਦਾ ਅਹਿਸਾਸ ਕਰਨ ਦੀ ਹੁੰਦੀ ਹੈ! ਜ਼ਿੰਦਗੀ ਇੱਕੋ ਮਿਲਣੀ ਹੈ, ਰੱਜ ਕੇ ਜੀਅ ਲੈਣੀ ਚਾਹੀਦੀ ਹੈ। ਕੋਈ ਸਧਰ ਅਧੂਰੀ ਨਹੀਂ ਰਹਿਣ ਦੇਣੀ ਚਾਹੀਦੀ।

# ਪੰਜਾਬੀ ਕਹਾਣੀ ਦੀ ਵਿਰਾਸਤ ਹੈ ਵਰਿਆਮ ਸਿੰਘ ਸੰਧੂ

ਅਕਾਦਮਿਕ ਪੱਧਰ 'ਤੇ ਵਿਚਰਦੇ ਬਹੁਤੇ ਰਚਨਾਕਾਰ ਆਮ ਪਾਠਕ ਵਰਗ 'ਚ ਘੱਟ ਹੀ ਮਕਬੂਲ ਹੁੰਦੇ ਹਨ ਪਰ ਵਰਿਆਮ ਸਿੰਘ ਸੰਧੂ ਅਜਿਹਾ ਕਥਾਕਾਰ ਹੈ, ਜਿਹੜਾ ਅਕਾਦਮਿਕ ਪੱਧਰ ਉਤੇ ਅਤੇ ਆਮ ਪਾਠਕ ਵਰਗ 'ਚ ਹਰ ਪਲ ਹਰ ਪੀੜ੍ਹੀ 'ਚ ਵਿਚਰਦਾ ਆ ਰਿਹਾ ਹੈ। ਵਰਿਆਮ ਸਿੰਘ ਸੰਧੂ ਪੰਜਾਬੀ ਭਾਸ਼ਾ ਦਾ ਸਿਆਣਾ ਕਥਾਕਾਰ ਹੈ। ਉਸ ਦੀ ਸਿਆਣਪ



ਕਰਾਂਤੀਪਾਲ
(ਸੰਪਾਦਕ 'ਕਹਾਣੀ ਪੰਜਾਬ')

ਉਸਦੀ ਲਿਖਤ ਵਿਚੋਂ ਮਿਲਦੀ ਹੈ, ਉਹ ਪੰਜਾਬੀ 'ਸੰਸਕ੍ਰਿਤੀ' ਨੂੰ ਹਰ ਪੱਖ ਤੋਂ ਸਮਝਦਾ ਹੈ ਇਸੇ ਕਰਕੇ ਉਸਦੀ ਲਿਖਤ ਆਮ ਬੰਦੇ ਵਿਚੋਂ ਪੈਦਾ ਹੋ ਕੇ ਪੂਰੇ ਬ੍ਰਹਿਮੰਡ ਨੂੰ ਆਪਣੇ ਕਲਾਵੇ 'ਚ ਲੈਂਦੀ ਹੈ।

ਸੰਧੂ ਦੀ ਗੱਲ ਕਰਦਿਆਂ ਦੋ ਗੱਲਾਂ ਯਾਦ ਆ ਜਾਂਦੀਆਂ ਹਨ। ਇਨ੍ਹਾਂ ਗੱਲਾਂ ਨੂੰ ਯਾਦ ਕਰਨ ਦਾ ਮਤਲਬ ਵਰਿਆਮ ਸਿੰਘ ਸੰਧੂ ਦੇ ਕੱਦ ਨੂੰ ਵੀ ਸਮਝਣਾ ਹੋ ਸਕਦਾ ਹੈ। ਜਦੋਂ ਰਾਮ ਸਰੂਪ ਅਣਖੀ ਨੇ 1993 ਵਿਚ 'ਕਹਾਣੀ ਪੰਜਾਬ' ਦਾ ਰਸਾਲਾ, ਜੋ ਪੰਜਾਬੀ ਕਹਾਣੀ ਨੂੰ ਸਮਰਪਿਤ ਸੀ, ਕੱਢਿਆ ਤਾਂ ਉਸਦੇ ਦਸਵੇਂ ਭਾਗ ਵਿਚ ਸੰਪਾਦਕੀ ਲਿਖੀ ਕਿ 'ਕਹਾਣੀ ਪੰਜਾਬ' ਬੰਦ ਹੋਣ ਲਈ ਛਪਦਾ ਹੈ! ਉਸ ਵਿਚ ਉਨ੍ਹਾਂ ਨੇ ਇੱਕ ਟਿੱਪਣੀ ਲਿਖੀ, 'ਕਿ ਕੁਝ ਨਾਮਵਰ ਲੇਖਕਾਂ ਨੂੰ ਲਗਾਤਾਰ ਕਈ ਚਿੱਠੀਆਂ ਲਿਖਣ ਦੇ ਬਾਵਜੂਦ ਮੈਨੂੰ ਕਹਾਣੀ ਨਹੀਂ ਭੇਜੀ। ਜਦੋਂ ਕਿ ਇਸ ਦੌਰਾਨ ਉਨ੍ਹਾਂ ਦੀਆਂ ਨਵੀਆਂ ਕਹਾਣੀਆਂ ਹੋਰ ਮੈਗਜ਼ੀਨਾਂ ਵਿਚ ਛਪਦੀਆਂ ਰਹੀਆਂ ਹਨ। ਅਜਿਹੇ ਲੇਖਕ ਦੋ ਪ੍ਰਕਾਰ ਦੇ ਹਨ, ਇੱਕ ਤਾਂ ਉਹ ਜਿਹੜੇ ਕਿਸੇ ਖਾਸ ਮੈਗਜ਼ੀਨ ਵਿਚ ਹੀ ਛਪਦੇ ਹਨ, ਸ਼ਾਇਦ ਉਨ੍ਹਾਂ ਦੀ ਮਾਨਸਿਕ ਸੀਮਾ ਹੋਵੇ, ਉਹ ਸਮਝਦੇ ਹੋਣ ਕਿ 'ਕਹਾਣੀ ਪੰਜਾਬ' ਵਿਚ ਛਪਣ ਨਾਲ ਉਨ੍ਹਾਂ ਤੋਂ ਕੋਈ ਭਾਰੀ ਅਵੱਗਿਆ ਹੋ ਜਾਵੇਗੀ।'

ਰਾਮ ਸਰੂਪ ਅਣਖੀ ਨੇ ਇਹ ਟਿੱਪਣੀ ਲਿਖੀ ਹੀ ਵਰਿਆਮ ਸਿੰਘ ਸੰਧੂ ਲਈ ਸੀ ਕਿਉਂਕਿ ਵਰਿਆਮ ਸਿੰਘ ਸੰਧੂ ਹਮੇਸ਼ਾ ਆਪਣੀ ਕਹਾਣੀ 'ਸਿਰਜਣਾ' ਨੂੰ ਭੇਜਦਾ ਸੀ। ਰਾਮ ਸਰੂਪ ਅਣਖੀ ਨੂੰ ਵਰਿਆਮ ਸਿੰਘ ਸੰਧੂ ਦੀ ਕਹਾਣੀ ਦੀ ਉਡੀਕ ਸੀ, ਉਹ ਅੰਦਰੋਂ ਚਾਹੁੰਦੇ ਸਨ ਕਿ 'ਕਹਾਣੀ ਪੰਜਾਬ' 'ਚ ਵਰਿਆਮ ਸਿੰਘ ਸੰਧੂ ਦੀ ਕਹਾਣੀ ਛਪੇ ਤਾਂ ਕਿ ਮਲਵਈ ਕਥਾਕਾਰਾਂ ਨੂੰ ਪਤਾ ਲੱਗੇ ਕਿ ਕਹਾਣੀ ਕੀ ਹੁੰਦੀ ਹੈ? 'ਕਹਾਣੀ ਪੰਜਾਬ' ਮਾਲਵੇ ਦਾ ਰਸਾਲਾ ਸੀ।

ਰਾਮ ਸਰੂਪ ਅਣਖੀ ਨੇ ਇੱਕ ਕਹਾਣੀ ਲਿਖੀ ਸੀ 'ਭੀੜੀ ਗਲੀ'। ਇਹ ਕਹਾਣੀ ਪੰਜਾਬੀ ਤੋਂ ਇਲਾਵਾ ਅਨੁਵਾਦ ਹੋ ਕੇ ਹਿੰਦੀ ਜਗਤ 'ਚ ਵੀ ਗਈ ਪਰ ਪੰਜਾਬੀ 'ਚ ਇਸ ਕਹਾਣੀ ਨੂੰ ਕੋਈ ਫੜ ਨਹੀਂ ਸਕਿਆ। ਵਰਿਆਮ ਸਿੰਘ ਸੰਧੂ ਦਾ ਅਣਖੀ ਨੂੰ ਇੱਕ ਦਿਨ ਫੋਨ ਤੇ ਬਾਅਦ 'ਚ ਚਿੱਠੀ ਆਈ ਕਿ ਤੁਹਾਡੀ ਕਹਾਣੀ 'ਭੀੜੀ ਗਲੀ' ਬਹੁਤ ਕਮਾਲ ਦੀ ਕਹਾਣੀ ਹੈ, ਮੈਂ ਇਸ ਨੂੰ ਕਿਸੇ ਕਿਤਾਬ 'ਚ ਸੰਪਾਦਨ ਕਰਨ ਲਈ ਲੈ ਰਿਹਾ ਹਾਂ। ਅਣਖੀ ਨੇ ਉਸ ਸਮੇਂ ਕਿਹਾ ਸੀ ਕਿ ਵਰਿਆਮ ਸਿੰਘ ਸੰਧੂ ਇੱਕ ਸਿਆਣਾ ਕਥਾਕਾਰ ਹੈ।

ਮੈਂ ਵਰਿਆਮ ਸਿੰਘ ਸੰਧੂ ਨੂੰ ਕਦੇ ਮਿਲਿਆ ਨਹੀਂ ਪਰ (ਅਲੀਗੜ੍ਹ ਯੂਨੀਵਰਸਿਟੀ ਦੇ) ਆਧੁਨਿਕ ਭਾਰਤੀ ਭਾਸ਼ਾਵਾਂ ਦਾ ਵਿਭਾਗ 'ਚ ਵਿਚਰਦਿਆਂ ਉਨ੍ਹਾਂ ਦੀ ਲਿਖਤਾਂ ਕਰਕੇ ਉਨ੍ਹਾਂ ਦੀ ਚਰਚਾ ਹੋਣ ਕਰਕੇ ਮਾਣ ਮਹਿਸੂਸ ਹੁੰਦਾ ਹੈ ਕਿ ਉਹ ਸਾਡੇ ਕਥਾਕਾਰ ਹਨ। ਅਜਿਹੇ ਸਿਲਸਿਲੇ ਦੌਰਾਨ ਇੱਕ ਦਿਨ ਕੀ ਹੋਇਆ ਕਿ ਹਿੰਦੀ ਦੇ ਇਕ ਵੱਡੇ ਦਲਿਤ ਲੇਖਕ ਦੀ ਕਹਾਣੀ 'ਇੰਡੀਆ ਟੂਡੇ' (ਹਿੰਦੀ) 'ਚ ਛਪੀ। ਕਹਾਣੀ



ਦਾ ਨਾਂ ਸੀ 'ਹੱਡੀਆਂ'। ਕਹਾਣੀ ਕਾਫੀ ਚਰਚਿਤ ਸੀ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਲੀਗੜ੍ਹ ਦੇ ਹਿੰਦੀ ਜਗਤ 'ਚ ਕਹਾਣੀ ਮਕਬੂਲ ਹੋ ਗਈ। ਇਹ ਕਹਾਣੀ ਅਸੀਂ ਵੀ ਪੜ੍ਹੀ। ਪੜ੍ਹ ਕੇ ਦੰਗ ਰਹਿ ਗਏ ਕਿ ਇਹ ਕਹਾਣੀ ਤਾਂ ਸਾਡੇ ਪੰਜਾਬੀ ਦੇ ਵੱਡੇ ਕਥਾਕਾਰ ਵਰਿਆਮ ਸਿੰਘ ਸੰਧੂ ਦੀ ਕਹਾਣੀ 'ਆਪਣਾ-ਆਪਣਾ ਹਿੱਸਾ' ਵਿਚੋਂ ਲਈ ਗਈ ਹੈ। ਉਸ ਸਮੇਂ 'ਇੰਡੀਆ ਟੂਡੇ' ਵਾਲਿਆਂ ਨੂੰ ਖ਼ਤ ਲਿਖਿਆ/ ਪੰਜਾਬੀ ਕਹਾਣੀ ਭੇਜੀ/ ਵਰਿਆਮ ਸੰਧੂ ਹੁਰਾਂ ਨੂੰ ਸੂਚਨਾ ਦਿੱਤੀ। ਪਰ ਕੁਝ ਨਹੀਂ ਹੋਇਆ।

ਇੱਕ ਗੱਲ ਉਭਰ ਕੇ ਸਾਮਹਣੇ ਆਈ ਕਿ ਵਰਿਆਮ ਸਿੰਘ ਸੰਧੂ ਵੱਡਾ ਕਥਾਕਾਰ ਹੈ ਜਿਸ ਦੀਆਂ ਕਹਾਣੀਆਂ ਵੱਡੇ ਲੇਖਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਭਾਰਤੀ ਸਾਹਿਤ ਅਕਾਦਮੀ ਨੇ 'ਵੀਹਵੀਂ ਸਦੀ ਦੀ ਪੰਜਾਬੀ ਕਹਾਣੀ' ਕਿਤਾਬ ਛਾਪੀ ਹੈ ਜਿਸ ਨੂੰ 2003 ਵਿਚ ਡਾ. ਰਘਵੀਰ ਸਿੰਘ 'ਸਿਰਜਣਾ' ਨੇ ਸੰਪਾਦਕ ਕੀਤਾ ਸੀ। ਉਸ ਸਮੇਂ ਉਨ੍ਹਾਂ ਨੇ ਵਰਿਆਮ ਸਿੰਘ ਸੰਧੂ ਦੀ ਕਹਾਣੀ 'ਡੁੰਮ੍ਹ' ਨੂੰ ਸ਼ਾਮਲ ਕੀਤਾ। ਜਦੋਂ ਵੀ ਕੋਈ ਕਹਾਣੀ ਬਾਰੇ ਪੰਜਾਬੀ 'ਚ ਜਾਂ ਹੋਰ ਭਾਸ਼ਾਵਾਂ ਦੀਆਂ ਕਹਾਣੀਆਂ ਦੇ ਸੰਦਰਭ 'ਚ ਗੱਲ ਹੁੰਦੀ ਹੈ ਤਾਂ ਇਹ ਕਹਾਣੀ ਹਮੇਸ਼ਾ ਯਾਦ ਆ ਜਾਂਦੀ ਹੈ। ਉਸ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਕਹਾਣੀਕਾਰ ਕਹਾਣੀ ਦਾ ਨਿਭਾਅ ਕਿਵੇਂ ਕਰਦਾ ਹੈ। ਕਹਾਣੀ ਨਿੱਕੇ-ਨਿੱਕੇ ਵੇਰਵੇ ਦਿੰਦੀ ਹੋਈ ਬਹੁਤ ਕੁਝ ਕਹਿ ਜਾਂਦੀ ਹੈ। ਪਾਠਕ ਕਹਾਣੀ ਦੇ ਨਾਲ ਤੁਰਦਿਆਂ-ਤੁਰਦਿਆਂ ਹੱਸਦਾ ਰਹਿੰਦਾ ਹੈ। ਅਖੀਰ ਕਥਾਕਾਰ ਕਹਾਣੀ ਨੂੰ ਅਜਿਹੇ ਮੋੜ 'ਤੇ ਲਿਆ ਕੇ ਖਤਮ ਕਰ ਦਿੰਦਾ ਹੈ ਜੋ ਪਾਠਕ ਨੂੰ ਉਦਾਸ ਕਰ ਜਾਂਦੀ ਹੈ। ਪਾਠਕ ਮੁੱਖ ਪਾਤਰ ਬਾਰੇ ਕਹਾਣੀ ਤੋਂ ਬਾਅਦ ਵੀ ਕਿੰਨਾ-ਚਿਰ ਸੋਚਦਾ ਰਹਿੰਦਾ ਹੈ।

ਲੰਬੀ ਕਹਾਣੀ ਸੁਣਾਉਣ/ਲਿਖਣ ਦਾ ਗੁਣ ਵਰਿਆਮ ਸਿੰਘ ਸੰਧੂ ਦੀ ਲਿਖਤ ਵਿਚੋਂ ਝਲਕਦਾ ਹੈ। ਪੰਜਾਬੀ ਕਹਾਣੀ ਦੇ ਸਿਰਤਾਜ ਹਨ ਸੰਧੂ। ਸਮਾਂ ਆਪਣੀ ਚਾਲ ਚਲਦਾ ਜਾ ਰਿਹਾ ਹੈ, ਨਵੇਂ ਵਰਿਆਮ ਸਿੰਘ ਸੰਧੂ ਪੈਦਾ ਨਹੀਂ ਹੋਏ। ਇਹ ਉਹ ਅਦਬੀ ਬੰਦੇ ਹਨ ਜਿਨ੍ਹਾਂ ਕੋਲ ਕਹਾਣੀ ਆਪ ਚੱਲ ਕੇ ਆਈ ਹੈ। ਪੰਜਾਬੀ ਕਹਾਣੀ ਦੀ ਵਿਰਾਸਤ ਨੇ ਵਰਿਆਮ ਸਿੰਘ ਸੰਧੂ ਜੀ।

# ਚਿੰਤਨ ਕਰਨਾ ਲੋਚਦੀਆਂ ਨੇ ਸੀ.ਜੇ.ਆਈ ਦੀਆਂ ਮੀਡੀਆ ਸੰਬੰਧੀ ਟਿੱਪਣੀਆਂ!

ਜੀਵਨ ਦੇ ਹਰ ਖੇਤਰ 'ਚ ਅੱਜ ਜਿਸ ਤਰ੍ਹਾਂ ਮੀਡੀਆ ਦਖਲ-ਅੰਦਾਜ਼ੀ ਕਰ ਰਿਹਾ ਹੈ, ਉਹ ਦੇਸ਼ ਹਿੱਤ 'ਚ ਨਹੀਂ ਹੈ। ਹਰ ਚੀਜ਼ ਆਪਣੇ ਦਾਇਰੇ ਵਿਚ ਚੰਗੀ ਲੱਗਦੀ ਹੈ ਤੇ ਕੋਈ ਵੀ ਚੀਜ਼ ਜਦ ਆਪਣੇ ਦਾਇਰੇ ਤੋਂ ਬਾਹਰ ਹੋ ਜਾਏ ਤਾਂ ਹਾਨੀਕਾਰਕ ਹੋ ਨਿੱਬੜਦੀ ਹੈ। ਸਮੁੰਦਰ ਦੀਆਂ ਲਹਿਰਾਂ ਸਾਹਿਲ ਨਾਲ ਟਕਰਾਅ-ਟਕਰਾਅ ਲੰਘ ਜਾਣ ਤਾਂ ਕੋਈ ਗੱਲ ਨਹੀਂ, ਪਰ ਜਦੋਂ ਇਹ ਲਹਿਰਾਂ ਵਿਕਰਾਲ ਰੂਪ ਧਾਰ ਕੇ ਕਿਨਾਰਿਆਂ ਤੋਂ ਉੱਪਰ ਉੱਠ ਆਪ ਮੁਹਾਰੀਆਂ ਹੋ ਜਾਣ ਤਾਂ ਡਾਢਾ ਨੁਕਸਾਨ ਪਹੁੰਚਾਉਂਦੀਆਂ ਹਨ।

ਅਜੋਕੇ ਸਮੇਂ ਨਿਊਜ਼ ਚੈਨਲਾਂ ਦਾ ਵੀ ਇਹੋ ਹਾਲ ਹੈ ਭਾਵ ਇਹ ਵੀ ਆਪਣੀ ਲਛਮਣ ਰੇਖਾ ਪਾਰ ਕਰਨ ਤੋਂ ਭੋਰਾ ਗੁਰੇਜ਼ ਨਹੀਂ ਕਰਦੇ। ਇਸ ਨੂੰ ਵੱਡੀ ਤ੍ਰਾਸਦੀ ਹੀ



ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਕਿਹਾ ਜਾ ਸਕਦਾ ਹੈ ਕਿ ਹੁਣ ਮੀਡੀਆ ਤੇ ਸੋਸ਼ਲ ਮੀਡੀਆ ਅਦਾਲਤਾਂ ਦੁਆਰਾ ਕੀਤੀਆਂ ਟਿੱਪਣੀਆਂ 'ਤੇ ਵੀ ਸ਼ਰ੍ਹੇਆਮ ਕਿੰਤੂ-ਪ੍ਰੰਤੂ ਕੀਤਾ ਜਾ ਰਿਹਾ ਹੈ।

ਅਧਿਐਨ ਤੋਂ ਪਤਾ ਲੱਗਦਾ ਹੈ ਕਿ ਕਿਸੇ ਰਾਸ਼ਟਰ ਜਾਂ ਕੌਮ ਨੂੰ ਮੀਡੀਆ ਦਾ ਉਸਾਰੂ ਤੇ ਨਕਾਰਾਤਮਕ ਰਵੱਈਆ ਦੋਵੇਂ ਹੀ ਪ੍ਰਭਾਵਿਤ ਕਰਦੇ ਹਨ। ਜਿੱਥੇ ਮੀਡੀਆ ਵਲੋਂ ਕੀਤਾ ਸਹੀ ਤੇ ਸਟੀਕ ਵਾਦ-ਵਿਵਾਦ ਲੋਕਾਂ ਨੂੰ ਸੇਧ ਦੇ ਰਾਸ਼ਟਰ ਨੂੰ ਮਜ਼ਬੂਤ ਕਰਦਾ ਹੈ, ਉੱਥੇ ਹੀ ਮੀਡੀਆ ਦੀ ਨਕਾਰਾਤਮਕ ਤੇ ਦੂਸ਼ਣਬਾਜ਼ੀ ਭਰੀ ਭੂਮਿਕਾ ਹਮੇਸ਼ਾ ਕੌਮਾਂ ਨੂੰ ਕੁਰਾਹੇ ਪਾ ਦੇਸ਼ ਨੂੰ ਕਮਜ਼ੋਰ ਤੇ ਜਰਜਰ ਬਣਾਉਂਦੀ ਹੈ।

ਪਿਛਲੇ ਦਿਨੀਂ ਜਿਸ ਪ੍ਰਕਾਰ ਮਾਣਯੋਗ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਐਨ ਵੀ ਰਮੰਨਾ ਨੇ ਮੌਜੂਦਾ ਤਥਾਕਥਿਤ ਮੀਡੀਆ ਲਈ ਜੋ ਸ਼ਬਦ ਵਰਤੇ ਹਨ ਕਿ 'ਮੀਡੀਆ ਕੰਗਾਰੂ ਕੋਰਟ ਲਾ ਲੈਂਦਾ ਹੈ' ਯਕੀਨਨ ਚਿੰਤਨ ਕਰਨਾ ਲੋਚਦੇ ਹਨ।

ਲੰਘੇ ਦਹਾਕਿਆਂ 'ਚ ਜਦੋਂ ਮੀਡੀਆ ਦੇ ਸੰਦਰਭ ਵਿਚ ਅਸੀਂ ਗੱਲ ਕਰਦੇ ਹਾਂ ਤਾਂ ਮੀਡੀਆ ਦਾ ਦਾਇਰਾ ਮਹਿਦੂਦ ਜਿਹਾ ਨਜ਼ਰ ਪੈਂਦਾ ਹੈ। ਮੇਰੇ ਖਿਆਲ 'ਚ ਅੱਜ ਤੋਂ ਕੋਈ ਪੰਜ ਸੱਤ ਦਹਾਕੇ ਪਹਿਲਾਂ ਮੀਡੀਆ ਦਾ ਅਰਥ ਸਿਰਫ ਪ੍ਰਿੰਟ ਮੀਡੀਆ ਅਰਥਾਤ ਅਖ਼ਬਾਰਾਂ, ਮੈਗਜ਼ੀਨਾਂ ਤੇ ਰਸਾਲਿਆਂ ਤਕ ਮਹਿਦੂਦ ਸੀ ਜਾਂ ਫਿਰ ਇਲੈਕਟ੍ਰਾਨਿਕ ਮੀਡੀਆ ਦੇ ਰੂਪ ਵਿਚ ਕੁਝ ਕੁ ਗਿਣੇ ਚੁਣੇ ਅੰਤਰਰਾਸ਼ਟਰੀ ਜਾਂ ਦੇਸ਼ ਦੇ ਕੇਂਦਰੀ ਤੇ ਸੂਬਾਈ ਰੇਡੀਓ ਸਟੇਸ਼ਨ ਆਪਣੀਆਂ ਸੇਵਾਵਾਂ ਮੁਹੱਈਆ ਕਰਵਾਇਆ ਕਰਦੇ ਸਨ। ਰੇਡੀਓ ਪ੍ਰਸਾਰਿਤ ਇਨ੍ਹਾਂ ਖ਼ਬਰਾਂ ਰਾਹੀਂ ਲੋਕਾਂ ਨੂੰ ਅਕਸਰ ਮਿਆਰੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਸੀ ਤੇ ਇਸ ਦੇ ਨਾਲ ਹੀ ਦੂਜੇ ਪ੍ਰੋਗਰਾਮ ਰਾਹੀਂ ਰੇਡੀਓ ਆਪਣੇ ਸਰੋਤਿਆਂ ਦਾ ਮਨੋਰੰਜਨ ਕਰਦਾ ਸੀ। ਉਸ ਤੋਂ ਬਾਅਦ ਟੈਲੀਵਿਜ਼ਨ ਦਾ ਦੌਰ ਆਇਆ ਤੇ ਕੇਂਦਰ ਤੇ ਖੇਤਰੀ ਦੂਰਦਰਸ਼ਨ ਨਾਲ ਲੋਕ ਜੁੜਨ ਲੱਗੇ। ਦੂਰਦਰਸ਼ਨ ਦਾ ਜਾਦੂ 70 ਦੇ ਦਹਾਕੇ ਤੋਂ ਲੈ ਕੇ 90 ਦੇ ਆਖਰੀ ਸਾਲਾਂ ਤਕ ਆਪਣੇ ਦਰਸ਼ਕਾਂ ਦੇ ਖ਼ੂਬ ਸਿਰ ਚੜ੍ਹ ਕੇ ਬੋਲਿਆ। ਟੀ ਵੀ ਚੈਨਲਾਂ 'ਤੇ ਪ੍ਰਸਾਰਿਤ ਹੋਣ ਵਾਲੇ ਵੱਖ ਵੱਖ ਪ੍ਰੋਗਰਾਮ ਜਿੱਥੇ ਲੋਕਾਂ ਨੂੰ ਸਹੀ ਸੇਧ ਦਿੰਦੇ ਉੱਥੇ ਹੀ ਇਹ ਲੋਕਾਂ ਦਾ ਖ਼ੂਬ ਮਨੋਰੰਜਨ ਵੀ ਕਰਦੇ।




ਇਸ ਤੋਂ ਬਾਅਦ ਜਿਵੇਂ ਹੀ ਅਸੀਂ ਇੱਕੀਵੀਂ ਸਦੀ ਵਿਚ ਦਾਖਲ ਹੋਏ ਤਾਂ ਇਲੈਕਟ੍ਰਾਨਿਕ ਮੀਡੀਆ ਵਿਚ ਜਿਵੇਂ ਨਿਊਜ਼ ਚੈਨਲਾਂ ਦਾ ਹੜ੍ਹ ਆ ਗਿਆ। ਪਰ ਇੱਥੇ ਤ੍ਰਾਸਦੀ ਇਹ ਵੇਖਣ ਨੂੰ ਮਿਲੀ ਕਿ ਅਕਸਰ ਪ੍ਰਾਈਵੇਟ ਨਿਊਜ਼ ਚੈਨਲਾਂ ਦੇ ਐਂਕਰਜ਼ ਦੀਆਂ ਖ਼ਬਰਾਂ ਦੀ ਗੁਣਵੱਤਾ ਵਿਚ ਨਿਘਾਰ ਆਉਂਦਾ ਗਿਆ। ਪਿਛਲੇ ਇਕ ਦਹਾਕੇ ਤੋਂ ਜਿਵੇਂ ਕਿ ਅਸੀਂ ਵੇਖਿਆ ਕਿ ਵਧੇਰੇ ਨਿਊਜ਼ ਚੈਨਲ ਵੱਖ-ਵੱਖ ਕਾਰੋਬਾਰੀ ਘਰਾਣਿਆਂ ਦੁਆਰਾ ਖਰੀਦ ਲਏ ਗਏ ਜਾਂ ਇੰਝ ਕਹਿ ਲਵੋ ਕਿ ਇਨ੍ਹਾਂ ਉਤੇ ਵੱਡੇ ਉਦਯੋਗਪਤੀਆਂ ਦਾ ਕਬਜ਼ਾ ਹੋ ਗਿਆ।

ਜਿਵੇਂ ਕਿ ਅੱਜ ਅਸੀਂ ਵੇਖਦੇ ਹਾਂ ਕਿ ਅਕਸਰ ਨਾਮੀ ਨਿਊਜ਼ ਚੈਨਲਾਂ 'ਤੇ ਵਧੇਰੇ ਉਹੋ ਪ੍ਰਸਾਰਿਤ ਹੁੰਦਾ ਹੈ ਜਿਸ ਨਾਲ ਸਮਾਜ ਵਿਚ ਭਰਮ ਤੇ ਨਫਰਤ ਫੈਲਾ ਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਇਆ ਜਾ ਸਕੇ। ਸੋਸ਼ਲ ਮੀਡੀਆ ਐਕਟੀਵਿਸਟ ਇਨ੍ਹਾਂ ਭਰਮਾਂ ਨੂੰ ਹੀ ਵਧਾ ਚੜ੍ਹਾ ਕੇ ਅੱਗੇ ਫੈਲਾਅ ਰਹੇ ਹਨ, ਜਿਸ ਨਾਲ ਦੇਸ਼ ਦੀ ਏਕਤਾ ਤੇ ਅਖੰਡਤਾ ਖਤਰੇ 'ਚ ਪੈਣ ਦਾ ਖਦਸ਼ਾ ਬਣਿਆ ਰਹਿੰਦਾ ਹੈ।

ਅੱਜ ਦੇਸ਼ ਵਿਚ ਇਕ ਵਿਸ਼ੇਸ਼ ਫਿਰਕੇ ਖ਼ਿਲਾਫ ਦੂਜੇ ਫਿਰਕੇ ਦੇ ਲੋਕਾਂ ਨੂੰ ਜਿਸ ਤਰ੍ਹਾਂ ਉਕਸਾਇਆ ਤੇ ਭੜਕਾਇਆ ਜਾ ਰਿਹਾ ਹੈ ਉਸ ਦੀ ਇਸ ਤੋਂ ਪਹਿਲਾਂ ਮਿਸਾਲ ਨਹੀਂ ਮਿਲਦੀ। ਸੋਸ਼ਲ ਮੀਡੀਆ 'ਤੇ ਫੈਲਾਈਆਂ ਜਾਂਦੀਆਂ ਇਨ੍ਹਾਂ ਵਿਵਾਦਤ ਟਿੱਪਣੀਆਂ ਦੇ ਚਲਦਿਆਂ ਦੇਸ਼ ਨੂੰ ਅਕਸਰ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਕਿ ਪਿਛਲੇ ਦਿਨੀਂ ਅਸੀਂ ਵੇਖਿਆ ਕਿ ਅਜਿਹੇ ਹੀ ਇਕ ਵਿਵਾਦ ਦੌਰਾਨ ਇਕ ਪਾਰਟੀ ਦੀ ਤਰਜਮਾਨ ਦੁਆਰਾ ਕੀਤੀ ਅਭੱਦਰ ਟਿੱਪਣੀ ਦੇ ਚੱਲਦਿਆਂ ਦੇਸ਼ ਨੂੰ ਖਾੜੀ ਦੇਸ਼ਾਂ ਦੇ ਨਾਲ ਦੁਨੀਆ ਦੇ ਵੱਖ ਵੱਖ ਦੇਸ਼ਾਂ ਤੋਂ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ।

ਮੀਡੀਆ ਤੇ ਸੋਸ਼ਲ ਮੀਡੀਆ ਦੇ ਕੁਰਾਹੇ ਪੈਣ ਦੀ ਚਿੰਤਾ ਅੱਜ ਦੇਸ਼ ਦੇ ਹਰ ਬੁੱਧੀਜੀਵੀ ਵਰਗ ਨੂੰ ਰਹਿ ਰਹਿ ਕੇ ਸਤਾ ਰਹੀ ਹੈ, ਜਿਸ ਦਾ ਅੰਦਾਜ਼ਾ ਚੀਫ ਜਸਟਿਸ ਐਨ ਵੀ ਰਮੰਨਾ ਦੁਆਰਾ ਪ੍ਰਗਟਾਏ ਵਿਚਾਰਾਂ ਤੋਂ ਭਲੀ ਭਾਂਤ ਲਾਇਆ ਜਾ ਸਕਦਾ ਹੈ।

ਦਰਅਸਲ ਪਿਛਲੇ ਦਿਨੀਂ ਝਾਰਖੰਡ ਦੇ ਇਕ ਪ੍ਰੋਗਰਾਮ ਵਿਚ ਚੀਫ਼ ਜਸਟਿਸ ਐੱਨ ਵੀ ਰਮੰਨਾ ਨੇ ਮਾਮਲਿਆਂ ਦੇ ਮੀਡੀਆ ਟ੍ਰਾਇਲ 'ਤੇ ਸਵਾਲ ਚੁੱਕੇ ਸਨ। ਉਨ੍ਹਾਂ ਕਿਹਾ ਕਿ ਮੀਡੀਆ ਕੰਗਾਰੂ ਕੋਰਟ ਲਾ ਲੈਂਦਾ ਹੈ। ਨਿਆਂ ਦੇਣ ਨਾਲ ਜੁੜੇ ਮੁੱਦਿਆਂ 'ਤੇ ਗਲਤ ਸੂਚਨਾ ਅਤੇ ਏਜੰਡਾ ਚਲਾਉਣ ਵਾਲੀ ਬਹਿਸ ਲੋਕਤੰਤਰ ਦੀ ਸਿਹਤ ਲਈ ਹਾਨੀਕਾਰਕ ਸਾਬਤ ਹੋ ਰਹੀ ਹੈ। ਆਪਣੀਆਂ ਜ਼ਿੰਮੇਵਾਰੀਆਂ ਤੋਂ ਅੱਗੇ ਵਧ ਕੇ ਲੋਕਤੰਤਰ ਨੂੰ ਦੋ ਕਦਮ ਪਿੱਛੇ ਲਿਜਾ ਰਿਹਾ ਹੈ। ਇਸ ਦੇ ਨਾਲ ਹੀ ਚੀਫ਼ ਜਸਟਿਸ ਨੇ ਇਹ ਵੀ ਕਿਹਾ ਕਿ ਪ੍ਰਿੰਟ ਮੀਡੀਆ 'ਚ ਹਾਲੇ ਵੀ ਕੁਝ ਹੱਦ ਤਕ ਜਵਾਬਦੇਹੀ ਹੁੰਦੀ ਹੈ, ਜਦਕਿ

**ਚਰਚਾ ਦਾ ਵਿਸ਼ਾ**

ਇਲੈਕਟ੍ਰਾਨਿਕ ਮੀਡੀਆ 'ਚ ਜਵਾਬਦੇਹੀ ਜ਼ੀਰੋ ਹੈ। ਅਸੀਂ ਦੇਖ ਰਹੇ ਹਾਂ ਕਿ ਇਨ੍ਹੀਂ ਦਿਨੀਂ ਜੱਜਾਂ 'ਤੇ ਹਮਲੇ ਵਧ ਰਹੇ ਹਨ। ਬਿਨਾਂ ਕਿਸੇ ਸੁਰੱਖਿਆ ਜਾਂ ਸੁਰੱਖਿਆ ਦੇ ਭਰੋਸੇ ਦੇ ਜੱਜਾਂ ਨੂੰ ਉਸੇ ਸਮਾਜ ਵਿਚ ਰਹਿਣਾ ਹੋਵੇਗਾ, ਜਿਸ ਸਮਾਜ 'ਚ ਉਨ੍ਹਾਂ ਲੋਕਾਂ ਨੂੰ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਰਾਜਨੇਤਾਵਾਂ, ਨੌਕਰਸ਼ਾਹਾਂ, ਪੁਲਿਸ ਅਧਿਕਾਰੀਆਂ ਅਤੇ ਹੋਰ ਜਨ-ਪ੍ਰਤੀਨਿਧੀਆਂ ਨੂੰ ਅਕਸਰ ਉਨ੍ਹਾਂ ਦੀ ਨੌਕਰੀ ਦੀ ਸੰਵੇਦਨਸ਼ੀਲਤਾ ਕਾਰਨ ਰਿਟਾਇਰਮੈਂਟ ਤੋਂ ਬਾਅਦ ਸੁਰੱਖਿਆ ਦਿੱਤੀ ਜਾਂਦੀ ਹੈ। ਹਾਲ ਇਹ ਹੈ ਕਿ ਜੱਜਾਂ ਨੂੰ ਉਸ ਤਰ੍ਹਾਂ ਦੀ ਸੁਰੱਖਿਆ ਨਹੀਂ ਦਿੱਤੀ ਜਾਂਦੀ।

ਸੀ ਜੇ ਆਈ ਹੁਰਾਂ ਦਾ ਇਹ ਵੀ ਕਹਿਣਾ ਹੈ ਕਿ ਅੱਜ-ਕੱਲ੍ਹ ਜੱਜਾਂ 'ਤੇ ਹਮਲੇ ਵਧ ਰਹੇ ਹਨ। ਪੁਲਿਸ ਅਤੇ ਰਾਜਨੇਤਾਵਾਂ ਨੂੰ ਰਿਟਾਇਰਮੈਂਟ ਤੋਂ ਬਾਅਦ ਵੀ ਸੁਰੱਖਿਆ ਦਿੱਤੀ ਜਾਂਦੀ ਹੈ, ਇਸ ਤਰ੍ਹਾਂ ਜੱਜਾਂ ਨੂੰ ਵੀ ਸੁਰੱਖਿਆ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਉਹ ਰਾਜਨੀਤੀ 'ਚ ਜਾਣਾ ਚਾਹੁੰਦੇ ਸਨ, ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇਸ ਦੇ ਨਾਲ ਹੀ ਜਸਟਿਸ ਰਮੰਨਾ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਜੱਜ ਬਣਨ ਦਾ ਮਲਾਲ ਨਹੀਂ ਹੈ। ਉਨ੍ਹਾਂ ਕਿਹਾ ਕਿ ਜੱਜ ਸਮਾਜਿਕ ਸਚਾਈਆਂ ਤੋਂ ਅੱਖਾਂ ਨਹੀਂ ਬੰਦ ਕਰ ਸਕਦੇ। ਜੱਜਾਂ ਨੂੰ ਸਮਾਜ ਨੂੰ ਬਚਾਉਣ ਅਤੇ ਸੰਘਰਸ਼ਾਂ ਨੂੰ ਟਾਲਣ ਲਈ ਜ਼ਿਆਦਾ ਦਬਾਅ ਵਾਲੇ ਮਾਮਲਿਆਂ ਨੂੰ ਪਹਿਲ ਦੇਣੀ ਹੋਵੇਗੀ। ਚੀਫ ਜਸਟਿਸ ਰਮੰਨਾ ਦੇ ਵਿਚਾਰਾਂ 'ਤੇ ਵਿਸ਼ਲੇਸ਼ਣ ਕਰਦਿਆਂ ਅੰਤ ਵਿਚ ਪ੍ਰਸਿੱਧ ਸ਼ਾਇਰ ਸਾਹਿਰ ਲੁਧਿਆਣਵੀ ਦਾ ਇਹ ਸ਼ੇਅਰ ਹੀ ਲਿਖਣਾ ਚਾਹਾਂਗਾ:

ਦੁਨੀਆ ਨੇ ਤਜਰਬਾਤ-ਓ-ਹਵਾਦਿਸ ਕੀ ਸ਼ਕਲ ਮੇਂ।
ਜੋ ਕੁਛ ਮੁਝੇ ਦੀਆ ਵੋਹ ਲੌਟਾ ਰਹਾ ਹੂੰ ਮੈਂ।

## 68ਵੇਂ ਰਾਸ਼ਟਰੀ ਫਿਲਮ ਪੁਰਸਕਾਰ

# ਬੈਸਟ ਇਨਵੈਸਟੀਗੇਟਿਵ ਫਿਲਮ 'ਦੀ ਸੇਵੀਅਰ: ਬ੍ਰਿਗੇਡੀਅਰ ਪ੍ਰੀਤਮ ਸਿੰਘ'

68ਵੇਂ ਰਾਸ਼ਟਰੀ ਫਿਲਮ ਐਵਾਰਡਜ਼ ਵਿਚ ਪੰਜਾਬ ਦੀ ਲਾਜ ਰੱਖਣ ਵਾਲੀ ਇਕਲੌਤੀ ਫਿਲਮ ਹੈ 'ਦੀ ਸੇਵੀਅਰ: ਬ੍ਰਿਗੇਡੀਅਰ ਪ੍ਰੀਤਮ ਸਿੰਘ'। ਇਸ ਫਿਲਮ ਨੂੰ ਬੈਸਟ ਇਨਵੈਸਟੀਗੇਟਿਵ ਫਿਲਮ ਦਾ ਐਵਾਰਡ ਮਿਲਿਆ ਹੈ। ਬਰਨਾਲਾ ਜ਼ਿਲ੍ਹੇ ਦੇ ਪਿੰਡ ਕੱਟੂ ਦੇ ਜੰਮਪਲ ਡਾ. ਪਰਮਜੀਤ ਸਿੰਘ ਕੱਟੂ ਦੁਆਰਾ ਲਿਖੀ ਤੇ ਨਿਰਦੇਸ਼ਿਤ ਕੀਤੀ ਇਹ ਫਿਲਮ ਆਪਣੇ ਆਪ ਵਿਚ ਕਈ ਪੱਖਾਂ ਤੋਂ ਵਿਲੱਖਣ ਵੀ ਹੈ। ਪੰਜਾਬ ਵਿਚ ਇਸ ਪੱਧਰ ਦਾ ਡਾਕੂ-ਡਰਾਮਾ ਵਰਗ ਦਾ ਕੋਈ ਫਿਲਮੀ ਪ੍ਰਾਜੈਕਟ ਇਸ ਤੋਂ ਪਹਿਲਾਂ ਵੇਖਣ ਨੂੰ ਨਹੀਂ ਮਿਲਦਾ। ਨੈਸ਼ਨਲ

**ਪ੍ਰੀਤਇੰਦਰ ਕੌਰ**
**ਫੋਨ: 86997-75563**

ਫਿਲਮ ਐਵਾਰਡਾਂ ਦੇ 68 ਸਾਲਾਂ ਦੇ ਇਤਿਹਾਸ ਵਿਚ ਨਾਨ-ਫੀਚਰ ਕੈਟਾਗਰੀ ਵਿਚ ਜਿੱਤਣ ਵਾਲੀ ਪੰਜਾਬ ਦੀ ਇਹ ਪਹਿਲੀ ਫਿਲਮ ਹੈ। ਇਸ ਫਿਲਮ ਦੇ ਨਿਰਮਾਤਾ ਸਰਦਾਰ ਕਰਨਵੀਰ ਸਿੰਘ ਸਿਵੀਆ ਹਨ, ਜੋ ਲੰਮੇ ਸਮੇਂ ਤੋਂ ਸਮਾਜ ਸੇਵਾ ਅਤੇ ਕਲਾਤਮਕ ਸਿਰਜਣਾਵਾਂ ਦੇ ਖੇਤਰ ਵਿਚ ਸਰਗਰਮ ਭੂਮਿਕਾ ਨਿਭਾਅ ਰਹੇ ਹਨ।

ਇਹ ਫਿਲਮ ਪਹਿਲੀ ਭਾਰਤੀ ਜੰਗ ਦੇ ਅਣਗੌਲੇ ਨਾਇਕ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੇ ਜੀਵਨ ਦੁਆਲੇ ਘੁੰਮਦੀ ਹੈ। ਪ੍ਰੀਤਮ ਸਿੰਘ ਦਾ ਜਨਮ 05 ਅਕਤੂਬਰ 1911 ਨੂੰ ਦੀਨਾ ਸਾਹਿਬ ਵਿਖੇ ਹੋਇਆ ਜਿੱਥੇ ਦਸਮ ਗੁਰੂ ਨੇ ਜ਼ਫ਼ਰਨਾਮਾ ਰਚਿਆ। ਦੂਜੇ ਵਿਸ਼ਵ ਯੁੱਧ ਵਿਚ ਸਿੰਗਾਪੁਰ ਦੇ ਮੋਰਚੇ 'ਤੇ ਲੜ ਰਹੇ ਸਨ ਪਰ ਜੰਗ ਦੌਰਾਨ ਦੁਸ਼ਮਣ ਦੇ ਕੈਂਪ ਵਿਚ ਫੜੇ ਗਏ। 4 ਮਈ 1942 ਨੂੰ ਆਪਣੇ ਦੋ ਸਾਥੀਆਂ ਕੈਪਟਨ ਬਲਵੀਰ ਸਿੰਘ ਤੇ ਕੈਪਟਨ ਜੀ.ਆਰ. ਪ੍ਰਭ ਨਾਲ ਉਥੋਂ ਬਚ ਕੇ ਨਿਕਲਣ ਵਿਚ ਕਾਮਯਾਬ ਹੋਏ। ਮਲਾਇਆ, ਥਾਈਲੈਂਡ ਤੇ ਬਰਮਾ ਦੇ ਜੰਗਲਾਂ, ਪਹਾੜਾਂ, ਨਦੀਆਂ ਦਾ ਸਫ਼ਰ ਤੈਅ ਕਰਦਿਆਂ ਛੇ



ਫਿਲਮ ਦਾ ਲੇਖਕ ਤੇ ਨਿਰਦੇਸ਼ਕ ਡਾ. ਪਰਮਜੀਤ ਸਿੰਘ ਕੱਟੂ

ਮਹੀਨਿਆਂ ਬਾਅਦ ਆਖਰ ਭਾਰਤ ਪਹੁੰਚ ਗਏ। ਇਸ ਹੌਸਲੇ ਤੇ ਦਲੇਰਾਨਾ ਕਾਰਜ ਲਈ ਪ੍ਰੀਤਮ ਸਿੰਘ ਨੂੰ ਵੱਕਾਰੀ ਮੈਡਲ 'ਮਿਲਟਰੀ ਕਰਾਸ' ਨਾਲ ਸਨਮਾਨਿਆ ਗਿਆ। ਭਾਰਤ ਦੀ ਆਜ਼ਾਦੀ ਤੋਂ ਬਾਅਦ ਪ੍ਰੀਤਮ ਸਿੰਘ ਸ੍ਰੀਨਗਰ ਵਿਖੇ ਭਾਰਤੀ ਫੌਜ ਦੀ ਫੈਸਲਾਕੁਨ ਸ਼ਾਲਟੈਂਗ ਦੀ ਲੜਾਈ ਵਿਚ ਸ਼ਾਮਿਲ ਹੋਏ ਅਤੇ ਤਿੰਨ ਮਹੀਨਿਆਂ ਵਿਚ ਹੀ ਪਾਕਿਸਤਾਨੀ ਫੌਜ ਨੂੰ ਉੜੀ ਤੋਂ ਵੀ ਪਿੱਛੇ ਧੱਕ ਦਿੱਤਾ। ਉਨ੍ਹਾਂ ਦੀ ਬਹਾਦਰੀ ਨੂੰ ਦੇਖਦਿਆਂ 20 ਨਵੰਬਰ 1947 ਨੂੰ ਪੁਣਛ ਨੂੰ ਬਚਾਉਣ ਭੇਜਿਆ ਗਿਆ। ਲਗਭਗ ਡੇਢ ਸਾਲ ਦੇ ਖਤਰਨਾਕ ਫੌਜੀ ਅਪ੍ਰੇਸ਼ਨ ਦੌਰਾਨ ਬ੍ਰਿਗੇਡੀਅਰ ਪ੍ਰੀਤਮ ਸਿੰਘ ਨੇ 50,000 ਲੋਕਾਂ ਦੀ ਜਾਨ ਬਚਾਈ, ਜਿਸ ਕਰਕੇ ਪੁੰਛ ਅਤੇ ਜੰਮੂ-ਕਸ਼ਮੀਰ ਦਾ ਬਹੁਤ ਵੱਡਾ ਹਿੱਸਾ ਅੱਜ ਭਾਰਤ ਵਿਚ ਸ਼ਾਮਿਲ ਹੈ ਪਰ ਕੁਝ ਗਲਤ ਇਲਜ਼ਾਮਾਂ ਕਰਕੇ ਉਨ੍ਹਾਂ ਦਾ ਕੋਰਟ-ਮਾਰਸ਼ਲ ਕਰ ਦਿੱਤਾ ਗਿਆ ਸੀ। ਪੌਣੀ ਸਦੀ ਬਾਅਦ ਇਸ ਕਹਾਣੀ ਨੂੰ ਤੱਥਾਂ ਅਤੇ ਅੰਤਰਰਾਸ਼ਟਰੀ ਮਿਆਰਾਂ ਰਾਹੀਂ ਪੇਸ਼ ਕਰਨ ਕਰਕੇ ਇਸ ਫਿਲਮ ਨੂੰ ਬੈਸਟ ਇਨਵੈਸਟੀਗੇਟਿਵ ਫਿਲਮ ਵਜੋਂ ਚੁਣਿਆ ਗਿਆ ਹੈ।

ਡਾ. ਪਰਮਜੀਤ ਸਿੰਘ ਕੱਟੂ ਨੇ ਕਿਹਾ ਕਿ ਪੌਣੀ ਸਦੀ ਪਹਿਲਾਂ ਦੀ ਇਸ ਬਹੁਤ ਹੀ ਗੰਭੀਰ ਕਹਾਣੀ ਨੂੰ ਪਰਦੇ ਉਪਰ ਪੇਸ਼ ਕਰਨਾ ਇਕ ਨਿਰਦੇਸ਼ਕ ਵਜੋਂ ਬਹੁਤ ਵੱਡੀ ਚੁਣੌਤੀ ਸੀ। ਉਨ੍ਹਾਂ ਨੇ ਇਹ ਚੁਣੌਤੀ ਸਵੀਕਾਰ ਕੀਤੀ ਕਿਉਂਕਿ ਪੀ-ਐਚ.ਡੀ. ਕੀਤੀ ਹੋਣ ਕਰਕੇ ਉਨ੍ਹਾਂ ਦੀ ਰੁਚੀ ਹਮੇਸ਼ਾ ਹੀ ਖੋਜ ਵਾਲੇ ਵਿਸ਼ਿਆਂ ਵਿਚ ਰਹਿੰਦੀ ਹੈ। ਉਨ੍ਹਾਂ ਨੂੰ ਖੁਸ਼ੀ ਹੈ ਕਿ ਰਾਸ਼ਟਰੀ ਪੁਰਸਕਾਰ ਨੇ ਉਨ੍ਹਾਂ ਦੀ ਮਿਹਨਤ ਦਾ ਮੁੱਲ ਪਾ ਦਿੱਤਾ ਹੈ।

ਇਹ ਫਿਲਮ ਟੀਮ ਦੀ ਲਗਪਗ ਤਿੰਨ ਸਾਲਾਂ ਦੀ ਮਿਹਨਤ ਦਾ ਨਤੀਜਾ ਹੈ। ਇਸ ਫਿਲਮ ਲਈ ਪਿੱਠਵਰਤੀ ਆਵਾਜ਼ ਬਾਲੀਵੁੱਡ ਦੇ ਨਾਮਵਰ ਅਦਾਕਾਰ ਜ਼ਾਕਰ ਹੁਸੈਨ ਨੇ ਦਿੱਤੀ ਹੈ ਅਤੇ ਇਸ ਫਿਲਮ ਦਾ ਪੋਸਟ ਪ੍ਰੋਡਕਸ਼ਨ ਦਾ ਕਾਰਜ ਮੁੰਬਈ ਦੇ ਬਿਹਤਰੀਨ ਸਟੂਡੀਓਜ਼ ਵਿਚ ਹੋਇਆ ਹੈ। ਇਹ ਫਿਲਮ ਡਾਕੂਮੈਂਟਰੀ ਅਤੇ ਫੀਚਰ ਫਿਲਮ ਦਾ ਸੁਮੇਲ ਹੈ ਇਸ ਲਈ ਇਸ ਨੂੰ ਡਾਕੂ ਡਰਾਮਾ ਵਰਗ ਵਿਚ ਗਿਣਿਆ ਜਾਂਦਾ ਹੈ। ਡਾਕੂਮੈਂਟਰੀ ਭਾਗ ਲਈ ਜਿਥੇ ਦੂਜੇ ਵਿਸ਼ਵ ਯੁੱਧ ਅਤੇ 1947 ਦੇ ਤਮਾਮ ਸਰੋਤ ਵੇਖੇ ਗਏ ਉਥੇ ਡਰਾਮਾ ਭਾਗ ਲਈ ਬਿਹਤਰੀਨ ਅਦਾਕਾਰਾਂ ਨੂੰ ਸ਼ਾਮਲ ਕੀਤਾ ਗਿਆ। ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਰੋਲ ਨੌਜਵਾਨ ਅਦਾਕਾਰ ਧਨਵੀਰ ਸਿੰਘ ਦੁਆਰਾ ਨਿਭਾਇਆ ਗਿਆ ਹੈ ਜੋ ਦਸਵੀਂ ਫਿਲਮ ਅਤੇ ਮੁਗਲੇ-ਆਜ਼ਮ ਸੰਗੀਤਕ ਨਾਟਕ ਦੀ ਸ਼ਹਿਜ਼ਾਦਾ ਸਲੀਮ ਵਜੋਂ ਮਕਬੂਲ ਹੈ। ਇਸ ਦੇ ਨਾਲ ਹੀ ਮਹਾਂਬੀਰ ਭੁੱਲਰ ਅਤੇ ਪਾਲੀ ਸੰਧੂ ਵਰਗੇ ਅਦਾਕਾਰ ਇਸ ਫਿਲਮ ਦਾ ਹਿੱਸਾ ਹਨ।

ਬਰਨਾਲਾ ਜ਼ਿਲ੍ਹੇ ਦੇ ਪਿੰਡ ਕੱਟੂ ਦੇ ਜੰਮਪਲ ਨੌਜਵਾਨ ਫਿਲਮ ਲੇਖਕ ਤੇ ਨਿਰਦੇਸ਼ਕ ਡਾ. ਪਰਮਜੀਤ ਸਿੰਘ ਕੱਟੂ ਨੇ ਪੰਜਾਬੀ ਦੀ ਪੀ ਐਚ ਡੀ ਦੀ ਡਿਗਰੀ ਕੀਤੀ ਹੋਈ ਹੈ ਅਤੇ ਇਸ ਤੋਂ ਪਹਿਲਾਂ ਚਾਰ ਲਘੂ ਫਿਲਮਾਂ ਦਾ ਲੇਖਨ ਤੇ ਨਿਰਦੇਸ਼ਨ ਕਰ ਚੁੱਕਾ ਹੈ ਤੇ ਉਸ ਦੀਆਂ ਫਿਲਮਾਂ ਦੀ ਖਾਸੀਅਤ ਹੁੰਦੀ ਹੈ ਕਿ ਉਹ ਦੁਨੀਆਂ ਭਰ ਦੇ ਨਾਮਵਰ ਫਿਲਮ ਮੁਕਾਬਲਿਆਂ ਵਿਚ ਭਾਗ ਲੈਂਦੀਆਂ ਅਤੇ ਜੇਤੂ ਰਹਿੰਦੀਆਂ ਹਨ। ਮਿਸਾਲ ਵਜੋਂ ਨੈਸ਼ਨਲ ਐਵਾਰਡ ਜੇਤੂ ਡਾਕੂਮੈਂਟਰੀ ਫਿਲਮ 'ਦੀ ਸੇਵੀਅਰ: ਬ੍ਰਿਗੇਡੀਅਰ ਪ੍ਰੀਤਮ ਸਿੰਘ' ਨੂੰ ਵੀ ਇਸ ਤੋਂ ਪਹਿਲਾਂ ਪੰਦਰਾਂ ਤੋਂ ਵਧੇਰੇ ਅੰਤਰਰਾਸ਼ਟਰੀ ਐਵਾਰਡ ਮਿਲ ਚੁੱਕੇ ਹਨ। ਜਿਨ੍ਹਾਂ ਵਿਚ ਲਾਸ ਏਂਜਲਸ ਫਿਲਮ ਐਵਾਰਡ, ਤੇਰਵਾਂ ਦਾਦਾ ਸਾਹਿਬ ਫਾਲਕੇ ਫਿਲਮ ਫੈਸਟੀਵਲ, ਨਵੀਂ ਦਿੱਲੀ ਅੰਤਰਰਾਸ਼ਟਰੀ ਫਿਲਮ ਫੈਸਟੀਵਲ ਸਮੇਤ ਰੋਮ ਸਵੀਡਨ ਇਟਲੀ ਲੰਡਨ ਆਦਿ ਥਾਵਾਂ ਦੇ ਅੰਤਰਰਾਸ਼ਟਰੀ ਫਿਲਮ ਮੇਲਿਆਂ ਵਿਚ ਵੀ ਜੇਤੂ ਰਹੀ ਹੈ।

ਡਾ. ਪਰਮਜੀਤ ਸਿੰਘ ਕੱਟੂ ਦਾ ਕਹਿਣਾ ਹੈ ਕਿ ਇਹ ਫਿਲਮ ਇਸ ਮਕਸਦ ਨਾਲ ਬਣਾਈ ਗਈ ਹੈ ਤਾਂ ਜੋ ਬ੍ਰਿਗੇਡੀਅਰ ਪ੍ਰੀਤਮ ਦਾ ਮਾਣ-ਸਤਿਕਾਰ ਬਹਾਲ ਕਰਵਾਇਆ ਜਾ ਸਕੇ ਅਤੇ ਸਰਕਾਰ ਉਨ੍ਹਾਂ ਦੇ ਕੋਰਟ-ਮਾਰਸ਼ਲ ਨੂੰ ਖਾਰਜ ਕੀਤਾ ਜਾਵੇ। ਇਸ ਲੜੀ ਵਿਚ ਅਪ੍ਰੈਲ ਮਹੀਨੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਿੱਖ ਯੋਧੇ ਵਜੋਂ ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਚਿੱਤਰ ਲਗਾਇਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ




ਨੂੰ ਭਾਰਤ ਸਰਕਾਰ ਤੋਂ ਵੀ ਪੂਰਨ ਆਸ ਹੈ ਕਿ ਬ੍ਰਿਗੇਡੀਅਰ ਸਾਹਿਬ ਨਾਲ ਨਿਆਂ ਕਰੇਗੀ।

ਫਿਲਮ ਦੇ ਲੇਖਕ ਤੇ ਨਿਰਦੇਸ਼ਕ ਦਾ ਇਹ ਪਹਿਲਾ ਵੱਡਾ ਫਿਲਮੀ ਪ੍ਰਾਜੈਕਟ ਹੈ ਤੇ ਪਹਿਲੇ ਹੀ ਪ੍ਰਾਜੈਕਟ ਦਾ ਰਾਸ਼ਟਰੀ ਫਿਲਮ ਐਵਾਰਡ ਲਈ ਚੁਣਿਆ ਜਾਣਾ ਉਸ ਦੀ ਮਿਹਨਤ ਅਤੇ ਕਾਬਲੀਅਤ ਦੀ ਗਵਾਹੀ ਭਰਦਾ ਹੈ। 'ਦੀ ਸੇਵੀਅਰ: ਬ੍ਰਿਗੇਡੀਅਰ ਪ੍ਰੀਤਮ ਸਿੰਘ' ਫਿਲਮ ਨੇ ਪੰਜਾਬ ਦਾ ਮਾਣ ਵਧਾਇਆ ਹੈ। ਇਹ ਫਿਲਮ ਜਲਦ ਹੀ ਕਿਸੇ ਵੱਡੇ ਅੰਤਰਰਾਸ਼ਟਰੀ ਓਟੀਟੀ ਪਲੇਟਫਾਰਮ ਤੇ ਰਿਲੀਜ਼ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਫਿਲਮ ਦੀਆਂ ਪ੍ਰਾਪਤੀਆਂ ਤੋਂ ਇਹ ਨਿਸ਼ਚੇ ਹੀ ਕਿਹਾ ਜਾ ਸਕਦਾ ਹੈ ਕਿ ਫਿਲਮ ਪੰਜਾਬੀ ਸਿਨੇਮਾ ਦੇ ਨਾਲ ਨਾਲ ਵਿਸ਼ਵ ਸਿਨੇਮਾ ਵਿਚ ਵੀ ਨਵੇਂ ਮੀਲ ਪੱਥਰ ਵਜੋਂ ਜਾਣੀ ਜਾਵੇਗੀ।

# ਆਤਮਿਕ ਆਜ਼ਾਦੀ ਦਾ ਪੈਰੋਕਾਰ ਕਾਰਲ ਮਾਰਕਸ

*(ਸਫਾ 22 ਦਾ ਬਾਕੀ)*

ਕਾਰਨ ਸਾਮਰਾਜੀ ਖਪਤਕਾਰੀ ਦੀ ਚਕਾਚੌਂਧ ਦਾ ਸ਼ਿਕਾਰ ਹੋਣ ਤੋਂ ਬਚ ਜਾਂਦੇ। ਉਹ ਆਪਣੀ ਉਚੇ ਪੱਧਰ ਦੀ ਆਤਮਿਕ ਆਜ਼ਾਦੀ ਦਾ ਅਨੰਦ ਮਾਣਦੇ ਹੋਏ ਬਾਕੀ ਸਾਰੇ ਸੰਸਾਰ ਲਈ ਇਕ ਚਾਨਣ ਮੁਨਾਰਾ ਬਣਦੇ। ਪਰ ਇਉਂ ਨਹੀਂ ਹੋ ਸਕਿਆ। ਕਿਉਂਕਿ ਇਨਕਲਾਬ ਤੋਂ ਬਾਅਦ ਭੌਤਿਕਵਾਦੀ ਫਿਲਾਸਫੀ ਦੇ ਆਧਾਰ ਉਤੇ ਲੋਕਾਂ ਦਾ ਆਤਮਿਕ ਤੇ ਸਭਿਆਚਾਰਕ ਵਿਕਾਸ ਕਰਨ ਦੇ ਕਾਰਜ ਨੂੰ ਅਣਗੌਲਿਆ ਕਰ ਦਿਤਾ ਗਿਆ।

ਮਾਰਕਸ ਦੇ ਕਥਨ ਅਨੁਸਾਰ, 'ਜਿਵੇਂ ਕਿਰਤੀ ਜਮਾਤ ਦੇ ਰੂਪ ਵਿਚ ਫਿਲਾਸਫੀ ਆਪਣਾ ਠੋਸ ਹਥਿਆਰ ਲਭ ਲੈਂਦੀ ਹੈ, ਉਵੇਂ ਹੀ ਕਿਰਤੀ ਜਮਾਤ ਫਿਲਾਸਫੀ ਦੇ ਰੂਪ ਵਿਚ ਆਪਣਾ ਆਤਮਿਕ ਹਥਿਆਰ ਲਭ ਲੈਂਦੀ ਹੈ'

....'ਕਿਰਤੀ ਜਮਾਤ ਨੂੰ ਖਤਮ ਕੀਤੇ ਬਿਨਾਂ ਫਿਲਾਸਫੀ ਹਕੀਕਤ ਨਹੀਂ ਬਣ ਸਕਦੀ ਅਤੇ ਫਿਲਾਸਫੀ ਨੂੰ ਹਕੀਕਤ ਬਣਾਏ ਬਿਨਾਂ ਕਿਰਤੀ ਜਮਾਤ ਖਤਮ ਨਹੀਂ ਹੋ ਸਕਦੀ।'

.... 'ਹਰ ਸਚੀ ਫਿਲਾਸਫੀ ਆਪਣੇ ਸਮੇਂ ਦਾ ਬੌਧਿਕ ਤਤ ਹੁੰਦੀ ਹੈ,....ਫਿਲਾਸਫੀ ਸਭਿਆਚਾਰ ਦੀ ਸਜਿੰਦ ਆਤਮਾ ਹੁੰਦੀ ਹੈ।'... 'ਫਿਲਾਸਫੀ ਪੁਛਦੀ ਹੈ, ਸਚ ਕੀ ਹੈ? ਇਹ ਨਹੀਂ, ਕਿ ਸਚ ਕੀ ਹੋ ਸਕਦਾ ਹੈ। ਫਿਲਾਸਫੀ ਪੁਛਦੀ ਹੈ ਕਿ ਸਾਰੀ ਮਨੁੱਖਤਾ ਲਈ ਸਚ ਕੀ ਹੈ? ਇਹ ਨਹੀਂ, ਕਿ ਕੁਝ ਲੋਕਾਂ ਲਈ ਸਚ ਕੀ ਹੈ। ਫਿਲਾਸਫੀ ਦੇ ਆਤਮਿਕ ਸਚ ਰਾਜਸੀ ਭੂਗੋਲਿਕ ਹਦਾਂ ਦੀਆਂ ਸੀਮਾਵਾਂ ਨਹੀਂ ਮੰਨਦੇ।'

.... 'ਫਿਲਾਸਫਰ ਧਰਤੀ ਵਿਚੋਂ ਖੁੰਬਾਂ ਵਾਂਗੂ ਨਹੀਂ ਉਗਦੇ। ਉਹ ਆਪਣੇ ਸਮੇਂ ਦੀ, ਆਪਣੀ ਕੌਮ ਦੀ ਉਪਜ ਹੁੰਦੇ ਹਨ, ਜਿਨ੍ਹਾਂ ਦੇ ਅਤਿ ਸੂਖਮ, ਮਨੁੱਖੀ ਜ਼ਿੰਦਗੀ ਦੀ ਕੀਮਤੀ ਅਦਿਖ ਨਿਚੋੜ, ਫਿਲਾਸਫੀ ਦੇ ਵਿਚਾਰਾਂ ਰਾਹੀਂ ਵਹਿ ਤੁਰਦੇ ਹਨ। ਓਹੀ ਆਤਮਾ ਜਿਹੜੀ ਮਜ਼ਦੂਰਾਂ ਦੇ ਹਥੋਂ ਰੇਲ ਗੱਡੀਆਂ ਦਾ ਨਿਰਮਾਣ ਕਰਵਾਉਂਦੀ ਹੈ, ਫਿਲਾਸਫਰਾਂ ਦੇ ਦਿਮਾਗਾਂ ਵਿਚ ਫਿਲਾਸਫੀ ਦੀਆਂ ਧਾਰਨਾਵਾਂ ਦੀ ਸਿਰਜਣਾ ਕਰਦੀ ਹੈ।'

... 'ਦਰਪੇਸ਼ ਫਿਲਾਸਫੀ ਦਾ ਕਾਰਜ ਸਿਰਫ ਏਨਾ ਹੈ ਕਿ ਇਕ ਇਕੱਲਾ ਫਿਲਾਸਫਰ ਉਹ ਕੰਮ ਪੂਰਾ ਕਰੇ, ਜਿਹੜਾ ਆਉਣ ਵਾਲੇ ਸਮੇਂ ਵਿਚ ਸਮੁਚੀ ਆਦਮ ਜਾਤੀ ਨੇ ਆਪਣੇ ਵਿਕਾਸ ਦੌਰਾਨ ਪੂਰਾ ਕਰਨਾ ਹੈ।'

... 'ਮੇਰੀ ਫਲਸਫਈ ਹੋਂਦ ਹੀ ਮੇਰੀ ਮਨੁੱਖੀ ਹੋਂਦ ਹੈ। ਖਾਣ-ਪੀਣ-ਹੱਗਣ ਤਾਂ ਪਸ਼ੂ ਵੀ ਕਰਦੇ ਹਨ।'

ਸਮੁੱਚੇ ਮਾਰਕਸਵਾਦ ਵਿਚ ਸਾਇੰਸ ਦਾ ਭਾਵਅਰਥ ਭੌਤਿਕਵਾਦੀ ਫਿਲਾਸਫੀ ਹੀ ਹੈ। ਅਸਲ ਵਿਚ ਮਾਰਕਸ-ਏਂਗਲਜ਼ ਜਦੋਂ ਵੀ ਵਿਗਿਆਨਕ ਵਿਚਾਰਧਾਰਾ ਦੀ ਗੱਲ ਕਰਦੇ ਹਨ ਤਾਂ ਉਹ ਭੌਤਿਕਵਾਦੀ ਫਿਲਾਸਫੀ ਵਿਚਲੇ ਆਤਮਿਕ ਗਿਆਨ ਦੀ ਗੱਲ ਹੀ ਕਰਦੇ ਹਨ। ਉਹ ਕਿਸੇ ਅਮੂਰਤ 'ਵਿਗਿਆਨਕ ਵਿਚਾਰਧਾਰਾ' ਦੀ ਗੱਲ ਨਹੀਂ ਕਰਦੇ।

ਉਹ ਜਦੋਂ ਵੀ ਵਿਗਿਆਨਕ ਕਮਿਊਨਿਜ਼ਮ ਦੀ ਗੱਲ ਕਰਦੇ ਹਨ ਤਾਂ ਉਹ ਇਸ ਫਿਲਾਸਫੀ ਦੇ ਆਧਾਰ ਉਤੇ ਵਿਕਸਿਤ ਹੋਏ ਚੇਤੰਨ ਮਨ ਵਿਚ ਅਨੁਭਵ ਕੀਤੇ ਜਾ ਸਕਣ ਵਾਲੇ ਕਮਿਊਨਿਜ਼ਮ ਦੇ ਸੰਕਲਪ ਭਾਵ ਕਮਿਊਨਿਜ਼ਮ ਦੀ ਚੇਤੰਨ ਸੋਚ ਨੂੰ ਵਿਗਿਆਨਕ ਕਮਿਊਨਿਜ਼ਮ ਦਾ ਨਾਂ ਦੇਂਦੇ ਹਨ। ਜਿਸ ਨੂੰ ਨਾਸਤਿਕ ਕਮਿਊਨਿਸਟਾਂ ਨੇ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਅਤੇ 'ਵਿਗਿਆਨਕ' ਸ਼ਬਦ ਦੀ ਧਰਮਾਂ ਨੂੰ ਗਾਲ੍ਹਾਂ ਕਢਣ ਲਈ ਏਨੀ ਕੁ ਦੁਰਵਰਤੋਂ ਕੀਤੀ ਹੈ ਕਿ ਹੁਣ ਉਹ ਖ਼ੁਦ ਹੀ ਸਾਮਰਾਜੀ ਖਪਤਕਾਰੀ ਸਭਿਆਚਾਰ ਦੇ ਭਰਮਜਾਲ ਵਿਚ ਫਸ ਗਏ ਹਨ।

# ਸ਼ੁਭ ਅਮਲਾਂ ਬਾਝੋਂ ਦੋਨੋ ਰੋਈ ...

ਅੱਜ ਜਦੋਂ ਫੇਸਬੁੱਕ 'ਤੇ ਅਖੌਤੀ ਕਾਮਰੇਡਾਂ ਅਤੇ ਅਖੌਤੀ 'ਖਾਲਿਸਤਾਨੀਆਂ' ਦੇ ਸਿੰਗ ਫਸੇ ਵੇਖਦਾ ਹਾਂ ਤਾਂ ਭਾਈ ਗੁਰਦਾਸ ਜੀ ਬਹੁਤ ਯਾਦ ਆਉਂਦੇ ਨੇ। ਭਾਈ ਗੁਰਦਾਸ ਜੀ ਬਾਬੇ ਨਾਨਕ ਦੀ ਵਾਰ ਲਿਖਦਿਆਂ ਜ਼ਿਕਰ ਕਰਦੇ ਨੇ ਕਿ ਇੱਕ ਵਾਰ ਕਾਜ਼ੀ ਮੁੱਲਾਂ ਬਾਬੇ ਨੂੰ ਸਵਾਲ ਕਰਨ ਲੱਗ ਪਏ ਕਿ ਦੱਸੋ ਵੱਡਾ (ਚੰਗਾ) ਕੌਣ ਹੈ: ਹਿੰਦੂ ਕਿ ਮੁਸਲਮਾਨ? ਤੇ ਕਹਿੰਦੇ ਬੜਾ ਨਿਧੜਕ ਹੋ:

ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋ ਦੋਵੇਂ ਰੋਈ॥

**ਕੁਲਵਿੰਦਰ ਖਹਿਰਾ**

ਅੱਜ ਫੇਸਬੁੱਕ 'ਤੇ ਸਿੱਖੀ ਅਤੇ ਕਾਮਰੇਡੀ ਦੇ ਨਾਂ 'ਤੇ ਜੋ ਗਾਲ੍ਹੀ-ਗਲੋਚ, ਅਪਮਾਨ ਅਤੇ ਨਫ਼ਰਤ ਦਾ ਪ੍ਰਚਾਰ ਹੋ ਰਿਹਾ ਹੈ, ਉਹ ਨਾ ਸਿਰਫ ਸਾਡੀ ਔਕਾਤ ਦਾ ਪ੍ਰਗਟਾਵਾ ਹੈ ਸਗੋਂ ਸਾਡੀ ਅਨਪੜ੍ਹਤਾ ਅਤੇ ਸਵੈ-ਵਿਸ਼ਵਾਸ ਦੀ ਅਣਹੋਂਦ ਦਾ ਦਹਾੜਦਾ ਹੋਇਆ ਸਬੂਤ ਹੈ। ਇਵੇਂ ਲੱਗਦਾ ਹੈ ਕਿ ਪੰਜਾਬ ਵਿਚ ਬਾਕੀ ਸਾਰੇ ਮਸਲੇ ਮੁੱਕ ਗਏ ਹਨ ਅਤੇ ਸਿਰਫ ਸਿੱਖਾਂ ਅਤੇ ਕਾਮਰੇਡਾਂ ਦਾ ਕੌਰਵਾਂ-ਪਾਂਡਵਾਂ ਵਾਲ਼ਾ ਯੁੱਧ ਹੋਣਾ ਹੀ ਇੱਕੋ-ਇੱਕ ਮਸਲਾ ਰਹਿ ਗਿਆ ਹੈ।

ਬੇਸ਼ੱਕ ਨਕਲੀ ਆਈਡੀਆਂ ਰਾਹੀਂ ਹੋ ਰਿਹਾ ਬਹੁਤਾ ਪ੍ਰਚਾਰ ਇਹ ਗੱਲ ਸਾਬਤ ਕਰਦਾ ਹੈ ਕਿ ਸਰਕਾਰੀ ਏਜੰਸੀਆਂ ਵੀ ਪੰਜਾਬੀਆਂ ਨੂੰ ਪਾੜਨ ਅਤੇ ਕਿਸੇ ਵੀ ਤਰ੍ਹਾਂ ਦੀ ਬਾਗ਼ੀ ਸੁਰ ਉਭਰਨ ਦੇ ਆਸਾਰ ਨੂੰ ਦਬਾਉਣ ਲਈ (ਖ਼ਾਸ ਕਰਕੇ ਹਾਲ ਹੀ ਵਿਚ ਕਿਸਾਨ ਅੰਦੋਲਨ ਦੌਰਾਨ ਪੰਜਾਬੀਆਂ ਹੱਥੋਂ ਹੋਈ ਸਰਕਾਰ ਦੀ ਹਾਰ ਦੇ ਸੰਦਰਭ ਵਿਚ) ਕਿੰਨੀ ਬੇਸ਼ਰਮੀ ਨਾਲ ਸਰਗਰਮ ਹਨ, ਪਰ ਇਹ ਵੀ ਹਕੀਕਤ ਹੈ ਕਿ ਦੋਹੀਂ ਪਾਸੀ ਅੱਤ ਸਿਰੇ ਦੇ ਬੇਵਕੂਫ਼ ਲੋਕਾਂ ਦੀ ਵੀ ਕੋਈ ਘਾਟ ਨਹੀਂ, ਜੋ ਨਫ਼ਰਤ ਫੈਲਾਉਣ ਲੱਗਿਆਂ ਇਹ ਵੀ ਨਹੀਂ ਸੋਚਦੇ ਕਿ ਇਨ੍ਹਾਂ ਦਾ ਕੀਤਾ ਬਕਵਾਸ ਸਮੁੱਚੇ ਪੰਜਾਬ ਅਤੇ ਪੰਜਾਬੀਆਂ ਲਈ ਕਿੰਨਾ ਘਾਤਕ ਹੋ ਸਕਦਾ ਹੈ।

ਮੇਰਾ ਖਿਆਲ ਹੈ ਕਿ ਜਿੱਥੇ ਸਿੱਖ ਚਿੰਤਕਾਂ ਨੂੰ ਇਸ ਪ੍ਰਚਾਰ ਲਈ ਅੱਗੇ ਆਉਣਾ ਚਾਹੀਦਾ ਹੈ ਕਿ ਨਫ਼ਰਤ ਫੈਲਾਉਣ ਦਾ ਨਾਂ ਸਿੱਖੀ ਨਹੀਂ ਅਤੇ ਨਾ ਹੀ ਭੇਡਾਂ ਵਾਂਗ ਅੱਖਾਂ ਮੀਟ ਕੇ ਕਿਸੇ ਦੇ ਪਿੱਛੇ ਲੱਗ ਤੁਰਨ ਦਾ ਨਾਂ ਸਿੱਖੀ ਹੈ, ਓਥੇ ਕਾਮਰੇਡ ਵਿਦਵਾਨਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ ਕਿ ਇਨਕਲਾਬ ਦੇ ਰਾਹ ਦਾ ਰੋੜਾ ਸਿਰਫ ਤੇ ਸਿਰਫ ਧਰਮ ਹੀ ਨਹੀਂ, ਸਗੋਂ ਉਹ ਤਾਕਤਾਂ ਹਨ ਜੋ ਧਰਮਾਂ ਦਾ ਆਸਰਾ ਲੈ ਕੇ ਜਨਤਕ ਤਾਕਤਾਂ ਨੂੰ ਖੋਰਾ ਲਾ ਰਹੀਆਂ ਹਨ। ਇਹ ਜੋ ਤਸਵੀਰ ਪੇਸ਼ ਕੀਤੀ ਜਾ ਰਹੀ ਹੈ ਕਿ ਕਾਮਰੇਡ ਧਰਮ ਦੇ ਹਿਟਲਰ ਵਰਗੇ ਦੁਸ਼ਮਣ ਹਨ, ਇਸਨੂੰ ਤੋੜਨ ਅਤੇ ਸਾਂਝੇ ਕਦਮਾਂ ਰਾਹੀਂ ਪੰਜਾਬ ਦੇ ਭਲੇ ਲਈ ਸੋਚ ਉਭਾਰਨ ਦੀ ਲੋੜ ਹੈ। ਪੰਜਾਬ ਦੇ ਨੌਜਵਾਨਾਂ ਅੰਦਰ ਭਰੇ ਜਾ ਰਹੇ ਨਫ਼ਰਤਾਂ ਦੇ ਭੰਡਾਰਾਂ ਨੂੰ ਠੱਲ੍ਹ ਪਾਉਣ ਦੀ ਲੋੜ ਹੈ, ਵਰਨਾ ਪੰਜਾਬੀਆਂ ਦੀ ਬਰਬਾਦੀ ਨੂੰ ਕੋਈ ਨਹੀਂ ਰੋਕ ਸਕਦਾ ਤੇ ਇਹ ਵੀ ਨਾ ਭੁੱਲੋ ਕਿ ਹਰ ਪੰਜਾਬੀ ਪੰਜਾਬ ਛੱਡ ਕੇ ਕੈਨੇਡਾ/ਅਮਰੀਕਾ ਵੀ ਨਹੀਂ ਭੱਜ ਸਕਦਾ। ਇਸ ਲਈ ਇਸ ਨੂੰ ਜੀਣ ਜੋਗਾ ਬਣਾਉਣ ਲਈ ਚੁੱਪ ਕੀਤੇ ਬੈਠੇ ਦੋਹਾਂ ਪਾਸਿਆਂ ਦੇ ਵਿਦਵਾਨਾਂ ਨੂੰ ਆਪਣੀ ਚੁੱਪ ਤੋੜਨੀ ਪਵੇਗੀ।

ਦੂਸਰੇ ਪਾਸੇ ਸਾਡਾ ਸਿਮਰਨਜੀਤ ਮਾਨ ਵਰਗੇ ਗੈਰ-ਜ਼ਿੰਮੇਵਾਰ ਬੰਦੇ ਨਾਲ ਵਿਰੋਧ ਹੋ ਸਕਦਾ ਹੈ ਪਰ ਉਸਦੀ ਪੱਗ ਲਾਹ ਕੇ ਜੁੱਤੀ ਮਾਰਨ ਦੀ ਗੱਲ ਕਰਨੀ ਉਸਤੋਂ ਵੀ ਘਟੀਆ ਅਤੇ ਗੈਰ-ਜ਼ਿੰਮੇਵਾਰਾਨਾ ਹਰਕਤ ਹੈ, ਜੋ ਬਹੁਤ ਸਾਰੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਸਕਦੀ ਹੈ। ਅਜਿਹੇ ਕਿਸੇ ਵੀ ਬਿਆਨ ਦੀ ਤੁਰੰਤ ਨਿਖੇਧੀ ਕੀਤੀ ਜਾਣੀ ਬਣਦੀ ਹੈ।

ਮੈਨੂੰ ਅੱਜ ਫਿਰ ਬਹੁਤ ਹੀ ਉਦਾਸ ਸੁਰ 'ਚ ਬਾਬਾ ਨਾਨਕ ਗਾਉਂਦਾ ਹੋਇਆ ਸੁਣਾਈ ਦੇ



ਰਿਹਾ ਹੈ:

ਅਮਲਾਂ ਬਾਝੋ ਦੋਵੇਂ ਰੋਈ ...

ਸ਼ੁੱਭ ਅਮਲਾਂ ਦਾ ਹੋਕਾ ਦੇਣ ਹੁਣ ਬਾਬੇ ਨੇ ਨਹੀਂ ਆਉਣਾ, ਇਹ ਕੰਮ ਸਾਨੂੰ ਬਾਬੇ ਦੇ ਵਾਰਿਸਾਂ ਨੂੰ ਆਪ ਕਰਨਾ ਪੈਣਾ ਹੈ—ਸਾਡਾ ਪੰਜਾਬ ਤੇ ਸਾਡੀ ਪੰਜਾਬੀ ਤਹਿਜ਼ੀਬ ਵੀ, ਨਸਲ ਵੀ ਨਫ਼ਰਤ ਦੇ ਦਰਿਆ ਵਿਚ ਰੁੜ੍ਹਦੀ ਜਾ ਰਹੀ ਹੈ, ਸਰਕਾਰੀ ਏਜੰਸੀਆਂ ਸਾਡੇ ਵਿਚੋਂ ਹੀ ਏਜੰਟ ਲੱਭ ਕੇ ਇਸ ਅੱਗ ਨੂੰ ਹੋਰ ਤੇਜ਼ ਕਰਵਾ ਰਹੀਆਂ ਹਨ। ਇਸ ਅੱਗ ਨੂੰ ਬੁਝਾਉਣ ਅਤੇ ਪੰਜਾਬ ਤੇ ਪੰਜਾਬੀਅਤ ਨੂੰ ਬਚਾਉਣ ਦਾ ਜ਼ਿੰਮਾ ਹੁਣ ਸਾਡਾ ਹੈ।

# ਰਤਨਾ ਪਾਠਕ ਇਕ ਵਾਰ ਫਿਰ ਡਟੀ

ਕੱਟੜਪੰਥੀ ਹੁਣ ਅਦਾਕਾਰਾ ਰਤਨਾ ਪਾਠਕ ਪਿੱਛੇ ਪੈ ਗਏ ਹਨ। ਉਸ ਦੀ ਕਰਵਾ ਚੌਥ ਵਰਤ ਬਾਰੇ ਕੀਤੀ ਟਿੱਪਣੀ ਤੋਂ ਬਾਅਦ ਹਿੰਦੂਤਵਵਾਦੀਆਂ ਨੇ ਉਸ ਖਿਲਾਫ ਮੋਰਚਾ ਖੋਲ੍ਹ ਲਿਆ ਹੈ। ਉਸ ਨੇ ਐਂਕਰ ਵੱਲੋਂ ਸਵਾਲ ਪੁੱਛਣ 'ਤੇ ਸਿਰਫ ਇੰਨਾ ਹੀ ਕਿਹਾ ਸੀ ਕਿ 21ਵੀਂ ਸਦੀ ਵਿਚ ਵੀ ਪੜ੍ਹੀਆਂ-ਲਿਖੀਆਂ ਔਰਤਾਂ ਅਜਿਹੇ ਵਰਤ ਰੱਖ ਰਹੀਆਂ ਹਨ ਕਿ ਉਨ੍ਹਾਂ ਦੇ ਵਰਤ ਰੱਖਣ ਦਾ ਫਾਇਦਾ ਉਨ੍ਹਾਂ ਦੇ

**ਆਮਨਾ ਸਿੰਘ**

ਪਤੀ ਨੂੰ ਹੋਵੇਗਾ। ਹਿੰਦੂਤਵਵਾਦੀਆਂ ਨੇ ਇਸ ਨੂੰ ਹਿੰਦੂਵਾਦ ਉਤੇ ਹਮਲਾ ਕਹਿ ਕੇ ਉਸ ਦੀ ਟਰੋਲਿੰਗ ਸ਼ੁਰੂ ਕਰ ਦਿੱਤੀ।

ਯਾਦ ਰਹੇ ਕਿ ਅਜਿਹੇ ਮਸਲਿਆਂ 'ਤੇ ਭਾਰਤੀ ਜਨਤਾ ਪਾਰਟੀ ਦਾ ਆਈ.ਟੀ. ਸੈੱਲ ਬਹੁਤ ਸਰਗਰਮ ਰਹਿੰਦਾ ਹੈ ਅਤੇ ਹੁਣ ਵੀ ਇਸ ਸੈੱਲ ਨੇ ਪੂਰੀ ਸਰਗਰਮੀ ਦਿਖਾਈ ਹੈ ਅਤੇ ਹਰ ਮੰਚ ਉਤੇ ਰਤਨਾ ਪਾਠਕ ਦੀ ਨੁਕਤਾਚੀਨੀ ਕੀਤੀ ਜਾ ਰਹੀ ਹੈ।

ਯਾਦ ਰਹੇ ਕਿ ਰਤਨਾ ਪਾਠਕ ਉਘੇ ਅਦਾਕਾਰ ਨਸੀਰੂਦੀਨ ਸ਼ਾਹ ਦੀ ਪਤਨੀ ਹੈ ਅਤੇ ਇਹ ਗੱਲ ਜੱਗ-ਜ਼ਾਹਿਰ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ- ਆਰ.ਐਸ.ਐਸ. ਤੇ ਇਸ ਨਾਲ ਜੁੜੀਆਂ ਹੋਰ ਕੱਟੜ ਜਥੇਬੰਦੀਆਂ ਅਤੇ ਸੰਸਥਾਵਾਂ ਮੁਸਲਮਾਨਾਂ ਖਿਲਾਫ ਲਗਾਤਾਰ ਜ਼ਹਿਰ ਉਗਲ ਰਹੀਆਂ ਹਨ। ਗਾਹੇ-ਬਗਾਹੇ ਨਸੀਰੂਦੀਨ ਸ਼ਾਹ ਇਨ੍ਹਾਂ ਜਥੇਬੰਦੀਆਂ ਦੇ ਅਜਿਹੇ ਮਾੜੇ ਪ੍ਰਚਾਰ ਦਾ ਐਨ ਟਿਕਾਅ ਕੇ ਜਵਾਬ ਦਿੰਦਾ ਰਿਹਾ ਹੈ। ਇਨ੍ਹਾਂ ਜਥਬੰਦੀਆਂ ਦਾ ਪ੍ਰਚਾਰ ਹੈ ਕਿ ਮੁਸਲਮਾਨ ਅਤੇ ਇਸਾਈ ਬਾਹਰੋਂ ਆਏ ਹੋਏ ਫਿਰਕੇ ਹਨ, ਇਸ ਲਈ ਇਨ੍ਹਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਰਹਿਣਾ ਪਵੇਗਾ। ਨਸੀਰੂਦੀਨ ਸ਼ਾਹ ਵਰਗਿਆਂ ਦਾ ਕਹਿਣਾ ਹੈ ਕਿ ਭਾਰਤ ਉਨ੍ਹਾਂ ਦਾ ਵੀ ਓਨਾ ਹੀ ਮੁਲਕ ਹੈ ਜਿੰਨਾ ਕਿਸੇ ਹੋਰ ਭਾਰਤੀ ਦਾ।

ਯਾਦ ਰਹੇ ਕਿ ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ, ਘੱਟ ਗਿਣਤੀਆਂ, ਖਾਸਕਰ ਮੁਸਲਮਾਨਾਂ ਖਿਲਾਫ ਨਫਰਤੀ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਇਸ ਦਾ ਮੁੱਢ ਮੋਦੀ ਦੇ ਪ੍ਰਧਾਨ ਮੰਤਰੀ ਬਣਦਿਆਂ ਸਾਰ ਹੀ ਬੱਝ ਗਿਆ ਸੀ ਜਦੋਂ 2014 ਵਿਚ ਉਸ ਦੀ ਤਾਜਪੋਸ਼ੀ ਤੋਂ ਕੁਝ ਹੀ ਦਿਨਾਂ ਬਾਅਦ ਪੁਣੇ ਵਿਚ ਇਕ ਨੌਜਵਾਨ ਮੁਸਲਮਾਨ ਇੰਜਨੀਅਰ ਨੂੰ ਹਿੰਦੂਤਵਵਾਦੀਆਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਉਸ ਵਕਤ ਰਾਤ ਨੂੰ ਉਹ ਆਪਣੇ ਕੰਮ ਤੋਂ ਘਰ ਪਰਤ ਰਿਹਾ ਸੀ। ਉਦੋਂ ਪ੍ਰਧਾਨ ਮੰਤਰੀ ਨੇ ਇਸ ਕਤਲ ਬਾਰੇ ਇਕ ਵੀ ਸ਼ਬਦ ਨਹੀਂ ਸੀ ਬੋਲਿਆ। ਮਗਰੋਂ ਤਾਂ ਹਿੰਦੂਤਵਵਾਦੀਆਂ ਨੇ ਨਫਰਤ ਦਾ ਇੰਨਾ ਜ਼ਿਆਦਾ ਪ੍ਰਚਾਰ ਕੀਤਾ ਕਿ ਹਜੂਮੀ ਹੱਤਿਆਵਾਂ ਦਾ ਦੌਰ ਚੱਲ ਪਿਆ ਅਤੇ ਮੁਸਲਮਾਨਾਂ ਨੂੰ ਮਾਰਿਆ ਜਾਣ ਲੱਗਾ। ਇਹ ਉਹ ਸਮਾਂ ਸੀ ਜਦੋਂ ਬਹੁਤ ਸਾਰੇ ਲੋਕ ਖਾਮੋਸ਼ ਹੋ ਗਏ ਸਨ ਪਰ ਨਸੀਰੂਦੀਨ ਸ਼ਾਹ ਅਤੇ ਰਤਨਾ ਪਾਠਕ ਵਰਗੇ ਅਜਿਹੇ ਗਿਣੇ-ਚੁਣੇ ਲੋਕ ਸਨ ਜਿਨ੍ਹਾਂ ਨੇ ਕੱਟੜਪੰਥੀਆਂ ਦੀਆਂ ਇਨ੍ਹਾਂ ਕਾਰਵਾਈਆਂ ਦਾ ਡਟ ਕੇ ਵਿਰੋਧ ਕੀਤਾ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਲੋਕਾਂ ਨੂੰ ਇਸੇ ਵਿਰੋਧ ਕਰਕੇ ਕਿਸੇ ਨਾ ਕਿਸੇ ਰੂਪ ਵਿਚ ਨੁਕਸਾਨ ਵੀ ਝੱਲਣਾ ਪਿਆ।



ਇਸ ਬਾਰੇ ਹੁਣ ਦੀ ਤਾਜ਼ਾ ਮਿਸਾਲ ਹੀ ਲਵੋ। ਉਘੇ ਅਦਾਕਾਰ ਆਮਿਰ ਖਾਨ ਦੀ ਫਿਲਮ 'ਲਾਲ ਸਿੰਘ ਚੱਢਾ' 11 ਅਗਸਤ ਨੂੰ ਰਿਲੀਜ਼ ਹੋ ਰਹੀ ਹੈ ਪਰ ਕੱਟੜਪੰਥੀਆਂ ਨੇ ਲੋਕਾਂ ਨੂੰ ਇਸ ਫਿਲਮ ਦੇ ਬਾਈਕਾਟ ਦਾ ਸੱਦਾ ਦੇ ਦਿੱਤਾ ਹੈ। ਇਸ ਤੋਂ ਪਹਿਲਾਂ ਹੋਰ ਫਿਲਮੀ ਸਿਤਾਰਿਆਂ ਨਾਲ ਵੀ ਅਜਿਹਾ ਵਿਹਾਰ ਕੀਤਾ ਜਾ ਚੁੱਕਾ ਹੈ। ਮਸ਼ਹੂਰ ਅਦਾਕਾਰਾ ਦੀਪਿਕਾ ਪਾਦੂਕੋਣ ਨੇ ਦਿੱਲੀ ਵਿਚ ਚੱਲ ਰਹੇ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮਾਇਤ ਕੀਤੀ ਸੀ। ਇਸ ਗੱਲ ਤੋਂ ਔਖੇ ਹੋਏ ਕੱਟੜਪੰਥੀਆਂ ਨੇ ਉਸ ਦੀ ਫਿਲਮ 'ਛਪਾਕ' ਜੋ ਤੇਜ਼ਾਬ ਪੀੜਤ ਕੁੜੀਆਂ ਬਾਰੇ ਬਣਾਈ ਗਈ ਸੀ, ਬਾਰੇ ਲੋਕਾਂ ਨੂੰ ਸੱਦਾ ਦੇ ਦਿੱਤਾ ਕਿ ਇਹ ਫਿਲਮ ਦੇਖੀ ਨਾ ਜਾਵੇ। ਇਸ ਸੱਦੇ ਕਰਕੇ ਇਸ ਫਿਲਮ ਨੂੰ ਕਮਾਈ ਦੇ ਪੱਖ ਤੋਂ ਵਾਹਵਾ ਘਾਟਾ ਪੈ ਗਿਆ ਸੀ।

ਉਂਝ, ਰਤਨਾ ਪਾਠਕ ਇਕ ਵਾਰ ਫਿਰ ਡਟ ਗਈ ਹੈ। ਉਸ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਸੂਰਤ ਵਿਚ ਅਜਿਹੇ ਕੱਟੜਪੰਥੀਆਂ ਸਾਹਮਣੇ ਝੁਕੇਗੀ ਨਹੀਂ। ਉਸ ਮੁਤਾਬਿਕ, ਉਸ ਨੂੰ ਪਤਾ ਹੈ ਕਿ ਉਸ ਨੂੰ ਇਨ੍ਹਾਂ ਕੱਟੜਪੰਥੀਆਂ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋਣਾ ਪਵੇਗਾ ਪਰ ਸੱਚੀ ਗੱਲ ਇਹ ਹੈ ਕਿ ਜੇ ਅਸੀਂ ਹੁਣ ਵੀ ਆਪਣੇ ਹੱਕਾਂ ਕਾਂਤਰ ਨਾ ਬੋਲੇ ਤਾਂ ਇਹ ਲੋਕ ਜੀਣਾ ਔਖਾ ਕਰ ਦੇਣਗੇ। ਇਸ ਲਈ ਆਪਣੀ ਆਵਾਜ਼ ਬੁਲੰਦ ਕਰਨੀ ਜ਼ਰੂਰੀ ਹੈ। ਇਸ ਦੌਰਾਨ ਕੁਝ ਲੋਕਾਂ ਨੇ ਰਤਨਾ ਪਾਠਕ ਦੇ ਹੱਕ ਵਿਚ ਵੀ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ ਹੈ। ਉਂਝ, ਇਨ੍ਹਾਂ ਲੋਕਾਂ ਦੀ ਗਿਣਤੀ ਅਜੇ ਬਹੁਤ ਘੱਟ ਹੈ।

18 ਮਾਰਚ 1957 ਨੂੰ ਜਨਮੀ ਰਤਨਾ ਪਾਠਕ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਫਿਲਮ 'ਮੰਡੀ' ਨਾਲ 1983 ਵਿਚ ਕੀਤੀ ਸੀ। ਇਸ ਤੋਂ ਇਲਾਵਾ ਉਸ ਨੇ 'ਮਿਰਚ ਮਸਾਲਾ', 'ਪਹੇਲੀ', 'ਅਲਾਦੀਨ', 'ਖੂਬਸੂਰਤ', 'ਨਿੱਲ ਬਟੇ ਸੰਨਾਟਾ', 'ਲਿਪਸਟਿਕ ਅੰਡਰ ਮਾਈ ਬੁਰਕਾ' ਵਰਗੀਆਂ ਫਿਲਮਾਂ ਵਿਚ ਕੰਮ ਕੀਤਾ ਹੈ। ਇਹੀ ਨਹੀਂ, ਉਸ ਨੇ ਚਾਰ ਅੰਗਰੇਜ਼ੀ ਫਿਲਮਾਂ ਵਿਚ ਵੀ ਅਦਾਕਾਰੀ ਕੀਤੀ ਹੈ। ਟੈਲੀਵਿਜ਼ਨ ਨਾਲ ਵੀ ਉਹ ਲਗਾਤਾਰ ਜੁੜੀ ਰਹੀ ਹੈ। ਰਤਨਾ ਪਾਠਕ ਆਪਣੇ ਕੰਮ ਬਾਰੇ ਦੱਸਦੀ ਹੈ ਕਿ ਉਸ ਨੇ ਆਪਣੇ ਕੰਮ ਨੂੰ ਸਦਾ ਪੂਜਾ ਵਾਂਗ ਲਿਆ ਹੈ ਅਤੇ ਆਪਣੇ ਕਿਰਦਾਰਾਂ ਨਾਲ ਇਨਸਾਫ ਕਰਨ ਦਾ ਯਤਨ ਕੀਤਾ ਹੈ ਅਤੇ ਉਹ ਆਪਣੇ ਇਨ੍ਹਾਂ ਯਤਨਾਂ ਵਿਚ ਕਾਮਯਾਬ ਵੀ ਰਹੀ ਹੈ। ਉਸ ਦੇ ਕੰਮ ਦੀ ਸਦਾ ਹੀ ਸਰਾਹਨਾ ਹੋਈ ਹੈ।







*ਆਪਣੇ ਖਾਵੰਦ ਨਸੀਰੂਦੀਨ ਸ਼ਾਹ ਨਾਲ ਰਤਨਾ ਪਾਠਕ, (ਵਿਚਕਾਰ) ਰਤਨਾ ਦੀ ਅਦਾਕਾਰਾ ਭੈਣ ਸੁਪਰੀਆ ਪਾਠਕ ਤੇ ਮਾਂ ਦੀਨਾ ਪਾਠਕ ਅਤੇ (ਐਨ ਸੱਜੇ) ਇਕ ਫਿਲਮ ਦੇ ਦ੍ਰਿਸ਼ ਵਿਚ ਰਤਨਾ ਪਾਠਕ।*

# 'ਮਸਾਨ' ਨਾਲ ਜੁੜੀਆਂ ਯਾਦਾਂ

ਅਦਾਕਾਰ ਵਿੱਕੀ ਕੌਸ਼ਲ ਦੀ ਮੁੱਖ ਅਦਾਕਾਰ ਵਜੋਂ ਆਈ ਪਹਿਲੀ ਫਿਲਮ 'ਮਸਾਨ' ਨੂੰ ਰਿਲੀਜ਼ ਹੋਇਆਂ ਸੱਤ ਵਰ੍ਹੇ ਹੋ ਗਏ ਹਨ। ਇਸ ਫਿਲਮ ਨੂੰ ਯਾਦ ਕਰਦਿਆਂ ਵਿੱਕੀ ਕੌਸ਼ਲ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਫਿਲਮ ਦੀਆਂ ਕੁਝ ਝਲਕੀਆਂ ਸਾਂਝੀਆਂ ਕੀਤੀਆਂ ਹਨ।

**ਗੁਰਜੰਟ ਸਿੰਘ**

ਫਿਲਮ ਦਾ ਨਿਰਦੇਸ਼ਨ ਨੀਰਜ ਗੇਵਨ ਨੇ ਕੀਤਾ ਸੀ। ਵਿੱਕੀ ਕੌਸ਼ਲ ਨੇ ਇਸ ਫਿਲਮ ਦੀ ਸਫਲਤਾ ਲਈ ਖੁਸ਼ੀ ਪ੍ਰਗਟਾਉਂਦਿਆਂ ਲਿਖਿਆ ਹੈ, "ਸੱਤ ਸਾਲ ਹੋ ਗਏ, ਦਿਲੋਂ ਸ਼ੁਕਰੀਆ।" ਜ਼ਿਕਰਯੋਗ ਹੈ ਕਿ ਇਸ ਫਿਲਮ ਨੂੰ ਆਲੋਚਕਾਂ ਵੱਲੋਂ ਕਾਫੀ ਸਲਾਹਿਆ ਗਿਆ ਹੈ ਅਤੇ ਦਰਸ਼ਕਾਂ ਨੇ ਵੀ ਖੂਬ ਪਸੰਦ ਕੀਤਾ ਸੀ। ਵਿੱਕੀ ਕੌਸ਼ਲ ਦੀ ਇਸ ਪੋਸਟ 'ਤੇ ਪ੍ਰਤੀਕਿਰਿਆ ਦਿੰਦਿਆਂ ਫਿਲਮ ਨਿਰਮਾਤਾ ਜ਼ੋਇਆ ਅਖਤਰ ਨੇ ਲਿਖਿਆ ਹੈ, "ਕਿਆ ਕਮਾਲ ਦੀ ਫਿਲਮ ਹੈ ਤੇ ਤੁਸੀਂ ਕਿੰਨਾ ਵਧੀਆ ਕੰਮ ਕੀਤਾ ਸੀ। ਮੁਬਾਰਕਬਾਦ।" ਫਿਲਮ ਦੇ ਨਿਰਦੇਸ਼ਕ ਨੀਰਜ ਗੇਵਨ ਨੇ ਵੀ ਇਸ ਪੋਸਟ 'ਤੇ ਬਹੁਤ ਸਾਰੇ ਇਮੋਟੀਕੋਨ ਸਾਂਝੇ ਕੀਤੇ ਹਨ ਜਿਨ੍ਹਾਂ ਵਿਚ ਗੁਬਾਰੇ, ਅੱਗ ਅਤੇ ਰੇਲਗੱਡੀ ਵੀ ਸ਼ਾਮਲ ਹੈ।

ਵਿੱਕੀ ਕੌਸ਼ਲ ਦੇ ਦੋਸਤ ਇਸ਼ਾਨ ਖੱਟਰ ਨੇ ਇਸ ਮੌਕੇ ਆਪਣੇ ਦੋਸਤ ਨੂੰ ਵਧਾਈ ਦਿੰਦਿਆਂ ਇਸ ਦਿਨ ਨੂੰ 'ਮਸਾਨ ਦਿਵਸ' ਲਿਖਿਆ ਹੈ। ਜ਼ਿਕਰਯੋਗ ਹੈ ਕਿ ਇਸ ਫਿਲਮ ਵਿਚ ਅਦਾਕਾਰਾ ਰਿਚਾ ਚੱਢਾ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਇਹ ਫਿਲਮ ਸਮਾਜ ਵਿਚ ਜਾਤ ਦੇ ਆਧਾਰ 'ਤੇ ਹੁੰਦੇ ਵਿਤਕਰਿਆਂ ਅਤੇ ਇੱਕ ਨੀਵੀਂ ਜਾਤ ਦੇ ਮੁੰਡੇ ਤੇ ਇੱਕ ਉੱਚੀ ਜਾਤ ਦੀ ਕੁੜੀ ਦੀ ਦੁੱਖਦਾਈ ਪ੍ਰੇਮ ਕਹਾਣੀ ਬਿਆਨੀ ਗਈ ਹੈ। ਇਹ ਫਿਲਮ 2015 ਵਿਚ ਕਾਨ ਫਿਲਮ ਫੈਸਟੀਵਲ ਦੌਰਾਨ ਦਿਖਾਈ ਗਈ ਸੀ ਜਿੱਥੇ ਇਸ ਨੇ ਦੋ ਐਵਾਰਡ ਵੀ ਹਾਸਲ ਕੀਤੇ ਸਨ।






*ਫਿਲਮ 'ਮਸਾਨ' ਦਾ ਪੋਸਟਰ ਅਤੇ (ਸੱਜੇ) ਫਿਲਮ ਦੇ ਇਕ ਦ੍ਰਿਸ਼ ਵਿਚ ਵਿੱਕੀ ਕੌਸ਼ਲ।*

ਯਾਦ ਰਹੇ ਕਿ ਇਸ ਫਿਲਮ ਤੋਂ ਬਾਅਦ ਬਤੌਰ ਅਦਾਕਾਰ ਵਿੱਕੀ ਕੌਸ਼ਲ ਦੀ ਖੂਬ ਚਰਚਾ ਹੋਈ ਸੀ ਅਤੇ ਉਸ ਨੂੰ ਫਿਲਮਾਂ ਵਿਚ ਕੰਮ ਮਿਲਣ ਵਿਚ ਕੋਈ ਔਖ ਨਹੀਂ ਆਈ। 'ਮਸਾਨ' 2015 ਵਿਚ ਆਈ ਸੀ ਅਤੇ ਅਗਲੇ ਹੀ ਸਾਲ 2016 ਵਿਚ ਉਸ ਦੀਆਂ ਦੋ ਫਿਲਮਾਂ ਰਿਲੀਜ਼ ਹੋਈਆਂ- 'ਜ਼ੁਬਾਨ' ਅਤੇ 'ਰਮਨ ਰਾਘਵ2.0'। ਇਨ੍ਹਾਂ ਫਿਲਮਾਂ ਨੇ ਉਸ ਦੇ ਕਰੀਅਰ ਦੀ ਗੁੱਡੀ ਹੋਰ ਚੜ੍ਹਾ ਦਿੱਤੀ ਅਤੇ ਉਸ ਨੂੰ ਗੰਭੀਰ ਅਦਾਕਾਰ ਮੰਨਿਆ ਜਾਣ ਲੱਗ ਪਿਆ।

ਇਸ ਤੋਂ ਬਾਅਦ ਸਾਲ 2018 ਵਿਚ ਉਸ ਦੀਆਂ ਪੰਜ ਫਿਲਮਾਂ- 'ਲਵ ਪਰ ਸਕੁਏਅਰ ਫੁੱਟ', 'ਰਾਜ਼ੀ', 'ਲਸਟ ਸਟੋਰੀਜ਼', 'ਸੰਜੂ' ਤੇ 'ਮਨਮਰਜ਼ੀਆਂ' ਰਿਲੀਜ਼ ਹੋਈਆਂ। ਫਿਰ ਤਾਂ ਚੱਲ ਸੋ ਚੱਲ, ਉਸ ਨੇ ਪਿਛਾਂਹ ਮੁੜ ਕੇ ਨਹੀਂ ਦੇਖਿਆ। ਸਾਲ 2019 ਵਿਚ ਫਿਲਮ 'ਉੜੀ' ਆਈ ਤਾਂ ਉਸ ਦੀ ਅਦਾਕਾਰੀ ਦੀ ਚਰਚਾ ਇਕ ਵਾਰ ਫਿਰ ਵੱਡੀ ਪੱਧਰ 'ਤੇ ਹੋਈ। ਇਹ ਵੱਖਰੀ ਗੱਲ ਹੈ ਕਿ ਕੁਝ ਹੋਰ ਕਾਰਨਾਂ ਕਰਕੇ ਵੀ ਇਸ ਫਿਲਮ ਦੀ ਚਰਚਾ ਆਮ ਨਾਲੋਂ ਵਧੇਰੇ ਹੋਈ। ਹੁਣ ਸਾਲ 2022 ਅਤੇ 2023 ਵਿਚ ਉਸ ਦੀਆਂ ਪੰਜ ਫਿਲਮਾਂ ਰਿਲੀਜ਼ ਹੋ ਰਹੀਆਂ ਹਨ।


KARTARPUR SAHIB KABADDI SERIES
DEDICATED TO SHRI GURU NANAK DEV JI
EVERY YEAR
PAKISTAN KABADDI FEDERATION
PANJAB KABADDI ASSOCIATION
SHAFAY HUSSAIN
PRESIDENT
RANA SARVAR
SECRETARY
AMOLAK SINGH GAKHAL
CHAIRMAN GAKHAL GROUP
TAHIR JATT
SECRETARY
SANTOKH SINGH MANDER
COORDINATOR
GAKHAL GROUP USA
1st PRIZE RS. 21 LAKH
SPONSOR: GAKHAL FAMILY & GAKHAL GROUP
WATASNVILLE, CALIFORNIA (USA)
Gull Badshah
Director Series
Tayab Gilani
Ijaj Paras
Commentator
Amolak Singh Gakhal
Palwinder Singh Gakhal
Iqbal Singh Gakhal
MEDIA ADVISOR OF GAKHAL GROUP
Gurvinder Singh Gakhal
Paramvir Singh Gakhal
Jaskaran Singh Gakhal
Karamvir Singh Gakhal
Amarvir Singh Gakhal
Dates will announce shortly
NATHA SINGH GAKHAL
AJMER SINGH CHANA